Published in Punjabi & English
Distributed in Toronto, Calgary, Vancouver, Winnipeg and Online Worldwide.
Sarokaran Di Awaz
Voice of Social Concerns
Pro-People Arts Project Media Group

ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 16, ਅੰਕ-11, ਨਵੰਬਰ 2026 | Website: www.ppapmg.com
Founder Editor : HARBANS SINGH | DEVINDER TOOR 416-902-9372 | MASTER BHAJAN SINGH 403-455-4220 | Registration No. 210836300

ਭਾਰਤ ’ਚ ਨਿਆਂ ਲਈ ਵੀ ਸੰਘਰਸ਼ ਦੀ ਲੋੜ

31 ਅਕਤੂਬਰ ਤੋਂ 3 ਨਵੰਬਰ ਸਿੱਖ ਭਾਈਚਾਰੇ ਲਈ ਖ਼ਾਸ ਕਰਕੇ ਅਭੁੱਲ ਕਾਲੇ ਦਿਨ ਹੁੰਦੇ ਹਨ। ਬਿਆਲੀ ਸਾਲ ਪਹਿਲਾਂ 1984 ’ਚ ਇਨ੍ਹਾਂ ਚਾਰ ਦਿਨਾਂ ’ਚ ਕਾਂਗਰਸ ਸਰਕਾਰ ਵੱਲੋਂ ਲਾਮਬੰਦ ਕੀਤੇ ਗੁੰਡਾ ਹਜੂਮਾਂ ਨੇ ਦਿੱਲੀ ਅਤੇ ਭਾਰਤ ਦੇ ਹੋਰ ਸ਼ਹਿਰਾਂ ’ਚ ਦਹਿ-ਹਜ਼ਾਰਾਂ ਸਿੱਖਾਂ ਨੂੰ ਸ਼ਰੇਆਮ ਘਰਾਂ ਤੇ ਰੇਲ ਗੱਡੀਆਂ ’ਚੋਂ ਧੂਹ-ਧੂਹ ਕੇ ਦਿਨ-ਦਿਹਾੜੇ ਕਤਲ ਕਰ ਦਿੱਤਾ ਸੀ। ਹਰ ਥਾਂ ’ਤੇ ਪੁਲਿਸ ਦੀ ਸਰਗਰਮ ਮਿਲੀਭੁਗਤ ਜੱਗ ਜ਼ਾਹਿਰ ਸੀ। ਹਾਕਮਾਂ ਅਤੇ ਰਾਜ ਮਸ਼ੀਨਰੀ ਨੂੰ ਪਤਾ ਸੀ ਕਿ ਜ਼ਿੰਦਾ ਸਾੜੇ ਅਤੇ ਉਜਾੜੇ ਜਾ ਰਹੇ ਬੇਕਸੂਰ ਆਮ ਸਿੱਖਾਂ ਦਾ ਇੰਦਰਾ ਗਾਂਧੀ ਦੀ ਹੱਤਿਆ ਨਾਲ ਕੋਈ ਸੰਬੰਧ ਨਹੀਂ। ਉਨ੍ਹਾਂ ਨੇ ਤਾਂ ਬਸ ਹਕੂਮਤ ਦੀ ਉਮਰ ਲੰਮੀ ਕਰਨ ਲਈ ਫਿਰਕੂ ਲਾਮਬੰਦੀ ਕਰਨੀ ਸੀ ਅਤੇ ਧਾਰਮਿਕ ਘੱਟਗਿਣਤੀ ਦੇ ਘਾਣ ਨੂੰ ਮਿਸਾਲ ਬਣਾ ਕੇ ਪੂਰੇ ਮੁਲਕ ਨੂੰ ਜਾਬਰ ਸੰਦੇਸ਼ ਦੇਣਾ ਸੀ। ਇਹ ਜ਼ਾਹਰਾ ਤੌਰ ’ਤੇ ਕਾਂਗਰਸ ਦੀ ਹਕੂਮਤ ਵੱਲੋਂ ਕਰਵਾਇਆ ਗਿਆ ਪੂਰੀ ਤਰ੍ਹਾਂ ਯੋਜਨਾਬੱਧ ਕਤਲੇਆਮ ਸੀ।

ਸਮੁੱਚੀ ‘ਮੁੱਖਧਾਰਾ’ ਨੇ ਇਸਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਉਸਦੇ ਅੰਗ-ਰੱਖਿਅਕਾਂ ਦੁਆਰਾ ਕੀਤੀ ਹੱਤਿਆ ਦਾ ਆਪਮੁਹਾਰਾ ਪ੍ਰਤੀਕਰਮ ਕਿਹਾ। ਲਗਭਗ ਸਾਰੀਆਂ ਹਾਕਮ ਜਮਾਤੀ ਪਾਰਟੀਆਂ ਨੇ ‘ਦੰਗੇ’ ਦੇ ਹਕੂਮਤੀ ਬਿਰਤਾਂਤ ਨੂੰ ਮਾਨਤਾ ਦਿੱਤੀ। ਕਤਲੇਆਮ ’84 ਵਿਚ ਭਾਜਪਾ ਅਤੇ ਇਸਦੇ ਵਿਚਾਰਧਾਰਕ ਮਾਰਗ-ਦਰਸ਼ਕ ਆਰ.ਐੱਸ.ਐੱਸ. ਦੀ ਭੂਮਿਕਾ ਦੇ ਬਾਕਾਇਦਾ ਸਬੂਤ ਹਨ ਜੋ ਹੁਣ ਰਾਜਨੀਤਕ ਲਾਹਾ ਲੈਣ ਲਈ ਝੂਠੀ ਹਮਦਰਦੀ ਦਿਖਾ ਰਹੇ ਹਨ। ਇਹ 80ਵਿਆਂ ’ਚ ਪੰਜਾਬ ਨੂੰ ਫ਼ੌਜ ਦੇ ਹਵਾਲੇ ਕਰਕੇ ਕਤਲੇਆਮ ਮਚਾਉਣ ਦੀ ਵਕਾਲਤ ਕਰਨ ਅਤੇ ਸਾਕਾ ਨੀਲਾ ਤਾਰਾ ਉੱਪਰ ਚਾਂਭੜਾਂ ਪਾਉਣ ਵਾਲੀ ਸਭ ਤੋਂ ਸਰਗਰਮ ਧਿਰ ਰਹੀ ਹੈ।

ਜਾਂਚ ਕਮਿਸ਼ਨਾਂ ਅਤੇ ਅਦਾਲਤਾਂ ਨੇ ਵੀ ਇਸੇ ਹਕੂਮਤੀ ਝੂਠ ’ਤੇ ਕਾਨੂੰਨੀ ਮੋਹਰ ਲਾਈ। ਸੱਜਣ ਕੁਮਾਰ ਤੋਂ ਇਲਾਵਾ ਕਿਸੇ ਵੀ ਵੱਡੇ ਮੁਜਰਿਮ ਨੂੰ ਕਟਹਿਰੇ ’ਚ ਖੜ੍ਹਾ ਨਹੀਂ ਕੀਤਾ ਗਿਆ ਸਿਰਫ਼ ਮਾਮੂਲੀ ਮੁਜਰਿਮਾਂ ਨੂੰ ਕੁਝ ਸਜ਼ਾਵਾਂ ਦਿੱਤੀਆਂ ਗਈਆਂ। ਉਹ ਵੀ ਉਨ੍ਹਾਂ ਦੇ ਘਿਣਾਉਣੇ ਜੁਰਮ ਦੀ ਤੁਲਨਾ ’ਚ ਬਹੁਤ ਹੀ ਮਾਮੂਲੀ। ਪੁਲਿਸ ਦੀ ਫਿਰਕੂ ਤੇ ਜ਼ਾਹਰਾ ਮਿਲੀਭੁਗਤ ਸਿਰਫ਼ ਕਤਲੇਆਮ ਦੇ ਦਿਨਾਂ ਤੱਕ ਸੀਮਤ ਨਹੀਂ ਸੀ ਸਗੋਂ ਇਸਦਾ ਦਾਇਰਾ ਸਬੂਤਾਂ ਨੂੰ ਮਿਟਾਉਣ, ਨਿਆਂ ਦੀ ਚਾਰਾਜ਼ੋਈ ਕਰਨ ਵਾਲਿਆਂ ਨੂੰ ਧਮਕਾ ਕੇ ਅਤੇ ਮੁਕੱਦਮਿਆਂ ਨੂੰ ਅਸਫ਼ਲ ਬਣਾਉਣ ਲਈ ਹਰ ਹਰਬਾ ਵਰਤਕੇ ਅਦਾਲਤੀ ਨਿਆਂ ਨੂੰ ਰੋਕਣ ਤੱਕ ਫੈਲਿਆ ਹੋਇਆ ਹੈ। ਜਾਂਚ ਕਮਿਸ਼ਨਾਂ/ਵਿਸ਼ੇਸ਼ ਜਾਂਚ ਟੀਮਾਂ ਨੇ ਨਿਰਪੱਖ ਜਾਂਚ ਕਰਨ ਦੀ ਬਜਾਏ ਕਤਲੇਆਮ ਦੇ ਜਥੇਬੰਦ ਸਰੂਪ ਅਤੇ ਰਾਜਸੀ ਤੇ ਰਾਜਕੀ ਪੁਸ਼ਤਪਨਾਹੀ ਉੱਪਰ ਸਰੇਆਮ ਪਰਦਾ ਪਾਇਆ। ਕਮਿਸ਼ਨਾਂ ਵੱਲੋਂ ਕਾਂਗਰਸ ਦੀ ਸਿਖ਼ਰਲੀ ਲੀਡਰਸ਼ਿੱਪ ਦੀ ਉੱਘੜਵੀਂ ਭੂਮਿਕਾ ਨੂੰ ਰਿਕਾਰਡ ’ਤੇ ਲਿਆਉਣ ਤੋਂ ਸਪਸ਼ਟ ਟਾਲ਼ਾ ਵੱਟਿਆ ਗਿਆ।



ਕਾਂਗਰਸ ਦੀ ਲੀਡਰਸ਼ਿੱਪ ਨੇ ਆਪਣੀ ਖ਼ਸਲਤ ਅਨੁਸਾਰ ਕਦੇ ਵੀ ਇਸ ਕਤਲੇਆਮ ਉੱਪਰ ਦਿਲੋਂ ਅਫਸੋਸ ਜਾਂ ਪਛਤਾਵਾ ਜ਼ਾਹਿਰ ਨਹੀਂ ਕੀਤਾ। ਬਹੁਤ ਜ਼ਿਆਦਾ ਦਬਾਅ ਪੈਣ ’ਤੇ ਅਗਸਤ 2005 ’ਚ ਸਿੱਖ ਚਿਹਰੇ ਮਨਮੋਹਣ ਸਿੰਘ ਨੂੰ ਅੱਗੇ ਕਰਕੇ ਪਾਰਲੀਮੈਂਟ ਵਿਚ ਜੋ ਮੁਆਫ਼ੀ ਮੰਗੀ ਗਈ ਉਹ ਨਿਰਾ ਨਾਟਕ ਸੀ।

42 ਸਾਲ ਬਾਅਦ ਵੀ ਕਤਲੇਆਮ ਤੋਂ ਜ਼ਿੰਦਾ ਬਚ ਗਏ ਪਰਿਵਾਰ ਉਸ ਸਦਮੇ ਦਾ ਬੋਝ ਢੋਂਦੇ ਅਤੇ ਨਿਆਂ ਲਈ ਭਟਕਦੇ ਦੇਖੇ ਜਾ ਸਕਦੇ ਹਨ। ਮਜ਼ਲੂਮਾਂ ਨੂੰ ਇਸ ਭਿਆਨਕ ਮਾਨਸਿਕ ਸਦਮੇ ’ਚੋਂ ਨਿਕਲਕੇ ਨਿਆਂ ਲਈ ਸੰਘਰਸ਼ ਕਰਨ ਅਤੇ ਨਾਲ ਹੀ ਆਪਣੀ ਜ਼ਿੰਦਗੀ ਨੂੰ ਮੁੜ ਲੀਹ ’ਤੇ ਲਿਆਉਣ ਅਤੇ ਮੁੜ-ਵਸੇਬੇ ਲਈ ਜਿਨ੍ਹਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਆਮ ਬੰਦਾ ਉਸਦੀ ਕਲਪਨਾ ਵੀ ਨਹੀਂ ਕਰ ਸਕਦਾ। ਸਰਕਾਰਾਂ ਨੂੰ ਤਾਂ ਛੱਡੋ, ਕਿਸੇ ਸੰਸਥਾ ਨੇ ਵੀ ਉਨ੍ਹਾਂ ਦੀ ਲੋੜੀਂਦੀ ਮੱਦਦ ਨਹੀਂ ਕੀਤੀ। ਪੀੜਤਾਂ ਦੇ ਮੁੜ-ਵਸੇਬੇ ਦੇ ਮਸਲੇ ਪ੍ਰਤੀ ਵੱਖ-ਵੱਖ ਸਰਕਾਰਾਂ ਨੇ ਮਾਮੂਲੀ ਰਾਹਤ ਕਦਮਾਂ ਤੋਂ ਸਿਵਾਏ ਕੁਝ ਨਹੀਂ ਕੀਤਾ। ਰਾਜ ਤੰਤਰ ਨੇ ਪੈਰ-ਪੈਰ ’ਤੇ ਅੜਿੱਕੇ ਖੜ੍ਹੇ ਕੀਤੇ ਤਾਂ ਜੋ ਉਹ ਨਿਆਂ ਦੇ ਯਤਨ ਛੱਡਕੇ ਸਭ ਕੁਝ ਭੁੱਲ ਜਾਣ। ਰਾਜ ਦੀਆਂ ਏਜੰਸੀਆਂ ਅਤੇ ਕਾਨੂੰਨੀ ਪ੍ਰਕਿਰਿਆ ਨੇ ਅਕਾ-ਥਕਾ ਕੇ ਉਨ੍ਹਾਂ ਦਾ ਮਨੋਬਲ ਤੋੜਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ। ਕਤਲੇਆਮ ’84 ਦੇ ਪੀੜਤਾਂ ਦੇ ਇਸ ਅਮੁੱਕ ਤੇ ਅਕਹਿ ਸੰਤਾਪ ਨੂੰ ਪੀ.ਯੂ.ਡੀ.ਆਰ. (ਦਿੱਲੀ) ਨੇ ਪਿੱਛੇ ਜਹੇ ਜਾਰੀ ਕੀਤੀ ਆਪਣੀ ਵਿਸ਼ੇਸ਼ ਰਿਪੋਰਟ “ਦਿੱਲੀ 1984: ਪਿੱਛੋਂ ਦਾ ਲੰਮਾ ਸੰਘਰਸ਼” ਵਿਚ ਵਿਸਤਾਰ ਸਹਿਤ ਬਿਆਨ ਕੀਤਾ ਹੈ।

ਅਸਾਮ ਦੇ ਨੇਲੀ ਕਤਲੇਆਮ ਤੋਂ ਲੈ ਕੇ ਮੋਦੀ ਦੀ ਸਰਕਾਰ ਹੇਠ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ (2002), ਬਾਬਰੀ ਮਸਜਿਦ ਢਾਹੇ ਜਾਣ ਤੋਂ ਬਾਅਦ ਮੁਸਲਮਾਨਾਂ ਵਿਰੋਧੀ ਗਿਣੀ-ਮਿੱਥੀ ਹਿੰਸਾ ਅਤੇ 2014 ਤੋਂ ਲੈ ਕੇ ਭਾਜਪਾ ਦੇ ਰਾਜ ਵਿਚ ਮੁਸਲਮਾਨ ਤੇ ਈਸਾਈ ਘੱਟਗਿਣਤੀਆਂ, ਦਲਿਤਾਂ, ਆਦਿਵਾਸੀਆਂ, ਕਸ਼ਮੀਰੀਆਂ ਅਤੇ ਉੱਤਰ-ਪੂਰਬੀ ਰਾਜਾਂ ਵਿਚ ਰਾਜਕੀ ਪੁਸ਼ਤਪਨਾਹੀ ਵਾਲੀ ਯੋਜਨਾਬੱਧ ਹਜੂਮੀ ਹਿੰਸਾ ਅਤੇ ਕਤਲੇਆਮ ਨਾ ਸਿਰਫ਼ ਇਸ ਰਾਜਕੀ ਦਸਤੂਰ ਦੀ ਲਗਾਤਰਤਾ ਦੇ ਸਗੋਂ ਹੋਰ ਵੀ ਕਰੂਰ ਰੂਪ ਅਖ਼ਤਿਆਰ ਕਰਨ ਦੇ ਗਵਾਹ ਹਨ। ਭਾਰਤੀ ਰਾਜ ਲਈ ਹਰ ਮਸਲਾ ਕਾਨੂੰਨ ਵਿਵਸਥਾ ਦਾ ਮਸਲਾ ਹੈ। ਕਾਨੂੰਨ ਤੇ ਨਿਆਂ ਪ੍ਰਣਾਲੀ ਦੇ ਪੈਮਾਨੇ ਦੋਹਰੇ ਹਨ ਅਤੇ ਨਿਆਂ ਸੰਸਥਾਗਤ ਅਨਿਆਂ ਤੋਂ ਸਿਵਾਏ ਕੁਝ ਨਹੀਂ ਹੈ। ਦਹਾਕੇ ਲੰਮੀ ਕਾਨੂੰਨੀ ਪ੍ਰਕਿਰਿਆ ਉਲਟਾ ਮਜ਼ਲੂਮ ਧਿਰ ਲਈ ਸਜ਼ਾ ਹੋ ਨਿੱਬੜਦੀ ਹੈ। ਉੱਚ ਅਦਾਲਤਾਂ ਸਮੇਤ ਰਾਜ ਮਸ਼ੀਨਰੀ ਨਿਆਂ ਲੈਣ ’ਚ ਮੱਦਦ ਕਰਨ ਵਾਲੇ ਮਨੁੱਖੀ ਅਧਿਕਾਰ ਕਾਰਕੁਨਾਂ ਨੂੰ ਹੀ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੰਦੀ ਹੈ। ਮਿਸਾਲ ਲਈ, ਪੁਲਿਸ ਅਧਿਕਾਰੀ ਸੰਜੀਵ ਭੱਟ, ਕਾਰਕੁਨ ਤੀਸਤਾ ਸੀਤਲਵਾੜ ਅਤੇ ਗਾਂਧੀਵਾਦੀ ਹਿਮਾਂਸ਼ੂ ਕੁਮਾਰ ਨੂੰ ਝੂਠੇ ਦੋਸ਼ ਲਾ ਕੇ ਜੇਲ੍ਹ ’ਚ ਡੱਕਿਆ ਗਿਆ ਜਾਂ ਜੁਰਮਾਨੇ ਕੀਤੇ ਗਏ।

ਮੁਜਰਿਮਾਂ ਦੀ ਪਿੱਠ ’ਤੇ ਸਮੁੱਚਾ ਜਾਬਰ ਰਾਜਤੰਤਰ ਖੜ੍ਹਾ ਹੋਣ ਕਾਰਨ ਅਜਿਹੇ ਮਾਮਲਿਆਂ ’ਚ ਨਿਆਂ ਲਈ ਸੰਘਰਸ਼ ਨੂੰ ਵਿਸ਼ਾਲ ਲੋਕ ਲਾਮਬੰਦੀ ਦੇ ਜ਼ੋਰ ਹੀ ਕਿਸੇ ਸਿੱਟੇ ’ਤੇ ਪਹੁੰਚਾਇਆ ਜਾ ਸਕਦਾ ਹੈ। ਪੰਜਾਬ ਵਿਚ ਇਨ੍ਹਾਂ ਦਿਨਾਂ ’ਚ ਪਰਵਿੰਦਰ ਸਿੰਘ ਝੋਟੇ ਦੇ ਕਤਲ ਵਿਰੁੱਧ ਲੋਕ ਸੰਘਰਸ਼ ਵੱਲੋਂ ਸੱਤਾਧਾਰੀ ਧਿਰ ਅਤੇ ਹਕੂਮਤ ਦੀਆਂ ਗੋਡਣੀਆਂ ਲਵਾਉਣਾ ਇਸਦਾ ਸੱਜਰਾ ਸਬਕ ਹੈ। ਆਪਾਸ਼ਾਹ ਰਾਜਾਂ ’ਚ ਨਿਆਂ ਲਈ ਕਾਨੂੰਨੀ ਲੜਾਈ ਵੀ ਵਿਆਪਕ ਲੋਕ ਤਾਕਤ ਨੂੰ ਲਾਮਬੰਦ ਕਰਕੇ ਹੀ ਜਿੱਤੀ ਜਾ ਸਕਦੀ ਹੈ।

- ਸੰਪਾਦਕੀ ਬੋਰਡ

GOLDEN HARMONY CARE
ਮਰੀਜ਼ਾਂ ਲਈ ਕੋਈ ਖਰਚਾ ਨਹੀਂ | ਏਐੱਚਐੱਸ ਦੁਆਰਾ ਮਨਜ਼ੂਰ | ਸੀਡੀਐੱਚਸੀਆਈ ਦੁਆਰਾ ਮਨਜ਼ੂਰ
ਬਜ਼ੁਰਗਾਂ ਦੀ ਸਾਂਭ-ਸੰਭਾਲ ਦਾ ਫਿਕਰ ਛੱਡੋ, ਉਹ ਤੁਹਾਡੇ ਘਰ ਆਕੇ ਅਸੀਂ ਕਰਾਂਗੇ
ਘਰ ਵਿੱਚ ਦੇਖਭਾਲ ਸੇਵਾ
✔ ਨਿੱਜੀ ਦੇਖਭਾਲ
✔ ਡਿਮੈਂਸ਼ੀਆ ਕੇਅਰ
✔ ਖਾਣਾ ਬਣਾਉਣਾ
✔ ਸਫ਼ਾਈ
✔ ਸਾਥ-ਸੰਗਤ
✔ ਹੋਸਪਿਸ ਸਮਰਥਨ
✔ ਆਵਾਜਾਈ ਸੇਵਾ
✔ ਰੈਸਪਾਈਟ ਕੇਅਰ
✔ ਨਰਸਿੰਗ ਸੇਵਾਵਾਂ
✔ 24 ਘੰਟੇ ਦੇਖਭਾਲ

ਹੁਣੇ ਕਾਲ ਕਰੋ
(403) 439-6688 | (825) 712-9295
goldenharmonycare@gmail.com
info@goldenharmonycare.ca
www.goldenharmonycare.ca
ਆਪਣੇ ਘਰ ਵਿੱਚ ਮੁਫ਼ਤ ਸਲਾਹ-ਮਸ਼ਵਰੇ ਲਈ ਅੱਜ ਹੀ ਬੁਕਿੰਗ ਕਰੋ।
ਸਰਕਾਰੀ ਫੰਡ ਨਾਲ ਘਰ ਵਿਚ ਦੇਖਭਾਲ ਦੀਆਂ ਸੇਵਾਵਾਂ
Golden Harmony Care ਤੁਹਾਡੀਆਂ ਮਨਜ਼ੂਰਸ਼ੁਦਾ ਸੇਵਾਵਾਂ ਲਈ AHS ਨੂੰ ਸਿੱਧਾ ਬਿੱਲ ਭੇਜਦਾ ਹੈ, ਬਿਨਾਂ ਕੋਈ ਵਾਧੂ ਖਰਚੇ ਲਏ
ਕੈਲਗਰੀ, ਐਡਮੰਟਨ ਅਤੇ ਆਲੇ-ਦੁਆਲੇ ਦੇ ਸਾਰੇ ਖੇਤਰਾਂ ਵਿੱਚ ਸੇਵਾ ਪ੍ਰਦਾਨ ਕਰਦਾ ਹੈ।
ਮੈਡੀਕਲ ਅਤੇ ਪੈਰਾਮੈਡਿਕ ਤਜਰਬੇ ਵਾਲੀਆਂ ਤੁਹਾਡੀਆਂ ਆਪਣੀਆਂ ਪੰਜਾਬੀ ਕੁੜੀਆਂ

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance
• Home Insurance
• Life Insurance
• Critical illness
• Disability Insurance
• Business Insurance
SAVE UPTO 30%
• ਕਾਰ ਇੰਸ਼ੋਰੈਂਸ
• ਹੋਮ ਇੰਸ਼ੋਰੈਂਸ
• ਲਾਈਫ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਡਿਸਅਬਿਲਿਟੀ ਇੰਸ਼ੋਰੈਂਸ
• ਬਿਜਨਸ ਇੰਸ਼ੋਰੈਂਸ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
520 - 10655 Southport Road SW Calgary

CALL NOW
FOR HOUSE BUYING & SELLING NEEDS.
BALJINDER SANGHA REALTOR®
(Certified Condominium Specialist)
403.680.3212
teamoraclehomes@gmail.com
RE/MAX MOUNTAIN VIEW
EACH OFFICE INDEPENDENTLY OWNED AND OPERATED

AMANDEEP S. RANIA
RCIC Regulated Canadian Immigration Consultant
Immigration Consultant

+1 (403) 436-6000
+1 (403) 406-2004
info@jfsimmigration.com
#2264 4310 104 Ave NE. Calgary, Alberta T3N 1W2
www.jfsimmigration.com

RDSP UP TO $90,000 GOVERNMENT GRANT + BOND.
SUPER VISA INSURANCE

Sherjang Singh Rana
416.910.9000
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca

Sandeep Ahuja
416.660.1010

ਰਜਿਸਟਡ ਡਿਸੇਬਿਲਟੀ ਸੇਵਿੰਗ ਪਲਾਨ (RDSP)

(ਦੇਖੋ ਸਫ਼ਾ 39 'ਤੇ)

NEW SERVICE BY CARE INC

CARE AUDIOLOGY

Calgary 403-605-6300

ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ।ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ।ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ।19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

Hearing Aid Brands we Carry
• Oticon • Unitron • Signia

ਅੱਖਾਂ ਦੀ ਨਿਗਾ ਚੈਕ ਕਰਾਉਣ ਅਤੇ ਹਰ ਕਿਸਮ ਦੀਆਂ ਬਰੈਂਡਡ ਐਨਕਾਂ ਲੈਣ ਲਈ ਮਿਲੋ

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available

www.careinc.ca
1st Location : 124-4774 Westwinds Drive NE Calgary, Alberta
Email : westwinds@careine.ca
2nd Location : 2110-4250 109 Ave NE, Calgary, AB (The Port Plaza)
3rd Location : 45-250 Carrington Blvd NW Calgary, AB, T3P OC7
Phone : 403-605-6300 | Fax : 403-536-4057
Email : calgary@careinc.ca

16 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।

ਹਰਬੰਸ ਸਿੰਘ (ਬਾਨੀ ਸੰਪਾਦਕ)
ਦੇਵਿੰਦਰ ਤੂਰ (ਟੋਰਾਂਟੋ) 416 902 9372
ਮਾਸਟਰ ਭਜਨ ਸਿੰਘ (ਕੈਲਗਰੀ) 403-455-4220
ਪਰਮਿੰਦਰ ਕੌਰ ਸਵੈਚ (ਵੈਨਕੂਵਰ) 604 760 4794
ਜਸਵੀਰ ਕੌਰ ਮੰਗੂਵਾਲ (ਵਿਨੀਪੈੱਗ) 204-881-4955
ਬਲਜਿੰਦਰ ਸਿੰਘ ਵੜੈਚ (ਪੰਜਾਬ) +91-92167-29598

AAXEL INSURANCE BROKERS LTD.

Harcharan Parhar
403-614-1797
harcharan.parhar@aaxelinsurance.com

Auto·Home·Business Insurance

- Commercial Auto & Trucking
- Commercial Property
- Rental Property
- Tenant Insurance
- General Liability
- Builder's Risk
- Special Event, Shows, Parties Liability

Ph. 403-614-1797 | Email : harcharan.parhar@aaxelinsurance.com
#3256, 4310-104 Ave NE, Calgary AB T3N 1W1
www.aaxelinsurance.com

Insta Realty
BUY SELL INSTANTLY

Residential | Commercial | Rural
Property Management
Harcharan Parhar
BROKER
403-681-8689

info@instarlt.com | www.instarlt.com
400, 3115-12th St NE Calgary AB T2E 7J2

ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ

Specialist in :
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

www.hmphome.com

HMP Custom Cabinets Ltd.

Specialist in :

Custom Kitchen, Bars, Washroom Vanity, Custom Bedroom Closet & All Commercial Mill Work

Free Estimate Paul Sekhon : 403-701-4947

Bay 11 2316 27 Ave. NE, Calgary

Harpinder Sidhu INSURANCE EXPERT
Punjab Insurance Inc

SUPER VISA INSURANCE
✱ LIFE INSURANCE ✱ RESPs
5106-4310 104 Ave,
NE Calgary AB T3N 1W5

CALL FOR BEST RATES
HARPINDER SIDHU
LOVEPREET SIDHU
403 404 3500

SAROKARAN DI AWAZ

Publisher
Pro-People Arts Project
Media Group 29
Mapleview Ave, Brampton
Ontario, CA, L6R 1M2

Managing Director
Master Bhajan Singh
Calgary (Alberta)
403-455-4220
btarksheel@gmail.com

Chief Editor
Devinder Toor, Toronto
416-902-9372
ppapmg@gmail.com

Editor
Dr. Hardeep Singh Atwal
Cambridge (Ontario)
416-209-6363
deephsingh@gmail.com

Chief advisor
Buta Singh Mehmoodpur
(Punjab)
946-347-4342
atoozed@gmail.com
Navkiran Singh Patti
+91 98885 44001
n4navkiran@gmail.com

Literary Advisor
Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

Baldev Singh Aulakh
Toronto
+1 647 898-1012
Nachatar Badesha
Toronto
+ 1647 267 3397

Honorary Advisory Board
Sukhdev Singh Sandhu
(Toronto)

Master Balbir Singh Gill
(Toronto)
Jaspreet Dhaliwal
(Toronto)

Harcharan Singh Parhar
Calgary

Narbhinder Singh (India)
(Punjab)
935-443-0211

Graphic Desinger
Baljinder Singh Waraich
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

TOP CHOICE
INSURANCE AGENCY INC
RAVINDERJIT BASRA
INSURANCE BROKER
416-845-6232
info@topchoiceinsurance.ca
topchoiceinsurance.ca
Hiring new and experienced insurance agents
Unit 6 - 11675 Mcvean Dr, Brampton, ON, L6P 4N5

Universal Health
It's all about "U"
PHARMACY
Compounding & Home Health Care
Vandit Vakil, RPH, APA
Pharmacy Manager
Tel: (403) 365-4262
Fax (403) 365-4313
113, 78 Saddlepeace Manor Ne,
Calgary, AB T3J 4C5
Email : vvakil@universalhealthcentre.com
www.universalhealthcentre.com

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca
MLS MULTIPLE LISTING SERVICE
R REALTOR
REAL ESTATE BOARD
Taranjit "T. J." Mand
Real Estate Associate
Max Value Reality Ltd.

Call Romi Sidhu For Insurance & Financial Needs
StateFarm IS NOW Desjardins Insurance
Monday - Friday 9am to 5:30pm
Weekends: All Other Times
Only Appointments
4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com
* HOME * DISABILTY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS
Romi Sidhu, Agent
P02720CN

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in
IMMIGRATION
Applications for Family Class and APPEALS, Skilled Workers, Investors, Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES
Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

ਪਰਿਵਾਰ ਵੱਲੋਂ ਸ਼ਰਧਾਂਜਲੀ

ਹਰਬੰਸ ਸਿੰਘ ਦੀ ਪਿਆਰੀ ਯਾਦ ਵਿਚ

ਦ੍ਰਿੜ੍ਹ ਇਰਾਦੇ, ਪਰਿਵਾਰ ਅਤੇ ਚਿਰਸਥਾਈ ਪ੍ਰਭਾਵ ਵਾਲਾ ਜੀਵਨ

ਇਕ ਪਿਆਰੇ ਪਿਤਾ, ਨਾਨਾ ਅਤੇ ਭਾਈਚਾਰੇ ਦੇ ਮੈਂਬਰ ਨੂੰ ਯਾਦ ਕਰਦਿਆਂ, ਜਿਨ੍ਹਾਂ ਦੀ ਸ਼ਖ਼ਸੀਅਤ ਦੀ ਮਜ਼ਬੂਤੀ, ਅਡੋਲ ਵਿਚਾਰਾਂ ਅਤੇ ਪਰਿਵਾਰ ਪ੍ਰਤੀ ਪਿਆਰ ਨੇ ਇਕ ਚਿਰਸਥਾਈ ਵਿਰਾਸਤ ਛੱਡੀ।

ਕੁਝ ਲੋਕ ਆਪਣੇ ਪਿੱਛੇ ਸਿਰਫ਼ ਯਾਦਾਂ ਹੀ ਨਹੀਂ ਛੱਡ ਜਾਂਦੇ। ਉਹ ਜੀਵਨ-ਮੁੱਲ, ਸਿੱਖਿਆਵਾਂ ਅਤੇ ਜ਼ਿੰਦਗੀ ਨੂੰ ਦੇਖਣ ਦਾ ਅਜਿਹਾ ਨਜ਼ਰੀਆ ਵੀ ਛੱਡ ਜਾਂਦੇ ਹਨ, ਜੋ ਉਨ੍ਹਾਂ ਨੂੰ ਜਾਣਨ ਵਾਲਿਆਂ ਦਾ ਅੱਗੇ ਵੀ ਰਾਹ ਰੁਸ਼ਨਾਉਂਦਾ ਰਹਿੰਦਾ ਹੈ।

ਇਸ ਪਰਿਵਾਰ ਲਈ ਆਪਣੇ ਪਿਆਰੇ ਪਿਤਾ ਦਾ ਵਿਛੋੜਾ ਇਕ ਅਜਿਹੇ ਇਨਸਾਨ ਦੀ ਜ਼ਿੰਦਗੀ ਨੂੰ ਯਾਦ ਕਰਨ ਦਾ ਮੌਕਾ ਹੈ, ਜਿਸ ਦੇ ਦ੍ਰਿੜ੍ਹ ਇਰਾਦੇ, ਮਜ਼ਬੂਤ ਵਿਚਾਰਾਂ ਅਤੇ ਪਰਿਵਾਰ ਪ੍ਰਤੀ ਅਡੋਲ ਸਮਰਪਣ ਨੇ ਉਸ ਦੇ ਬੱਚਿਆਂ ਅਤੇ ਦੋਹਤੀ ਦੀਆਂ ਜ਼ਿੰਦਗੀਆਂ ਨੂੰ ਤਰਾਸ਼ਿਆ।

ਆਪਣੀ ਸੁਤੰਤਰ ਸੋਚ, ਮਜ਼ਬੂਤ ਸ਼ਖ਼ਸੀਅਤ ਅਤੇ ਕਮਾਲ ਦੀ ਲਗਨ ਲਈ ਜਾਣੇ ਜਾਂਦੇ ਹਰਬੰਸ ਸਿੰਘ ਅਜਿਹੇ ਇਨਸਾਨ ਸਨ, ਜੋ ਸੌਖਾ ਰਾਹ ਘੱਟ ਹੀ ਚੁਣਦੇ ਸਨ। ਇਕ ਵਾਰ ਫ਼ੈਸਲਾ ਕਰ ਲੈਣ ਮਗਰੋਂ ਉਨ੍ਹਾਂ ਦਾ ਮਨ ਬਦਲਣਾ ਬਹੁਤ ਔਖਾ ਹੁੰਦਾ ਸੀ। ਭਾਵੇਂ ਉਨ੍ਹਾਂ ਦੀ ਜ਼ਿੱਦ ਕਦੇ-ਕਦਾਈਂ ਆਲੇ-ਦੁਆਲੇ ਦੇ ਲੋਕਾਂ ਦੇ ਸਬਰ ਦਾ ਇਮਿਤਿਹਾਨ ਲੈਂਦੀ ਸੀ, ਪਰ ਇਹੋ ਗੁਣ ਉਨ੍ਹਾਂ ਨੂੰ ਆਪਣੇ ਟੀਚਿਆਂ ਲਈ ਡਟੇ ਰਹਿਣ ਅਤੇ ਪਰਿਵਾਰ ਨੂੰ ਆਪਣੀਆਂ ਉਮੰਗਾਂ ਪੂਰੀਆਂ ਕਰਨ ਲਈ ਉਤਸ਼ਾਹਿਤ ਕਰਨ ਦੀ ਪ੍ਰੇਰਨਾ ਵੀ ਦਿੰਦਾ ਸੀ।

ਉੱਚੀਆਂ ਉਮੰਗਾਂ ਲਈ ਪ੍ਰੇਰਨ ਵਾਲੇ ਪਿਤਾ

ਉਨ੍ਹਾਂ ਦਾ ਪ੍ਰਭਾਵ ਮਾਪੇ ਦੀ ਰਵਾਇਤੀ ਭੂਮਿਕਾ ਤੋਂ ਕਿਤੇ ਅੱਗੇ ਤੱਕ ਫੈਲਿਆ ਹੋਇਆ ਸੀ। ਉਹ ਸਿੱਖਿਆ, ਮਿਹਨਤ ਅਤੇ ਆਪਣਾ ਰਾਹ ਆਪ ਲੱਭਣ ਦੀ ਅਹਿਮੀਅਤ ਵਿਚ ਵਿਸ਼ਵਾਸ ਰੱਖਦੇ ਸਨ।

ਉਨ੍ਹਾਂ ਦੇ ਹੌਸਲੇ ਨੇ ਸਭ ਤੋਂ ਵੱਡੀ ਧੀ ਨੂੰ ਡਾਕਟਰੀ ਦੀ ਪੜ੍ਹਾਈ ਕਰਨ ਵਿਚ ਮਦਦ ਕੀਤੀ, ਇਕ ਹੋਰ ਧੀ ਨੂੰ ਇੰਜੀਨੀਅਰਿੰਗ ਦੇ ਖੇਤਰ ਵਿਚ ਜਾਣ ਲਈ ਪ੍ਰੇਰਿਆ ਅਤੇ ਸਭ ਤੋਂ ਛੋਟੀ ਧੀ ਨੂੰ ਪੱਤਰਕਾਰੀ ਦੇ ਖੇਤਰ ਵਿਚ ਕਦਮ ਰੱਖਣ ਵੱਲ ਉਤਸ਼ਾਹਿਤ ਕੀਤਾ।

ਪੱਤਰਕਾਰੀ ਲਈ ਉਨ੍ਹਾਂ ਦਾ ਆਪਣਾ ਜਨੂੰਨ ਜਾਣਕਾਰੀ ਦੀ ਤਾਕਤ ਅਤੇ ਲੋਕਾਂ ਨੂੰ ਜਾਣੂ ਰੱਖਣ ਦੀ ਅਹਿਮੀਅਤ ਵਿਚ ਉਨ੍ਹਾਂ ਦੇ ਵਿਸ਼ਵਾਸ ਨੂੰ ਦਰਸਾਉਂਦਾ ਸੀ। ਜਨਤਕ ਮਾਮਲਿਆਂ ਵਿਚ ਇਸੇ ਦਿਲਚਸਪੀ ਨੇ ਉਨ੍ਹਾਂ ਦੇ ਪੁੱਤਰ ਨੂੰ ਪੁਲਿਸ ਸੰਚਾਰ ਵਿਵਸਥਾ ਦੇ ਖੇਤਰ ਵਿਚ ਆਪਣਾ ਪੇਸ਼ਾ ਚੁਣਨ ਲਈ ਪ੍ਰੇਰਿਆ।

ਉਨ੍ਹਾਂ ਦੇ ਬੱਚਿਆਂ ਨੇ ਵੱਖੋ-ਵੱਖਰੇ ਪੇਸ਼ੇ ਚੁਣੇ, ਪਰ ਹਰ ਕਿਸੇ ਨੇ ਆਪਣੇ ਪਿਤਾ ਦੀ ਜਿਗਿਆਸਾ, ਦ੍ਰਿੜ੍ਹਤਾ ਅਤੇ ਸਮਾਜ ਲਈ ਕੁਝ ਕਰਨ ਦੀ ਇੱਛਾ ਦਾ ਕੋਈ ਨਾ ਕੋਈ ਅੰਸ਼ ਅੱਗੇ ਤੋਰਿਆ।

ਹਰ ਵੇਲੇ ਸਰਗਰਮ ਰਹਿਣ ਵਾਲਾ ਇਨਸਾਨ

ਪਰਿਵਾਰ ਦੀਆਂ ਸਭ ਤੋਂ ਪਿਆਰੀਆਂ ਯਾਦਾਂ ਵਿਚ ਉਨ੍ਹਾਂ ਦੀ ਕਦੇ ਨਾ ਮੁੱਕਣ ਵਾਲੀ ਊਰਜਾ, ਉਤਸ਼ਾਹ ਅਤੇ ਹਰ ਵੇਲੇ ਕਾਹਲੀ ਵਿਚ ਰਹਿਣ ਦਾ ਸੁਭਾਅ ਸ਼ਾਮਲ ਹਨ। ਉਹ ਹਮੇਸ਼ਾ ਕਿਸੇ ਨਾ ਕਿਸੇ ਕੰਮ ਵਿਚ ਲੱਗੇ ਰਹਿੰਦੇ, ਹਰ ਪਲ ਦਾ ਵੱਧ ਤੋਂ ਵੱਧ ਲਾਹਾ ਲੈਂਦੇ ਅਤੇ ਆਸ ਕਰਦੇ ਕਿ ਆਲੇ-ਦੁਆਲੇ ਦੇ ਸਾਰੇ ਲੋਕ ਵੀ ਉਨ੍ਹਾਂ ਦੇ ਨਾਲ ਕਦਮ ਮਿਲਾ ਕੇ ਚੱਲਣ।

ਉਨ੍ਹਾਂ ਦੀ ਧੀ ਰਾਜਵਿੰਦਰ ਟੋਰਾਂਟੋ ਆਈਲੈਂਡ ਦੇ ਇਕ ਪਰਿਵਾਰਕ ਸੈਰ-ਸਪਾਟੇ ਨੂੰ ਯਾਦ ਕਰਦੀ ਹੈ, ਜਿਸ ਵਿਚ ਉਨ੍ਹਾਂ ਦੀ ਸ਼ਖ਼ਸੀਅਤ ਪੂਰੀ ਤਰ੍ਹਾਂ ਝਲਕਦੀ ਸੀ। ਪਹਿਲੀ ਫੈਰੀ ਫੜਨ ਦਾ ਪੱਕਾ ਇਰਾਦਾ ਕਰਕੇ ਉਨ੍ਹਾਂ ਨੇ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਸਾਰਿਆਂ ਨੂੰ ਜਗਾ ਦਿੱਤਾ ਅਤੇ ਕਾਹਲੀ ਨਾਲ ਘਰੋਂ ਤੋਰ ਲਿਆ। ਪਰਿਵਾਰ ਫੈਰੀ ਟਰਮੀਨਲ ਉੱਪਰ ਇੰਨਾ ਛੇਤੀ ਪਹੁੰਚ ਗਿਆ ਕਿ ਸੇਵਾ ਸ਼ੁਰੂ ਹੋਣ ਦੀ ਉਡੀਕ ਵਿਚ ਲਗਭਗ ਇਕ ਘੰਟਾ ਬੈਠਣਾ ਪਿਆ। ਸੈਰ ਦੌਰਾਨ ਵੀ ਉਹ ਆਪਣੀ ਆਮ ਤੇਜ਼ ਚਾਲ ਨਾਲ ਅੱਗੇ ਵਧਦੇ ਰਹੇ ਅਤੇ ਬਾਕੀ ਪਰਿਵਾਰ ਨੂੰ ਉਨ੍ਹਾਂ ਦੇ ਨਾਲ ਰਲਣ ਲਈ ਜ਼ੋਰ ਲਾਉਣਾ ਪਿਆ।

ਦੁਪਹਿਰ ਦੇ ਲਗਭਗ ਦੋ ਵਜੇ ਤੱਕ ਪਰਿਵਾਰ ਘਰ ਪਰਤ ਆਇਆ। ਸਵੇਰੇ ਬਹੁਤ ਛੇਤੀ ਉੱਠਣ ਅਤੇ ਰੁਝੇਵਿਆਂ ਭਰੀ ਸਵੇਰ ਕਾਰਨ ਸਾਰੇ ਥੱਕ ਚੁੱਕੇ ਸਨ। ਪਰ ਉਨ੍ਹਾਂ ਦਾ ਹਾਲ ਅਜਿਹਾ ਨਹੀਂ ਸੀ। ਥੋੜ੍ਹੀ ਦੇਰ ਦੀ ਝਪਕੀ ਲੈ ਕੇ ਉਹ ਫਿਰ ਤਰੋ-ਤਾਜ਼ਾ ਹੋ ਗਏ ਅਤੇ ਮੁੜ ਬਾਹਰ ਜਾਣ ਲਈ ਤਿਆਰ ਸਨ—ਇਸ ਵਾਰ ਸ਼ਾਮ ਆਪਣੇ ਦੋਸਤਾਂ ਨਾਲ ਬਿਤਾਉਣ ਲਈ। ਉਨ੍ਹਾਂ ਲਈ ਹਮੇਸ਼ਾ ਕੋਈ ਹੋਰ ਕੰਮ ਕਰਨ ਵਾਲਾ ਹੁੰਦਾ, ਕਿਤੇ ਹੋਰ ਜਾਣਾ ਹੁੰਦਾ ਜਾਂ ਕਿਸੇ ਹੋਰ ਨੂੰ ਮਿਲਣਾ ਹੁੰਦਾ।

ਉਨ੍ਹਾਂ ਦਾ ਉਤਸ਼ਾਹ ਸਿਰਫ਼ ਪਰਿਵਾਰਕ ਸੈਰਾਂ ਤੱਕ ਸੀਮਤ ਨਹੀਂ ਸੀ। ਹਫ਼ਤੇ ਦੇ ਅਖ਼ੀਰ ਦੀਆਂ ਛੁੱਟੀਆਂ ਵਿਚ ਵੀ, ਜਦੋਂ ਬਾਕੀ ਸਾਰੇ ਦੇਰ ਤੱਕ ਸੌਣ ਦੀ ਆਸ ਕਰਦੇ, ਉਹ ਛੇਤੀ ਉੱਠ ਕੇ ਦਿਨ ਦੇ ਕੰਮ ਸ਼ੁਰੂ ਕਰਨ ਲਈ ਤਿਆਰ ਹੁੰਦੇ। ਉਹ ਬੱਚਿਆਂ ਦੇ ਕਮਰਿਆਂ ਵਿਚ ਜਾਂਦੇ, ਪਰਦੇ ਖੋਲ੍ਹ ਦਿੰਦੇ, ਉਨ੍ਹਾਂ ਨੂੰ ਹੌਲੀ ਜਿਹੇ ਹਿਲਾ ਕੇ ਜਗਾਉਂਦੇ ਅਤੇ ਪੁੱਛਦੇ, "ਹੋਰ ਸੌਣਾ ਹੈ?" ਇਸ ਤੋਂ ਪਹਿਲਾਂ ਕਿ ਕੋਈ ਢੰਗ ਨਾਲ ਜਵਾਬ ਦੇ ਸਕਦਾ, ਉਹ ਆਪਣੇ ਸਵਾਲ ਦਾ ਜਵਾਬ ਆਪ ਹੀ ਦੇ ਦਿੰਦੇ, "ਚੰਗਾ, ਹੋਰ ਸੌਂ ਲਓ।

ਬੱਚੇ ਹੱਸਦਿਆਂ ਸ਼ਿਕਾਇਤ ਕਰਦੇ, "ਜੇ ਤੁਸੀਂ ਸਾਨੂੰ ਸੌਣ ਹੀ ਦੇਣਾ ਹੈ, ਤਾਂ ਪਹਿਲਾਂ ਜਗਾਉਂਦੇ ਹੀ ਕਿਉਂ ਹੋ?

ਇਹ ਉਨ੍ਹਾਂ ਦੀਆਂ ਅਨੇਕਾਂ ਪਿਆਰੀਆਂ ਆਦਤਾਂ ਵਿਚੋਂ ਇਕ ਸੀ, ਜਿਸ ਵਿਚ ਉਨ੍ਹਾਂ ਦੀ ਟਿਕ ਕੇ ਨਾ ਬੈਠਣ ਵਾਲੀ ਊਰਜਾ ਅਤੇ ਨਿਵੇਕਲੀ ਸ਼ਖ਼ਸੀਅਤ ਝਲਕਦੀ ਸੀ। ਜਿਹੜੀ ਗੱਲ ਕਦੇ ਨੀਂਦ ਵਿਚ ਕੀਤੀਆਂ ਸ਼ਿਕਾਇਤਾਂ ਅਤੇ ਹਾਸੇ ਦਾ ਕਾਰਨ ਬਣਦੀ ਸੀ, ਉਹ ਹੁਣ ਪਰਿਵਾਰ ਦੀਆਂ ਸਭ ਤੋਂ ਅਨਮੋਲ ਯਾਦਾਂ ਵਿਚ ਸ਼ਾਮਲ ਹੈ।

ਉਹ ਉਨ੍ਹਾਂ ਨੂੰ ਸਿਰਫ਼ ਹਰ ਵੇਲੇ ਕਾਹਲੀ ਵਿਚ ਰਹਿਣ ਵਾਲੇ ਇਨਸਾਨ ਵਜੋਂ ਹੀ ਯਾਦ ਨਹੀਂ ਕਰਦੇ, ਸਗੋਂ ਇਕ ਅਜਿਹੇ ਪਿਤਾ ਵਜੋਂ ਯਾਦ ਕਰਦੇ ਹਨ, ਜਿਨ੍ਹਾਂ ਦੀ ਊਰਜਾ, ਹਸਮੁੱਖ ਸੁਭਾਅ ਅਤੇ ਮੌਜੂਦਗੀ ਘਰ ਨੂੰ ਜ਼ਿੰਦਗੀ ਨਾਲ ਭਰ ਦਿੰਦੀ ਸੀ।

ਨਵਾਂ ਕੁਝ ਜਾਣਨ ਅਤੇ ਪਿਉ-ਧੀ ਦਾ ਰਿਸ਼ਤਾ ਗੂੜ੍ਹਾ ਹੋਣ ਦਾ ਸਫ਼ਰ

ਰਾਜਵਿੰਦਰ ਦੇ ਦਿਲ 'ਚ ਵਸੀ ਇਕ ਹੋਰ ਯਾਦ ਉਸ ਮਹੀਨੇ ਦੀ ਹੈ, ਜਦੋਂ ਉਸ ਦੇ ਪਿਤਾ ਉਸ ਨੂੰ ਮਿਲਣ ਆਏ ਸਨ। ਉਸ ਵੇਲੇ ਉਹ ਆਪਣੇ ਪਰਿਵਾਰ ਤੋਂ ਦੂਰ ਭਾਰਤ ਵਿਚ ਮੈਡੀਕਲ ਕਾਲਜ ਦੀ ਪੜ੍ਹਾਈ ਕਰ ਰਹੀ ਸੀ।

ਆਪਣੇ ਇਸ ਠਹਿਰਾਅ ਦੌਰਾਨ ਉਨ੍ਹਾਂ ਨੇ ਇਹ ਯਕੀਨੀ ਬਣਾਇਆ ਕਿ ਧੀ ਦੇ ਦਿਨ ਸਿਰਫ਼ ਲੈਕਚਰਾਂ, ਪਾਠ-ਪੁਸਤਕਾਂ ਅਤੇ ਪ੍ਰੀਖਿਆਵਾਂ ਤੱਕ ਹੀ ਸੀਮਤ ਨਾ ਰਹਿਣ। ਨਵੇਂ ਤਜਰਬਿਆਂ ਦੇ ਆਪਣੇ ਸ਼ੌਕ ਅਨੁਸਾਰ ਉਹ ਕਦੇ-ਕਦਾਈਂ ਉਸ ਨੂੰ ਜਮਾਤ ਵਿਚੋਂ ਹੀ ਲੈ ਜਾਂਦੇ, ਤਾਂ ਜੋ ਉਹ ਉਨ੍ਹਾਂ ਦੇ ਨਾਲ ਵੱਖ-ਵੱਖ ਸ਼ਹਿਰਾਂ ਦੀ ਸੈਰ ਕਰ ਸਕੇ, ਦੇਖਣਯੋਗ ਥਾਵਾਂ ਉੱਪਰ ਜਾ ਸਕੇ ਅਤੇ ਉਹ ਆਪਣੇ ਪੁਰਾਣੇ ਦੋਸਤਾਂ ਨੂੰ ਮੁੜ ਮਿਲ ਸਕਣ।

ਦੋਵਾਂ ਨੇ ਇਕੱਠਿਆਂ ਚੰਡੀਗੜ੍ਹ ਦੇ ਰੋਜ਼ ਗਾਰਡਨ ਅਤੇ ਰੌਕ ਗਾਰਡਨ ਦੀ ਸੈਰ ਕੀਤੀ, ਫ਼ਿਰੋਜ਼ਪੁਰ ਵਿਚ ਸਰਹੱਦ ਉੱਪਰ ਹੁੰਦੀ ਪਰੇਡ ਦੇਖੀ, ਬਠਿੰਡੇ ਦੀਆਂ ਝੀਲਾਂ ਉੱਪਰ ਗਏ ਅਤੇ ਅੰਮ੍ਰਿਤਸਰ ਦੇ ਇਤਿਹਾਸਕ ਜੱਲ੍ਹਿਆਂਵਾਲਾ ਬਾਗ਼ ਵਿਚ ਘੁੰਮੇ। ਇਸ ਦੌਰਾਨ ਰਾਜਵਿੰਦਰ ਆਪਣੇ ਪਿਤਾ ਦੇ ਕਈ ਪੁਰਾਣੇ ਦੋਸਤਾਂ ਨੂੰ ਮਿਲੀ ਅਤੇ ਉਨ੍ਹਾਂ ਦੀ ਜਵਾਨੀ ਦੇ ਦਿਨਾਂ, ਖ਼ਾਸ ਕਰਕੇ ਸਾਇੰਸ ਕਾਲਜ ਵਿਚ ਬਿਤਾਏ ਸਮੇਂ ਦੀਆਂ ਕਹਾਣੀਆਂ ਸੁਣੀਆਂ।

ਜਿਹੜੀਆਂ ਸੈਰਾਂ ਉਨ੍ਹਾਂ ਲਈ ਸ਼ਾਇਦ ਆਮ ਘੁੰਮਣ-ਫਿਰਨ ਦੇ ਮੌਕੇ ਸਨ, ਉਹ ਧੀ ਲਈ ਕਿਤੇ ਵੱਧ ਡੂੰਘੇ ਮਾਇਨੇ ਰੱਖਦੀਆਂ ਸਨ।

ਘਰ ਤੋਂ ਦੂਰ ਰਹਿਣਾ ਅਤੇ ਮੈਡੀਕਲ ਦੀ ਸਖ਼ਤ ਪੜ੍ਹਾਈ ਦੀਆਂ ਮੰਗਾਂ ਪੂਰੀਆਂ ਕਰਨਾ ਮਾਨਸਿਕ ਤੌਰ 'ਤੇ ਥਕਾ ਦੇਣ ਵਾਲਾ ਹੋ ਸਕਦਾ ਸੀ। ਇਨ੍ਹਾਂ ਸੈਰਾਂ ਨੇ ਰਾਜਵਿੰਦਰ ਨੂੰ ਪੜ੍ਹਾਈ ਦੇ ਦਬਾਅ ਤੋਂ ਉਹ ਰਾਹਤ ਦਿੱਤੀ, ਜਿਸ ਦੀ ਉਸ ਨੂੰ ਬਹੁਤ ਲੋੜ ਸੀ। ਬਦਲਿਆ ਮਾਹੌਲ, ਹਾਸਾ-ਮਜ਼ਾਕ, ਗੱਲਾਂਬਾਤਾਂ ਅਤੇ ਪਿਤਾ ਨਾਲ ਬਿਤਾਏ ਸਮੇਂ ਨੇ ਉਸ ਨੂੰ ਤਰੋ-ਤਾਜ਼ਾ ਹੋ ਕੇ ਪੜ੍ਹਾਈ ਵੱਲ ਪਰਤਣ ਅਤੇ ਵਧੇਰੇ ਇਕਾਗਰਤਾ ਨਾਲ ਪੜ੍ਹਨ ਵਿਚ ਮਦਦ ਕੀਤੀ।

ਸ਼ਾਇਦ ਉਸ ਮਹੀਨੇ ਦਾ ਸਭ ਤੋਂ ਵੱਡਾ ਤੋਹਫ਼ਾ ਆਪਣੇ ਪਿਤਾ ਨੂੰ ਮਾਪੇ ਦੀ ਭੂਮਿਕਾ ਤੋਂ ਇਲਾਵਾ ਇਕ ਵਿਅਕਤੀ ਵਜੋਂ ਜਾਣਨ ਦਾ ਮੌਕਾ ਸੀ। ਉਨ੍ਹਾਂ ਦੀਆਂ ਕਹਾਣੀਆਂ, ਦੋਸਤੀਆਂ ਅਤੇ ਕਾਲਜ ਦੇ ਜੀਵਨ ਦੀਆਂ ਯਾਦਾਂ ਰਾਹੀਂ ਉਸ ਨੇ ਉਨ੍ਹਾਂ ਦਾ ਇਕ ਹੋਰ ਪੱਖ ਜਾਣਿਆ: ਉਹ ਨੌਜਵਾਨ, ਜੋ ਕਦੇ ਉਹ ਆਪ ਹੁੰਦੇ ਸਨ; ਉਹ ਦੋਸਤੀਆਂ, ਜਿਨ੍ਹਾਂ ਨੂੰ ਉਨ੍ਹਾਂ ਨੇ ਨਿਭਾਇਆ ਸੀ ਅਤੇ ਉਹ ਤਜਰਬੇ, ਜਿਨ੍ਹਾਂ ਨੇ ਉਨ੍ਹਾਂ ਦੀ ਜ਼ਿੰਦਗੀ ਨੂੰ ਘੜਿਆ ਸੀ।

ਰਾਜਵਿੰਦਰ ਯਾਦ ਕਰਦੀ ਹੈ, "ਮੈਨੂੰ ਨਹੀਂ ਲੱਗਦਾ ਕਿ ਉਨ੍ਹਾਂ ਨੂੰ ਕਦੇ ਅਹਿਸਾਸ ਹੋਇਆ ਹੋਵੇ ਕਿ ਉਹ ਸਫ਼ਰ ਮੇਰੇ ਲਈ ਕਿੰਨਾ ਅਹਿਮ ਸੀ। ਗੱਲ ਸਿਰਫ਼ ਵੱਖ-ਵੱਖ ਥਾਵਾਂ ਦੇਖਣ ਦੀ ਨਹੀਂ ਸੀ। ਗੱਲ ਇਕੱਠਿਆਂ ਸਮਾਂ ਗੁਜ਼ਾਰਨ, ਉਨ੍ਹਾਂ ਨੂੰ ਹੋਰ ਚੰਗੀ ਤਰ੍ਹਾਂ ਜਾਣਨ ਅਤੇ ਅਜਿਹੀਆਂ ਯਾਦਾਂ ਸਿਰਜਣ ਦੀ ਸੀ, ਜਿਨ੍ਹਾਂ ਨੂੰ ਮੈਂ ਹਮੇਸ਼ਾ ਸੰਭਾਲ ਕੇ ਰੱਖਾਂਗੀ। ਉਸ ਮਹੀਨੇ ਨੇ ਮੈਨੂੰ ਉਸ ਵੇਲੇ ਰਾਹਤ ਦਿੱਤੀ, ਜਦੋਂ ਮੈਨੂੰ ਇਸ ਦੀ ਸਭ ਤੋਂ ਵੱਧ ਲੋੜ ਸੀ ਅਤੇ ਮੈਂ ਵਧੇਰੇ ਸਾਫ਼ ਤੇ ਸ਼ਾਂਤ ਮਨ ਨਾਲ ਪੜ੍ਹਾਈ ਵੱਲ ਪਰਤੀ। ਇਸ ਲਈ ਮੈਂ ਹਮੇਸ਼ਾ ਉਨ੍ਹਾਂ ਦੀ ਸ਼ੁਕਰਗੁਜ਼ਾਰ ਰਹਾਂਗੀ।

ਪਿੱਛੇ ਮੁੜ ਕੇ ਦੇਖਦਿਆਂ ਰਾਜਵਿੰਦਰ ਨੂੰ ਅਹਿਸਾਸ ਹੁੰਦਾ ਹੈ ਕਿ ਉਸ ਦੇ ਪਿਤਾ ਨੇ ਉਸ ਨੂੰ ਛੁੱਟੀਆਂ ਨਾਲੋਂ ਕਿਤੇ ਵੱਧ ਕੀਮਤੀ ਚੀਜ਼ ਦਿੱਤੀ ਸੀ। ਉਨ੍ਹਾਂ ਨੇ ਉਸ ਨੂੰ ਆਪਣਾ ਸਮਾਂ, ਆਪਣਾ ਸਾਥ ਅਤੇ ਆਪਣੇ ਜੀਵਨ ਦੀ ਇਕ ਝਲਕ ਦਿੱਤੀ ਸੀ।

ਮਹੀਨੇ ਭਰ ਦੇ ਘੁੰਮਣ-ਫਿਰਨ ਵਜੋਂ ਸ਼ੁਰੂ ਹੋਇਆ ਇਹ ਸਮਾਂ ਉਮਰ ਭਰ ਦੀਆਂ ਅਨਮੋਲ ਯਾਦਾਂ ਬਣ ਗਿਆ। ਇਹ ਇਸ ਗੱਲ ਦੀ ਯਾਦ ਦਿਵਾਉਂਦਾ ਹੈ ਕਿ ਕਈ ਵਾਰ ਮਾਪਿਆਂ ਵੱਲੋਂ ਬੱਚਿਆਂ ਨੂੰ ਦਿੱਤੇ ਸਭ ਤੋਂ ਵੱਡੇ ਤੋਹਫ਼ੇ ਵਸਤਾਂ ਨਹੀਂ ਹੁੰਦੇ, ਸਗੋਂ ਉਹ ਪਲ ਹੁੰਦੇ ਹਨ ਜੋ ਉਹ ਇਕੱਠਿਆਂ ਗੁਜ਼ਾਰਦੇ ਹਨ।

ਹਾਸੇ, ਮਿਲ ਕੇ ਕੰਮ ਕਰਨ ਅਤੇ ਜ਼ਿੰਦਗੀ ਦੀਆਂ ਸਿੱਖਿਆਵਾਂ ਨਾਲ ਬਣਿਆ ਰਿਸ਼ਤਾ

ਉਨ੍ਹਾਂ ਦੀ ਧੀ ਮਨਦੀਪ ਇਕੱਠਿਆਂ ਕੀਤੀਆਂ ਨਿਯਮਤ ਸੈਰਾਂ ਨੂੰ ਪਿਆਰ ਨਾਲ ਯਾਦ ਕਰਦੀ ਹੈ, ਜੋ ਅਕਸਰ ਦੋਸਤਾਨਾ ਮੁਕਾਬਲਿਆਂ ਵਿਚ ਬਦਲ ਜਾਂਦੀਆਂ ਸਨ।

ਉਹ ਮਾਣ ਨਾਲ ਦਾਅਵਾ ਕਰਦੇ ਕਿ ਉਹ ਮਨਦੀਪ ਨਾਲੋਂ ਤੇਜ਼ ਤੁਰਦਾ ਹੈ ਅਤੇ ਵੱਧ ਕਦਮ ਤੁਰਦਾ ਹੈ, ਖ਼ਾਸ ਕਰਕੇ ਇਸ ਲਈ ਕਿ ਮਨਦੀਪ ਅਕਸਰ ਅੱਧਵਾਟਿਓਂ ਹੀ ਮੁੜ ਕੇ ਘਰ ਚਲੀ ਜਾਂਦੀ ਸੀ। ਪਰ ਜਦੋਂ ਕੋਈ ਭਾਰੀ ਚੀਜ਼ ਚੁੱਕਣ ਜਾਂ ਲਿਜਾਣ ਦੀ ਵਾਰੀ ਆਉਂਦੀ, ਤਾਂ ਆਮ ਤੌਰ 'ਤੇ ਮਨਦੀਪ ਦਾ ਪੱਲੜਾ ਭਾਰੀ ਹੁੰਦਾ ਅਤੇ ਉਹ ਹੱਸਦਿਆਂ ਉਨ੍ਹਾਂ ਨੂੰ ਯਾਦ ਕਰਾਉਂਦੀ ਕਿ ਉਹ ਉਨ੍ਹਾਂ ਨਾਲੋਂ ਵੱਧ ਤਾਕਤਵਰ ਹੈ।

ਉਨ੍ਹਾਂ ਦਾ ਇਹ ਦੋਸਤਾਨਾ ਮੁਕਾਬਲਾ ਪਿਆਰੀ ਰਵਾਇਤ ਬਣ ਗਿਆ ਸੀ, ਜਿਸ ਵਿੱਚ ਛੇੜਛਾੜ, ਹਾਸਾ ਅਤੇ ਇਕ-ਦੂਜੇ ਦਾ ਸਾਥ ਭਰਿਆ ਹੁੰਦਾ ਸੀ।

ਮਨਦੀਪ ਨੂੰ ਇਹ ਵੀ ਯਾਦ ਹੈ ਕਿ ਜਦੋਂ ਘਰ ਵਿਚ ਕਿਸੇ ਚੀਜ਼ ਨੂੰ ਠੀਕ ਕਰਨ ਦੀ ਲੋੜ ਪੈਂਦੀ, ਤਾਂ ਉਹ ਦੋਵੇਂ ਇਕ ਟੀਮ ਬਣ ਜਾਂਦੇ। ਭਾਵੇਂ ਕੋਈ ਛੋਟੀ-ਮੋਟੀ ਮੁਰੰਮਤ ਹੁੰਦੀ ਜਾਂ ਅਜਿਹਾ ਕੰਮ, ਜਿਸ ਨੂੰ ਕਰਨਾ ਦੋਵਾਂ ਵਿੱਚੋਂ ਕਿਸੇ ਨੂੰ ਵੀ ਨਾ ਆਉਂਦਾ, ਉਹ ਬਾਹਾਂ ਚੜ੍ਹਾ ਕੇ ਇਕੱਠਿਆਂ ਉਸ ਦਾ ਹੱਲ ਲੱਭਣ ਲੱਗ ਪੈਂਦੇ।

ਕੋਈ ਕੰਮ ਕਰਨਾ ਨਾ ਆਉਣਾ ਕਦੇ ਵੀ ਉਨ੍ਹਾਂ ਨੂੰ ਕੋਸ਼ਿਸ਼ ਕਰਨ ਤੋਂ ਨਹੀਂ ਰੋਕਦਾ ਸੀ। ਕਦੇ-ਕਦੇ ਉਨ੍ਹਾਂ ਨੂੰ ਵੱਖ-ਵੱਖ ਤਰੀਕੇ ਅਜ਼ਮਾ ਕੇ ਅਤੇ ਗ਼ਲਤੀਆਂ ਤੋਂ ਸਿੱਖ ਕੇ ਅੱਗੇ ਵਧਣਾ ਪੈਂਦਾ, ਪਰ ਇਸ ਦੌਰਾਨ ਹਮੇਸ਼ਾ ਕੁਝ ਨਾ ਕੁਝ ਸਿੱਖਣ ਨੂੰ ਮਿਲਦਾ ਸੀ। ਇਨ੍ਹਾਂ ਤਜਰਬਿਆਂ ਰਾਹੀਂ ਉਸ ਦੇ ਪਿਤਾ ਨੇ ਉਸ ਨੂੰ ਸਮੱਸਿਆਵਾਂ ਨੂੰ ਹੱਲ ਕਰਨ, ਡਟੇ ਰਹਿਣ, ਹਾਸਲ ਸਾਧਨਾਂ ਨਾਲ ਰਾਹ ਕੱਢਣ ਅਤੇ ਅਣਜਾਣੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਆਤਮ-ਵਿਸ਼ਵਾਸ ਦੀਆਂ ਵਡਮੁੱਲੀਆਂ ਸਿੱਖਿਆਵਾਂ ਦਿੱਤੀਆਂ।

ਸਾਧਾਰਨ ਸੈਰਾਂ ਅਤੇ ਘਰੇਲੂ ਕੰਮਾਂ ਵਜੋਂ ਸ਼ੁਰੂ ਹੋਏ ਇਹ ਮੌਕੇ ਪਿਉ-ਧੀ ਦੇ ਰਿਸ਼ਤੇ ਨੂੰ ਗੂੜ੍ਹਾ ਕਰਨ ਵਾਲੇ ਅਨਮੋਲ ਪਲ ਬਣ ਗਏ।

ਪਿੱਛੇ ਮੁੜ ਕੇ ਦੇਖਦਿਆਂ ਮਨਦੀਪ ਨੂੰ ਅਹਿਸਾਸ ਹੁੰਦਾ ਹੈ ਕਿ ਪਿਤਾ ਵੱਲੋਂ ਦਿੱਤੀਆਂ ਕੁਝ ਸਭ ਤੋਂ ਅਹਿਮ ਸਿੱਖਿਆਵਾਂ ਸ਼ਬਦਾਂ ਰਾਹੀਂ ਨਹੀਂ, ਸਗੋਂ ਰੋਜ਼ਮਰ੍ਹਾ ਦੇ ਸਾਂਝੇ ਤਜਰਬਿਆਂ ਰਾਹੀਂ ਮਿਲੀਆਂ ਸਨ। ਉਨ੍ਹਾਂ ਨੇ ਉਸ ਨੂੰ ਸਿਖਾਇਆ ਕਿ ਸ਼ੁਰੂਆਤ ਕਰਨ ਤੋਂ ਪਹਿਲਾਂ ਹਰ ਸਵਾਲ ਦਾ ਜਵਾਬ ਪਤਾ ਹੋਣਾ ਜ਼ਰੂਰੀ ਨਹੀਂ। ਕਈ ਵਾਰ ਕੋਸ਼ਿਸ਼ ਕਰਨ, ਸਿੱਖਣ ਅਤੇ ਮਿਲ ਕੇ ਹੱਲ ਲੱਭਣ ਦੀ ਇੱਛਾ ਹੀ ਸਭ ਤੋਂ ਵੱਧ ਅਹਿਮ ਹੁੰਦੀ ਹੈ।

ਇਹ ਉਹ ਯਾਦਾਂ ਅਤੇ ਸਿੱਖਿਆਵਾਂ ਹਨ, ਜਿਨ੍ਹਾਂ ਨੂੰ ਮਨਦੀਪ ਹਮੇਸ਼ਾ ਆਪਣੇ ਦਿਲ 'ਚ ਸੰਜੋਈ ਰੱਖੇਗੀ।

ਨਾਨੇ ਦੇ ਸੁਭਾਅ ਦਾ ਕੋਮਲ ਪੱਖ

ਉਨ੍ਹਾਂ ਦੇ ਸਖ਼ਤ ਅਤੇ ਦ੍ਰਿੜ੍ਹ ਸੁਭਾਅ ਦੇ ਪਿੱਛੇ ਇਕ ਨਰਮ ਅਤੇ ਹਾਸੇ-ਖੇਡ ਵਾਲਾ ਪੱਖ ਵੀ ਸੀ, ਜੋ ਆਪਣੀ ਪਿਆਰੀ ਦੋਹਤੀ ਮਨਕੀਰਤ ਨਾਲ ਉਨ੍ਹਾਂ ਦੇ ਰਿਸ਼ਤੇ ਵਿਚ ਖ਼ਾਸ ਤੌਰ 'ਤੇ ਸਾਹਮਣੇ ਆਉਂਦਾ ਸੀ।

ਉਹ ਪਿਆਰ ਨਾਲ ਉਨ੍ਹਾਂ ਨੂੰ "ਗਾਗਾ" ਕਹਿੰਦੀ ਸੀ, ਜਦਕਿ ਉਹ ਉਸ ਨੂੰ ਪਿਆਰ ਨਾਲ "ਮੰਨਾ" ਬੁਲਾਉਂਦੇ ਸਨ। ਇਹ ਲਾਡਲਾ ਨਾਂ "ਭਾਈ ਮੰਨਾ ਸਿੰਘ" ਦਾ ਛੋਟਾ ਰੂਪ ਸੀ। ਉਨ੍ਹਾਂ ਦਾ ਰਿਸ਼ਤਾ ਪਿਆਰ, ਮੋਹ, ਹਾਸੇ-ਖੇਡ ਵਾਲੀਆਂ ਸ਼ਰਾਰਤਾਂ ਅਤੇ ਇਕ ਖ਼ਾਸ ਆਪਸੀ ਸਮਝ ਨਾਲ ਭਰਿਆ ਹੋਇਆ ਸੀ, ਜਿਸ ਅੱਗੇ ਅਕਸਰ ਪਰਿਵਾਰ ਦੇ ਆਮ ਨੇਮ ਵੀ ਪਿੱਛੇ ਰਹਿ ਜਾਂਦੇ ਸਨ।

ਜਦੋਂ ਵੀ ਮਨਕੀਰਤ ਨੂੰ ਕੋਈ ਚੀਜ਼ ਚਾਹੀਦੀ ਜਾਂ ਉਹ ਆਪਣੇ ਮਾਪਿਆਂ ਦੇ ਕਿਸੇ ਫ਼ੈਸਲੇ ਨਾਲ ਸਹਿਮਤ ਨਾ ਹੁੰਦੀ, ਤਾਂ ਉਸ ਨੂੰ ਪਤਾ ਹੁੰਦਾ ਕਿ ਕਿਸ ਕੋਲ ਜਾਣਾ ਹੈ। ਉਸ ਦੇ ਨਾਨਾ ਉਸ ਦੇ ਸਭ ਤੋਂ ਵੱਡੇ ਸਾਥੀ, ਸਭ ਤੋਂ ਤਕੜੇ ਹਮਾਇਤੀ ਅਤੇ ਅਕਸਰ ਪਰਿਵਾਰ ਵਿਚ ਆਪਣੀ ਗੱਲ ਮਨਵਾਉਣ ਦਾ ਉਸ ਦਾ ਗੁਪਤ ਹਥਿਆਰ ਹੁੰਦੇ ਸਨ। ਇਕ ਵਾਰ ਗਾਗਾ ਵਿਚ ਪੈ ਜਾਂਦੇ, ਤਾਂ ਸਭ ਤੋਂ ਪੱਕੇ ਫ਼ੈਸਲੇ ਉੱਪਰ ਵੀ ਮੁੜ ਵਿਚਾਰ ਹੋਣ ਦੀ ਸੰਭਾਵਨਾ ਬਣ ਜਾਂਦੀ ਸੀ।

ਭਾਵੇਂ ਉਸ ਨੂੰ ਨਵਾਂ ਬਿਜਲੀ ਵਾਲਾ ਸਕੂਟਰ ਚਾਹੀਦਾ ਹੁੰਦਾ ਜਾਂ ਸਾਈਕਲ—ਭਾਵੇਂ ਇਕ ਪਹਿਲਾਂ ਹੀ ਉਸ ਕੋਲ ਮੌਜੂਦ ਹੁੰਦਾ—ਮਨਕੀਰਤ ਜਾਣਦੀ ਸੀ ਕਿ ਗਾਗਾ ਨੂੰ

ਮਨਾਉਣਾ ਅਕਸਰ ਹੋਰ ਕਿਸੇ ਨੂੰ ਮਨਾਉਣ ਨਾਲੋਂ ਸੌਖਾ ਹੈ। ਉਸ ਦੀਆਂ ਖ਼ਵਾਇਸ਼ਾਂ ਬੜੇ ਖ਼ਾਸ ਢੰਗ ਨਾਲ ਉਨ੍ਹਾਂ ਦੀਆਂ ਤਰਜੀਹਾਂ ਬਣ ਜਾਂਦੀਆਂ ਸਨ। ਪਰਿਵਾਰ ਦੇ ਬਾਕੀ ਜੀਆਂ ਨੂੰ ਇਸ ਉੱਪਰ ਹਾਸਾ ਵੀ ਆਉਂਦਾ ਅਤੇ ਕਦੇ-ਕਦਾਈਂ ਖਿਝ ਵੀ ਚੜ੍ਹਦੀ ਸੀ।

ਪਰਿਵਾਰ ਦੇ ਗੁਰਦੁਆਰੇ ਜਾਣ ਦੇ ਮੌਕਿਆਂ ਉੱਪਰ ਵੀ ਉਨ੍ਹਾਂ ਦਾ ਇਹ ਮੋਹ ਦਿਖਾਈ ਦਿੰਦਾ ਸੀ। ਜਦੋਂ ਬਾਕੀ ਸਾਰੇ ਜਾਣ ਦੀ ਤਿਆਰੀ ਕਰਦੇ, ਤਾਂ ਕਦੇ-ਕਦਾਈਂ ਗਾਗਾ ਅਤੇ ਮੰਨਾ ਇਕੱਠਿਆਂ ਘਰ ਹੀ ਰਹਿਣਾ ਚੁਣ ਲੈਂਦੇ ਅਤੇ ਇਕ-ਦੂਜੇ ਦੇ ਸਾਥ ਵਿਚ ਪੂਰੀ ਤਰ੍ਹਾਂ ਖ਼ੁਸ਼ ਹੁੰਦੇ।

ਆਪਣੀ ਪੱਕੀ ਰਾਇ ਅਤੇ ਅਡੋਲ ਇਰਾਦੇ ਲਈ ਜਾਣੇ ਜਾਂਦੇ ਇਸ ਇਨਸਾਨ ਦਾ ਦਿਲ ਨਰਮ ਕਰ ਦੇਣ ਦੀ ਦੋਹਤੀ ਵਿਚ ਕਮਾਲ ਦੀ ਸਮਰੱਥਾ ਸੀ। ਜਿਹੜੇ ਨੇਮ ਉਹ ਦੂਜਿਆਂ ਲਈ ਸਖ਼ਤੀ ਨਾਲ ਕਾਇਮ ਰੱਖਦੇ ਸਨ, ਆਪਣੀ ਪਿਆਰੀ ਮੰਨਾ ਦੀ ਗੱਲ ਆਉਂਦਿਆਂ ਉਹ ਅਕਸਰ ਗ਼ਾਇਬ ਹੋ ਜਾਂਦੇ ਸਨ।

ਦੁਨੀਆ ਲਈ ਉਹ ਪੱਕੇ ਵਿਚਾਰਾਂ ਵਾਲੇ ਇਨਸਾਨ ਸਨ। ਆਪਣੀ ਦੋਹਤੀ ਲਈ ਉਹ ਸਿਰਫ਼ ਗਾਗਾ ਸਨਃ ਉਸ ਦੇ ਪਿਆਰ ਕਰਨ ਵਾਲੇ ਨਾਨਾ, ਭਰੋਸੇਯੋਗ ਸਾਥੀ ਅਤੇ ਸਭ ਤੋਂ ਵੱਡੇ ਹਮਾਇਤੀ।

ਉਨ੍ਹਾਂ ਦਾ ਰਿਸ਼ਤਾ ਇਸ ਗੱਲ ਦੀ ਖ਼ੂਬਸੂਰਤ ਯਾਦ ਬਣਿਆ ਹੋਇਆ ਹੈ ਕਿ ਸਭ ਤੋਂ ਮਜ਼ਬੂਤ ਸ਼ਖ਼ਸੀਅਤਾਂ ਦੇ ਦਿਲ ਵੀ ਬੇਹੱਦ ਕੋਮਲ ਹੋ ਸਕਦੇ ਹਨ, ਖ਼ਾਸ ਕਰਕੇ ਉਨ੍ਹਾਂ ਲਈ ਜਿਨ੍ਹਾਂ ਨੂੰ ਉਹ ਸਭ ਤੋਂ ਵੱਧ ਪਿਆਰ ਕਰਦੇ ਹਨ।

ਪਿਆਰ ਜ਼ਾਹਰ ਕਰਨ ਦਾ ਨਿਵੇਕਲਾ ਢੰਗ

ਉਨ੍ਹਾਂ ਦੇ ਬੱਚੇ ਪਿਆਰ ਅਤੇ ਪਰਵਾਹ ਕਰਨ ਦੇ ਉਨ੍ਹਾਂ ਦੇ ਨਿਵੇਕਲੇ ਅਤੇ ਕਦੇ-ਕਦਾਈਂ ਹੈਰਾਨ ਕਰ ਦੇਣ ਵਾਲੇ ਢੰਗਾਂ ਨੂੰ ਵੀ ਯਾਦ ਕਰਦੇ ਹਨ। ਉਹ ਅਜਿਹੇ ਇਨਸਾਨ ਨਹੀਂ ਸਨ, ਜੋ ਹਮੇਸ਼ਾ ਸ਼ਬਦਾਂ ਰਾਹੀਂ ਪਿਆਰ ਜ਼ਾਹਰ ਕਰਦੇ ਹੋਣ। ਇਸ ਦੀ ਥਾਂ ਉਹ ਆਪਣੇ ਕੰਮਾਂ ਰਾਹੀਂ ਇਸ ਦਾ ਪ੍ਰਗਟਾਵਾ ਕਰਦੇ ਸਨ ਅਤੇ ਅਕਸਰ ਆਪਣੇ ਬੱਚਿਆਂ ਲਈ ਅਜਿਹੇ ਮੌਕੇ ਸਿਰਜਦੇ, ਜਿਨ੍ਹਾਂ ਦੀ ਉਨ੍ਹਾਂ ਨੇ ਆਪਣੇ ਲਈ ਕਦੇ ਕਲਪਨਾ ਵੀ ਨਹੀਂ ਕੀਤੀ ਹੁੰਦੀ ਸੀ।

ਉਨ੍ਹਾਂ ਦੀ ਸਭ ਤੋਂ ਛੋਟੀ ਧੀ ਜਸਪ੍ਰੀਤ ਸਿਆਸਤ ਵਿਚ ਪਿਤਾ ਜੀ ਦੀ ਡੂੰਘੀ ਦਿਲਚਸਪੀ ਅਤੇ ਬੱਚਿਆਂ ਨੂੰ ਉਨ੍ਹਾਂ ਦੀ ਰੋਜ਼ਮਰ੍ਹਾ ਦੀ ਜ਼ਿੰਦਗੀ ਤੋਂ ਬਾਹਰਲੀ ਦੁਨੀਆ ਨਾਲ ਜੋੜਨ ਦੇ ਉਨ੍ਹਾਂ ਦੇ ਪੱਕੇ ਇਰਾਦੇ ਨੂੰ ਯਾਦ ਕਰਦੀ ਹੈ।

ਉਸ ਦੇ ਹਾਈ ਸਕੂਲ ਦੇ ਦਿਨਾਂ ਦੌਰਾਨ ਉਨ੍ਹਾਂ ਨੇ ਮਾਂਟਰੀਅਲ ਵਿਚ ਹੋਣ ਵਾਲੇ ਇਕ ਸਿਆਸੀ ਸੰਮੇਲਨ ਵਿਚ ਸਟੀਫ਼ਾਨ ਡਿਓਂ ਦੀ ਹਮਾਇਤ ਕਰਨ ਵਾਲੀ ਡੈਲੀਗੇਟ ਬਣਨ ਲਈ ਉਸ ਦਾ ਨਾਂ ਉਮੀਦਵਾਰ ਵਜੋਂ ਦਰਜ ਕਰਵਾ ਦਿੱਤਾ। ਇਸ ਤਜਰਬੇ ਨੂੰ ਖ਼ਾਸ ਤੌਰ ’ਤੇ ਯਾਦਗਾਰੀ ਬਣਾਉਣ ਵਾਲੀ ਗੱਲ ਇਹ ਸੀ ਕਿ ਜਸਪ੍ਰੀਤ ਡੈਲੀਗੇਟ ਦੀ ਚੋਣ ਜਿੱਤ ਗਈ ਅਤੇ ਉਸ ਨੂੰ ਸੰਮੇਲਨ ਵਿਚ ਹਿੱਸਾ ਲੈਣ ਤੇ ਆਪਣੀ ਵੋਟ ਪਾਉਣ ਦਾ ਮੌਕਾ ਮਿਲਿਆ।

ਹਾਈ ਸਕੂਲ ਦੀ ਇਕ ਵਿਦਿਆਰਥਣ ਲਈ ਇਹ ਬਿਲਕੁਲ ਨਵਾਂ ਅਤੇ ਕੁਝ ਘਬਰਾਹਟ ਪੈਦਾ ਕਰਨ ਵਾਲਾ ਤਜਰਬਾ ਸੀ। ਅਚਾਨਕ ਜਸਪ੍ਰੀਤ ਨੇ ਆਪਣੇ ਆਪ ਨੂੰ ਸਿਆਸੀ ਆਗੂਆਂ, ਡੈਲੀਗੇਟਾਂ ਅਤੇ ਦੇਸ਼ ਦੇ ਭਵਿੱਖ ਬਾਰੇ ਹੋ ਰਹੀਆਂ ਚਰਚਾਵਾਂ ਦਰਮਿਆਨ ਪਾਇਆ। ਪਿਤਾ ਨੂੰ ਅਚਾਨਕ ਫੁਰੇ ਇਕ ਹੋਰ ਫੁਰਨੇ ਵਜੋਂ ਸ਼ੁਰੂ ਹੋਈ ਇਹ ਗੱਲ ਸਿਆਸੀ ਪ੍ਰਕਿਰਿਆ ਨੂੰ ਸਿੱਧੇ ਤੌਰ ’ਤੇ ਦੇਖਣ-ਸਮਝਣ ਦਾ ਇਕ ਅਭੁੱਲ ਮੌਕਾ ਬਣ ਗਈ।

ਇਹ ਬੱਚਿਆਂ ਨੂੰ ਆਪਣੇ ਜਾਣੇ-ਪਛਾਣੇ ਅਤੇ ਸਹਿਜ ਦਾਇਰੇ ਵਿਚੋਂ ਬਾਹਰ ਨਿਕਲਣ, ਅਣਜਾਣੇ ਮਾਹੌਲ ਨੂੰ ਜਾਣਨ ਅਤੇ ਰੋਜ਼ਮਰ੍ਹਾ ਦੀ ਜ਼ਿੰਦਗੀ ਦੀਆਂ ਹੱਦਾਂ ਤੋਂ ਪਰੇ ਮੌਕਿਆਂ ਨੂੰ ਪਛਾਣਨ ਲਈ ਉਤਸ਼ਾਹਿਤ ਕਰਨ ਦਾ ਉਨ੍ਹਾਂ ਦਾ ਢੰਗ ਸੀ।

ਇਕ ਹੋਰ ਯਾਦਗਾਰੀ ਕਦਮ ਚੁੱਕਦਿਆਂ ਉਨ੍ਹਾਂ ਨੇ ਉਸ ਵੇਲੇ ਟੋਰਾਂਟੋ ਦੇ ਕੇਂਦਰੀ ਇਲਾਕੇ ਵਿਚ ਇਕ ਕੰਡੋ ਅਪਾਰਟਮੈਂਟ ਖ਼ਰੀਦਿਆ, ਜਦੋਂ ਉਨ੍ਹਾਂ ਦਾ ਪੁੱਤਰ ਅਤੇ ਸਭ ਤੋਂ ਛੋਟੀ ਧੀ ਯੂਨੀਵਰਸਿਟੀ ਵਿਚ ਪੜ੍ਹ ਰਹੇ ਸਨ।

ਸ਼ੁਰੂ ਵਿਚ ਪਰਿਵਾਰ ਨੂੰ ਇਹ ਫ਼ੈਸਲਾ ਕੁਝ ਅਜੀਬ ਲੱਗਿਆ। ਪਰ ਬੱਚਿਆਂ ਦਾ ਰੋਜ਼ਾਨਾ ਆਉਣ-ਜਾਣ ਦਾ ਲੰਮਾ ਸਫ਼ਰ ਉਨ੍ਹਾਂ ਦੀ ਪੜ੍ਹਾਈ ਅਤੇ ਸਿਹਤ ਉੱਪਰ ਅਸਰ ਪਾ ਰਿਹਾ ਸੀ। ਸਿਰਫ਼ ਚਿੰਤਾ ਜ਼ਾਹਰ ਕਰਨ ਦੀ ਥਾਂ ਉਨ੍ਹਾਂ ਨੇ ਅਮਲੀ ਕਦਮ ਚੁੱਕਿਆ ਅਤੇ ਉਨ੍ਹਾਂ ਨੂੰ ਯੂਨੀਵਰਸਿਟੀਆਂ ਦੇ ਨੇੜੇ ਘਰ ਲੈ ਦਿੱਤਾ, ਤਾਂ ਜੋ ਉਹ ਆਪਣਾ ਵੱਧ ਸਮਾਂ ਅਤੇ ਤਾਕਤ ਆਪਣੀ ਪੜ੍ਹਾਈ ਲਈ ਲਾ ਸਕਣ।

ਇਸ ਸੋਚ-ਸਮਝ ਕੇ ਚੁੱਕੇ ਕਦਮ ਵਿਚ ਇਕ ਅਜਿਹੇ ਪਿਤਾ ਦੀ ਝਲਕ ਸੀ, ਜੋ ਚੁੱਪਚਾਪ ਆਪਣੇ ਬੱਚਿਆਂ ਦੀਆਂ ਮੁਸ਼ਕਲਾਂ ਨੂੰ ਦੇਖਦਾ ਅਤੇ ਉਨ੍ਹਾਂ ਦੀ ਜ਼ਿੰਦਗੀ ਸੌਖੀ ਬਣਾਉਣ ਲਈ ਅਮਲੀ ਰਾਹ ਲੱਭਦਾ ਸੀ। ਅਕਸਰ ਉਹ ਆਪਣੇ ਫ਼ੈਸਲਿਆਂ ਪਿੱਛੇ ਕੰਮ ਕਰਦੀ ਸੋਚ ਸਮਝਾਉਂਦੇ ਵੀ ਨਹੀਂ ਸਨ।

ਉਹ ਮੌਕੇ ਸਿਰਜਣ, ਆਪਣੇ ਪੈਰਾਂ ਉੱਪਰ ਖੜ੍ਹੇ ਹੋਣ ਲਈ ਉਤਸ਼ਾਹਿਤ ਕਰਨ ਅਤੇ ਬੱਚਿਆਂ ਨੂੰ ਆਪਣੀ ਸਮਰੱਥਾ ਪਛਾਣਨ ਵਿਚ ਮਦਦ ਕਰਨ ਵਿਚ ਯਕੀਨ ਰੱਖਦੇ ਸਨ। ਬੱਚਿਆਂ ਦੀ ਪਰਵਰਿਸ਼ ਪ੍ਰਤੀ ਉਨ੍ਹਾਂ ਦੀ ਪਹੁੰਚ ਹਮੇਸ਼ਾ ਰਵਾਇਤੀ ਨਹੀਂ ਹੁੰਦੀ, ਪਰ ਇਸ ਨੇ ਉਨ੍ਹਾਂ ਵਿਚੋਂ ਹਰ ਇਕ ਉੱਪਰ ਡੂੰਘੀ ਤੇ ਸਦੀਵੀ ਛਾਪ ਛੱਡੀ।

ਹੋ ਸਕਦਾ ਹੈ ਕਿ ਉਹ ਹਮੇਸ਼ਾ ਸ਼ਬਦਾਂ ਵਿਚ ਆਪਣਾ ਪਿਆਰ ਜ਼ਾਹਰ ਨਾ ਕਰਦੇ ਹੋਣ, ਪਰ ਉਨ੍ਹਾਂ ਦੇ ਕੰਮ ਬਹੁਤ ਕੁਝ ਕਹਿ ਜਾਂਦੇ ਸਨ। ਉਨ੍ਹਾਂ ਵੱਲੋਂ ਸਿਰਜੇ ਮੌਕਿਆਂ, ਬੱਚਿਆਂ ਨੂੰ ਚੁਣੌਤੀਆਂ ਕਬੂਲ ਕਰਨ ਲਈ ਦਿੱਤੇ ਹੌਸਲੇ ਅਤੇ ਕੀਤੀਆਂ ਕੁਰਬਾਨੀਆਂ ਰਾਹੀਂ ਅਜਿਹਾ ਪਿਆਰ ਸਾਹਮਣੇ ਆਉਂਦਾ ਸੀ, ਜੋ ਵਿਹਾਰਕ ਵੀ ਸੀ ਅਤੇ ਗਹਿਰਾ ਵੀ।

ਉਨ੍ਹਾਂ ਦੇ ਬੱਚੇ ਸ਼ਾਇਦ ਉਸ ਵੇਲੇ ਹਰ ਫ਼ੈਸਲੇ ਨੂੰ ਪੂਰੀ ਤਰ੍ਹਾਂ ਨਾ ਸਮਝ ਸਕੇ ਹੋਣ, ਪਰ ਅੱਜ ਪਿੱਛੇ ਮੁੜ ਕੇ ਦੇਖਦਿਆਂ ਉਹ ਇਨ੍ਹਾਂ ਫ਼ੈਸਲਿਆਂ ਪਿੱਛੇ ਲੁਕੀ ਪ੍ਰਵਾਹ, ਸੋਚ-ਵਿਚਾਰ ਅਤੇ ਅਡੋਲ ਹਮਾਇਤ ਨੂੰ ਖ਼ੂਬ ਪਛਾਣਦੇ ਹਨ।

ਪਿਤਾ ਦੀਆਂ ਉੱਚੀਆਂ ਉਮੀਦਾਂ ਅਤੇ ਤਕਨਾਲੋਜੀ ਲਈ ਸਾਂਝਾ ਸ਼ੌਕ

ਉਨ੍ਹਾਂ ਦਾ ਪੁੱਤਰ ਗੁਰਮੇਲ ਸਿੱਖਿਆ ਅਤੇ ਪੜ੍ਹਾਈ ਦੀਆਂ ਪ੍ਰਾਪਤੀਆਂ ਦੇ ਮਾਮਲੇ ਵਿਚ ਪਿਤਾ ਦੀਆਂ ਉੱਚੀਆਂ ਉਮੀਦਾਂ ਨੂੰ ਯਾਦ ਕਰਦਾ ਹੈ। ਹਰਬੰਸ ਸਿੰਘ ਮਿਹਨਤ ਅਤੇ ਸ਼ਾਨਦਾਰ ਕਾਰਗੁਜ਼ਾਰੀ ਵਿਚ ਪੱਕਾ ਵਿਸ਼ਵਾਸ ਰੱਖਦੇ ਸਨ। ਉਹ ਹਮੇਸ਼ਾ ਆਪਣੇ ਬੱਚਿਆਂ ਨੂੰ ਹੋਰ ਉੱਚੇ ਟੀਚੇ ਰੱਖਣ ਅਤੇ ਆਪਣੀ ਸਰਬੋਤਮ ਸਮਰੱਥਾ ਤੋਂ ਘੱਟ ਉੱਪਰ ਕਦੇ ਸੰਤੁਸ਼ਟ ਨਾ ਹੋਣ ਲਈ ਪ੍ਰੇਰਦੇ ਸਨ।

ਗੁਰਮੇਲ ਨੂੰ ਸਕੂਲ ਦੇ ਦਿਨਾਂ ਦੀ ਇਕ ਖ਼ਾਸ ਹਾਸੇ ਭਰੀ ਘਟਨਾ ਯਾਦ ਹੈ। ਇਕ ਟੈਸਟ ਵਿਚ ਸ਼ਾਨਦਾਰ 96 ਫ਼ੀਸਦੀ ਅੰਕ ਲੈਣ ਦੇ ਬਾਵਜੂਦ ਉਸ ਨੇ ਦੇਖਿਆ ਕਿ ਪਿਤਾ ਜ਼ਰਾ ਵੀ ਪ੍ਰਭਾਵਿਤ ਨਹੀਂ ਹੋਏ। ਪ੍ਰਾਪਤੀ ਦੀ ਖ਼ੁਸ਼ੀ ਮਨਾਉਣ ਦੀ ਥਾਂ ਉਹ ਜਾਣਨਾ ਚਾਹੁੰਦੇ ਸਨ ਕਿ ਬਾਕੀ ਚਾਰ ਅੰਕਾਂ ਦਾ ਕੀ ਬਣਿਆ।

ਉਹ ਸਿਰਫ਼ ਪੂਰੇ ਅੰਕ ਨਾ ਆਉਣ ਕਾਰਨ ਨਾਖ਼ੁਸ਼ ਹੀ ਨਹੀਂ ਸਨ, ਸਗੋਂ ਬੜੇ ਜੋਸ਼ ਵਿਚ ਆ ਕੇ ਮਾਣ ਨਾਲ ਇਹ ਵੀ ਦੱਸਣ ਲੱਗ ਪਏ ਕਿ ਉਨ੍ਹਾਂ ਨੇ ਆਪਣੇ ਕਾਲਜ ਦੇ ਵਿਸ਼ਿਆਂ ਵਿਚ ਪੂਰੇ ਅੰਕ ਲਏ ਸਨ।

ਸਬੱਬ ਨਾਲ ਕੁਝ ਹੀ ਦਿਨਾਂ ਬਾਅਦ ਪਰਿਵਾਰ ਨੂੰ ਉਨ੍ਹਾਂ ਦੇ ਕਾਲਜ ਦੀ ਪੁਰਾਣੀ ਅੰਕ-ਸੂਚੀ ਮਿਲ ਗਈ। ਸਾਰਿਆਂ ਨੂੰ ਇਹ ਦੇਖ ਕੇ ਬੜਾ ਹਾਸਾ ਆਇਆ ਕਿ ਉਨ੍ਹਾਂ ਦਾ ਪੜ੍ਹਾਈ ਦਾ ਰਿਕਾਰਡ ਤਰੁੱਟੀਆਂ ਤੋਂ ਉਨਾ ਰਹਿਤ ਨਹੀਂ ਸੀ, ਜਿੰਨਾ ਉਨ੍ਹਾਂ ਨੇ ਦੱਸਿਆ ਸੀ। ਆਖ਼ਿਰ ਉਨ੍ਹਾਂ ਨੂੰ ਸਾਰੇ ਵਿਸ਼ਿਆਂ ਵਿਚ ‘ਏ’ ਗ੍ਰੇਡ ਨਹੀਂ ਮਿਲੇ ਸਨ।

ਪਰ ਸਬੂਤ ਸਾਹਮਣੇ ਰੱਖਣ ਉੱਪਰ ਵੀ ਹਰਬੰਸ ਸਿੰਘ ਨੇ ਆਪਣਾ ਦਾਅਵਾ ਗ਼ਲਤ ਮੰਨਣ ਤੋਂ ਇਨਕਾਰ ਕਰ ਦਿੱਤਾ। ਆਪਣੇ ਦ੍ਰਿੜ੍ਹ ਸੁਭਾਅ ਮੁਤਾਬਕ ਉਹ ਆਪਣੀ ਗੱਲ ਉੱਪਰ ਡਟੇ ਰਹੇ ਅਤੇ ਬੱਚੇ ਇਸ ਗੱਲ ਉੱਪਰ ਖ਼ੂਬ ਹੱਸੇ।

ਇਹ ਪਰਿਵਾਰ ਦੇ ਉਨ੍ਹਾਂ ਅਭੁੱਲ ਪਲਾਂ ਵਿੱਚੋਂ ਇੱਕ ਬਣ ਗਿਆ, ਜਿਸ ਦੀ ਕਹਾਣੀ ਅੱਜ ਵੀ ਚਿਹਰਿਆਂ ਉੱਪਰ ਮੁਸਕਰਾਹਟ ਅਤੇ ਹਾਸਾ ਲੈ ਆਉਂਦੀ ਹੈ। ਉਨ੍ਹਾਂ ਦੀਆਂ ਸਖ਼ਤ ਉਮੀਦਾਂ ਦੇ ਪਿੱਛੇ ਇਕ ਅਜਿਹਾ ਪਿਤਾ ਸੀ, ਜਿਸ ਨੂੰ ਆਪਣੇ ਬੱਚਿਆਂ ਦੀ ਕਾਬਲੀਅਤ ਉੱਪਰ ਡੂੰਘਾ ਭਰੋਸਾ ਸੀ ਅਤੇ ਜੋ ਚਾਹੁੰਦਾ ਸੀ ਕਿ ਉਹ ਆਪਣੀ ਸੋਚ ਤੋਂ ਵੀ ਵੱਧ ਪ੍ਰਾਪਤ ਕਰਨ।

ਗੁਰਮੇਲ ਨੂੰ ਇਹ ਵੀ ਯਾਦ ਹੈ ਕਿ ਕੰਪਿਊਟਰਾਂ ਅਤੇ ਸੂਚਨਾ ਤਕਨਾਲੋਜੀ ਵਿਚ ਉਸ ਦੀ ਦਿਲਚਸਪੀ ਅਤੇ ਮੁਹਾਰਤ ਨੇ ਦੋਵਾਂ ਲਈ ਇਕੱਠਿਆਂ ਕੰਮ ਕਰਨ ਦੇ ਮੌਕੇ ਕਿਵੇਂ ਪੈਦਾ ਕੀਤੇ।

ਜਦੋਂ ਪਿਤਾ ਨੂੰ ਆਪਣੇ ਅਖ਼ਬਾਰ, PPAPMG, ਲਈ ਲੋਗੋ ਅਤੇ ਵੈੱਬਸਾਈਟ ਦੀ ਲੋੜ ਪਈ, ਤਾਂ ਗੁਰਮੇਲ ਨੇ ਆਪ ਅੱਗੇ ਹੋ ਕੇ ਮਦਦ ਦੀ ਪੇਸ਼ਕਸ਼ ਕੀਤੀ।

ਮਦਦ ਦੀ ਇਕ ਸਾਧਾਰਨ ਪੇਸ਼ਕਸ਼ ਵਜੋਂ ਸ਼ੁਰੂ ਹੋਇਆ ਇਹ ਕੰਮ ਛੇਤੀ ਹੀ ਕਈ ਦਿਨਾਂ ਦੇ ਸਾਂਝੇ ਰੁਝੇਵੇਂ ਵਿਚ ਬਦਲ ਗਿਆ। ਦੋਵਾਂ ਨੇ ਇਕੱਠੇ ਬੈਠ ਕੇ ਅਖ਼ਬਾਰ ਦਾ ਲੋਗੋ ਤਿਆਰ ਕੀਤਾ, ਵੈੱਬਸਾਈਟ ਬਣਾਈ, ਵਿਚਾਰ ਸਾਂਝੇ ਕੀਤੇ ਅਤੇ ਅਣਗਿਣਤ ਤਬਦੀਲੀਆਂ ਕੀਤੀਆਂ, ਜਦੋਂ ਤੱਕ ਉਹ ਨਤੀਜੇ ਤੋਂ ਸੰਤੁਸ਼ਟ ਨਹੀਂ ਹੋ ਗਏ।

ਗੁਰਮੇਲ ਲਈ ਇਹ ਪ੍ਰੋਜੈਕਟ ਸਿਰਫ਼ ਤਕਨੀਕੀ ਕੰਮ ਨਹੀਂ ਸਨ। ਇਹ ਆਪਣਾ ਗਿਆਨ ਸਾਂਝਾ ਕਰਨ, ਪਿਤਾ ਨੂੰ ਦਿਲੋਂ ਪਸੰਦ ਕਿਸੇ ਕੰਮ ਵਿਚ ਯੋਗਦਾਨ ਪਾਉਣ ਅਤੇ ਇਕੱਠਿਆਂ ਸਾਰਥਕ ਸਮਾਂ ਬਿਤਾਉਣ ਦੇ ਮੌਕੇ ਸਨ।

ਸਾਰੀ ਪ੍ਰਕਿਰਿਆ ਦੌਰਾਨ ਪਿਤਾ ਦੀ ਦ੍ਰਿੜ੍ਹਤਾ ਅਤੇ ਬਾਰੀਕੀਆਂ ਵੱਲ ਧਿਆਨ ਸਪਸ਼ਟ ਦਿਖਾਈ ਦਿੰਦਾ ਸੀ। ਜਿਵੇਂ ਕਿ ਉਨ੍ਹਾਂ ਦੇ ਬਹੁਤ ਸਾਰੇ ਦੋਸਤ ਅਤੇ ਪਰਿਵਾਰਕ ਮੈਂਬਰ ਵੀ ਸ਼ਾਇਦ ਸਹਿਮਤ ਹੋਣਗੇ, ਇਕ ਵਾਰ ਕੋਈ ਵਿਚਾਰ ਉਨ੍ਹਾਂ ਦੇ ਮਨ ਵਿਚ ਆ ਜਾਂਦਾ, ਤਾਂ ਉਹ ਉਸ ਨੂੰ ਛੱਡਣ ਲਈ ਘੱਟ ਹੀ ਤਿਆਰ ਹੁੰਦੇ ਸਨ।

ਪਿੱਛੇ ਮੁੜ ਕੇ ਦੇਖਦਿਆਂ ਗੁਰਮੇਲ ਇਕ ਅਜਿਹੇ ਪਿਤਾ ਨੂੰ ਯਾਦ ਕਰਦਾ ਹੈ, ਜੋ ਬਹੁਤ ਉਮੀਦਾਂ ਰੱਖਣ ਵਾਲੇ, ਹਠੀ ਅਤੇ ਸੌਖਿਆਂ ਪ੍ਰਭਾਵਿਤ ਨਾ ਹੋਣ ਵਾਲੇ ਹੋ ਸਕਦੇ ਸਨ, ਪਰ ਜਿਨ੍ਹਾਂ ਦੀਆਂ ਉੱਚੀਆਂ ਉਮੀਦਾਂ ਦਾ ਆਧਾਰ ਆਪਣੇ ਬੱਚਿਆਂ ਦੀ ਸਮਰੱਥਾ ਵਿਚ ਸੱਚਾ ਭਰੋਸਾ ਸੀ।

ਭਾਵੇਂ ਉਹ ਕਿਸੇ ਟੈਸਟ ਦੇ ਅੰਕਾਂ ਬਾਰੇ ਸਵਾਲ ਕਰ ਰਹੇ ਹੁੰਦੇ ਜਾਂ ਅਖ਼ਬਾਰ ਦੇ ਕਿਸੇ ਪ੍ਰੋਜੈਕਟ ਉੱਪਰ ਪੁੱਤਰ ਦੇ ਨਾਲ ਕਈ ਦਿਨ ਕੰਮ ਕਰ ਰਹੇ ਹੁੰਦੇ, ਉਹ ਬੱਚਿਆਂ ਨੂੰ ਆਪਣੇ ਆਪ ਲਈ ਚੁਣੌਤੀਆਂ ਮਿੱਥਣ, ਆਪਣੀਆਂ ਕਾਬਲੀਅਤਾਂ ਵਿਕਸਤ ਕਰਨ ਅਤੇ ਆਪਣੇ ਕੰਮ ਉੱਪਰ ਮਾਣ ਕਰਨ ਲਈ ਉਤਸ਼ਾਹਿਤ ਕਰਦੇ ਸਨ।

ਇਹ ਤਜਰਬੇ ਇਕ ਅਜਿਹੇ ਪਿਤਾ ਦੀਆਂ ਸਦੀਵੀ ਯਾਦਾਂ ਬਣ ਗਏ, ਜਿਸ ਦੀ ਦ੍ਰਿੜ੍ਹਤਾ ਜਿੰਨੀ ਮਜ਼ਬੂਤ ਸੀ, ਆਪਣੇ ਬੱਚਿਆਂ ਨੂੰ ਸਫ਼ਲ ਹੁੰਦਾ ਦੇਖਣ ਦੀ ਇੱਛਾ ਵੀ ਓਨੀ ਹੀ ਪੁਰਜ਼ੋਰ ਸੀ।

ਜਿਉਂਦੀ ਰਹਿਣ ਵਾਲੀ ਵਿਰਾਸਤ

ਪਰਿਵਾਰ ਤੋਂ ਬਾਹਰ ਵੀ ਉਹ ਕਮਿਊਨਿਟੀ ਦੀਆਂ ਸਰਗਰਮੀਆਂ ਵਿਚ ਆਪਣੀ ਸ਼ਮੂਲੀਅਤ ਅਤੇ ਆਪਣੇ ਲਈ ਅਹਿਮ ਮਕਸਦਾਂ ਤੇ ਦਿਲਚਸਪੀਆਂ ਲਈ ਪੂਰੀ ਵਾਹ ਲਾਉਣ ਦੀ ਤਤਪਰਤਾ ਕਾਰਨ ਜਾਣੇ ਜਾਂਦੇ ਸਨ।

ਉਹ ਜਾਣਕਾਰੀ ਨਾਲ ਜੁੜੇ ਰਹਿਣ, ਜਨਤਕ ਜੀਵਨ ਵਿਚ ਹਿੱਸਾ ਲੈਣ ਅਤੇ ਆਪਣੇ ਵਿਸ਼ਵਾਸਾਂ ਦੇ ਆਧਾਰ ’ਤੇ ਫ਼ੈਸਲੇ ਲੈਣ ਵਿਚ ਯਕੀਨ ਰੱਖਦੇ ਸਨ।

ਉਨ੍ਹਾਂ ਦਾ ਜੀਵਨ ਸਹੂਲਤ ਮੁਤਾਬਕ ਚੱਲਣ ਜਾਂ ਪ੍ਰਚਲਿਤ ਲੀਹ ਦੇ ਧਾਰਨੀ ਬਣਨ ਨਾਲ ਪਰਿਭਾਸ਼ਿਤ ਨਹੀਂ ਹੁੰਦਾ ਸੀ। ਇਸ ਦੀ ਥਾਂ ਇਹ ਆਪਣੇ ਅਸੂਲਾਂ ਅਨੁਸਾਰ ਜੀਉਣ ਦੇ ਦ੍ਰਿੜ੍ਹ ਇਰਾਦੇ ਨੂੰ ਦਰਸਾਉਂਦਾ ਸੀ।

ਉਨ੍ਹਾਂ ਦੇ ਬੱਚਿਆਂ ਲਈ ਉਨ੍ਹਾਂ ਦੀ ਵਿਰਾਸਤ ਉਨ੍ਹਾਂ ਦੇ ਚੁਣੇ ਪੇਸ਼ਿਆਂ, ਉਨ੍ਹਾਂ ਅੰਦਰ ਵਸਦੇ ਜੀਵਨ-ਮੁੱਲਾਂ ਅਤੇ ਉਨ੍ਹਾਂ ਯਾਦਾਂ ਵਿਚ ਜਿਉਂਦੀ ਹੈ, ਜਿਨ੍ਹਾਂ ਨੂੰ ਉਹ ਅੱਜ ਵੀ ਇਕ-ਦੂਜੇ ਨਾਲ ਸਾਂਝਾ ਕਰਦੇ ਹਨ।

ਉਨ੍ਹਾਂ ਦੀ ਦੋਹਤੀ ਲਈ ਇਹ ਵਿਰਾਸਤ “ਗਾਗਾ” ਅਤੇ “ਮੰਨੂ” ਦਰਮਿਆਨ ਖ਼ਾਸ ਮੋਹ ਭਿੱਜੇ ਰਿਸ਼ਤੇ ਵਿਚ ਜਿਉਂਦੀ ਹੈ।

ਅਤੇ ਉਨ੍ਹਾਂ ਨੂੰ ਜਾਣਨ ਵਾਲੇ ਹਰ ਇਨਸਾਨ ਲਈ ਇਹ ਉਸ ਵਿਅਕਤੀ ਦੀਆਂ ਕਹਾਣੀਆਂ ਵਿਚ ਕਾਇਮ ਹੈ, ਜੋ ਹਮੇਸ਼ਾ ਅੱਗੇ ਵਧਦਾ ਰਹਿੰਦਾ ਸੀ, ਹਮੇਸ਼ਾ ਅਗਾਂਹ ਦੀ ਸੋਚਦਾ ਸੀ ਅਤੇ ਹਮੇਸ਼ਾ ਦੂਜਿਆਂ ਨੂੰ ਹੋਰ ਵਧੇਰੇ ਕਰਨ ਲਈ ਹੱਲਾਸ਼ੇਰੀ ਦਿੰਦਾ ਸੀ।

ਪਰਿਵਾਰ ਉਨ੍ਹਾਂ ਨੂੰ ਇਕ ਮੁਕੰਮਲ ਇਨਸਾਨ ਵਜੋਂ ਨਹੀਂ, ਸਗੋਂ ਇਕ ਵਿਲੱਖਣ ਸ਼ਖ਼ਸ ਵਜੋਂ ਯਾਦ ਕਰਦਾ ਹੈ, ਜਿਸ ਦੀ ਦ੍ਰਿੜ੍ਹਤਾ, ਕਦੇ-ਕਦਾਈਂ ਦੀ ਜ਼ਿੱਦ, ਬੇਅੰਤ ਊਰਜਾ ਅਤੇ ਪਿਆਰ ਦਾ ਇਜ਼ਹਾਰ ਕਰਨ ਦੇ ਨਿਵੇਕਲੇ ਢੰਗ ਉਨ੍ਹਾਂ ਨੂੰ ਆਪਣੇ ਪਰਿਵਾਰ ਲਈ ਬੇਮਿਸਾਲ ਬਣਾਉਂਦੇ ਸਨ।

ਉਹ ਸਵੇਰੇ ਸਾਝਰੇ ਰੁੱਝ ਜਾਣ ਦੀਆਂ ਯਾਦਾਂ, ਪਰਿਵਾਰ ਵੱਲੋਂ ਭੱਜ-ਭੱਜਕੇ ਕੀਤੀਆਂ ਸੈਰਾਂ, ਦੋਸਤਾਨਾ ਮੁਕਾਬਲਿਆਂ, ਅਚਨਚੇਤ ਕੀਤੇ ਰੋਮਾਂਚਕ ਸਫ਼ਰਾਂ ਅਤੇ ਰੋਜ਼ਮਰ੍ਹਾ ਦੀ ਜ਼ਿੰਦਗੀ ਵਿਚ ਸਮੋਈਆਂ ਅਣਗਿਣਤ ਸਿੱਖਿਆਵਾਂ ਨੂੰ ਯਾਦ ਕਰਦੇ ਹਨ।

ਸਭ ਤੋਂ ਵੱਧ, ਉਹ ਇਕ ਅਜਿਹੇ ਪਿਤਾ ਅਤੇ ਨਾਨੇ ਨੂੰ ਯਾਦ ਕਰਦੇ ਹਨ, ਜਿਸ ਦੀ ਮੌਜੂਦਗੀ ਨੇ ਡੂੰਘੇ ਅਤੇ ਸਾਧਾਰਨ, ਦੋਵਾਂ ਤਰੀਕਿਆਂ ਨਾਲ ਉਨ੍ਹਾਂ ਦੀਆਂ ਜ਼ਿੰਦਗੀਆਂ ਨੂੰ ਘੜਿਆ-ਤਰਾਸ਼ਿਆ।

ਭਾਵੇਂ ਉਨ੍ਹਾਂ ਦੀ ਘਾਟ ਬਹੁਤ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ, ਪਰ ਉਨ੍ਹਾਂ ਦਾ ਪ੍ਰਭਾਵ ਉਨ੍ਹਾਂ ਜ਼ਿੰਦਗੀਆਂ ਰਾਹੀਂ ਜਾਰੀ ਹੈ ਜਿਨ੍ਹਾਂ ਨੂੰ ਉਨ੍ਹਾਂ ਨੇ ਘੜਿਆ-ਤਰਾਸ਼ਿਆ ਅਤੇ ਉਸ ਪਰਿਵਾਰ ਰਾਹੀਂ ਵੀ, ਜਿਸ ਨੂੰ ਉਨ੍ਹਾਂ ਨੇ ਪਿਆਰ ਕੀਤਾ।

ਉਨ੍ਹਾਂ ਦਾ ਜੀਵਨ-ਸਫ਼ਰ ਭਾਵੇਂ ਮੁੱਕ ਗਿਆ ਹੋਵੇ, ਪਰ ਉਨ੍ਹਾਂ ਵੱਲੋਂ ਦਿੱਤੀਆਂ ਸਿੱਖਿਆਵਾਂ, ਸਿਰਜੇ ਮੌਕੇ ਅਤੇ ਆਪਣੇ ਕੰਮਾਂ ਰਾਹੀਂ ਪ੍ਰਗਟਾਇਆ ਪਿਆਰ ਆਉਣ ਵਾਲੀਆਂ ਪੀੜ੍ਹੀਆਂ ਤੱਕ ਉਨ੍ਹਾਂ ਦੇ ਪਰਿਵਾਰ ਦੀ ਗਾਥਾ ਦਾ ਹਿੱਸਾ ਬਣੇ ਰਹਿਣਗੇ।

ਸਾਡਾ ਪਿਆਰਾ ਬਾਨੀ ਸੰਪਾਦਕ ਸਾਥੀ ਹਰਬੰਸ ਸਿੰਘ ਹਮੇਸ਼ਾ ਸਾਡੇ ਅੰਗ ਸੰਗ ਰਹੇਗਾ

ਮਾਸਟਰ ਭਜਨ
(ਕੈਲਗਰੀ)
ਸੰਪਾਦਕ
403-455-4220

ਕੈਲਗਰੀ ਵਿੱਚ ਹਰਬੰਸ ਸਿੰਘ ਅਤੇ ਹਰਕੇਸ਼ ਚੌਧਰੀ ਨੂੰ ਨਾਟਕ ਸਮਾਗਮ ਸਮੇਂ ਸਨਮਾਨ ਕਰਦੇ ਹੋਏ

ਸਾਥੀ ਹਰਬੰਸ ਸਿੰਘ

ਲਗਭਗ 14 ਸਾਲ ਪਹਿਲਾਂ ਦੇਵਿੰਦਰ ਤੂਰ ਟੋਰਾਂਟੋ ਦਾ ਮੈਨੂੰ ਫੋਨ ਆਇਆ। ਉਸ ਨੇ ਦੱਸਿਆ ਕਿ ਭਜਨ "ਮੈਂ ਅਤੇ ਹਰਬੰਸ 'ਸਰੋਕਾਰਾਂ ਦੀ ਆਵਾਜ਼' ਮਾਸਿਕ ਪੇਪਰ ਕੱਢ ਰਹੇ ਹਾਂ। ਇਹ ਪੇਪਰ ਪਹਿਲਾਂ ਅਸੀਂ ਆਨਲਾਈਨ ਕੱਢਦੇ ਸੀ ਅਤੇ ਹੁਣ 2-3 ਸਾਲ ਤੋਂ ਪ੍ਰਿੰਟ ਕੱਢਦੇ ਹਾਂ। ਅਸੀਂ ਚਾਹੁੰਦੇ ਹਾਂ ਇਸ ਨੂੰ ਕੈਨੇਡਾ ਦੇ ਸਾਰੇ ਸ਼ਹਿਰਾਂ ਤੱਕ ਪਹੁੰਚਦਾ ਕਰੀਏ। ਤੁਸੀਂ ਕੈਲਗਰੀ 'ਚ ਪੇਪਰ ਲਈ ਕੰਮ ਕਰੋ।'

ਮੈਨੂੰ ਕੈਨੇਡਾ ਆਏ ਨੂੰ ਥੋੜ੍ਹਾ ਸਮਾਂ ਹੋਇਆ ਸੀ। ਮੈਂ ਬੇਟੀ ਕਮਲਪ੍ਰੀਤ ਪੰਧੇਰ ਨਾਲ ਗੱਲ ਕੀਤੀ। ਉਹ ਕਹਿੰਦੀ 'ਡੈਡੀ ਪੇਪਰ ਮੰਗਵਾ ਲਉ। ਆਪਾਂ ਪੇਪਰ ਦੇਖ-ਪੜ੍ਹਕੇ ਸੋਚਾਂਗੇ।' ਪੇਪਰ ਆ ਗਿਆ, ਪੜ੍ਹ ਕੇ ਕਮਲ ਕਹਿੰਦੀ, 'ਡੈਡੀ ਪੇਪਰ ਠੀਕ ਹੈ। ਹਾਂ ਕਰ ਦੇਵੋ' ਤਾਂ ਮੈਂ ਦੇਵਿੰਦਰ ਨੂੰ ਹਾਂ ਕਰ ਦਿੱਤੀ। ਦੇਵਿੰਦਰ ਤੂਰ ਤੇ ਹਰਬੰਸ ਕਹਿੰਦੇ ਪ੍ਰਿੰਟਿੰਗ ਆਦਿ ਦੇ ਖਰਚੇ ਲਈ 100 ਕੁ ਡਾਲਰ ਸਹਾਇਤਾ ਕਰ ਦਿਆ ਕਰੋ। ਨਵਾਂ ਹੋਣ ਕਾਰਨ ਕਿਉਂਕਿ ਮੈਂ ਆਪ ਕੋਈ ਕੰਮ ਨਹੀਂ ਕਰਦਾ ਸੀ। ਮੈਨੂੰ ਔਖਾ ਲੱਗਾ ਕਿ ਪ੍ਰਬੰਧ ਕਿਵੇਂ ਕਰਾਂਗੇ। ਬੇਟੀ ਕਮਲਪ੍ਰੀਤ ਪੰਧੇਰ ਨੇ ਮੈਨੂੰ ਕਿਹਾ ਕਿ ਡੈਡੀ ਪੇਪਰ ਆਪਣੀ ਵਿਚਾਰਧਾਰਾ ਦਾ ਹੈ। ਮੇਰੇ ਕੋਲੋਂ 50 ਡਾਲਰ ਹਰ ਮਹੀਨੇ ਲੈ ਲਿਆ ਕਰੋ। ਇਸ ਨਾਲ ਮੇਰਾ ਹੌਸਲਾ ਵੱਧ ਗਿਆ। 50 ਡਾਲਰ ਮੈਂ ਬਰਥ ਡੇਅ ਪਾਰਟੀ ਜਾਂ ਮੇਰੇ ਬੱਚਿਆਂ, ਨੇੜੇ ਦੇ ਰਿਸ਼ਤੇਦਾਰਾਂ ਅਤੇ ਹੋਰ ਸਬੰਧਤ ਮਿੱਤਰਾਂ, ਦੋਸਤਾਂ ਨੂੰ ਬੇਨਤੀ ਕੀਤੀ ਕਿ ਪੇਪਰ ਲਈ ਚਾਹੀਦੇ ਹਨ ਤਾਂ ਉਨ੍ਹਾਂ ਨੇ ਹੱਸਕੇ ਬੇਨਤੀ ਪ੍ਰਵਾਨ ਕਰ ਲਈ। ਇੰਝ ਹੋਈ ਕੈਲਗਰੀ 'ਚ 'ਪੇਪਰ ਫੰਡ ਦਿਓ' ਦੀ ਸ਼ੁਰੂਆਤ। ਫਿਰ ਚੱਲ ਸੋ ਚੱਲ।

2013 'ਚ ਅਸੀਂ ਕੈਲਗਰੀ 'ਚ ਗ਼ਦਰ ਸ਼ਤਾਬਦੀ 'ਤੇ ਹਰਕੇਸ਼ ਚੌਧਰੀ ਦਾ ਲਿਖਿਆ ਤੇ ਨਿਰਦੇਸ਼ਤ ਨਾਟਕ 'ਗਾਥਾ ਕਾਲੇ ਪਾਣੀਆਂ ਦੀ' ਖੇਡਣ ਸਰੀ ਗਏ ਤਾਂ ਹਰਬੰਸ ਹੋਰਨਾਂ ਨੇ ਅਵਤਾਰ ਗਿੱਲ ਕੋਲ ਪੇਪਰ ਦੇ 20-25 ਬੰਡਲ ਭੇਜ ਦਿੱਤੇ। ਮੈਨੂੰ ਫੋਨ ਆ ਗਿਆ ਕਿ ਤੁਸੀਂ ਨਾਟਕ ਟੀਮ ਲੈ ਕੇ ਸਰੀ ਜਾਣਾ, ਉੱਥੋਂ ਪੇਪਰ ਅਵਤਾਰ ਗਿੱਲ ਬਾਈ ਜੀ ਤੋਂ ਲੈ ਲੈਣੇ। ਅਸੀਂ 10-12 ਬੰਡਲ ਲਏ ਤੇ ਕੈਲਗਰੀ 'ਚ ਸ਼ੁਰੂਆਤ ਕਰ ਦਿੱਤੀ। ਹਰਬੰਸ ਤੇ ਮੈਂ ਪਹਿਲਾਂ ਕੈਲਗਰੀ ਨੂੰ ਆਉਣ ਵਾਲਾ ਟਰੱਕ ਲੱਭਣਾ, ਫਿਰ ਟੋਰਾਂਟੋ ਜਿੱਥੇ ਟਰੱਕ ਵਾਲੇ ਨੇ ਵੇਲੇ-ਕੁਵੇਲੇ ਸਮਾਂ ਦੇਣਾ, ਉੱਥੇ ਹਰਬੰਸ ਨੇ ਤੇ ਦੇਵਿੰਦਰ ਨੇ ਪੇਪਰ ਪੁਚਾ ਦੇਣਾ। ਟਰੱਕ ਵਾਲੇ ਨੇ 3-4 ਦਿਨਾਂ 'ਚ ਕੈਲਗਰੀ ਪੁੱਜਣਾ ਤਾਂ ਕਈ ਵਾਰ ਰਾਤ ਨੂੰ 11-12 ਵਜੇ ਜਾਂ ਸੁਬਾ 5-6 ਵਜੇ ਦੂਰ ਕਿਸੇ ਪੈਟਰੋਲ ਪੰਪ 'ਤੇ ਅੱਧਾ ਘੰਟਾ ਰੁਕਣਾ। ਉੱਥੋਂ ਉਸੇ ਸਮੇਂ ਪੇਪਰ ਚੁੱਕਣਾ ਹੁੰਦਾ ਸੀ।

ਇਹ ਕੰਮ ਬਹੁਤ ਹੀ ਜ਼ੋਖ਼ਮ ਭਰਿਆ ਸੀ। ਮੇਰੇ ਪਾਸ ਲਾਇਸੰਸ ਨਹੀਂ ਸੀ। ਫਿਰ ਮੈਂ ਗੱਡੀ ਵਾਲਾ ਲੱਭਣਾ। ਇਸ ਔਖਾ ਸਮੇਂ 'ਚ ਮੇਰੇ ਬੱਚਿਆਂ ਨੇ ਪੇਪਰ ਲਿਆ ਕੇ ਦੇਣਾ। ਗੁਰਬਚਨ ਬਰਾੜ ਉਸ ਸਮੇਂ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ 'ਚ ਸਾਡੇ ਨਾਲ ਕੰਮ ਕਰਦੇ ਸਨ। ਸ਼ੁਰੂ ਦੇ ਸੰਕਟਮਈ ਸਮੇਂ 'ਚ ਰਾਤ-ਬਰਾਤੇ, ਸਨੋਅ 'ਚ ਪੇਪਰ ਲਿਆਉਣ ਅਤੇ ਹਰ ਪੱਖੋਂ ਪੇਪਰ 'ਚ ਉਨ੍ਹਾਂ ਨੇ ਮੇਰੀ ਮਦਦ ਕੀਤੀ। ਕਈ ਸਾਲ ਸੰਕਟਮਈ ਹਾਲਤ 'ਚੋਂ ਉਦੋਂ ਕੁਝ ਰਾਹਤ ਮਿਲੀ ਜਦੋਂ ਵੇਅਰ-ਹਾਊਸ ਦੇ ਮਾਲਕ ਬਾਈ ਸੁਰਜੀਤ ਸਿੰਘ ਨਾਲ ਹਰਬੰਸ ਸਿੰਘ ਦਾ ਲਿੰਕ ਹੋ ਗਿਆ। ਜਦੋਂ ਬਾਈ ਸੁਰਜੀਤ ਸਿੰਘ ਨੂੰ ਪਤਾ ਲੱਗਾ ਕਿ ਹਰਬੰਸ-ਦੇਵਿੰਦਰ ਤੂਰ ਦੀ ਜੋੜੀ ਇਹ ਪੇਪਰ ਲੋਕ ਸੇਵਾ ਲਈ ਕੱਢਦੀ ਹੈ, ਉਹ ਬਿਨਾਂ ਕਿਸੇ ਸੁਆਰਥ ਦੇ, ਬਰਾਬਰੀ ਦੇ ਸਮਾਜ ਲਈ ਕੰਮ ਕਰਦੇ ਹਨ ਤਾਂ ਉਨ੍ਹਾਂ ਨੇ ਪੇਪਰ ਲਈ ਆਪਣੀਆਂ ਸੇਵਾਵਾਂ ਅਰਪਨ ਕਰ ਦਿੱਤੀਆਂ। ਹੁਣ ਹਰਬੰਸ ਹੋਰਨਾਂ ਨੇ ਪੇਪਰ ਵੇਅਰ-ਹਾਊਸ 'ਤੇ ਰੱਖ ਦੇਣਾ ਤਾਂ ਟਰੱਕਾਂ ਰਾਹੀਂ ਪੇਪਰ ਕੈਲਗਰੀ ਪਹੁੰਚ ਜਾਣਾ।

ਹੁਣ ਜਦੋਂ ਕੈਲਗਰੀ ਵਿਚ ਕਈ ਸਾਲਾਂ ਤੋਂ ਪੇਪਰ ਲਗਾਤਾਰ ਲੋਕਾਂ ਕੋਲ ਪੁੱਜ ਕਰ ਰਿਹਾ। ਇਸ ਨਾਲ ਪੇਪਰ ਦਾ ਕੈਲਗਰੀ ਵਿਚ ਵਿਸ਼ੇਸ਼ ਥਾਂ ਬਣ ਗਿਆ। ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀਆਂ ਲਗਾਤਾਰ ਕਈ ਸਾਲ ਮਾਸਿਕ ਮੀਟਿੰਗਾਂ, ਲਗਾਤਾਰ ਸਲਾਨਾ ਨਾਟਕ ਸਮਾਗਮ, ਲੋਕ ਮਸਲਿਆਂ 'ਤੇ ਸਰਗਰਮੀਆਂ ਨਾਲ ਇਹ ਜਥੇਬੰਦੀਆਂ ਅਤੇ ਆਗੂਆਂ ਨਾਲ ਲੋਕਾਂ 'ਚ ਵਿਸ਼ੇਸ਼ ਥਾਂ ਬਣਾਉਣ 'ਚ ਕਾਮਯਾਬ ਹੋ ਗਿਆ। ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਦੇ ਲਗਾਤਾਰ 12 ਸਾਲਾਂ ਤੋਂ ਪੁਸਤਕ ਮੇਲੇ ਲਾਉਣ ਕਾਰਨ ਅਤੇ ਤੀਜਾ 'ਸਰੋਕਾਰਾਂ ਦੀ ਆਵਾਜ਼' ਕਾਰਨ ਲੋਕਾਂ ਵਿਚ ਇਨ੍ਹਾਂ ਸੰਸਥਾਵਾਂ ਦਾ ਨਾਮ ਵੱਡੀ ਪੱਧਰ 'ਤੇ ਚਲਿਆ ਗਿਆ। ਇਸ ਦੌਰ 'ਚ ਪੇਪਰ ਨਾਲ ਅਤੇ ਸੰਸਥਾਵਾਂ ਨਾਲ ਜੁੜੇ ਹਰੀ ਪਾਲ ਨੇ ਵੀ ਪੇਪਰ ਲਈ ਮੇਰੇ ਨਾਲ ਵੇਅਰ-ਹਾਊਸ ਤੋਂ ਪੇਪਰ ਲਿਆ ਕੇ ਸਟੋਰਾਂ ਤੱਕ ਪਹੁੰਚਾਉਣ 'ਚ ਮਦਦ ਕੀਤੀ। ਮੇਰਾ ਹੌਸਲਾ ਉਦੋਂ ਦੂਣ-ਸਵਾਇਆ ਹੋ ਗਿਆ ਜਦੋਂ ਹਰਚਰਨ ਪਰਹਾਰ ਸੰਪਾਦਕ (ਸਿੱਖ ਵਿਰਸਾ) ਨੇ ਮੈਨੂੰ ਕਿਹਾ ਕਿ ਮਾਸਟਰ ਜੀ ਤੁਸੀਂ ਪੇਪਰ ਲਈ ਫੰਡ ਇਕੱਠਾ ਨਾ ਕਰੋ, ਮੈਂ 100 ਡਾਲਰ ਦੇ ਦਿਆ ਕਰਾਂਗਾ। ਇਸ ਤੋਂ ਬਾਅਦ ਸਾਡੇ ਕੰਮਕਾਰ ਨੂੰ ਕਈ ਸਾਲਾਂ ਤੋਂ ਨਿਰਖ-ਪਰਖ ਕੇ ਲੋਕਾਂ ਨੇ ਸਾਨੂੰ ਹਰ ਪੱਖੋਂ ਸਾਡੀ ਸਪੋਰਟ ਦਿਨੋ-ਦਿਨ ਵਧਾ ਦਿੱਤੀ। ਕੈਲਗਰੀ ਤੋਂ ਸਾਡੇ ਹਮਦਰਦਾਂ, ਸ਼ੁਭਚਿੰਤਕਾਂ, ਬਿਜਨਿਸਮੈਨਾਂ ਨੇ ਸਾਡੇ ਪੇਪਰ ਨੂੰ ਐਡ ਦੇਣੀ ਸ਼ੁਰੂ ਕਰ ਦਿੱਤੀ।

ਪਹਿਲਾਂ ਪੇਪਰ 12-16 ਪੇਜ ਤੋਂ ਸ਼ੁਰੂ ਹੋਇਆ। ਜਿਉਂ-ਜਿਉਂ ਪੇਪਰ ਦਾ ਘੇਰਾ ਵਿਸ਼ਾਲ ਹੁੰਦਾ ਗਿਆ ਅਤੇ ਆਰਥਿਕ ਸਪੋਰਟ ਵਧਦੀ ਗਈ ਫਿਰ 24 ਪੇਜ, 32 ਪੇਜ ਅਤੇ ਹੁਣ 40 ਪੇਜ ਦਾ ਪੇਪਰ ਬੜੀ ਸ਼ਾਨੋ-ਸ਼ੌਕਤ ਨਾਲ ਲਗਾਤਾਰਤਾ ਬਰਕਰਾਰ ਰੱਖ ਰਿਹਾ ਹੈ। ਕੋਵਿਡ ਕਾਰਨ ਬਹੁਤ ਸਾਰੇ ਪੰਜਾਬੀ ਪੇਪਰ ਬੰਦ ਹੋ ਗਏ ਪਰ ਲੋਕਾਂ ਦੇ ਭਰਵੇਂ ਹੰਗਾਰੇ ਕਾਰਨ ਬਾਨੀ ਸੰਪਾਦਕ ਬਹੁਤ ਹੀ ਸਤਿਕਾਰਯੋਗ ਸਾਥੀ ਹਰਬੰਸ ਸਿੰਘ ਦੀ ਯੋਗ ਅਗਵਾਈ 'ਚ ਇਹ ਪੇਪਰ ਬੁਲੰਦੀਆਂ ਨੂੰ ਛੂਹ ਰਿਹਾ ਹੈ। ਸਾਥੀ ਹਰਬੰਸ ਸਿੰਘ ਦੇ ਅਚਨਚੇਤ ਵਿਛੋੜੇ ਦੇ ਸਦਮੇ ਨੇ ਮੈਨੂੰ ਬਹੁਤ ਭਾਰੀ ਸੱਟ ਮਾਰੀ ਹੈ। ਇਹ ਘਾਟਾ ਜਿੱਥੇ ਪਰਿਵਾਰ ਲਈ ਨਾ ਪੂਰਨਯੋਗ ਹੈ, ਉੱਥੇ 'ਸਰੋਕਾਰਾਂ ਦੀ ਆਵਾਜ਼' ਲਈ ਸਮੁੱਚੀ ਟੀਮ ਲਈ ਬਹੁਤ ਵੱਡਾ ਖੱਪਾ ਪਾਉਣ ਵਾਲਾ ਹੈ। 'ਸਰੋਕਾਰਾਂ ਦੀ ਆਵਾਜ਼' ਦੇ ਬਾਨੀ ਸੰਪਾਦਕ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਅਸੀਂ ਸਾਰੇ ਰਲ ਕੇ ਪਹਿਲਾਂ ਨਾਲੋਂ ਵੀ ਵੱਧ ਜ਼ੋਰ-ਸ਼ੋਰ ਨਾਲ ਇਸ ਪੇਪਰ ਨੂੰ ਹੋਰ ਮਜ਼ਬੂਤੀ ਨਾਲ ਅੱਗੇ ਵਧਾਈਏ।

ਇਸ ਪੱਖੋਂ ਤਸੱਲੀ ਵਾਲੀ ਗੱਲ ਹੈ ਕਿ ਟੋਰਾਂਟੋ ਤੋਂ ਦੇਵਿੰਦਰ ਤੂਰ ਦੀ ਸਮੁੱਚੀ ਟੀਮ ਕੈਲਗਰੀ ਤੋਂ ਸਮੁੱਚੀ ਟੀਮ, ਸਰੀ ਅਤੇ ਵਿਨੀਪੈਗ ਸਾਰਿਆਂ ਨੇ ਹੀ ਪਹਿਲਾਂ ਨਾਲੋਂ ਵੱਧ ਜ਼ੋਰਦਾਰ ਢੰਗ ਨਾਲ ਕੰਮ ਕਰਨ ਦਾ ਉਤਸ਼ਾਹਜਨਕ ਹੁੰਗਾਰਾ ਭਰਿਆ। ਪੰਜਾਬ ਤੋਂ 'ਸਰੋਕਾਰਾਂ ਦੀ ਆਵਾਜ਼' ਦੇ ਮੁੱਖ ਸਲਾਹਕਾਰ ਬੂਟਾ ਸਿੰਘ ਜੋ ਪਹਿਲਾਂ ਹੀ ਪੇਪਰ ਨਾਲ ਪ੍ਰਤੀਬੱਧਤਾ ਨਾਲ ਕੰਮ ਕਰ ਰਹੇ ਹਨ; ਬਲਜਿੰਦਰ ਸਿੰਘ ਵੜੈਚ (ਪਟਿਆਲਾ) ਜੋ ਪਹਿਲੇ ਦਿਨ ਤੋਂ ਪੇਪਰ ਨਾਲ ਜੁੜੇ ਹੋਏ ਹਨ; ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਪੰਜਾਬ ਲੋਕ ਸਭਿਆਚਾਰਕ ਮੰਚ, ਜਮਹੂਰੀ ਅਧਿਕਾਰ ਸਭਾ ਪੰਜਾਬ, ਗ਼ਦਰੀ ਸ਼ਹੀਦ ਬਾਬਾ ਭਾਨ ਸਿੰਘ ਸੁਨੇਤ (ਲੁਧਿਆਣਾ), ਗੁਰਸ਼ਰਨ ਭਵਨ ਮੁੱਲਾਂਪੁਰ, ਕਿਸਾਨ, ਮਜ਼ਦੂਰ ਵਿਦਿਆਰਥੀ ਨੌਜਵਾਨ ਮੁਲਾਜ਼ਮ ਆਦਿ ਸਭ ਨੇ ਪਹਿਲਾਂ ਵਾਂਗ ਹੀ ਸਹਿਯੋਗ ਦਾ ਭਰੋਸਾ ਦਿੱਤਾ ਹੈ। ਅਸੀਂ ਸਭ ਦਾ ਧੰਨਵਾਦ ਕਰਦੇ ਹੋਏ ਸਭ ਦਾ ਸਹਿਯੋਗ ਲੈਣ ਦਾ ਯਤਨ ਕਰਦੇ ਰਹਾਂਗੇ। ਹਰਬੰਸ ਸਿੰਘ ਦੇ ਪਰਿਵਾਰ ਦਾ ਵਿਸ਼ੇਸ਼ ਧੰਨਵਾਦ ਜਿਨ੍ਹਾਂ ਨੇ 'ਸਰੋਕਾਰਾਂ ਦੀ ਆਵਾਜ਼' ਟੀਮ ਨਾਲ ਪਹਿਲਾਂ ਵਾਂਗ ਹੀ ਮਿਲ ਕੇ ਚੱਲਣ ਦਾ ਭਰੋਸਾ ਦਿੱਤਾ ਹੈ।

ਹੁਣ ਕੈਲਗਰੀ ਦੀ ਟੀਮ ਵਿਚ ਹਰਚਰਨ ਪਰਹਾਰ ਕਈ ਸਾਲਾਂ ਤੋਂ ਲਗਾਤਾਰ ਪੇਪਰ ਨੂੰ ਵੇਅਰ-ਹਾਊਸ ਤੋਂ ਲਿਆ ਕੇ ਕੈਲਗਰੀ ਦੇ ਗਰੌਸਰੀ ਸਟੋਰਾਂ 'ਚ ਰੱਖਣ ਦੇ ਕੰਮ ਲਈ ਮੇਰੇ ਨਾਲ ਹਮੇਸ਼ਾ ਸਾਥ ਦਿੰਦੇ ਹਨ। ਮੇਰੇ ਪੰਜਾਬ ਜਾਣ ਸਮੇਂ ਵੀ ਇਸ ਕੰਮ ਲਈ ਮੁੱਖ ਭੂਮਿਕਾ ਨਿਭਾਉਂਦੇ ਹਨ। ਬੇਟੀ ਸੰਦੀਪ ਗਿੱਲ, ਕਮਲ ਸਿੱਧੂ, ਪਰਵੀਨ ਜਸਵਾਲ, ਗੁਰਸ਼ਰਨ ਢੁੱਡੀਕੇ, ਜਸਪਾਲ ਹੰਸਰਾ ਕਮਾਲਪੁਰ, ਸਾਹਿਬ ਪੰਧੇਰ, ਨਵਕਿਰਨ ਢੁੱਡੀਕੇ ਆਦਿ ਪੇਪਰ ਸਬੰਧੀ ਕੰਮਾਂ ਕਾਰਾਂ 'ਚ ਮੈਨੂੰ ਸਹਿਯੋਗ ਦਿੰਦੇ ਹਨ। ਮੈਂ ਸਭ ਦਾ ਅਦਾਰਾ 'ਸਰੋਕਾਰਾਂ ਦੀ ਆਵਾਜ਼' ਵਲੋਂ ਧੰਨਵਾਦ ਕਰਦਾ ਹਾਂ।

ਸਾਥੀ ਹਰਬੰਸ ਨੇ ਪੇਪਰ ਦੀ ਮੁੱਖ ਜ਼ਿੰਮੇਵਾਰੀ 16 ਸਾਲ ਤੋਂ ਨਿਭਾਈ। ਪੇਪਰ ਨੂੰ ਈਮੇਲ ਅਤੇ ਵਟਸਅਪ ਗਰੁੱਪ 'ਚ ਸੰਸਾਰ ਪੱਧਰ 'ਤੇ ਭੇਜਣ ਦੀ ਨਿਭਾਈ ਜ਼ਿੰਮੇਵਾਰੀ ਹਮੇਸ਼ਾ ਸਾਡੇ ਚੇਤਿਆਂ ਵਿਚ ਰਹੇਗੀ। ਬਾਨੀ ਸੰਪਾਦਕ ਵਜੋਂ ਅਸੀਂ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲਦੇ ਹੋਏ ਉਨ੍ਹਾਂ ਦੀ ਸਮਾਜ ਪ੍ਰਤੀ ਘਾਲਣਾ ਨੂੰ ਕਦੇ ਭੁੱਲ ਨਹੀਂ ਸਕਦੇ। ਉਨ੍ਹਾਂ ਦੇ ਵਿਚਾਰਾਂ ਨੂੰ ਅੱਗੇ ਵਧਾਉਂਦੇ ਹੋਏ ਅਸੀਂ ਤਨਦੇਹੀ ਨਾਲ ਸਮਾਜ 'ਚ ਆਪਣਾ ਯੋਗਦਾਨ ਪਾਵਾਂਗੇ।

ਨਿੱਜੀ ਤੌਰ 'ਤੇ ਮੈਂ ਮਹਿਸੂਸ ਕਰਦਾ ਹਾਂ ਕਿ ਪੰਜਾਬ ਤੋਂ ਬਾਹਰ ਸੰਸਾਰ 'ਚ ਜਿਥੇ ਵੀ ਪੰਜਾਬੀ ਲੋਕ ਵਸਦੇ ਹਨ ਜਿਵੇਂ ਕੈਨੇਡਾ, ਅਮਰੀਕਾ, ਇੰਗਲੈਂਡ, ਆਸਟ੍ਰੇਲੀਆ, ਨਿਊਜ਼ੀਲੈਂਡ, ਯੂਰਪ, ਅਰਬ ਦੇ ਦੇਸ਼ ਕਿਤੇ ਵੀ ਪੰਜਾਬੀ ਦਾ ਪੇਪਰ ਜੋ 'ਸਰੋਕਾਰਾਂ ਦੀ ਆਵਾਜ਼' ਵਾਂਗ ਸਮਾਜਵਾਦੀ ਪ੍ਰਬੰਧ ਦੇ ਹੱਕ 'ਚ ਧੜੱਲੇ ਨਾਲ ਆਵਾਜ਼ ਬੁਲੰਦ ਕਰਦਾ ਹੋਵੇ ਨਹੀਂ ਹੈ। ਇਹ ਪੇਪਰ ਪੂੰਜੀਵਾਦੀ/ਸਾਮਰਾਜਵਾਦੀ ਪ੍ਰਬੰਧ ਦੇ ਜਬਰ-ਜ਼ੁਲਮ ਖਿਲਾਫ਼ ਡੱਟ ਕੇ ਖੜਦਾ ਹੈ। ਹਮੇਸ਼ਾ ਸਮਾਜ ਦੇ ਦੱਬੇ-ਕੁਚਲੇ ਲੋਕਾਂ ਦੇ ਹੱਕ 'ਚ ਇਸੇ ਤਰ੍ਹਾਂ ਖੜ੍ਹੇਗਾ। ਮੈਨੂੰ ਮਾਣ ਮਹਿਸੂਸ ਹੋ ਰਿਹਾ ਹੈ ਕਿ ਮੈਂ ਕੈਨੇਡਾ 'ਚ ਆ ਕੇ ਹਰਬੰਸ ਸਿੰਘ-ਦੇਵਿੰਦਰ ਤੂਰ ਵਲੋਂ ਚਲਾਏ ਇਸ ਪੇਪਰ 'ਚ ਸ਼ਾਮਲ ਹੋ ਕੇ ਇਨ੍ਹਾਂ ਨਾਲ ਕੰਮ ਕੀਤਾ। ਇਸ ਪੇਪਰ ਦਾ ਬਾਨੀ-ਸੰਪਾਦਕ ਸਾਡਾ ਪਿਆਰਾ ਸਾਥੀ ਭਾਵੇਂ 28 ਸਤੰਬਰ 2026 ਨੂੰ ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਜਨਮ ਦਿਹਾੜੇ ਵਾਲੇ ਦਿਨ ਸਾਨੂੰ ਵਿਛੋੜਾ ਦੇ ਗਿਆ, ਉਹ ਹਮੇਸ਼ਾ ਸਾਡੇ ਅੰਗ ਸੰਗ ਰਹੇਗਾ। ਉਸ ਦਾ ਚਲਾਇਆ ਪੇਪਰ 'ਸਰੋਕਾਰਾਂ ਦੀ ਆਵਾਜ਼' ਉਸਨੂੰ ਅਮਰ ਰੱਖੇਗਾ।

ਸਲਾਮ ਪਿਆਰੇ ਹਰਬੰਸ।

ਵਿਛੜੇ ਸਾਥੀ ਹਰਬੰਸ ਦੀ ਯਾਦ ਸਦੀਵੀ ਰਹੇਗੀ

ਡਾ ਹਰਦੀਪ ਸਿੰਘ ਅਟਵਾਲ
ਸੰਪਾਦਕ
ਸਰੋਕਾਰਾਂ-ਦੀ-ਆਵਾਜ਼

ਪਿਛਲੇ ਦਿਨੀਂ ਅਸੀਂ ਸਾਡੇ ਕਾਫਲੇ ਦੇ ਅਹਿਮ ਸਿਪਾਹੀ ਨੂੰ ਅਸੀਂ ਸਦਾ ਲਈ ਗਵਾ ਬੈਠੇ ਹਾਂ। ਉਹ 'ਸਰੋਕਾਰਾਂ ਦੀ ਆਵਾਜ਼' ਦੇ ਮੁੱਖ-ਸੰਪਾਦਕ ਅਤੇ ਪ੍ਰਬੰਧਕ ਸਨ। ਉਹ ਕੈਨੇਡਾ ਦੀ ਧਰਤੀ ਉੱਤੇ ਸਾਂਝੀਵਾਲਤਾ, ਮਨੁੱਖੀ ਬਰਾਬਰੀ ਅਤੇ ਨਰੋਏ ਸਮਾਜ ਦੇ ਸੁਪਨੇ ਨੂੰ ਲੈਕੇ ਚਲ ਰਹੇ ਕਾਰਜ਼ਾਂ ਦੇ ਅਣਥੱਕ ਸਿਦਕੀ ਸਿਪਾਹੀ ਸਨ। ਭਾਰਤ ਵਿੱਚ ਸੱਤਰਵਿਆਂ ਦੀ ਵਿਦਿਆਰਥੀ ਲਹਿਰ ਵਿੱਚ ਆਗੂ ਰੋਲ ਵਿੱਚ ਉਹ ਸਮਾਜ ਸੇਵਾ ਵਿੱਚ ਕੁੱਦੇ ਅਤੇ ਹੱਕਾਂ ਲਈ ਜੂਝਦੇ ਕਈ ਵਾਰ ਸਰਕਾਰੀ ਜ਼ਬਰ ਨਾਲ ਟਾਕਰਾ ਲਿਆ। ਉਸਦੀ ਰੋਹਲੀ ਆਵਾਜ਼ ਸਦਾ ਵਿਦਿਆਰਥੀ ਅਤੇ ਮਿਹਨਤਕਸ਼ ਕਾਫਲਿਆਂ ਨੂੰ ਸੰਬੋਧਿਤ ਹੋਕੇ ਜ਼ਬਰ ਖਿਲਾਫ ਬੁਲੰਦ ਹੁੰਦੀ ਰਹੀ। ਵਿਦਿਆ ਪੂਰੀ ਕਰਕੇ ਉਹਨ੍ਹਾਂ ਅਧਿਆਪਨ ਦੀ ਨੌਕਰੀ ਕਰਦਿਆਂ ਅਧਿਆਪਕ ਲਹਿਰ ਵਿੱਚ ਵੀ ਸਰਗਰਮ ਰਹੇ। ਉਸ ਤੋਂ ਥੋੜੇ ਸਮੇਂ ਬਾਅਦ ਹੀ ਉਹ ਭਾਰਤ ਤੋਂ ਪਰਵਾਸ ਕਰਕੇ ਕੈਨੇਡਾ ਪੱਕੇ ਤੌਰ ਤੇ ਵਸਨੀਕ ਹੋ ਗਏ। ਉਥੇ ਰਹਿ ਕੇ ਪਰਿਵਾਰਕ ਜ਼ੁੰਮੇਵਾਰੀਆਂ ਨੂੰ ਬਖੂਬੀ ਨਿਭਾਉਂਦੇ ਹੋਏ, ਸਮਾਜ ਵਿੱਚ ਅਗਾਂਹਵਧੂ ਉਸਾਰੂ ਰੋਲ ਨਿਭਾਉਂਦੇ ਰਹੇ। ਕੈਨੇਡਾ ਵਿੱਚ ਲੋਕਾਂ ਦੇ ਮੰਗਾਂ ਮਸਲਿਆਂ ਲਈ ਵੀ ਉਹ ਸਦਾ ਸਰਗਰਮ ਰਹਿੰਦੇ। ਇਸ ਸਮੇਂ ਆਮ ਅਖ਼ਬਾਰਾਂ ਤਾਂ ਬਹੁਤ ਸਨ ਪਰ ਪੰਜਾਬੀ ਕਮਿਉਨੀਟੀ ਵਿੱਚ ਮਿਹਨਤਕਸ਼ਾਂ ਅਤੇ ਅਗਾਂਹਵਧੂ ਵਿਚਾਰਾਂ ਦੀ ਗੱਲ ਲਰਨ ਵਾਲੇ ਅਖਬਾਰਾਂ ਦੀ ਕਮੀ ਮਹਿਸੂਸ ਹੁੰਦੀ ਸੀ। ਤਕਰੀਬਨ ਸਨ 2010 ਵਿਚ ਉਨ੍ਹਾਂ ਸਾਥੀ ਦੇਵਿੰਦਰ ਤੂਰ ਨਾਲ ਮਿਲਕੇ ਅਗਾਂਹਵਧੂ ਕਦਰਾਂ ਕੀਮਤਾਂ ਦਾ ਸੁਨੇਹਾ ਲੋਕਾਂ ਤੱਕ ਲੈਕੇ ਜਾਣ ਦੇ ਮਕਸਦ ਨਾਲ ਟਰਾਂਟੋ ਏਰੀਏ ਤੋਂ 'ਸਰੋਕਾਰਾਂ ਦੀ ਆਵਾਜ਼' ਅਖ਼ਬਾਰ ਦਾ ਪ੍ਰੋਜੈਕਟ ਸ਼ੁਰੂ ਕੀਤਾ। ਇਨ੍ਹੇ ਵੱਡੇ ਪ੍ਰੋਜੈਕਟ ਦੀ ਕਾਮਯਾਬੀ ਲਈ ਕਾਫੀ ਲੋਕਾਂ ਨੂੰ ਭੁਲੇਖਾ ਸੀ ਪਰ ਇਨ੍ਹਾਂ ਦੇ ਸਿਰੜ ਅਤੇ ਮਿਹਨਤ ਸਦਕਾ ਇਹ ਅਖ਼ਬਾਰ ਸਿਰਫ਼ ਟੋਰਾਂਟੋ ਹੀ ਨਹੀ ਸਗੋਂ ਕੈਨੇਡਾ ਦੇ ਬਾਕੀ ਪ੍ਰੋਵਿੰਸਾ ਵਿੱਚ ਵੀ ਪਹੁੰਚਣ ਲਗਾ। ਇਸ ਅਖਬਾਰ ਦੇ ਚਰਚੇ ਪੰਜਾਬ ਵਿਚ ਵੀ ਹੋਣ ਲੱਗੇ। ਉਨ੍ਹਾਂ ਦੀ ਮਿਹਨਤ ਦਾ ਹੀ ਨਤੀਜਾ ਹੈ ਕਿ ਕਈ ਔਕੜਾਂ ਪਾਰ ਕਰਕੇ ਲੰਬੇ ਸਮੇਂ ਤੋਂ ਲਗਾਤਾਰਤਾ ਨਾਲ ਇਹ ਅਖ਼ਬਾਰ ਚਲਕੇ ਦਿਨ ਦੁਗਨੀ ਉਨਤੀ ਵੀ ਕਰ ਰਿਹਾ ਹੈ।

ਲੁਧਿਆਣਾ ਇਲਾਕੇ ਨਾਲ ਸਬੰਧਿਤ ਬਾਕੀ ਸਾਥੀ ਵੀ ਹਰਬੰਸ ਸਿੰਘ ਬਾਰੇ ਅਕਸਰ ਹੀ ਦਸਦੇ ਸਨ ਪਰ ਨਿੱਜੀ ਤੌਰ 'ਤੇ ਇਨ੍ਹਾਂ ਨਾਲ ਮੇਰਾ ਵਾਹ-ਵਾਸਤਾ ਮੇਰੇ ਆਪਣੇ ਕੈਨੇਡਾ ਪਰਵਾਸ ਤੋਂ ਬਾਅਦ ਪਿਆ, ਜਦੋਂ ਤਕਰੀਬਨ 11 ਸਾਲ ਪਹਿਲਾਂ, ਇਨ੍ਹਾਂ ਵਲੋਂ ਮੈਨੂੰ 'ਸਰੋਕਾਰਾਂ ਦੀ ਆਵਾਜ਼' ਵਿੱਚ ਸੰਪਾਦਕ ਤੇ ਤੌਰ 'ਤੇ ਯੋਗਦਾਨ ਪਾਉਣ ਲਈ ਪੇਸ਼ਕਸ਼ ਹੋਈ। ਇਨ੍ਹਾਂ ਦੇ ਇਸ ਅਗਾਂਹਵਧੂ ਪ੍ਰੋਜੈਕਟ ਦਾ ਹਿੱਸਾ ਬਨਣ ਲਈ ਮੈਂ ਮਾਣ ਮਹਿਸੂਸ ਕੀਤਾ ਅਤੇ ਉਦੋਂ ਤੋਂ ਲੈਕੇ ਸਾਥੀ ਹਰਬੰਸ ਹੋਰਾਂ ਨਾਲ ਮੇਰਾ ਸਾਥ ਗੂੜ੍ਹਾ ਹੁੰਦਾ ਗਿਆ। ਹਰਬੰਸ ਸਿੰਘ ਹੋਰਾਂ ਦੀ ਅਣਥੱਕ ਮਿਹਨਤ ਅਤੇ ਸਰੋਕਾਰਾਂ-ਦੀ-ਆਵਾਜ਼ ਲਈ ਨਿਸ਼ਠਾ ਬਹੁਤ ਪ੍ਰਭਾਵਸ਼ਾਲੀ ਸੀ। ਆਪਣੀ ਜਾਬ ਦੇ ਨਾਲ ਨਾਲ ਉਹ ਲੋਕਾਂ ਦੇ ਮੰਗਾਂ ਮਸਲਿਆਂ ਲਈ, ਹਰ ਸਮੇਂ ਤਤਪਰ ਰਹਿੰਦੇ। ਬਰੈਂਪਟਨ ਦੇ ਹਸਪਤਾਲ ਦੀ ਸਹੂਲਤ, ਮਕਾਨ ਕਿਰਾਏਦਾਰ ਕਾਨੂੰਨ ਸੋਧ ਲਈ ਸੰਘਰਸ਼, ਭਾਰਤ ਦੀ ਕਿਸਾਨ ਲਹਿਰ ਦੀ ਹਮਾਇਤ ਵਿੱਚ ਉਹਨ੍ਹਾਂ ਨਾ ਕਾਫੀ ਯੋਗਦਾਨ ਪਾਇਆ। ਭਾਰਤੀ ਅੰਤਰ-ਰਾਸ਼ਟਰੀ ਵਿਦਿਆਰਥੀਆਂ ਅਤੇ ਨੌਜਾਵਾਨਾਂ ਦੀਆਂ ਮੁਸ਼ਕਲਾਂ ਲਈ ਉਹ ਕਾਫ਼ੀ ਚਿੰਤਤ ਰਹਿੰਦੇ ਅਤੇ ਉਹਨ੍ਹਾਂ ਦੇ ਹਰ ਸੰਘਰਸ਼ ਲਈ ਨਿਜੀ ਤੌਰ ਤੇ ਹਾਜ਼ਰ ਰਹਿੰਦੇ। ਸੰਸਾਰ ਪੱਧਰ ਤੇ ਮੁਨਾਫੇ ਅਧਾਰਿਤ ਪ੍ਰਣਾਲੀ ਵਿੱਚ ਮਿਹਨਤਕਸ਼ਾਂ ਅਤੇ ਮੱਧਵਰਗ ਦੀ ਹੋ ਰਹੀ ਲੁੱਟ ਖਿਲਾਫ ਉਹ ਹਮੇਸ਼ਾਂ ਚਿੰਤਤ ਰਹਿੰਦੇ ਅਤੇ ਇਸਦੇ ਖਿਲਾਫ ਵਿਰੋਧ ਅਤੇ ਇਨਕਲਾਬੀ ਤਬਦੀਲੀ ਦੇ ਹਮਾਇਤੀ ਸਨ। ਉਨ੍ਹਾਂ ਦੇ ਇਸ ਬੇਵਕਤ ਵਿਛੋੜੇ ਕਾਰਣ ਕੈਨੇਡਾ ਦੇ ਲੋਕ ਹਮਾਇਤੀ ਕਾਫਲਿਆਂ ਵਿੱਚ ਇਕ ਕਮੀ ਹਮੇਸ਼ਾ ਮਹਿਸੂਸ ਹੁੰਦੀ ਰਹੇਗੀ। 'ਸਰੋਕਾਰਾਂ ਦੀ ਆਵਾਜ਼' ਪ੍ਰੋਜੈਕਟ ਦੇ ਕਾਰਜ਼ਾਂ ਵਿੱਚ ਉਨ੍ਹਾਂ ਦੇ ਪ੍ਰਬੰਧਕੀ ਰੋਲ ਦੀ ਘਾਟ ਸਦਾ ਰੜਕਦੀ ਰਹੇਗੀ। 'ਸਰੋਕਾਰਾਂ ਦੀ ਆਵਾਜ਼' ਪ੍ਰੋਜੈਕਟ ਟੀਮ ਨੇ ਇਹ ਅਹਿਦ ਲਿਆ ਹੈ ਕਿ ਸਾਥੀ ਹਰਬੰਸ ਸਿੰਘ ਦੁਆਰਾ ਅਰੰਭੇ ਗਏ, ਇਸ ਕਾਰਜ਼ ਨੂੰ ਪੂਰੀ ਤਨਦੇਹੀ ਨਾਲ ਚਲਦਾ ਰੱਖਿਆ ਜਾਵੇਗਾ। ਇਸ ਕੰਮ ਲਈ ਸਾਨੂੰ ਇਸ ਨਾਲ ਜੁੜੇ ਸਾਰੇ ਲੇਖਕਾਂ ਅਤੇ ਪਾਠਕਾਂ ਦੇ ਸਹਿਯੋਗ ਦਾ ਹੁੰਗਾਰਾ ਮਿਲਿਆ ਹੈ। ਸਾਥੀ ਹਰਬੰਸ ਸਿੰਘ ਇੱਕ ਰੌਸ਼ਨ ਚਿਰਾਗ ਸੀ ਜੋ ਤਾਉਮਰ ਹਨ੍ਹੇਰੇ ਖ਼ਿਲਾਫ਼ ਲੜ੍ਹਦਾ ਰਿਹਾ ਅਤੇ ਅਨੇਕਾਂ ਹੋਰ ਚਿਰਾਗਾਂ ਨੂੰ ਰੋਸ਼ਨ ਕਰ ਗਿਆ। ਹਨ੍ਹੇਰੇ ਖਿਲਾਫ ਲੋਕ ਆਪਣੀਆਂ ਕੋਸ਼ਿਸਾਂ ਜ਼ਾਰੀ ਰੱਖਣਗੇ।

ਜ਼ਿੰਦਗੀ ਭਰ ਦਾ ਸਾਥ: ਪਤਨੀ ਦੀ ਨਜ਼ਰ ਤੋਂ

ਉਨ੍ਹਾਂ ਦੀ ਪਤਨੀ, ਗੁਰਮੀਤ ਕੌਰ ਲਈ, ਹਰਬੰਸ ਸਿੰਘ ਸਿਰਫ਼ ਇੱਕ ਪਤੀ ਹੀ ਨਹੀਂ ਸਨ। ਉਹ ਉਨ੍ਹਾਂ ਦੇ ਜੀਵਨ ਸਾਥੀ ਸਨ, ਉਨ੍ਹਾਂ ਦੇ ਬੱਚਿਆਂ ਦੇ ਪਿਤਾ ਸਨ ਅਤੇ ਉਹ ਇਨਸਾਨ ਸਨ ਜਿਨ੍ਹਾਂ ਨਾਲ ਉਨ੍ਹਾਂ ਨੇ ਕਈ ਸਾਲਾਂ ਤੱਕ ਜ਼ਿੰਮੇਵਾਰੀਆਂ, ਚੁਣੌਤੀਆਂ, ਹਾਸੇ-ਠੱਠੇ, ਮਤਭੇਦ ਅਤੇ ਅਣਗਿਣਤ ਯਾਦਾਂ ਸਾਂਝੀਆਂ ਕੀਤੀਆਂ।

ਇੰਨੇ ਪੱਕੇ ਵਿਚਾਰਾਂ ਵਾਲੇ ਇਨਸਾਨ ਨਾਲ ਰਹਿਣਾ ਕਦੇ ਵੀ ਨੀਰਸ ਨਹੀਂ ਸੀ ਹੁੰਦਾ। ਹਰਬੰਸ ਸਿੰਘ ਦਾ ਕੰਮ ਕਰਨ ਦਾ ਆਪਣਾ ਹੀ ਅੰਦਾਜ਼ ਸੀ ਅਤੇ ਇੱਕ ਵਾਰ ਜਦੋਂ ਉਹ ਕੋਈ ਫੈਸਲਾ ਲੈ ਲੈਂਦੇ ਤਾਂ ਉਸਨੂੰ ਬਦਲਣਾ ਕੋਈ ਆਸਾਨ ਕੰਮ ਨਹੀਂ ਸੀ। ਉਨ੍ਹਾਂ ਦੀ ਇਹ ਦ੍ਰਿੜਤਾ ਕਈ ਵਾਰ ਮਤਭੇਦਾਂ ਦਾ ਕਾਰਨ ਵੀ ਬਣਦੀ ਸੀ ਪਰ ਇਹ ਉਨ੍ਹਾਂ ਦੇ ਸੁਭਾਅ ਦਾ ਇੱਕ ਅਜਿਹਾ ਗੁਣ ਵੀ ਸੀ ਜੋ ਉਨ੍ਹਾਂ ਦੀ ਸ਼ਖਸੀਅਤ ਨੂੰ ਪਰਿਭਾਸ਼ਿਤ ਕਰਦਾ ਸੀ। ਉਹ ਹਮੇਸ਼ਾ ਅੱਗੇ ਦੀ ਸੋਚਦੇ, ਯੋਜਨਾਵਾਂ ਬਣਾਉਂਦੇ ਅਤੇ ਕੁਝ ਨਵਾਂ ਕਰਨ ਦੀ ਕੋਸ਼ਿਸ਼ ਵਿੱਚ ਰਹਿੰਦੇ ਸਨ।

ਸਾਲਾਂ ਦੌਰਾਨ, ਗੁਰਮੀਤ ਕੌਰ ਨੇ ਉਨ੍ਹਾਂ ਦੀ ਸ਼ਖਸੀਅਤ ਦੇ ਕਈ ਪਹਿਲੂ ਦੇਖੇ: ਇੱਕ ਦ੍ਰਿੜ ਇਨਸਾਨ ਜੋ ਆਪਣੇ ਫੈਸਲਿਆਂ 'ਤੇ ਅਟੱਲ ਰਹਿੰਦਾ ਸੀ, ਇੱਕ ਉਤਸ਼ਾਹੀ ਪਿਤਾ ਜੋ ਚਾਹੁੰਦਾ ਸੀ ਕਿ ਉਸਦੇ ਬੱਚੇ ਸਫਲ ਹੋਣ ਅਤੇ ਇੱਕ ਪਿਆਰ ਕਰਨ ਵਾਲਾ ਦਾਦਾ ਜਿਸਦਾ ਦਿਲ ਆਪਣੀ ਪੋਤੀ ਨੂੰ ਦੇਖ ਕੇ ਨਰਮ ਪੈ ਜਾਂਦਾ ਸੀ।

ਜਿੱਥੇ ਉਨ੍ਹਾਂ ਦੇ ਬੱਚਿਆਂ ਨੂੰ ਆਪਣੇ ਪਿਤਾ ਦੁਆਰਾ ਸਿਰਜੇ ਗਏ ਰੋਮਾਂਚਕ ਪਲਾਂ, ਮਜ਼ੇਦਾਰ ਮੁਕਾਬਲਿਆਂ ਅਤੇ ਅਚਾਨਕ ਮਿਲੇ ਮੌਕਿਆਂ ਦੀ ਯਾਦ ਆਉਂਦੀ ਹੈ, ਉੱਥੇ ਗੁਰਮੀਤ ਕੌਰ ਦੀਆਂ ਯਾਦਾਂ ਵਿੱਚ ਰੋਜ਼ਾਨਾ ਜ਼ਿੰਦਗੀ ਦੇ ਸ਼ਾਂਤ ਪਲ ਸ਼ਾਮਲ ਹਨ—ਉਹ ਰੁਟੀਨ ਜੋ ਉਨ੍ਹਾਂ ਨੇ ਇਕੱਠੇ ਬਿਤਾਏ, ਉਹ ਫੈਸਲੇ ਜੋ ਉਨ੍ਹਾਂ ਨੇ ਲਏ, ਉਹ ਚੁਣੌਤੀਆਂ ਜਿਨ੍ਹਾਂ ਦਾ ਉਨ੍ਹਾਂ ਨੇ ਸਾਹਮਣਾ ਕੀਤਾ ਅਤੇ ਜ਼ਿੰਦਗੀ ਦੇ ਬਦਲਦੇ ਮੌਸਮਾਂ ਵਿੱਚ ਕਿਸੇ ਅਜਿਹੇ ਵਿਅਕਤੀ ਦਾ ਨਾਲ ਹੋਣਾ ਜੋ ਹਰ ਕਦਮ 'ਤੇ ਸਾਥ ਨਿਭਾਉਂਦਾ ਸੀ।

ਉਨ੍ਹਾਂ ਦਾ ਇਕੱਠਾ ਸਫ਼ਰ ਸਿਰਫ਼ ਖੁਸ਼ੀਆਂ ਭਰੇ ਪਲਾਂ ਦਾ ਸੰਗ੍ਰਹਿ ਨਹੀਂ ਸੀ, ਸਗੋਂ ਇਹ ਸਾਂਝੇ ਤਜ਼ਰਬਿਆਂ ਦੀ ਇੱਕ ਅਜਿਹੀ ਲੜੀ ਸੀ ਜਿਸਨੇ ਉਨ੍ਹਾਂ ਦੇ ਪਰਿਵਾਰ ਨੂੰ ਘੜਿਆ ਅਤੇ ਸੰਵਾਰਿਆ।

ਗੁਰਮੀਤ ਕੌਰ ਲਈ, ਉਨ੍ਹਾਂ ਦੀ ਗੈਰ-ਹਾਜ਼ਰੀ ਸਿਰਫ਼ ਖਾਸ ਮੌਕਿਆਂ 'ਤੇ ਹੀ ਨਹੀਂ, ਸਗੋਂ ਰੋਜ਼ਾਨਾ ਜ਼ਿੰਦਗੀ ਦੇ ਛੋਟੇ-ਛੋਟੇ ਅਤੇ ਸਾਧਾਰਨ ਪਲਾਂ ਵਿੱਚ ਵੀ ਮਹਿਸੂਸ ਹੁੰਦੀ ਹੈ। ਉਨ੍ਹਾਂ ਨੂੰ ਯਾਦ ਆਉਂਦਾ ਹੈ ਕਿ ਕਿਵੇਂ ਹਰ ਖਾਣੇ ਤੋਂ ਬਾਅਦ ਹਰਬੰਸ ਸਿੰਘ ਮਿੱਠਾ

ਖਾਣਾ ਪਸੰਦ ਕਰਦੇ ਸਨ, ਉਨ੍ਹਾਂ ਅੰਦਰਲੀ ਬੇਅੰਤ ਊਰਜਾ ਅਤੇ ਉਹ ਅਣਗਿਣਤ ਘੰਟੇ ਜੋ ਉਨ੍ਹਾਂ ਨੇ ਆਪਣੇ ਅਖ਼ਬਾਰ ਦੇ ਕੰਮ ਵਿੱਚ ਲਗਾਏ। ਉਨ੍ਹਾਂ ਦੇ ਪੱਕੇ ਵਿਚਾਰ, ਲਗਾਤਾਰ ਯੋਜਨਾਵਾਂ ਬਣਾਉਣਾ ਅਤੇ ਇੱਥੋਂ ਤੱਕ ਕਿ ਉਨ੍ਹਾਂ ਦੇ ਛੋਟੇ-ਮੋਟੇ ਮਤਭੇਦ ਵੀ—ਇਹ ਸਭ ਉਨ੍ਹਾਂ ਦੇ ਸਾਂਝੇ ਜੀਵਨ ਦੀ ਇੱਕ ਜਾਣੀ-ਪਛਾਣੀ ਤਾਲ ਦਾ ਹਿੱਸਾ ਸਨ।

ਰੋਜ਼ਾਨਾ ਜੀਵਨ ਦੀਆਂ ਉਹ ਆਦਤਾਂ, ਜੋ ਕਦੇ ਇੰਨੀਆਂ ਸਾਧਾਰਨ ਸਨ ਕਿ ਉਨ੍ਹਾਂ ਵੱਲ ਇਕੱਠੇ ਬਿਤਾਏ ਸਾਲਾਂ ਬਾਰੇ ਸੋਚਦਿਆਂ, ਗੁਰਮੀਤ ਦੀਆਂ ਭਾਵਨਾਵਾਂ ਨੂੰ ਇਨ੍ਹਾਂ ਸ਼ਬਦਾਂ ਵਿੱਚ ਬਿਆਨ ਕੀਤਾ ਜਾ ਸਕਦਾ ਹੈ:

'ਅਸੀਂ ਆਪਣੀ ਜ਼ਿੰਦਗੀ ਉਸਾਰਨ ਅਤੇ ਪਰਿਵਾਰ ਪਾਲਣ ਵਿੱਚ ਬਹੁਤ ਸਾਰੇ ਸਾਲ ਇਕੱਠੇ ਬਿਤਾਏ। ਭਾਵੇਂ ਅਸੀਂ ਹਰ ਗੱਲ 'ਤੇ ਸਹਿਮਤ ਨਹੀਂ ਹੁੰਦੇ ਸੀ, ਪਰ ਅਸੀਂ ਇੱਕ ਅਜਿਹਾ ਸਫ਼ਰ ਤੈਅ ਕੀਤਾ ਜੋ ਸਿਰਫ਼ ਸਾਡਾ ਸੀ। ਤੁਸੀਂ ਹਮੇਸ਼ਾ ਕਿਸੇ ਨਾ ਕਿਸੇ ਯੋਜਨਾ ਵਿੱਚ ਰੁੱਝੇ ਰਹਿੰਦੇ ਸੀ—ਕਦੇ ਆਪਣੇ ਅਖ਼ਬਾਰ ਦੇ ਕੰਮ ਵਿੱਚ, ਕਦੇ ਬੱਚਿਆਂ ਦੀ ਫ਼ਿਕਰ ਵਿੱਚ ਜਾਂ ਫਿਰ ਇਹ ਸੋਚਣ ਵਿੱਚ ਕਿ ਅੱਗੇ ਕੀ ਕਰਨਾ ਹੈ। ਮੈਨੂੰ ਉਹ ਛੋਟੀਆਂ-ਛੋਟੀਆਂ ਗੱਲਾਂ ਯਾਦ ਹਨ, ਜਿਵੇਂ ਕਿ ਖਾਣੇ ਦੇ ਨਾਲ ਤੁਹਾਨੂੰ ਹਮੇਸ਼ਾ ਕੁਝ ਮਿੱਠਾ ਚਾਹੀਦਾ ਹੁੰਦਾ ਸੀ ਅਤੇ ਇਹ ਕਿ ਤੁਸੀਂ ਕਦੇ ਵੀ ਜ਼ਿਆਦਾ ਦੇਰ ਇੱਕ ਥਾਂ 'ਤੇ ਟਿਕ ਕੇ ਨਹੀਂ ਬੈਠ ਸਕਦੇ ਸੀ।

ਹੁਣ, ਜਦੋਂ ਮੈਂ ਆਪਣੇ ਬੱਚਿਆਂ ਅਤੇ ਪੋਤੀ ਨੂੰ ਦੇਖਦੀ ਹਾਂ ਤਾਂ ਮੈਨੂੰ ਉਹ ਜ਼ਿੰਦਗੀ ਨਜ਼ਰ ਆਉਂਦੀ ਹੈ ਜੋ ਅਸੀਂ ਮਿਲ ਕੇ ਉਸਾਰੀ ਸੀ। ਮੈਨੂੰ ਤੁਹਾਡੀ ਮੌਜੂਦਗੀ, ਤੁਹਾਡੀ ਆਵਾਜ਼, ਤੁਹਾਡੀਆਂ ਬੇਅੰਤ ਯੋਜਨਾਵਾਂ ਅਤੇ ਇੱਥੋਂ ਤੱਕ ਕਿ ਤੁਹਾਡੀ ਜ਼ਿੱਦ ਵੀ ਬਹੁਤ ਯਾਦ ਆਉਂਦੀ ਹੈ। ਅਜਿਹੀਆਂ ਬਹੁਤ ਸਾਰੀਆਂ ਗੱਲਾਂ ਹਨ ਜਿਨ੍ਹਾਂ ਬਾਰੇ ਮੈਂ ਚਾਹੁੰਦੀ ਹਾਂ ਕਿ ਅਸੀਂ ਅੱਜ ਵੀ ਗੱਲ ਕਰ ਸਕਦੇ ਅਤੇ ਅਜਿਹੇ ਬਹੁਤ ਸਾਰੇ ਸਾਧਾਰਨ ਪਲ ਹਨ ਜਿਨ੍ਹਾਂ ਨੂੰ ਮੈਂ ਦੁਬਾਰਾ ਸਾਂਝਾ ਕਰਨਾ ਚਾਹੁੰਦੀ ਹਾਂ। ਸਾਡੇ ਇਕੱਠੇ ਬਿਤਾਏ ਸਾਲਾਂ ਦੀਆਂ ਯਾਦਾਂ ਹਮੇਸ਼ਾ ਮੇਰੇ ਅੰਦਰ ਵਸੀਆਂ ਰਹਿਣਗੀਆਂ।

ਗੁਰਮੀਤ ਲਈ, ਹਰਬੰਸ ਸਿੰਘ ਦੀ ਵਿਰਾਸਤ ਸਿਰਫ਼ ਉਨ੍ਹਾਂ ਦੀਆਂ ਪ੍ਰਾਪਤੀਆਂ ਤੋਂ ਹੀ ਨਹੀਂ ਮਾਪੀ ਜਾ ਸਕਦੀ, ਸਗੋਂ ਉਸ ਪਰਿਵਾਰ ਤੋਂ ਮਾਪੀ ਜਾ ਸਕਦੀ ਹੈ ਜਿਸ ਨੂੰ ਉਨ੍ਹਾਂ ਨੇ ਮਿਲ ਕੇ ਪਾਲਿਆ, ਉਨ੍ਹਾਂ ਤਜਰਬਿਆਂ ਤੋਂ ਜੋ ਉਨ੍ਹਾਂ ਨੇ ਸਾਂਝੇ ਕੀਤੇ ਅਤੇ ਉਸ ਜ਼ਿੰਦਗੀ ਤੋਂ ਜੋ ਉਨ੍ਹਾਂ ਨੇ ਇਕੱਠੇ ਉਸਾਰੀ। ਉਨ੍ਹਾਂ ਦੇ ਸਾਥ ਦੇ ਸਾਲ ਅਜਿਹੇ ਸਾਧਾਰਨ ਅਤੇ ਅਸਾਧਾਰਨ ਪਲਾਂ ਨਾਲ ਭਰੇ ਹੋਏ ਸਨ ਜੋ ਇੱਕ ਵਿਆਹੁਤਾ ਜੀਵਨ ਦਾ ਹਿੱਸਾ ਹੁੰਦੇ ਹਨ; ਇਨ੍ਹਾਂ ਵਿੱਚੋਂ ਹਰ ਪਲ ਇੱਕ ਅਜਿਹੀ ਕਹਾਣੀ ਦਾ ਹਿੱਸਾ ਬਣਿਆ ਜੋ ਬਿਲਕੁਲ ਉਨ੍ਹਾਂ ਦੀ ਆਪਣੀ ਸੀ।

ਭਾਵੇਂ ਉਨ੍ਹਾਂ ਦਾ ਇਕੱਠਾ ਸਫ਼ਰ ਹੁਣ ਖ਼ਤਮ ਹੋ ਗਿਆ ਹੈ, ਪਰ ਉਨ੍ਹਾਂ ਦਾ ਪਿਆਰ, ਯਾਦਾਂ ਅਤੇ ਤਜਰਬੇ ਅੱਜ ਵੀ ਉਨ੍ਹਾਂ ਦੇ ਬੱਚਿਆਂ ਅਤੇ ਪੋਤੀ ਦੇ ਜੀਵਨ ਵਿੱਚ ਰਚੇ-ਵੱਸੇ ਹੋਏ ਹਨ—ਇਹ ਸਾਰੀ ਉਮਰ ਦੇ ਸਾਥ, ਵਚਨਬੱਧਤਾ ਅਤੇ ਪਰਿਵਾਰਕ ਜੀਵਨ ਦੀ ਇੱਕ ਅਮਿੱਟ ਨਿਸ਼ਾਨੀ ਹਨ।

ਹਰਬੰਸ ਭਰੋਵਾਲ-ਲੋਕ ਸਰੋਕਾਰਾਂ ਦੀ ਬੁਲੰਦ ਆਵਾਜ਼ ਸਨ

ਬਲਦੇਵ ਸਿੰਘ ਔਲਖ
+1 647 898-1012

ਸਮਾਜ ਵਿੱਚ ਕੁਝ ਸ਼ਖ਼ਸੀਅਤਾਂ ਅਜਿਹੀਆਂ ਹੁੰਦੀਆਂ ਹਨ ਜੋ ਆਪਣੇ ਲਈ ਘੱਟ ਅਤੇ ਲੋਕਾਂ ਦੇ ਹੱਕਾਂ ਲਈ ਵੱਧ ਜਿਊਂਦੀਆਂ ਹਨ। ਉਨ੍ਹਾਂ ਦੀ ਪਛਾਣ ਕਿਸੇ ਅਹੁਦੇ ਜਾਂ ਪ੍ਰਸਿੱਧੀ ਨਾਲ ਨਹੀਂ, ਸਗੋਂ ਲੋਕ-ਪੱਖੀ ਸੋਚ, ਅਟੁੱਟ ਵਚਨਬੱਧਤਾ ਅਤੇ ਲਗਾਤਾਰ ਕੀਤੇ ਕੰਮ ਨਾਲ ਬਣਦੀ ਹੈ। ਅਜਿਹੀ ਹੀ ਸ਼ਖ਼ਸੀਅਤ ਸਨ 'ਸਰੋਕਾਰਾਂ ਦੀ ਆਵਾਜ਼' ਦੇ ਬਾਨੀ ਸੰਪਾਦਕ ਅਤੇ ਲੋਕ-ਹਿਤੈਸ਼ੀ ਲਹਿਰਾਂ ਦੇ ਸੰਗੀ-ਸਾਥੀ ਹਰਬੰਸ ਸਿੰਘ ਭਰੋਵਾਲ, ਜੋ 28 ਸਤੰਬਰ ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੇ ਜਾਣ ਨਾਲ ਪਰਿਵਾਰ ਦੇ ਨਾਲ-ਨਾਲ ਅਗਾਂਹਵਧੂ ਸੋਚ ਅਤੇ ਲੋਕ-ਪੱਖੀ ਪੱਤਰਕਾਰੀ ਨਾਲ ਜੁੜੇ ਵੱਡੇ ਘੇਰੇ ਵਿੱਚ ਖ਼ਲਾਅ ਪੈਦਾ ਹੋਇਆ ਹੈ।

ਉਨ੍ਹਾਂ ਨੂੰ ਇਨਕਲਾਬੀ ਵਿਚਾਰਾਂ ਦੀ ਚੇਟਕ ਪੰਜਾਬ ਸਟੂਡੈਂਟਸ ਯੂਨੀਅਨ ਰਾਹੀਂ ਲੱਗੀ। ਵਿਦਿਆਰਥੀ ਜੀਵਨ ਵਿੱਚ ਹੀ ਉਨ੍ਹਾਂ ਨੇ ਸਮਾਜਿਕ ਬੇਇਨਸਾਫ਼ੀ ਵਿਰੁੱਧ ਆਵਾਜ਼ ਬੁਲੰਦ ਕਰਨ ਅਤੇ ਲੋਕਾਂ ਨੂੰ ਜਥੇਬੰਦ ਕਰਕੇ ਸੰਘਰਸ਼ ਕਰਨ ਦਾ ਰਾਹ ਚੁਣਿਆ। ਜਗਰਾਓਂ ਇਲਾਕੇ ਵਿੱਚ ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਵਜੋਂ ਉਨ੍ਹਾਂ ਨੇ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਲਈ ਜਥੇਬੰਦੀ ਸਿਰਫ਼ ਨਾਅਰਿਆਂ ਦਾ ਮੰਚ ਨਹੀਂ ਸੀ; ਇਹ ਲੋਕਾਂ ਦੇ ਮਸਲਿਆਂ ਨੂੰ ਸਮਝਣ, ਉਨ੍ਹਾਂ ਨਾਲ ਖੜ੍ਹਨ ਅਤੇ ਸਮੂਹਿਕ ਯਤਨਾਂ ਰਾਹੀਂ ਤਬਦੀਲੀ ਲਈ ਕੰਮ ਕਰਨ ਦਾ ਸਾਧਨ ਸੀ।

ਪ੍ਰਵਾਸ ਕਰਕੇ ਕੈਨੇਡਾ ਜਾਣ ਮਗਰੋਂ ਉਨ੍ਹਾਂ ਦਾ ਬਸੇਰਾ ਬਰੈਂਪਟਨ ਵਿੱਚ ਬਣਿਆ, ਪਰ ਪੰਜਾਬ ਨਾਲ ਉਨ੍ਹਾਂ ਦਾ ਵਿਚਾਰਕ ਰਿਸ਼ਤਾ ਕਦੇ ਕਮਜ਼ੋਰ ਨਹੀਂ ਹੋਇਆ। ਭਾਰਤ ਦੀ ਇਨਕਲਾਬੀ ਜਮਹੂਰੀ ਲਹਿਰ ਨਾਲ ਉਨ੍ਹਾਂ ਦੀ ਸਾਂਝ ਬਰਕਰਾਰ ਰਹੀ। ਪਰਵਾਸੀ ਪੰਜਾਬੀ ਭਾਵੇਂ ਹਜ਼ਾਰਾਂ ਕਿਲੋਮੀਟਰ ਦੂਰ ਵੱਸਦੇ ਹੋਣ, ਪਰ ਆਪਣੀ ਮਿੱਟੀ, ਭਾਸ਼ਾ ਅਤੇ ਸਮਾਜਿਕ ਸਰੋਕਾਰਾਂ ਨਾਲ ਉਨ੍ਹਾਂ ਦੀ ਡੋਰ ਜੁੜੀ ਰਹਿੰਦੀ ਹੈ। ਇਸ ਡੋਰ ਨੂੰ ਮਜ਼ਬੂਤ ਬਣਾਉਣ ਲਈ ਹਰਬੰਸ ਭਰੋਵਾਲ ਨੇ ਮੀਡੀਆ ਨੂੰ ਇੱਕ ਪ੍ਰਭਾਵਸ਼ਾਲੀ ਜ਼ਰੀਆ ਬਣਾਇਆ।

ਹਰਬੰਸ ਭਰੋਵਾਲ ਨੂੰ ਮੈਂ ਦੇਵਿੰਦਰ ਤੂਰ ਰਾਹੀਂ 2013 ਵਿਚ ਟੋਰਾਂਟੋ ਵਿਚ ਮਿਲਿਆ। ਉਨ੍ਹਾਂ ਨਾਲ ਬਹੁਤ ਸਾਰੀਆਂ ਗੱਲ ਕੀਤੀਆਂ। ਉਨ੍ਹਾਂ ਨੇ ਮੈਨੂੰ ਕਿਹਾ ਕਿ ਬਲਦੇਵ ਤੂੰ ਹੀਰਾ ਹੈਂ। ਉਨ੍ਹਾਂ ਨੇ ਮੈਨੂੰ ਪਹਿਲੀ ਮੁਲਾਕਾਤ ਵਿਚ ਹੀ ਕੀਲ ਲਿਆ। ਉਨ੍ਹਾਂ ਨੇ ਕਿਹਾ ਕਿ ਕਿਸੇ ਗਾਇਨ ਵਾਲੇ ਜਾਂ ਕਬੱਡੀ ਵਾਲੇ ਸ਼ੋਅ ਤੋਂ ਬਿਨਾਂ ਹੋਰ ਕਿਸੇ ਵੀ ਜਗ੍ਹਾ ਜਾ ਕੇ 'ਸਰੋਕਾਰਾਂ ਦੀ ਆਵਾਜ਼' ਵਾਸਤੇ ਕੰਮ ਕਰੋ। ਹਰਬੰਸ ਨਾਲ ਮੈਂ ਵੇਅਰਹਾਊਸ ਤੋਂ ਪੇਪਰ ਲੈ ਕੇ ਸਟੋਰਾਂ 'ਤੇ ਰੱਖਦੇ ਸੀ। ਹਰਬੰਸ ਨਾਲ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਗੱਲਾਂ ਹੁੰਦੀਆਂ ਅਤੇ ਹਾਸਾ ਮਜ਼ਾਕ ਵੀ ਖੂਬ ਕਰਿਆ ਕਰਦੇ ਸੀ। ਜਦੋਂ ਹਰਬੰਸ ਤਕਰੀਬਨ ਦੋ ਮਹੀਨਿਆਂ ਤੋਂ ਬਿਮਾਰ ਚੱਲ ਰਿਹਾ ਸੀ ਤਾਂ ਮੈਂ ਅਤੇ ਜਗਮੋਹਨ ਢੁੱਡੀਕੇ ਦੋਵਾਂ ਨੇ ਪੇਪਰ ਦੀ ਵੰਡਣ ਦੀ ਜ਼ਿੰਮੇਵਾਰੀ ਨਿਭਾਈ।

ਹਰਬੰਸ ਸਿੰਘ ਦੇ ਵਿਛੋੜੇ ਨਾਲ 'ਸਰੋਕਾਰਾਂ ਦੀ ਆਵਾਜ਼' ਅਤੇ ਅਗਾਂਹਵਧੂ ਤਾਕਤਾਂ ਨੂੰ ਵੱਡਾ ਘਾਟਾ ਪਿਆ ਹੈ। ਇਸ ਦੁੱਖ ਦੀ ਘੜੀ ਵਿੱਚ ਉਨ੍ਹਾਂ ਦੇ ਪਰਿਵਾਰ ਨਾਲ ਸੰਸਥਾ ਦੇ ਮੈਨੇਜਿੰਗ ਡਾਇਰੈਕਟਰ ਦੇਵਿੰਦਰ ਤੂਰ, ਕੈਲਗਰੀ ਤੋਂ ਮਾਸਟਰ ਭਜਨ ਸਿੰਘ, ਡਾ. ਹਰਦੀਪ ਸਿੰਘ ਅਟਵਾਲ, ਜਗਮੋਹਣ ਢੁੱਡੀਕੇ, ਨਛੱਤਰ ਸਿੰਘ ਬਦੇਸ਼ਾ, ਚਰਨਜੀਤ ਬਰਾੜ ਅਤੇ ਟੋਰਾਂਟੋ ਖੇਤਰ ਦੀ ਸਮੁੱਚੀ ਟੀਮ ਖੜ੍ਹੀ ਹੈ।

ਉਹ ਸਰੀਰਕ ਤੌਰ 'ਤੇ ਸਾਡੇ ਵਿਚਕਾਰ ਨਹੀਂ ਰਹੇ, ਪਰ ਲੋਕਾਂ ਦੇ ਹੱਕ ਵਿੱਚ ਉੱਠਦੀ ਹਰ ਸੱਚੀ ਆਵਾਜ਼ ਵਿੱਚ ਉਨ੍ਹਾਂ ਦੀ ਸੋਚ ਜਿਊਂਦੀ ਰਹੇਗੀ। ਹਰਬੰਸ ਭਰੋਵਾਲ ਦਾ ਜੀਵਨ ਸਾਨੂੰ ਇਹ ਸੁਨੇਹਾ ਦਿੰਦਾ ਰਹੇਗਾ ਕਿ ਇਨਸਾਨ ਚਲਾ ਜਾਂਦਾ ਹੈ, ਪਰ ਲੋਕ-ਹਿੱਤਾਂ ਲਈ ਕੀਤੀ ਉਸ ਦੀ ਘਾਲਣਾ ਕਦੇ ਵਿਅਰਥ ਨਹੀਂ ਜਾਂਦੀ।

ਬਾਨੀ ਸੰਪਾਦਕ ਵਜੋਂ ਅਸੀਂ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲਦੇ ਹੋਏ ਉਨ੍ਹਾਂ ਦੀ ਸਮਾਜ ਪ੍ਰਤੀ ਘਾਲਣਾ ਨੂੰ ਕਦੇ ਭੁੱਲ ਨਹੀਂ ਸਕਦੇ। ਉਨ੍ਹਾਂ ਦੇ ਵਿਚਾਰਾਂ ਨੂੰ ਅੱਗੇ ਵਧਾਉਂਦੇ ਹੋਏ ਅਸੀਂ ਤਨਦੇਹੀ ਨਾਲ ਸਮਾਜ 'ਚ ਆਪਣਾ ਯੋਗਦਾਨ ਪਾਵਾਂਗੇ।

ਇਨਕਲਾਬ ਜ਼ਿੰਦਾਬਾਦ!
ਨਿੱਗਰ ਸੋਚ ਵਾਲੇ ਛੋਟੇ
ਵੀਰ ਹਰਬੰਸ ਨੂੰ ਸਲਾਮ

ਸਦਾ ਸੰਘਰਸ਼ਾਂ ਦਾ ਮੋਹਰੀ ਰਿਹਾ ਸਾਡਾ ਪਿਆਰਾ ਸਾਥੀ ਹਰਬੰਸ

ਦੇਵਿੰਦਰ ਤੂਰ
+1 416 902-9372

ਅੱਜ ਤੋਂ 47-48 ਸਾਲ ਪਹਿਲਾਂ ਹਰਬੰਸ ਅਚਾਨਕ ਸਾਈਕਲ ਮੰਗਣ ਲਈ ਰਾਤ ਨੂੰ ਮੇਰੇ ਘਰ ਆਇਆ ਸੀ। ਉਸਨੇ ਦੱਸਿਆ ਕਿ ਸਾਈਕਲ ਚਾਹੀਦਾ ਹੈ, ਮੈਂ ਭਰੋਵਾਲ ਜਾਣਾ ਹੈ। ਤੁਹਾਡੇ ਬਾਰੇ ਕਿਸੇ ਸਾਥੀ ਨੇ ਕਿਹਾ ਸੀ ਕਿ ਲੋੜ ਪੈਣ 'ਤੇ ਦੇਵਿੰਦਰ ਦੇ ਘਰੋਂ ਜਦੋਂ ਮਰਜ਼ੀ ਜਾ ਕੇ ਸਾਈਕਲ ਲੈ ਸਕਦੇ ਹੋ, ਆਪਣੇ ਵਿਚਾਰਾਂ ਦਾ ਬੰਦਾ ਹੈ। ਫਿਰ ਕਈ ਸਾਲ ਇਹ ਸਿਲਸਿਲਾ ਚਲਦਾ ਰਿਹਾ ਤੇ ਫਿਰ ਪੀ.ਐਸ.ਯੂ. ਦੀਆਂ, ਸੰਘਰਸ਼ਾਂ ਦੀਆਂ ਗੱਲਾਂ ਹੁੰਦੀਆਂ ਰਹਿੰਦੀਆਂ।

ਮੈਂ ਵੀ ਜਗਰਾਓਂ ਐੱਲ.ਆਰ.ਐੱਮ. ਕਾਲਜ ਦਾ ਵਿਦਿਆਰਥੀ ਸੀ। ਮੋਗੇ ਦੇ ਰੀਗਲ ਸਿਨੇਮਾ ਇਤਿਹਾਸਕ ਘੋਲ ਮੌਕੇ ਵੀ ਮੈਂ ਪੀ.ਐੱਸ.ਯੂ. ਦੀਆਂ ਗਤੀਵਿਧੀਆਂ ਤੋਂ ਜਾਣੂ ਸੀ।

ਫਿਰ ਜਦੋਂ ਮੈਂ ਅਧਿਆਪਕ ਬਣ ਗਿਆ ਤਾਂ ਬੇਰੁਜ਼ਗਾਰ ਅਧਿਆਪਕ ਯੂਨੀਅਨ ਨਾਲ ਜੁੜਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਆਪਣੀਆਂ ਲੋੜਾਂ ਤੇ ਕਿੱਤੇ ਦੇ ਨਾਲ ਸਰਕਾਰ ਅਤੇ ਸਿਸਟਮ ਨੂੰ ਸਮਝਣਾ ਸ਼ੁਰੂ ਕੀਤਾ। ਬੇਰੁਜ਼ਗਾਰ ਅਧਿਆਪਕਾਂ ਦੇ 1978 ਦੇ ਘੋਲ ਵਿਚ 76 ਦਿਨ ਜੇਲ੍ਹ ਯਾਤਰਾ ਵੀ ਕੀਤੀ।

1979 ਵਿਚ ਮੈਂ ਆਪਣੇ ਪਿੰਡ ਸਵੱਦੀ ਵਿਚ ਭਾਈ ਮੰਨਾ ਸਿੰਘ ਦੇ ਨਾਟਕ ਕਰਾਏ। ਹਰਬੰਸ ਤੇ ਜੋਗਿੰਦਰ ਆਜ਼ਾਦ ਨੇ ਨਾਟਕ ਸਮਾਗਮ ਕਰਾਉਣ 'ਚ ਸਾਡੀ ਸਵੱਦੀ ਵਾਲੀ ਟੀਮ ਦੀ ਪੁਰਜ਼ੋਰ ਮਦਦ ਕੀਤੀ ਤੇ ਸਾਡੀ ਦੋਸਤੀ ਹੋਰ ਗੂੜ੍ਹੀ ਹੋ ਗਈ। ਹੋਰ ਵੀ ਕਈ ਮੌਕਿਆਂ 'ਤੇ ਸਾਡਾ ਮੇਲ-ਮਿਲਾਪ ਅਤੇ ਗੱਲਬਾਤ ਹੁੰਦੀ ਰਹਿੰਦੀ। ਜਦੋਂ ਵੀ ਭਰੋਵਾਲ ਆਉਣਾ, ਅਸੀਂ ਮਿਲਦੇ ਰਹਿੰਦੇ ਸੀ।

ਹਰਬੰਸ ਨੇ ਭਰੋਵਾਲ ਕਲਾਂ ਵਿਖੇ ਘਰ ਵਿਚ ਡਾਕਟਰੀ ਦੀ ਪ੍ਰੈਕਟਿਸ ਵੀ ਕੀਤੀ। ਮੈਂ ਵੀ ਸਕੂਲ ਤੋਂ ਬਾਅਦ ਉੱਥੇ ਜਾ ਕੇ ਹਿੱਸਾ ਲੈਂਦਾ ਰਿਹਾ ਅਤੇ ਉਸ ਦੇ ਚੁਬਾਰੇ ਵਿਚ ਸਾਰੇ ਸਾਥੀ ਵੱਖ-ਵੱਖ ਸਰਗਰਮੀਆਂ ਬਾਰੇ ਮੀਟਿੰਗ ਕਰਦੇ ਰਹਿੰਦੇ ਸੀ। ਇਲਾਕੇ ਦੀਆਂ ਮੁਸ਼ਕਲਾਂ, ਧਰਨੇ ਮੁਜ਼ਾਹਰਿਆਂ ਬਾਰੇ ਅਤੇ ਹੋਰ ਗਤੀਵਿਧੀਆਂ ਦੀਆਂ ਮੀਟਿੰਗਾਂ ਉੱਥੇ ਹੀ ਹੁੰਦੀਆਂ ਸਨ। 1984 'ਚ ਭਾਰਤੀ ਹਾਕਮਾਂ ਵੱਲੋਂ ਹਰਮਿੰਦਰ ਸਾਹਿਬ ਸਮੇਤ ਪੰਜਾਬ ਉਪਰ ਫੌਜੀ ਹਮਲਾ ਕੀਤਾ ਗਿਆ ਤਾਂ ਇਸ ਦੇ ਵਿਰੋਧ ਵਿਚ ਸਾਥੀ ਵੱਲੋਂ ਫ਼ੌਜੀ ਰਾਜ ਦੇ ਬਾਵਜੂਦ ਪਰਚਾ ਵੰਡਕੇ ਵਿਰੋਧ ਕੀਤਾ ਗਿਆ।

ਪਿੰਡ ਭਰੋਵਾਲ ਵਿਚ ਖੇਤਾਂ ਨੂੰ ਨਹਿਰੀ ਪਾਣੀ ਲਾਉਣ ਵਾਲੇ ਖਾਲ ਦਾ ਮਸਲਾ ਸੀ। ਨੰਬਰਦਾਰ ਕਿਸਾਨਾਂ ਨੂੰ ਪਾਣੀ ਨਹੀਂ ਦਿੰਦਾ ਸੀ। ਹਰਬੰਸ ਨੇ ਸਾਥੀ ਇਕੱਠੇ ਕਰਕੇ ਏਕੇ ਦੇ ਜ਼ੋਰ ਕਿਸਾਨਾਂ ਲਈ ਨਹਿਰੀ ਖਾਲ ਕਢਵਾ ਦਿੱਤਾ। ਨੰਬਰਦਾਰ ਦੇਖਦਾ ਹੀ ਰਹਿ ਗਿਆ।

1984 ਵਿਚ ਕੁਝ ਦੋਸਤਾਂ ਨੇ ਸ੍ਰੀਨਗਰ (ਕਸ਼ਮੀਰ) ਦਾ ਟੂਰ ਬਣਾਇਆ। ਉੱਥੇ 2-1/2 ਕਿਲੋਮੀਟਰ ਲੰਬੀ ਸੁਰੰਗ ਸੀ। ਸਕੂਟਰ 'ਤੇ ਜਾਂਦਿਆਂ ਇਹ ਪਿੱਛੇ ਵੱਲ ਚਲਾ ਗਿਆ ਜਿਸ ਵਿਚ ਬਹੁਤ ਹਨੇਰਾ ਸੀ। ਵਾਪਸੀ 'ਤੇ ਕਹਿੰਦਾ ਮੈਨੂੰ ਤਾਂ ਟਰੱਕ ਵਾਲੇ ਨਾਲ ਬਿਠਾ ਦਿਓ, ਮੈਂ ਸਕੂਟਰ 'ਤੇ ਨਹੀਂ ਜਾਣਾ। ਅਸੀਂ ਇਸ ਨੂੰ ਟਰੱਕ 'ਤੇ ਬਿਠਾ ਕੇ ਪਾਰ ਲੰਘਾਇਆ।

ਜਦੋਂ ਭਰੋਵਾਲ ਵਿਖੇ ਸਾਥੀ ਦੀ ਯਾਦ ਵਿਚ ਹੋਏ ਸ਼ਰਧਾਂਜਲੀ ਸਮਾਗਮ ਵਿਚ ਵੱਖ-ਵੱਖ ਬੁਲਾਰਿਆਂ ਨੇ ਸਾਥੀ ਹਰਬੰਸ ਦੀ ਸ਼ਾਨਾਮੱਤੀ ਜੀਵਨ-ਘਾਲਣਾ, ਉਸਦੇ ਸ਼ਾਨਦਾਰ ਸੰਘਰਸ਼ਾਂ ਤੇ ਸਰਗਰਮੀਆਂ ਦਾ ਜ਼ਿਕਰ ਕੀਤਾ ਤਾਂ ਮੇਰੇ ਜ਼ਿਹਨ 'ਚ ਉਨ੍ਹਾਂ ਸਮਿਆਂ

ਦੀਆਂ ਯਾਦਾਂ ਮੁੜ ਤਾਜ਼ਾ ਹੋ ਗਈਆਂ।

90ਵਿਆਂ ਵਿਚ ਸਾਥੀ ਹਰਬੰਸ ਚੁੱਪ ਚੁਪੀਤੇ ਕੈਨੇਡਾ ਆ ਗਿਆ। ਮੇਰੀ ਪਤਨੀ ਵੀ ਕੈਨੇਡਾ ਆ ਚੁੱਕੀ ਸੀ। ਹਰਬੰਸ ਦੀ ਭੈਣ ਤੇ ਮੇਰੀ ਪਤਨੀ ਇਕੱਠੀਆਂ ਕੰਮ ਕਰਦੀਆਂ ਸਨ। ਉਹ ਕਸ਼ਮੀਰ ਦੀਆਂ ਫੋਟੋਆਂ ਦੇਖਣ ਲਈ ਕੰਮ 'ਤੇ ਲੈ ਗਈ। ਫੋਟੋਆਂ ਦੇਖੀਆਂ ਤਾਂ ਦੱਸਿਆ ਇਹ ਤਾਂ ਮੇਰੇ ਘਰ ਘਰਵਾਲੇ ਦਾ ਦੋਸਤ ਹੈ। ਇਸ ਤਰ੍ਹਾਂ ਮੇਲ-ਮਿਲਾਪ ਹੋਰ ਗੂੜ੍ਹਾ ਹੋ ਗਿਆ। ਪੁਰਾਣੀਆਂ ਗੱਲਾਂ ਹੋਈਆਂ। ਇਕ-ਦੂਜੇ ਦੇ ਘਰ ਆਉਂਦੇ ਜਾਂਦੇ ਰਹਿੰਦੇ ਸੀ। ਇਸ ਪਰਿਵਾਰ ਨਾਲ ਕਈ ਦਹਾਕੇ ਪਹਿਲਾਂ ਬਣੀ ਇਹ ਸਾਂਝ ਵਿਚਾਰਾਂ ਦੀ ਸਾਂਝ ਨੇ ਹੋਰ ਵੀ ਗੂੜ੍ਹੀ ਕਰ ਦਿੱਤੀ।

94 ਵਿਚ ਮੈਂ ਵੀ ਕੈਨੇਡਾ ਆ ਗਿਆ। ਸਾਡੀ ਸਾਂਝ ਹੋਰ ਗੂੜੀ ਹੋ ਗਈ। ਫਿਰ ਇਕੱਠੇ ਹੁੰਦੇ ਤਾਂ ਉਹੀ ਸਮਾਜ, ਸਿਸਟਮ, ਸਰਕਾਰੀ ਤੰਤਰ ਤੇ ਕਾਰਪੋਰੇਟ ਲੁੱਟ ਦੀਆਂ ਗੱਲਾਂ ਕਰਦੇ। ਕੈਨੇਡਾ ਤੇ ਇੰਡੀਆ ਬਾਰੇ, ਕੈਨੇਡਾ ਦੇ ਸਰਕਾਰੀ ਤੰਤਰ ਬਾਰੇ ਗੱਲਾਂ ਹੁੰਦੀਆਂ ਰਹਿੰਦੀਆਂ।

ਕੈਨੇਡਾ ਵਿਚ ਲੋਕਾਂ ਦੇ ਮਸਲਿਆਂ, ਕੰਮਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਜਥੇਬੰਦੀਆਂ ਕੰਮ ਕਰਦੀਆਂ ਸਨ। ਅਸੀਂ ਵੱਖ-ਵੱਖ ਯੂਨੀਅਨਾਂ ਤੇ ਜਥੇਬੰਦੀਆਂ ਨਾਲ ਮੇਲ ਮਿਲਾਪ ਕਰਨਾ ਸ਼ੁਰੂ ਕਰ ਦਿੱਤਾ। ਇਸ ਤੋਂ ਇਲਾਵਾ ਅਸੀਂ ਦੋਵਾਂ ਨੇ 2005 ਤੋਂ ਵੱਖ-ਵੱਖ ਮਸਲਿਆਂ ਬਾਰੇ ਇਕ ਪੈਂਫਲੈੱਟ ਕੱਢਣਾ ਸ਼ੁਰੂ ਕੀਤਾ ਅਤੇ ਇੰਸ਼ੋਰੈਂਸ, ਡਾਕਟਰੀ ਸਮੱਸਿਆ, ਹਸਪਤਾਲ ਦੀਆਂ ਸਮੱਸਿਆ, ਰੈਂਟਾਂ ਦਾ ਮਸਲਾ, ਨੌਕਰੀਆਂ, ਕਾਰਪੋਰੇਟ ਵੱਲੋਂ ਲੋਕਾਂ ਦੀ ਕੀਤੀ ਜਾਂਦੀ ਲੁੱਟ ਦੇ ਮਸਲੇ ਉਠਾਉਣੇ ਸ਼ੁਰੂ ਕੀਤੇ। 2004-05 'ਚ ਅਸੀਂ ਵੱਖ-ਵੱਖ ਮਸਲਿਆਂ ਬਾਰੇ ਦੋਵਰਕੀਆਂ ਕੱਢਣੀਆਂ ਅਤੇ ਮੀਟਿੰਗਾਂ ਕਰਨੀਆਂ ਸ਼ੁਰੂ ਕੀਤੀਆਂ। ਜਥੇਬੰਦੀਆਂ ਆਪੋ-ਆਪਣੇ ਢੰਗ ਨਾਲ ਕੰਮ ਕਰਦੀਆਂ ਸਨ। ਅਸੀਂ ਸਾਰਿਆਂ ਨੂੰ ਇਕੱਠਾ ਸਾਂਝਾ ਪਲੇਟਫਾਰਮ ਬਣਾ ਕੇ ਚੱਲਣ ਦਾ ਸੁਝਾਅ ਦਿੱਤਾ ਤੇ ਸਾਂਝੇ ਮਸਲਿਆਂ 'ਤੇ ਇਕੱਠੇ ਹੋ ਕੇ ਚੱਲਣ ਦੇ ਪ੍ਰੋਗਰਾਮ ਤੈਅ ਹੋਏ।

ਫਿਰ ਅਸੀਂ ਪ੍ਰੋ-ਪੀਪਲ ਆਰਟ ਪ੍ਰੋਜੈਕਟ ਮੀਡੀਆ ਗਰੁੱਪ ਨਾਂ ਦੀ ਸੰਸਥਾ ਰਜਿਸਟਡ ਕਰਵਾਈ। ਜਿਸ ਵਿਚ ਅਸੀਂ ਕਈ ਪ੍ਰੋਗਰਾਮ ਕੀਤੇ: ਮਹਿੰਗਾਈ ਤੇ ਸਿਟੀ ਦੀਆਂ ਸਮੱਸਿਆਵਾਂ, ਰੈਂਟ ਦਾ ਮਸਲਾ, ਬੇਸਮੈਂਟਾਂ ਦਾ ਮਸਲਾ, ਇੰਸ਼ੋਰੈਂਸ ਆਦਿ 'ਤੇ 200-300 ਬੰਦਿਆਂ ਦੇ ਇਕੱਠ ਕੀਤੇ। ਹਸਪਤਾਲ ਅਤੇ ਇਲਾਜ ਦੀ ਸਮੱਸਿਆ, ਯੂਨੀਵਰਸਿਟੀ ਦਾ ਮਸਲਾ, ਬੱਚਿਆਂ ਦੀ ਪੜ੍ਹਾਈ ਦੀ ਸਮੱਸਿਆ, ਬਰੈਂਪਟਨ ਵਿਚ ਆਬਾਦੀ ਦੇ ਹਿਸਾਬ ਨਾਲ ਹਸਪਤਾਲ ਨਾ ਹੋਣਾ, ਲੱਕ-ਤੋੜ ਮਹਿੰਗਾਈ ਆਦਿ ਮਸਲੇ ਉਠਾਏ ਗਏ। ਸੰਘਰਸ਼ ਲਗਾਤਾਰ ਜਾਰੀ ਰਹੇ। 2010 'ਚ ਅਸੀਂ ਲੋਕਾਂ ਨੂੰ ਚੇਤਨ ਕਰਨ ਲਈ ਮਿਆਰੀ ਲਿਖਤਾਂ ਦੀ ਲੋੜ ਮਹਿਸੂਸ ਕਰਦੇ ਹੋਏ 'ਸਰੋਕਾਰਾਂ ਦੀ ਆਵਾਜ਼' ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ। ਅਸੀਂ 12 ਪੰਨਿਆਂ ਤੋਂ ਸ਼ੁਰੂ ਕੀਤਾ ਅਤੇ ਫਿਰ 20 ਪੰਨਿਆਂ ਦਾ, 24 ਪੰਨਿਆਂ ਅਤੇ ਆਖ਼ਿਰਕਾਰ 40 ਪੰਨਿਆਂ ਦਾ ਲਗਾਤਾਰ ਮਿਆਰੀ ਪੇਪਰ ਸਥਾਪਤ ਕਰਨ ਵਿਚ ਕਾਮਯਾਬ ਹੋ ਗਏ।

ਪੇਪਰ ਟੋਰਾਂਟੋ ਤੋਂ ਸ਼ੁਰੂ ਕੀਤਾ। ਇਸ ਨੂੰ ਰਣਧੀਰ ਗਿੱਲ ਨੇ ਵੈਨਕੂਵਰ ਵਿਚ ਰਿਲੀਜ਼ ਕੀਤਾ। ਫਿਰ ਜਿਉਂ-ਜਿਉਂ ਹੋਰ ਸਾਥੀ ਜੁੜਦੇ ਗਏ, ਪੇਪਰ ਨੂੰ ਵੱਖ-ਵੱਖ ਸ਼ਹਿਰਾਂ ਵਿਚ ਪਹੁੰਚਾਉਣ ਨਾਲ ਸਾਡੀਆਂ ਜ਼ਿੰਮੇਵਾਰੀਆਂ ਹੋਰ ਵਧ ਗਈਆਂ। ਇੰਡੀਆ ਵਿਚ ਮੈਂ ਅਧਿਆਪਕਾਂ ਦੀ ਟਰੇਡ ਯੂਨੀਅਨ ਵਿਚ ਕੰਮ ਕਰਦਾ ਰਿਹਾ ਸੀ। ਇਸ ਕਰਕੇ ਮੇਰੀ ਬਹੁਤ ਸਾਰੇ ਸਾਥੀਆਂ ਨਾਲ ਜਾਣ-ਪਛਾਣ ਸੀ। ਸਾਥੀ ਜੁੜਦੇ ਗਏ ਅਤੇ ਸਾਡਾ ਕਾਫ਼ਲਾ ਵਧਦਾ ਗਿਆ। ਸਾਡਾ ਪੇਪਰ ਹੁਣ ਪੂਰੇ ਕੈਨੇਡਾ ਵਿਚ ਆਪਣੀ ਥਾਂ ਬਣਾ ਚੁੱਕਾ ਹੈ। ਸਾਥੀ ਪੁੱਛਦੇ ਰਹਿੰਦੇ ਹਨ ਕਿ ਪੇਪਰ ਅਜੇ ਆਇਆ ਨਹੀਂ। ਫੋਨ ਆਉਂਦੇ ਰਹਿੰਦੇ ਹਨ। ਪੇਪਰ ਈਮੇਲ ਤੇ ਵੱਟਸਅਪ ਗਰੁੱਪਾਂ ਰਾਹੀਂ ਦੂਰ-ਦੂਰ ਤੱਕ ਪਾਠਕਾਂ ਤੱਕ ਪਹੁੰਚਦਾ ਹੈ। ਇਹ ਸਾਡੇ ਸਾਥੀ ਹਰਬੰਸ ਸਿੰਘ ਦੀ ਸਿਰੜੀ ਮਿਹਨਤ ਦਾ ਹੀ ਸਿੱਟਾ ਸੀ ਜਿਸਨੇ ਸਖ਼ਤ ਮਿਹਨਤ ਕਰਕੇ ਪੇਪਰ ਨੂੰ ਦੁਨੀਆ ਭਰ 'ਚ ਬੈਠੇ ਪੰਜਾਬੀ ਪਾਠਕਾਂ ਤੱਕ ਪਹੁੰਚਾਇਆ। ਉਸਦੀ ਮਿਹਨਤ ਦੀ ਬਦੌਲਤ ਸ਼ੁਭਚਿੰਤਕਾਂ, ਹਮਦਰਦਾਂ, ਪਾਠਕਾਂ ਦਾ ਇਕ ਵੱਡਾ ਘੇਰਾ 'ਸਰੋਕਾਰਾਂ ਦੀ ਆਵਾਜ਼' ਪਰਿਵਾਰ ਦਾ ਹਿੱਸਾ ਬਣ ਗਿਆ। ਉਸ ਦੀ ਦੇਣ ਨੂੰ ਅਸੀਂ ਕਦੇ ਵੀ ਭੁਲਾ ਨਹੀਂ ਸਕਦੇ। ਅਸੀਂ ਉਨ੍ਹਾਂ ਵਲੋਂ ਲਾਏ ਹੋਏ ਬੂਟੇ ਨੂੰ ਹਮੇਸ਼ਾ ਖਿੜਿਆ ਰੱਖਣਾ ਚਾਹੁੰਦੇ ਹਾਂ।

ਅਸੀਂ ਪ੍ਰਣ ਕਰਦੇ ਹਾਂ ਕਿ ਉਸਦੇ ਵੱਲੋਂ ਬਾਲੇ ਵਿਗਿਆਨਕ ਚੇਤਨਾ ਰੂਪੀ ਦੀਵੇ ਦੀ ਲਾਟ ਨੂੰ ਇਸੇ ਤਰ੍ਹਾਂ ਲਟ-ਲਟ ਬਲ਼ਦੀ ਰੱਖਣ ਲਈ ਪੂਰਾ ਤਾਣ ਲਾਵਾਂਗੇ ਤਾਂ ਜੋ ਉਸ ਵੱਲੋਂ ਸ਼ੁਰੂ ਕੀਤਾ ਗਿਆਨ ਤੇ ਚੇਤਨਾ ਵੰਡਣ ਦਾ ਇਹ ਉੱਦਮ ਪੂਰੀ ਸ਼ਾਨ ਨਾਲ ਬੁਲੰਦ ਰਹੇ। ਇਹੀ ਸਾਡੇ ਵਿਛੜੇ ਸਾਥੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਸਾਡੇ ਮਾਰਗਦਰਸ਼ਕ, ਸਾਡੇ ਬਾਨੀ ਸੰਪਾਦਕ ਨੂੰ ਭਾਵਭਿੰਨੀ ਸ਼ਰਧਾਂਜਲੀ

ਲੋਕ ਸਰੋਕਾਰਾਂ ਦੀ ਬੁਲੰਦ ਆਵਾਜ਼ ਸਨ ਹਰਬੰਸ ਸਿੰਘ ਭਰੋਵਾਲ

ਬਲਜਿੰਦਰ ਸਿੰਘ ਵੜੈਚ
ਮੈਂਬਰ : ਸੰਪਾਦਕੀ ਬੋਰਡ
ਸਰੋਕਾਰਾਂ ਦੀ ਆਵਾਜ਼
+91-92167-29598

ਸ਼ਖ਼ਸੀਅਤ ਦਾ ਅਸਲ ਕੱਦ: ਪਦਵੀਆਂ ਤੋਂ ਪਰ੍ਹੇ ਮਨੁੱਖੀ ਸੰਵੇਦਨਾ

ਮਨੁੱਖੀ ਇਤਿਹਾਸ ਦੇ ਵਿਸ਼ਾਲ ਪਿੜ ਅੰਦਰ ਕੁਝ ਹਸਤੀਆਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਦੇ ਜੀਵਨ-ਸਫ਼ਰ ਨੂੰ ਕਿਸੇ ਰਸਮੀ ਅਹੁਦੇ, ਸਨਮਾਨ-ਪੱਤਰ, ਦੁਨਿਆਵੀ ਸ਼ੁਹਰਤ ਜਾਂ ਮਾਇਆ ਦੇ ਪੈਮਾਨਿਆਂ ਨਾਲ ਨਹੀਂ ਮਿਣਿਆ ਜਾ ਸਕਦਾ। ਉਹ ਆਪਣੀ ਪਛਾਣ ਆਪਣੇ ਨਿੱਜੀ ਦਾਇਰੇ ਜਾਂ ਸੁੱਖ-ਸਹੂਲਤਾਂ ਨਾਲ ਨਹੀਂ, ਸਗੋਂ ਦੂਜਿਆਂ ਲਈ ਬਣਾਈ ਥਾਂ ਨਾਲ ਛੱਡਦੀਆਂ ਹਨ। ਉਨ੍ਹਾਂ ਦੀ ਜ਼ਿੰਦਗੀ ਦਾ ਅਸਲ ਮੁੱਲ ਇਸ ਗੱਲ ਵਿੱਚ ਹੁੰਦਾ ਹੈ ਕਿ ਉਹ ਸਮਾਜ ਦੇ ਕੰਡੇਦਾਰ ਪੈਂਡਿਆਂ ਵਿੱਚੋਂ ਲੰਘਦਿਆਂ ਕਿੰਨੇ ਲੋਕਾਂ ਨੂੰ ਨਾਲ ਜੋੜ ਗਏ, ਕਿੰਨੀਆਂ ਬੇਜ਼ੁਬਾਨ ਆਵਾਜ਼ਾਂ ਨੂੰ ਮੰਚ ਦਿੱਤਾ ਅਤੇ ਕਿੰਨੇ ਮਨਾਂ ਵਿੱਚ ਸਮਾਜਿਕ ਜ਼ਿੰਮੇਵਾਰੀ ਦੀ ਸਦੀਵੀ ਜੋਤ ਜਗਾ ਗਏ।

ਅਜਿਹੀ ਹੀ ਇੱਕ ਸੁਹਿਰਦ, ਦੂਰਅੰਦੇਸ਼ ਅਤੇ ਲੋਕ-ਹਿਤੈਸ਼ੀ ਸ਼ਖ਼ਸੀਅਤ ਸਨ 'ਸਰੋਕਾਰਾਂ ਦੀ ਆਵਾਜ਼' ਦੇ ਬਾਨੀ ਸੰਪਾਦਕ ਹਰਬੰਸ ਸਿੰਘ ਭਰੋਵਾਲ, ਜੋ ਬੀਤੀ 28 ਸਤੰਬਰ ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੇ ਜਾਣ ਨਾਲ ਕੇਵਲ ਉਨ੍ਹਾਂ ਦੇ ਨਿੱਜੀ ਪਰਿਵਾਰ ਨੂੰ ਹੀ ਨਹੀਂ, ਸਗੋਂ ਕੈਨੇਡਾ, ਪੰਜਾਬ ਅਤੇ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਵੱਸਦੇ ਉਸ ਵੱਡੇ ਲੋਕ-ਪੱਖੀ ਪਰਿਵਾਰ ਨੂੰ ਵੀ ਅਪੂਰਣ ਘਾਟਾ ਪਿਆ ਹੈ ਜੋ ਸਾਲਾਂ ਤੋਂ ਉਨ੍ਹਾਂ ਦੀ ਸੋਚ, ਉਨ੍ਹਾਂ ਦੀ ਕਲਮ ਅਤੇ 'ਸਰੋਕਾਰਾਂ ਦੀ ਆਵਾਜ਼' ਮੀਡੀਆ ਸਮੂਹ ਨਾਲ ਰੂਹੋਂ ਜੁੜਿਆ ਹੋਇਆ ਸੀ।

ਕਿਸੇ ਵੱਡੇ ਮਨੁੱਖ ਦੇ ਤੁਰ ਜਾਣ ਮਗਰੋਂ ਉਸ ਦੀ ਅਸਲ ਕਮੀ ਕੇਵਲ ਸੰਪਾਦਕੀ ਦਫ਼ਤਰ ਦੀ ਖ਼ਾਲੀ ਕੁਰਸੀ ਵੇਖ ਕੇ ਨਹੀਂ ਮਹਿਸੂਸ ਹੁੰਦੀ। ਉਹ ਫ਼ੋਨ ਦੱਸਦੇ ਹਨ ਜੋ ਹੁਣ ਨਹੀਂ ਆਉਂਦੇ, ਉਹ ਡੂੰਘੇ ਸੰਵਾਦ ਦੱਸਦੇ ਹਨ ਜੋ ਵਿਚਾਲੇ ਅਧੂਰੇ ਰਹਿ ਗਏ, ਉਹ ਨਿੱਤ ਦੇ ਨਿਰਣੇ ਦੱਸਦੇ ਹਨ ਜਿਨ੍ਹਾਂ ਵਿੱਚ ਉਨ੍ਹਾਂ ਦੀ ਸਹਿਜ ਸਲਾਹ ਅਤੇ ਅਗਵਾਈ ਦੀ ਆਦਤ ਪੈ ਚੁੱਕੀ ਸੀ। ਹਰਬੰਸ ਸਿੰਘ ਭਰੋਵਾਲ ਜੀ ਦਾ ਜਾਣਾ ਇੱਕ ਅਜਿਹਾ ਹੀ ਦਰਦਨਾਕ ਖ਼ਲਾਅ ਹੈ ਜੋ ਵਕਤ ਗੁਜ਼ਰਨ ਨਾਲ ਹੋਰ ਗਹਿਰਾ ਹੁੰਦਾ ਜਾ ਰਿਹਾ ਹੈ।

ਪੰਜਾਬ ਦੀ ਮਿੱਟੀ ਤੋਂ ਲੋਕ-ਸਰੋਕਾਰਾਂ ਤੱਕ ਦਾ ਸਫ਼ਰ

ਹਰਬੰਸ ਸਿੰਘ ਦਾ ਜਨਮ ਮਾਲਵੇ ਦੀ ਜਰਖ਼ੇਜ਼ ਧਰਤੀ, ਜ਼ਿਲ੍ਹਾ ਮੋਗਾ ਦੇ ਪਿੰਡ ਧੂੜਕੋਟ ਰਣਸੀਂਹ ਵਿਖੇ ਹੋਇਆ। ਪੰਜਾਬ ਦੇ ਪਿੰਡਾਂ ਦੀ ਸੁੱਚੀ ਮਿੱਟੀ, ਕਿਸਾਨੀ ਜੀਵਨ ਦੀਆਂ ਔਕੜਾਂ, ਮਿਹਨਤਕਸ਼ ਕਿਰਤੀਆਂ ਦੀ ਸਾਦਗੀ ਅਤੇ ਸਮਾਜ ਅੰਦਰ ਫੈਲੀ ਆਰਥਿਕ-ਸਮਾਜਿਕ ਅਸਮਾਨਤਾ ਅਤੇ ਜਾਬਰ ਰਾਜ ਦੀਆਂ ਵਧੀਕੀਆਂ ਨੇ ਉਨ੍ਹਾਂ ਦੀ ਸੋਚ ਨੂੰ ਜਵਾਨੀ ਦੀ ਦਹਿਲੀਜ਼ 'ਤੇ ਪੈਰ ਰੱਖਦਿਆਂ ਹੀ ਗਹਿਰਾ ਪ੍ਰਭਾਵਿਤ ਕੀਤਾ। ਪਰਿਵਾਰਕ ਮੁਸ਼ਕਲਾਂ ਨੇ ਉਨ੍ਹਾਂ ਨੂੰ ਛੋਟੀ ਉਮਰ 'ਚ ਹੀ ਆਪਣੀ ਜਨਮ-ਭੂਮੀ ਤੋਂ ਦੂਰ ਲੁਧਿਆਣਾ ਜ਼ਿਲ੍ਹੇ ਵਿਚ ਭੂੰਦੜੀ ਨੇੜਲੇ ਪਿੰਡ ਭਰੋਵਾਲ ਦਾ ਬਾਸ਼ਿੰਦਾ ਬਣਾ ਦਿੱਤਾ ਅਤੇ ਇਸੇ ਪਿੰਡ ਨਾਲ ਜੁੜੀ ਪਛਾਣ ਨੇ ਉਨ੍ਹਾਂ ਨੂੰ ਹਰਬੰਸ ਭਰੋਵਾਲ ਦੇ ਨਾਂ ਨਾਲ ਦੇਸ਼-ਵਿਦੇਸ਼ ਵਿੱਚ ਵਸਦੇ ਪੰਜਾਬੀਆਂ ਅੰਦਰ ਜਾਣਿਆ-ਪਛਾਣਿਆ ਤੇ ਸਤਿਕਾਰਤ ਬਣਾ ਦਿੱਤਾ।

ਪਰ ਉਨ੍ਹਾਂ ਦੀ ਅਸਲ ਪਛਾਣ ਕਿਸੇ ਇੱਕ ਪਿੰਡ, ਜ਼ਿਲ੍ਹੇ ਜਾਂ ਖ਼ਿੱਤੇ ਨਾਲੋਂ ਕਿਤੇ ਵਿਸ਼ਾਲ ਸੀ। ਉਹ ਆਮ ਲੋਕਾਂ ਦੇ ਦੁੱਖਾਂ-ਦਰਦਾਂ, ਹੱਕਾਂ, ਮਸਲਿਆਂ ਅਤੇ ਆਸਾਂ ਨੂੰ ਆਪਣੇ ਨਿੱਜੀ ਸਰੋਕਾਰ ਬਣਾਉਣ ਵਾਲੇ ਦਰਵੇਸ਼ ਮਨੁੱਖ ਸਨ।

ਵਿਦਿਆਰਥੀ ਜੀਵਨ ਦੌਰਾਨ ਪੰਜਾਬ ਸਟੂਡੈਂਟਸ ਯੂਨੀਅਨ ਨਾਲ ਜੁੜ ਕੇ ਉਨ੍ਹਾਂ ਨੂੰ ਲੋਕ-ਪੱਖੀ, ਇਨਕਲਾਬੀ ਅਤੇ ਜਥੇਬੰਦਕ ਕਾਰਜਾਂ ਦੀ ਅਜਿਹੀ ਚੇਟਕ ਲੱਗੀ ਜੋ ਸਾਰੀ ਉਮਰ ਉਨ੍ਹਾਂ ਦਾ ਮਾਰਗਦਰਸ਼ਨ ਕਰਦੀ ਰਹੀ। ਜਗਰਾਓਂ ਖੇਤਰ ਵਿੱਚ ਵਿਦਿਆਰਥੀ ਆਗੂ ਵਜੋਂ ਮੋਹਰੀ ਹੋ ਕੇ ਕੰਮ ਕਰਦਿਆਂ ਉਨ੍ਹਾਂ ਨੇ ਛੋਟੀ ਉਮਰੇ ਹੀ ਇਹ ਸੱਚ ਸਮਝ ਲਿਆ ਸੀ ਕਿ ਜ਼ਿੰਦਗੀ ਸਿਰਫ਼ ਆਪਣੀ ਨਿੱਜੀ ਤਰੱਕੀ ਜਾਂ ਘਰੇਲੂ ਖ਼ੁਸ਼ਹਾਲੀ ਦਾ ਨਾਂ ਨਹੀਂ। ਜੇਕਰ ਸਮਾਜ ਅੰਦਰ ਬੇਇਨਸਾਫ਼ੀ ਹੋ ਰਹੀ ਹੋਵੇ, ਕੋਈ ਕਮਜ਼ੋਰ ਤਬਕਾ ਆਪਣੇ ਹੱਕਾਂ ਤੋਂ ਵਾਂਝਾ ਕੀਤਾ ਜਾ ਰਿਹਾ ਹੋਵੇ ਜਾਂ ਅੰਧਵਿਸ਼ਵਾਸ ਲੋਕਾਂ ਦੀ ਬੌਧਿਕ ਸੋਚ ਨੂੰ ਜੰਗਾਲ ਰਹੇ ਹੋਣ, ਤਾਂ ਚੁੱਪ ਰਹਿਣਾ ਅਸਲ ਵਿੱਚ ਉਸੇ ਜ਼ੁਲਮ ਦਾ ਹਿੱਸਾ ਬਣ ਜਾਣਾ ਹੈ। ਇਹੀ ਜਮਹੂਰੀ, ਤਰਕਸ਼ੀਲ ਅਤੇ ਲੋਕ-ਹਿਤੈਸ਼ੀ ਚੇਤਨਾ ਉਨ੍ਹਾਂ ਦੇ ਜੀਵਨ ਦਾ ਸਥਾਈ ਧੁਰਾ ਬਣ ਗਈ।

ਪਰਾਈ ਧਰਤੀ 'ਤੇ ਵਸੇ ਪੰਜਾਬ ਦੇ ਸਰੋਕਾਰਾਂ ਦੀ ਆਵਾਜ਼ ਬਣਨਾ

ਰੋਜ਼ੀ-ਰੋਟੀ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਂਦਿਆਂ ਜਦੋਂ ਉਨ੍ਹਾਂ ਨੇ ਕੈਨੇਡਾ ਵੱਲ ਪਰਵਾਸ ਕੀਤਾ ਅਤੇ ਬਰੈਂਪਟਨ ਸ਼ਹਿਰ ਵਿੱਚ ਆਪਣਾ ਨਵਾਂ ਟਿਕਾਣਾ ਬਣਾਇਆ, ਤਾਂ ਉਨ੍ਹਾਂ ਦੀ ਭੂਗੋਲਿਕ ਹੱਦ ਜ਼ਰੂਰ ਬਦਲ ਗਈ, ਪਰ ਵਿਚਾਰਕ ਵਚਨਬੱਧਤਾ ਇੱਕ ਇੰਚ ਵੀ ਨਹੀਂ ਡੋਲੀ। ਪੰਜਾਬ ਉਨ੍ਹਾਂ ਤੋਂ ਹਜ਼ਾਰਾਂ ਕਿਲੋਮੀਟਰ ਦੂਰ ਸਮੁੰਦਰੋਂ ਪਾਰ ਰਹਿ ਗਿਆ ਸੀ, ਪਰ ਪੰਜਾਬ ਦੇ ਮਸਲੇ, ਪੰਜਾਬੀ ਮਾਂ-ਬੋਲੀ ਦੀ ਸੰਭਾਲ ਅਤੇ ਮਿਹਨਤਕਸ਼ ਲੋਕਾਂ ਦੇ ਸਰੋਕਾਰ ਉਨ੍ਹਾਂ ਦੇ ਦਿਲ ਦੀ ਧੜਕਣ ਬਣੇ ਰਹੇ।

ਪਰਵਾਸੀ ਪੰਜਾਬੀਆਂ ਦਾ ਇੱਕ ਹਿੱਸਾ ਅਕਸਰ ਆਪਣੇ ਅਤੀਤ ਨੂੰ ਸਿਰਫ਼ ਪੁਰਾਣੀਆਂ ਯਾਦਾਂ ਦੇ ਹੇਰਵੇ (ਨੌਸਟਾਲਜੀਆ) ਤੱਕ ਸੀਮਤ ਕਰ ਲੈਂਦਾ ਹੈ, ਪਰ ਹਰਬੰਸ ਭਰੋਵਾਲ ਜੀ ਨੇ ਇਸ ਮੋਹ ਨੂੰ ਕਲਮ, ਚੇਤਨਾ ਅਤੇ ਜਨਤਕ ਪੱਤਰਕਾਰੀ ਵਿੱਚ ਬਦਲਿਆ। ਇਸੇ ਸੋਚ ਦੇ ਤਹਿਤ ਸਾਥੀਆਂ ਦੇ ਸਹਿਯੋਗ ਨਾਲ ਪ੍ਰੋ-ਪੀਪਲ ਆਰਟਸ ਪ੍ਰੋਜੈਕਟ ਮੀਡੀਆ ਗਰੁੱਪ ਅਤੇ ਇਸ ਦੇ ਝੰਡਾਬਰਦਾਰ ਪ੍ਰਕਾਸ਼ਨ ਸਰੋਕਾਰਾਂ ਦੀ ਆਵਾਜ਼ ਨੇ ਇੱਕ ਮਜ਼ਬੂਤ ਰੂਪ ਧਾਰਿਆ।

ਇਸ ਨਾਂ ਵਿੱਚ ਹੀ ਉਨ੍ਹਾਂ ਦਾ ਸਮੁੱਚਾ ਜੀਵਨ-ਮਿਸ਼ਨ ਸਮਾਇਆ ਹੋਇਆ ਹੈ। ਅਰਥਾਤ ਉਹ ਆਵਾਜ਼ ਜੋ ਕੇਵਲ ਖ਼ਬਰ ਜਾਂ ਘਟਨਾ ਦਾ ਰਸਮੀ ਵੇਰਵਾ ਨਹੀਂ ਦਿੰਦੀ, ਸਗੋਂ ਉਸ ਪਿੱਛੇ ਛੁਪੇ ਆਰਥਿਕ, ਸਿਆਸੀ ਅਤੇ ਸਮਾਜਿਕ ਕਾਰਨਾਂ ਨੂੰ ਵੀ ਫਰੋਲਦੀ ਹੈ। ਉਹ ਪੱਤਰਕਾਰੀ ਜੋ ਸਿਰਫ਼ ਇਹ ਨਹੀਂ ਪੁੱਛਦੀ ਕਿ ਕੀ ਹੋਇਆ, ਸਗੋਂ ਦਲੇਰੀ ਨਾਲ ਇਹ ਸਵਾਲ ਵੀ ਕਰਦੀ ਹੈ ਕਿ ਕਿਉਂ ਹੋਇਆ, ਕਿਸ ਦਾ ਨੁਕਸਾਨ ਹੋਇਆ ਅਤੇ ਸਮਾਜ ਨੂੰ ਇਸ ਤੋਂ ਕੀ ਸੇਧ ਮਿਲਦੀ ਹੈ।

ਸਰੋਕਾਰਾਂ ਦੀ ਆਵਾਜ਼: ਇੱਕ ਪਰਚੇ ਤੋਂ ਵਿਚਾਰਕ ਅੰਦੋਲਨ ਤੱਕ

ਸਰੋਕਾਰਾਂ ਦੀ ਆਵਾਜ਼ ਨੇ ਸਮੇਂ ਦੇ ਨਾਲ ਟੋਰਾਂਟੋ ਤੋਂ ਸ਼ੁਰੂ ਹੋ ਕੇ ਕੈਲਗਰੀ, ਵੈਨਕੂਵਰ, ਵਿਨੀਪੈਗ, ਸਮੁੱਚੇ ਕੈਨੇਡਾ, ਪੰਜਾਬ ਅਤੇ ਆਨਲਾਈਨ ਦੁਨੀਆ ਭਰ ਵਿੱਚ ਆਪਣੀ ਵੱਖਰੀ ਪਛਾਣ ਬਣਾਈ। ਪੰਜਾਬੀ ਅਤੇ ਅੰਗਰੇਜ਼ੀ ਦੋਵੇਂ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਹੋਣਾ ਇਸ ਦੀ ਇੱਕ ਵੱਡੀ ਵਿਸ਼ੇਸ਼ਤਾ ਰਹੀ, ਜਿਸ ਨੇ ਜਿੱਥੇ ਪੁਰਾਣੀ ਪੀੜ੍ਹੀ ਨੂੰ ਆਪਣੀਆਂ ਜੜ੍ਹਾਂ ਨਾਲ ਜੋੜੀ ਰੱਖਿਆ, ਉੱਥੇ ਪੱਛਮ ਵਿੱਚ ਪਲੀ ਨੌਜਵਾਨ ਪੀੜ੍ਹੀ ਨੂੰ ਵੀ ਸਮਾਜਿਕ ਮੁੱਦਿਆਂ ਤੋਂ ਜਾਣੂ ਕਰਵਾਇਆ।

ਲਗਭਗ ਸੋਲ੍ਹਾਂ ਸਾਲਾਂ ਦੀ ਇਹ ਯਾਤਰਾ ਸਿਰਫ਼ ਕਾਗਜ਼ 'ਤੇ ਅਖ਼ਬਾਰ ਦੇ ਅੰਕ ਛਾਪਣ ਦਾ ਸਫ਼ਰ ਨਹੀਂ ਸੀ, ਸਗੋਂ ਇਹ ਲੋਕ-ਵਿਸ਼ਵਾਸ ਦੀ ਇਤਿਹਾਸਕ ਯਾਤਰਾ ਸੀ। ਜਦੋਂ ਇੱਕ ਛੋਟਾ ਪਰਚਾ ਵੀਹ ਸਫ਼ਿਆਂ ਤੋਂ ਵਧ ਕੇ ਚਾਲੀ ਸਫ਼ਿਆਂ ਦੇ ਵਿਸ਼ਾਲ ਮੈਗਜ਼ੀਨ-ਨੁਮਾ ਅੰਕ ਤੱਕ ਪਹੁੰਚਦਾ ਹੈ, ਤਾਂ ਇਹ ਸਿਰਫ਼ ਸਫ਼ੇ ਵਧਣ ਦੀ ਗੱਲ ਨਹੀਂ ਹੁੰਦੀ। ਹਰ ਨਵੇਂ ਸਫ਼ੇ ਦੇ ਪਿੱਛੇ ਕਿਸੇ ਲੇਖਕ ਦੀ ਦਿਮਾਗੀ ਘਾਲਣਾ ਅਤੇ ਗੰਭੀਰ ਖੋਜ ਹੁੰਦੀ ਹੈ। ਉਸ ਪਿੱਛੇ ਸੰਪਾਦਕੀ ਡੈਸਕ ਦੀਆਂ ਜਾਗਦੀਆਂ ਰਾਤਾਂ ਅਤੇ ਸ਼ਬਦ-ਸ਼ਬਦ ਨੂੰ ਤਰਾਸ਼ਣ ਦੀ ਲਗਨ ਸਮਾਈ ਹੁੰਦੀ ਹੈ। ਹਰ ਪਰਚੇ ਵਿੱਚ ਕਿਸੇ ਸਾਥੀ ਦਾ ਆਪਸੀ ਸੰਪਰਕ, ਪ੍ਰਬੰਧਕੀ ਚਿੰਤਾ, ਡਿਜ਼ਾਈਨਰ ਦੀ ਕਲਾਤਮਕ ਮਿਹਨਤ ਅਤੇ ਸਭ ਤੋਂ ਵੱਧ ਹਜ਼ਾਰਾਂ ਸੁਹਿਰਦ ਪਾਠਕਾਂ ਦਾ ਅਟੁੱਟ ਭਰੋਸਾ ਸ਼ਾਮਲ ਹੁੰਦਾ ਹੈ।

ਸਾਥੀ ਹਰਬੰਸ ਸਿੰਘ

ਇੱਕ ਵਿਚਾਰਧਾਰਕ ਵਿਰਾਸਤ ਅਤੇ ਸਾਡੀ ਸਾਂਝੀ ਜ਼ਿੰਮੇਵਾਰੀ

ਹਰਬੰਸ ਸਿੰਘ ਜੀ ਦੀ ਸਭ ਤੋਂ ਵੱਡੀ ਖ਼ੂਬੀ ਇਹ ਸੀ ਕਿ ਉਨ੍ਹਾਂ ਨੇ ਇਸ ਸਾਰੇ ਕਾਰਜ ਨੂੰ ਕਦੇ ਆਪਣੇ ਨਿੱਜੀ ਵਜੂਦ ਦੁਆਲੇ ਕੇਂਦਰਿਤ ਨਹੀਂ ਕੀਤਾ। ਉਹ ਜਾਣਦੇ ਸਨ ਕਿ ਵੱਡੀ ਸੰਸਥਾ ਕਿਸੇ ਇੱਕ ਵਿਅਕਤੀ ਦੇ ਅਹੰਕਾਰ ਨਾਲ ਨਹੀਂ, ਸਗੋਂ ਅਨੇਕਾਂ ਛੋਟੇ-ਵੱਡੇ ਸੁਹਿਰਦ ਯੋਗਦਾਨਾਂ ਦੇ ਸੁਮੇਲ ਨਾਲ ਉਸਰਦੀ ਹੈ।

ਹਰਬੰਸ ਸਿੰਘ ਭਰੋਵਾਲ ਨਾਲ ਮੇਰੀ ਨਿੱਜੀ ਸਾਂਝ

ਹਰਬੰਸ ਸਿੰਘ ਭਰੋਵਾਲ ਜੀ ਨਾਲ ਮੇਰੀ ਸਾਂਝ ਮੇਰੇ ਲਈ ਸਿਰਫ਼ ਕਿਸੇ ਸੰਸਥਾ ਜਾਂ ਅਖ਼ਬਾਰ ਨਾਲ ਜੁੜੇ ਇੱਕ ਸਾਥੀ ਦੀ ਸਾਂਝ ਨਹੀਂ ਸੀ, ਸਗੋਂ ਆਪਸੀ ਸਤਿਕਾਰ, ਭਰੋਸੇ ਅਤੇ ਆਪਣੇਪਣ ਉੱਤੇ ਟਿਕਿਆ ਇੱਕ ਅਜਿਹਾ ਰਿਸ਼ਤਾ ਸੀ ਜਿਸ ਨੂੰ ਮੈਂ ਹਮੇਸ਼ਾਂ ਮਾਣ ਨਾਲ ਯਾਦ ਕਰਾਂਗਾ। ਸਾਡੀਆਂ ਰੂਬਰੂ ਮੁਲਾਕਾਤਾਂ ਭਾਵੇਂ ਬਹੁਤ ਘੱਟ ਹੋਈਆਂ, ਪਰ ਫ਼ੋਨ ਰਾਹੀਂ ਲਗਭਗ ਹਰ ਰੋਜ਼ ਸਾਡਾ ਸੰਪਰਕ ਬਣਿਆ ਰਹਿੰਦਾ ਸੀ। ਕਦੇ ਅਖ਼ਬਾਰ ਦੀ ਸਮੱਗਰੀ ਬਾਰੇ ਗੱਲ, ਕਦੇ ਸੰਸਥਾ ਦੀ ਕਿਸੇ ਭਵਿੱਖੀ ਯੋਜਨਾ ਬਾਰੇ ਵਿਚਾਰ, ਕਦੇ ਸਮਾਜਿਕ ਮਸਲਿਆਂ ਉੱਤੇ ਗੰਭੀਰ ਚਰਚਾ ਅਤੇ ਕਦੇ ਸਿਰਫ਼ ਇੱਕ ਦੂਜੇ ਦੀ ਖ਼ੈਰ-ਖ਼ਬਰ ਵਿੱਚ ਵਕਤ ਲੰਘਦਾ। ਇਸ ਲਗਾਤਾਰ ਰਾਬਤੇ ਨੇ ਹਜ਼ਾਰਾਂ ਕਿਲੋਮੀਟਰ ਦੀ ਦੂਰੀ ਨੂੰ ਕਦੇ ਸਾਡੇ ਰਿਸ਼ਤੇ ਵਿੱਚ ਦੂਰੀ ਨਹੀਂ ਬਣਨ ਦਿੱਤਾ।

ਮੇਰੇ ਲਈ ਸਭ ਤੋਂ ਵੱਡੀ ਗੱਲ ਇਹ ਰਹੀ ਕਿ ਉਨ੍ਹਾਂ ਨੇ ਮੈਨੂੰ 'ਪ੍ਰੋ-ਪੀਪਲ ਆਰਟਸ ਪ੍ਰੋਜੈਕਟ ਮੀਡੀਆ ਗਰੁੱਪ' ਅਤੇ 'ਸਰੋਕਾਰਾਂ ਦੀ ਆਵਾਜ਼' ਨਾਲ ਜੋੜ ਕੇ, ਸੰਸਥਾ ਵਿੱਚ ਸੰਪਾਦਕੀ ਬੋਰਡ ਦੇ ਮੈਂਬਰ ਵਜੋਂ ਸ਼ਾਮਲ ਕਰਕੇ ਬਹੁਤ ਵੱਡਾ ਮਾਣ ਬਖ਼ਸ਼ਿਆ। ਇਹ ਮੇਰੇ ਲਈ ਸਿਰਫ਼ ਇੱਕ ਨਾਮ ਜਾਂ ਅਹੁਦਾ ਨਹੀਂ ਸੀ, ਸਗੋਂ ਲੋਕ-ਸਰੋਕਾਰਾਂ ਨਾਲ ਜੁੜੇ ਇਸ ਵੱਡੇ ਪਰਿਵਾਰ ਨਾਲ ਮਿਲ ਕੇ ਕੰਮ ਕਰਨ ਅਤੇ ਆਪਣੀ ਸਮਰੱਥਾ ਅਨੁਸਾਰ ਸਮਾਜ ਦੀ ਸੇਵਾ ਕਰਨ ਦਾ ਇੱਕ ਪਵਿੱਤਰ ਮੌਕਾ ਸੀ। ਇਸ ਮੌਕੇ ਅਤੇ ਉਨ੍ਹਾਂ ਵੱਲੋਂ ਦਿੱਤੇ ਸਤਿਕਾਰ ਲਈ ਮੈਂ ਹਮੇਸ਼ਾਂ ਉਨ੍ਹਾਂ ਦਾ ਰਿਣੀ ਰਹਾਂਗਾ।

ਹਰਬੰਸ ਜੀ ਦੀ ਸ਼ਖ਼ਸੀਅਤ ਦੀ ਸਭ ਤੋਂ ਵੱਡੀ ਖ਼ੂਬੀ ਉਨ੍ਹਾਂ ਦਾ ਵੱਡਾਪਣ ਅਤੇ ਵੱਡੀ ਸੋਚ ਸੀ। ਉਹ ਆਪਣੇ ਆਪ ਨੂੰ ਕੇਂਦਰ ਵਿੱਚ ਰੱਖ ਕੇ ਨਹੀਂ, ਸਗੋਂ ਸਭ ਨੂੰ ਨਾਲ ਲੈ ਕੇ ਚੱਲਣ ਵਿੱਚ ਵਿਸ਼ਵਾਸ ਰੱਖਦੇ ਸਨ। ਉਨ੍ਹਾਂ ਲਈ ਕਿਸੇ ਸਾਥੀ ਦੀ ਅਹਿਮੀਅਤ ਉਸ ਦੇ ਅਹੁਦੇ ਜਾਂ ਰੁਤਬੇ ਨਾਲ ਨਹੀਂ, ਸਗੋਂ ਉਸ ਦੀ ਨੀਅਤ, ਮਿਹਨਤ ਅਤੇ ਸੰਸਥਾ ਪ੍ਰਤੀ ਸਮਰਪਣ ਨਾਲ ਹੁੰਦੀ ਸੀ। ਉਹ ਨਵੇਂ ਸਾਥੀ ਨੂੰ ਵੀ ਪੂਰਾ ਹੌਸਲਾ ਦਿੰਦੇ, ਪੁਰਾਣੇ ਸਾਥੀ ਦਾ ਵੀ ਸਤਿਕਾਰ ਕਰਦੇ ਅਤੇ ਹਰ ਕਿਸੇ ਨੂੰ ਇਹ ਮਹਿਸੂਸ ਕਰਵਾਉਂਦੇ ਕਿ ਉਹ ਇਸ ਸਾਂਝੇ ਯਤਨ ਦਾ ਸਭ ਤੋਂ ਅਹਿਮ ਹਿੱਸਾ ਹੈ। ਉਹ ਆਪਣੇ ਅਹੁਦੇ ਜਾਂ ਤਜਰਬੇ ਦਾ ਭਾਰ ਕਦੇ ਕਿਸੇ ਸਾਹਮਣੇ ਵਾਲੇ ਉੱਤੇ ਨਹੀਂ ਸਨ ਪਾਉਂਦੇ।

ਮੈਂ ਨਿੱਜੀ ਤੌਰ 'ਤੇ ਕਈ ਵਾਰ ਮਹਿਸੂਸ ਕੀਤਾ ਕਿ ਉਹ ਸਿਰਫ਼ ਕੰਮ ਨਹੀਂ ਵੰਡਦੇ ਸਨ, ਸਗੋਂ ਦਿਲ ਖੋਲ੍ਹ ਕੇ ਭਰੋਸਾ ਵੀ ਵੰਡਦੇ ਸਨ। ਜਿਸ ਮਨੁੱਖ ਨੂੰ ਜ਼ਿੰਮੇਵਾਰੀ ਸੌਂਪਦੇ, ਉਸ ਦੇ ਕੰਮ ਵਿੱਚ ਪੂਰਾ ਵਿਸ਼ਵਾਸ ਪ੍ਰਗਟਾਉਂਦੇ, ਉਸ ਨੂੰ ਖੁੱਲ੍ਹ ਕੇ ਕੰਮ ਕਰਨ ਦੀ ਆਜ਼ਾਦੀ ਦਿੰਦੇ ਅਤੇ ਲੋੜ ਪੈਣ 'ਤੇ ਪਿੱਠ ਥਾਪੜ ਕੇ ਉਸ ਦਾ ਹੌਸਲਾ ਵਧਾਉਣਾ ਉਨ੍ਹਾਂ ਦੇ ਸੁਭਾਅ ਦਾ ਅਨਿੱਖੜਵਾਂ ਹਿੱਸਾ ਸੀ। ਉਹ ਲੋਕਾਂ ਵਿੱਚ ਕਮੀਆਂ ਲੱਭ ਕੇ ਉਨ੍ਹਾਂ ਨੂੰ ਪਿੱਛੇ ਧੱਕਣ ਦੀ ਥਾਂ, ਉਨ੍ਹਾਂ ਦੀ ਅੰਦਰੂਨੀ ਖ਼ੂਬੀ ਪਛਾਣ ਕੇ ਅੱਗੇ ਲਿਆਉਣ ਵਾਲੇ ਸੁਲਝੇ ਹੋਏ ਇਨਸਾਨ ਸਨ। ਸ਼ਾਇਦ ਇਸੇ ਕਰਕੇ ਵੱਖ-ਵੱਖ ਸ਼ਹਿਰਾਂ, ਸੂਬਿਆਂ ਅਤੇ ਦੇਸ਼ਾਂ ਵਿੱਚ ਵੱਸਦੇ ਬੁੱਧੀਜੀਵੀ ਇੱਕੋ ਮੰਚ ਨਾਲ ਜੁੜੇ ਰਹੇ ਅਤੇ 'ਸਰੋਕਾਰਾਂ ਦੀ ਆਵਾਜ਼' ਇੱਕ ਵਿਅਕਤੀ ਦੀ ਥਾਂ ਇੱਕ ਸਾਂਝੀ ਸੋਚ ਦਾ ਕਾਫ਼ਲਾ ਬਣ ਸਕੀ।

ਉਨ੍ਹਾਂ ਨਾਲ ਹੋਈਆਂ ਗੱਲਾਂ ਵਿੱਚ ਮੈਨੂੰ ਹਮੇਸ਼ਾਂ ਇੱਕ ਗੱਲ ਸਾਫ਼ ਨਜ਼ਰ ਆਈ ਕਿ ਉਨ੍ਹਾਂ ਦੀ ਚਿੰਤਾ ਆਪਣੇ ਨਾਂ ਜਾਂ ਪ੍ਰਚਾਰ ਦੀ ਨਹੀਂ, ਸਗੋਂ ਕੰਮ ਦੀ ਹੁੰਦੀ ਸੀ। ਅਖ਼ਬਾਰ ਹੋਰ ਮਿਆਰੀ ਕਿਵੇਂ ਬਣੇ, ਲੋਕਾਂ ਦੀ ਗੱਲ ਹੋਰ ਦੂਰ-ਦੁਰਾਡੇ ਤੱਕ ਕਿਵੇਂ ਪਹੁੰਚੇ, ਨਵੇਂ ਲੇਖਕਾਂ ਅਤੇ ਨੌਜਵਾਨ ਕਲਮਕਾਰਾਂ ਨੂੰ ਕਿਵੇਂ ਜੋੜਿਆ ਜਾਵੇ ਅਤੇ ਸੰਸਥਾ ਨੂੰ ਵਿਚਾਰਧਾਰਕ ਪੱਖੋਂ ਹੋਰ ਮਜ਼ਬੂਤ ਕਿਵੇਂ ਕੀਤਾ ਜਾਵੇ, ਇਹੋ ਸਵਾਲ ਉਨ੍ਹਾਂ ਦੀ ਸੋਚ ਦੇ ਕੇਂਦਰ ਵਿੱਚ ਰਹਿੰਦੇ ਸਨ।

ਅੱਜ ਜਦੋਂ ਉਹ ਸਾਡੇ ਵਿਚਕਾਰ ਸਰੀਰਕ ਤੌਰ 'ਤੇ ਮੌਜੂਦ ਨਹੀਂ ਹਨ, ਤਾਂ ਮੇਰੇ ਲਈ ਉਨ੍ਹਾਂ ਨਾਲ ਹੋਇਆ ਉਹ ਨਿੱਤ ਦਾ ਫ਼ੋਨੀ ਰਾਬਤਾ, ਉਨ੍ਹਾਂ ਦੀ ਆਪਣੀ ਜਿਹੀ ਗੱਲਬਾਤ ਅਤੇ ਮੇਰੇ ਉੱਤੇ ਕੀਤਾ ਗਿਆ ਅਥਾਹ ਭਰੋਸਾ ਬਹੁਤ ਕੀਮਤੀ ਯਾਦਾਂ ਬਣ ਚੁੱਕੇ ਹਨ। ਉਨ੍ਹਾਂ ਨੇ ਮੈਨੂੰ ਇਸ ਪਰਿਵਾਰ ਦਾ ਹਿੱਸਾ ਬਣਾ ਕੇ ਜੋ ਮਾਣ ਦਿੱਤਾ ਅਤੇ 'ਸਰੋਕਾਰਾਂ ਦੀ ਆਵਾਜ਼' ਨਾਲ ਮਿਲ ਕੇ ਸੇਵਾ ਕਰਨ ਦਾ ਜੋ ਮੌਕਾ ਬਖ਼ਸ਼ਿਆ, ਉਹ ਮੇਰੇ ਲਈ ਹਮੇਸ਼ਾ ਮਾਣ ਅਤੇ ਨੈਤਿਕ ਜ਼ਿੰਮੇਵਾਰੀ ਦੋਵੇਂ ਬਣਿਆ ਰਹੇਗਾ।

ਇੱਕ ਵਿਅਕਤੀ ਨਹੀਂ, ਇੱਕ ਸਿਰੜੀ ਕਾਫ਼ਲਾ

ਹਰਬੰਸ ਸਿੰਘ ਭਰੋਵਾਲ ਜੀ ਦੀ ਅਗਵਾਈ ਬੇਸ਼ੱਕ ਕੇਂਦਰੀ ਧੁਰਾ ਸੀ, ਪਰ 'ਸਰੋਕਾਰਾਂ ਦੀ ਆਵਾਜ਼' ਨੂੰ ਲੰਮੇ ਸਮੇਂ ਤੱਕ ਇੱਕ ਤਾਕਤਵਰ ਸੰਸਥਾ ਵਜੋਂ ਜਿਊਂਦਾ ਰੱਖਣ ਦਾ ਸਿਹਰਾ ਸਮੁੱਚੀ ਟੀਮ ਦੀ ਸਾਂਝੀ ਮਿਹਨਤ ਅਤੇ ਵਿਚਾਰਕ ਇਕਜੁੱਟਤਾ ਨੂੰ ਜਾਂਦਾ ਹੈ।

ਮੈਨੇਜਿੰਗ ਡਾਇਰੈਕਟਰ ਦੇਵਿੰਦਰ ਤੂਰ ਨੇ ਅਖ਼ਬਾਰ ਦੇ ਪ੍ਰਬੰਧਕੀ, ਸੰਗਠਨਾਤਮਕ ਪੱਖ ਨੂੰ ਨਿਰੰਤਰ ਸੰਭਾਲਿਆ ਹੈ। ਕਿਸੇ ਸੁਤੰਤਰ ਅਖ਼ਬਾਰ ਨੂੰ ਬਿਨਾਂ ਸਮਝੌਤਿਆਂ ਦੇ ਚਲਾਉਣਾ ਪੁਖਤਾ ਯੋਜਨਾਬੰਦੀ ਅਤੇ ਲੋਕਾਂ ਨੂੰ ਇਕੱਠਾ ਰੱਖਣ ਦੀ ਕਲਾ ਮੰਗਦਾ ਹੈ, ਜੋ ਤੂਰ ਸਾਹਿਬ ਨੇ ਬਾਖ਼ੂਬੀ ਨਿਭਾਈ।

ਸੰਸਥਾ ਦੇ ਮਜ਼ਬੂਤ ਥੰਮ੍ਹ: ਮਾਸਟਰ ਭਜਨ ਦਾ ਬੇਮਿਸਾਲ ਪ੍ਰਬੰਧਕੀ ਤੇ ਵਿੱਤੀ ਯੋਗਦਾਨ

ਕਿਸੇ ਵੀ ਲੋਕ-ਪੱਖੀ ਮੀਡੀਆ ਅਦਾਰੇ ਨੂੰ ਚਲਾਉਣਾ ਕੇਵਲ ਕਾਗ਼ਜ਼ 'ਤੇ ਆਦਰਸ਼ਵਾਦੀ ਵਿਚਾਰ ਲਿਖਣ ਤੱਕ ਸੀਮਤ ਨਹੀਂ ਹੁੰਦਾ। ਅਸਲ ਚੁਣੌਤੀ ਉਨ੍ਹਾਂ ਵਿਚਾਰਾਂ ਨੂੰ ਅਮਲੀਜਾਮਾ ਪਹਿਨਾਉਣ, ਸਾਧਨ ਜੁਟਾਉਣ ਅਤੇ ਅਦਾਰੇ ਨੂੰ ਵਿੱਤੀ ਪੱਖੋਂ ਪੈਰਾਂ ਸਿਰ ਰੱਖਣ ਦੀ ਹੁੰਦੀ ਹੈ। 'ਸਰੋਕਾਰਾਂ ਦੀ ਆਵਾਜ਼' ਦੀ ਇਸ ਇਤਿਹਾਸਕ ਯਾਤਰਾ ਵਿੱਚ ਕੈਲਗਰੀ ਤੋਂ ਮਾਸਟਰ ਭਜਨ ਸਿੰਘ, ਜਿਨ੍ਹਾਂ ਨੂੰ ਸਾਥੀ ਪਿਆਰ ਤੇ ਸਤਿਕਾਰ ਨਾਲ ਮਾਸਟਰ ਭਜਨ ਵੀ ਆਖਦੇ ਹਨ, ਇੱਕ ਅਜਿਹਾ ਧੁਰਾ ਹਨ ਜਿਨ੍ਹਾਂ ਨੇ ਸ਼ਬਦਾਂ ਦੇ ਨਾਲ-ਨਾਲ ਅਦਾਰੇ ਦੀ ਹਰ ਜ਼ਮੀਨੀ ਜ਼ਿੰਮੇਵਾਰੀ ਨੂੰ ਆਪਣੇ ਮੋਢਿਆਂ 'ਤੇ ਚੁੱਕਿਆ ਹੋਇਆ ਹੈ।

ਅਕਸਰ ਪਾਠਕਾਂ ਦੇ ਸਾਹਮਣੇ ਸਿਰਫ਼ ਛਪਿਆ ਹੋਇਆ ਅਖ਼ਬਾਰ ਆਉਂਦਾ ਹੈ, ਪਰ ਉਸ ਦੇ ਪਿੱਛੇ ਦੀ ਵਿੱਤੀ ਘਾਲਣਾ ਅਤੇ ਪ੍ਰਬੰਧਕੀ ਮੁਸ਼ੱਕਤ ਦੇ ਅਸਲ ਸ਼ਿਲਪਕਾਰ ਮਾਸਟਰ ਭਜਨ ਹਨ। ਅੱਜ ਦੇ ਮਹਿੰਗਾਈ ਦੇ ਦੌਰ ਵਿੱਚ ਕਿਸੇ ਸੁਤੰਤਰ ਅਤੇ ਗ਼ੈਰ-ਕਾਰਪੋਰੇਟ ਅਖ਼ਬਾਰ ਨੂੰ ਨਿਰੰਤਰ ਛਾਪਣਾ ਇੱਕ ਵੱਡਾ ਆਰਥਿਕ ਇਮਤਿਹਾਨ ਹੁੰਦਾ ਹੈ। ਮਾਸਟਰ ਜੀ ਨੇ ਫ਼ੰਡਾਂ ਦੇ ਪ੍ਰਬੰਧ, ਸੁਹਿਰਦ ਸਹਿਯੋਗੀਆਂ ਨਾਲ ਰਾਬਤਾ ਬਣਾਉਣ, ਇਸ਼ਤਿਹਾਰੀ ਸਰੋਤ ਜੁਟਾਉਣ ਅਤੇ ਬਜਟ ਦੀ ਇੱਕ-ਇੱਕ ਪਾਈ ਦਾ ਸਾਫ਼-ਸੁਥਰਾ ਤੇ ਪਾਰਦਰਸ਼ੀ ਲੇਖਾ-ਜੋਖਾ ਰੱਖਣ ਦੀ ਅਤਿਅੰਤ ਕਠਿਨ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ ਹੈ। ਉਨ੍ਹਾਂ ਦੀ ਵਿੱਤੀ ਦੂਰਅੰਦੇਸ਼ੀ ਸਦਕਾ ਹੀ ਅਖ਼ਬਾਰ ਕਦੇ ਆਰਥਿਕ ਸੰਕਟਾਂ ਅੱਗੇ ਬੇਵੱਸ ਨਹੀਂ ਹੋਇਆ।

ਇੱਕ ਅਧਿਆਪਕ ਵਾਲੀ ਡੂੰਘੀ ਬੌਧਿਕਤਾ ਅਤੇ ਸਮਾਜਿਕ ਸੰਵੇਦਨਸ਼ੀਲਤਾ ਨਾਲ ਲੈਸ ਹੋਣ ਕਾਰਨ, ਮਾਸਟਰ ਭਜਨ ਨੇ ਅਖ਼ਬਾਰ ਦੀ ਸਮੱਗਰੀ ਦੇ ਮਿਆਰ ਨੂੰ ਕਦੇ ਡਿੱਗਣ ਨਹੀਂ ਦਿੱਤਾ। ਉਹ ਪਰਚੇ ਵਿੱਚ ਸ਼ਾਮਲ ਹੋਣ ਵਾਲੇ ਹਰ ਲੇਖ ਦੀ ਵਿਚਾਰਧਾਰਕ ਪੁਖ਼ਤਗੀ ਨੂੰ ਬੜੀ ਬਾਰੀਕੀ ਨਾਲ ਪਰਖਦੇ ਹਨ ਤਾਂ ਜੋ 'ਸਰੋਕਾਰਾਂ ਦੀ ਆਵਾਜ਼' ਦੀ ਲੋਕ-ਪੱਖੀ ਤੇ ਤਰਕਸ਼ੀਲ ਧਾਰ ਹਮੇਸ਼ਾ ਤਿੱਖੀ ਰਹੇ।

ਇਸ ਦੇ ਨਾਲ ਹੀ ਕੈਲਗਰੀ ਅਤੇ ਸਮੁੱਚੇ ਅਲਬਰਟਾ ਖੇਤਰ ਵਿੱਚ ਪਰਚੇ ਦੀ ਛਪਾਈ ਤੋਂ ਲੈ ਕੇ ਉਸ ਨੂੰ ਪਾਠਕਾਂ ਦੇ ਹੱਥਾਂ, ਲਾਇਬ੍ਰੇਰੀਆਂ, ਗੁਰੂ-ਘਰਾਂ ਅਤੇ ਕਮਿਊਨਿਟੀ ਸੈਂਟਰਾਂ ਤੱਕ ਪਹੁੰਚਾਉਣ ਤੱਕ ਮਾਸਟਰ ਜੀ ਨੇ ਨਿੱਜੀ ਤੌਰ 'ਤੇ ਜ਼ਿੰਮੇਵਾਰੀ ਨਿਭਾਈ ਹੈ। ਉਨ੍ਹਾਂ ਨੇ ਕਦੇ ਵੀ ਕਿਸੇ ਕੰਮ ਨੂੰ ਛੋਟਾ ਨਹੀਂ ਸਮਝਿਆ; ਲੇਖ ਲਿਖਣ ਤੋਂ ਲੈ ਕੇ ਅਖ਼ਬਾਰ ਦੇ ਬੰਡਲ ਢੋਣ ਤੱਕ, ਉਹ ਹਮੇਸ਼ਾ ਮੋਹਰੀ ਸਫ਼ ਵਿੱਚ ਖੜ੍ਹੇ ਨਜ਼ਰ ਆਉਂਦੇ ਹਨ।

ਮਰਹੂਮ ਹਰਬੰਸ ਸਿੰਘ ਭਰੋਵਾਲ ਜੀ ਜਦੋਂ ਵੀ ਸੰਸਥਾ ਦੀ ਗੱਲ ਕਰਦੇ ਹੁੰਦੇ ਸਨ, ਤਾਂ ਮਾਸਟਰ ਭਜਨ ਦੀ ਦਿਆਨਤਦਾਰੀ, ਮਿਹਨਤ ਅਤੇ ਨਿਰਸੁਆਰਥ ਭਾਵਨਾ ਦਾ ਜ਼ਿਕਰ ਬੜੇ ਮਾਣ ਨਾਲ ਕਰਦੇ ਸਨ। ਭਰੋਵਾਲ ਸਾਹਿਬ ਅਕਸਰ ਕਹਿੰਦੇ ਹੁੰਦੇ ਸਨ ਕਿ ਜਦੋਂ ਤੱਕ ਮਾਸਟਰ ਜੀ ਵਰਗੇ ਸਿਦਕੀ

ਯੋਧੇ ਟੀਮ ਦੀ ਅਗਵਾਈ ਕਰ ਰਹੇ ਹਨ, ਉਦੋਂ ਤੱਕ ਅਦਾਰੇ ਦੇ ਪ੍ਰਬੰਧਕੀ ਜਾਂ ਵਿੱਤੀ ਪੱਖੋਂ ਕੋਈ ਔਕੜ ਨਹੀਂ ਆ ਸਕਦੀ। ਅੱਜ ਜਦੋਂ ਭਰੋਵਾਲ ਸਾਹਿਬ ਦੇ ਜਾਣ ਮਗਰੋਂ ਜ਼ਿੰਮੇਵਾਰੀ ਦਾ ਦਾਇਰਾ ਹੋਰ ਵੱਡਾ ਹੋ ਚੁੱਕਾ ਹੈ, ਤਾਂ ਮਾਸਟਰ ਭਜਨ ਦੀ ਸੰਸਥਾ ਪ੍ਰਤੀ ਮਿਸਾਲੀ ਸਮਰਪਣ ਭਾਵਨਾ ਸਮੁੱਚੀ ਟੀਮ ਲਈ ਭਰੋਸੇ ਦਾ ਸਭ ਤੋਂ ਵੱਡਾ ਆਸਰਾ ਬਣੀ ਹੋਈ ਹੈ।

ਇਨ੍ਹਾਂ ਮੁੱਖ ਥੰਮਾਂ ਦੀ ਪਿੱਠ 'ਤੇ ਕਲਮਕਾਰਾਂ, ਸਲਾਹਕਾਰਾਂ ਅਤੇ ਵੱਖ-ਵੱਖ ਪੱਖਾਂ ਤੋਂ ਯੋਗਦਾਨ ਪਾਉਣ ਵਾਲੀ ਵੱਡੀ ਟੀਮ ਹੈ ਜਿਨ੍ਹਾਂ ਦੇ ਸਾਂਝੇ ਯਤਨਾਂ ਨਾਲ 'ਸਰੋਕਾਰਾਂ ਦੀ ਆਵਾਜ਼' ਨੇ ਅਖ਼ਬਾਰਾਂ-ਰਸਾਲਿਆਂ ਦੀ ਭਰਮਾਰ 'ਚ ਆਪਣੀ ਵਿਲੱਖਣ ਪਛਾਣ ਬਣਾਈ ਹੈ। ਕੋਈ ਵੀ ਅਖ਼ਬਾਰ ਸਿਰਫ਼ ਮੁੱਖ ਸੰਪਾਦਕ ਨਾਲ ਸੰਪੂਰਨ ਨਹੀਂ ਹੁੰਦਾ। ਲਿਖਣ ਵਾਲਾ, ਸੰਪਾਦਨ ਕਰਨ ਵਾਲਾ, ਸਲਾਹ ਦੇਣ ਵਾਲਾ, ਡਿਜ਼ਾਈਨਰ, ਤਸਵੀਰਾਂ ਭੇਜਣ ਵਾਲਾ, ਘਰ-ਘਰ ਅਖ਼ਬਾਰ ਵੰਡਣ ਵਾਲਾ ਅਤੇ ਵਿੱਤੀ ਤੌਰ 'ਤੇ ਮੋਢਾ ਦੇਣ ਵਾਲਾ ਹਰ ਸ਼ਖ਼ਸ ਇਸ ਸਾਂਝੀ ਲੜੀ ਦਾ ਅਨਿੱਖੜਵਾਂ ਮਣਕਾ ਹੈ। ਅਖ਼ਬਾਰ ਦੇ ਬੌਧਿਕ ਤੇ ਸੁਹਜਾਤਮਕ ਪੱਖਾਂ ਵਿੱਚ ਜੋ ਉੱਘੜਵਾਂ ਨਿਵੇਕਲਾਪਣ ਹੈ, ਉਹ ਇਨ੍ਹਾਂ ਸਭ ਦੇ ਸਾਂਝੇ ਯਤਨਾਂ ਦਾ ਸਿੱਟਾ ਹੈ।

ਡਾ. ਹਰਦੀਪ ਸਿੰਘ ਅਟਵਾਲ ਨੇ ਆਪਣੇ ਲੇਖਾਂ ਅਤੇ ਘੋਖਵੀਂ ਦ੍ਰਿਸ਼ਟੀ ਰਾਹੀਂ ਸੰਪਾਦਨ ਦੇ ਕੰਮ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਹੇ ਹਨ। ਬੂਟਾ ਸਿੰਘ ਮਹਿਮੂਦਪੁਰ ਅਤੇ ਨਵਕਿਰਨ ਸਿੰਘ ਪੱਤੀ ਵਰਗੇ ਕਲਮਕਾਰ ਆਪਣੀਆਂ ਵਿਸ਼ਲੇਸ਼ਣਾਤਮਕ ਲਿਖਤਾਂ ਨਾਲ ਪਾਠਕਾਂ ਦੀ ਸਮਕਾਲ ਦੇ ਵਰਤਾਰਿਆਂ ਬਾਰੇ ਸਪਸ਼ਟਤਾ ਤੇ ਸਮਝ ਬਣਾਉਣ 'ਚ ਤਾਂ ਆਪਣਾ ਯੋਗਦਾਨ ਪਾ ਹੀ ਰਹੇ ਹਨ ਪਰ ਉਨ੍ਹਾਂ ਦੇ ਠੋਸ ਉਸਾਰੂ ਸੁਝਾਵਾਂ ਨੇ ਹਮੇਸ਼ਾ ਅਖ਼ਬਾਰ ਨੂੰ ਵਿਚਾਰਧਾਰਕ ਪੱਖੋਂ ਸਪਸ਼ਟ ਅਤੇ ਲੋਕਪੱਖੀ ਪੱਤਰਕਾਰਤਾ ਦੇ ਪੱਖੋਂ ਮਿਆਰੀ ਬਣਾਉਣ ਵਿੱਚ ਵੀ ਵੱਡਾ ਯੋਗਦਾਨ ਪਾਇਆ ਹੈ।

ਉੱਘੇ ਪੱਤਰਕਾਰ, ਸੰਪਾਦਕ ਅਤੇ ਸੁਲਝੇ ਹੋਏ ਲੇਖਕ ਹਰਚਰਨ ਸਿੰਘ ਪਰਹਾਰ ਦਾ ਕੈਨੇਡੀਅਨ ਪੰਜਾਬੀ ਪੱਤਰਕਾਰੀ ਵਿੱਚ ਲੰਮਾ ਤਜਰਬਾ ਅਤੇ ਸਤਿਕਾਰਤ ਸਥਾਨ ਹੈ। ਕੈਲਗਰੀ ਅਤੇ ਪੱਛਮੀ ਕੈਨੇਡਾ ਦੇ ਖੇਤਰ ਵਿੱਚ 'ਸਰੋਕਾਰਾਂ ਦੀ ਆਵਾਜ਼' ਦੀ ਪਹੁੰਚ ਨੂੰ ਘਰ-ਘਰ ਅਤੇ ਦਿਲ-ਦਿਲ ਤੱਕ ਪਹੁੰਚਾਉਣ ਵਿੱਚ ਉਨ੍ਹਾਂ ਦਾ ਯੋਗਦਾਨ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹੈ।

ਪਰਮਿੰਦਰ ਸਵੈਚ ਅਤੇ ਜਸਵੀਰ ਮੰਗੂਵਾਲ ਵਰਗੀਆਂ ਸਾਹਿਤਕ-ਸੱਭਿਆਚਾਰਕ ਸ਼ਖ਼ਸੀਅਤਾਂ ਨੇ ਅਖ਼ਬਾਰ ਨੂੰ ਰਾਜਨੀਤਕ-ਸਮਾਜਿਕ ਤਬਸਰਾਕਾਰੀ 'ਚ ਸਾਹਿਤਕ ਅਤੇ ਸੱਭਿਆਚਾਰਕ ਰੰਗ ਜੋੜਕੇ ਹੋਰ ਵੰਨਗੀਦਾਰ ਬਣਾ ਰਹੇ ਹਨ। ਇਸੇ ਤਰ੍ਹਾਂ ਆਨਰੇਰੀ ਐਡਵਾਈਜ਼ਰੀ ਬੋਰਡ ਵਿਚ ਸੁਖਦੇਵ ਸਿੰਘ ਸੰਧੂ, ਮਾਸਟਰ ਬਲਬੀਰ ਸਿੰਘ ਗਿੱਲ, ਜਸਪ੍ਰੀਤ ਧਾਲੀਵਾਲ, ਨਰਭਿੰਦਰ ਸਿੰਘ ਅਤੇ ਹੋਰ ਅਨੇਕਾਂ ਸਾਥੀ ਟੋਰਾਂਟੋ, ਸਰੀ, ਵੈਨਕੂਵਰ, ਵਿਨੀਪੈਗ ਅਤੇ ਪੰਜਾਬ ਵਿੱਚ ਇਸ ਮੀਡੀਆ ਪਰਿਵਾਰ ਦੀ ਵਿਸ਼ਾਲ ਪਹੁੰਚ ਦੇ ਪ੍ਰਤੀਕ ਹਨ।

ਡਿਜੀਟਲ ਦੌਰ ਦੀਆਂ ਚੁਣੌਤੀਆਂ ਅਤੇ ਜ਼ਿੰਮੇਵਾਰ ਪੱਤਰਕਾਰੀ

ਅੱਜ ਦੇ ਯੁੱਗ ਵਿਚ ਮੀਡੀਆ ਦਾ ਮੁਹਾਂਦਰਾ ਬਹੁਤ ਤੇਜ਼ੀ ਨਾਲ ਬਦਲ ਚੁੱਕਾ ਹੈ। ਸੋਸ਼ਲ ਮੀਡੀਆ ਦੇ ਪਸਾਰੇ ਨੇ ਹਰ ਵਿਅਕਤੀ ਨੂੰ ਇੱਕ ਤਰ੍ਹਾਂ ਦਾ ਪ੍ਰਕਾਸ਼ਕ ਬਣਾ ਧਰਿਆ ਹੈ। ਖ਼ਬਰਾਂ ਸਕਿੰਟਾਂ ਵਿੱਚ ਦੁਨੀਆ ਦੇ ਕੋਨੇ-ਕੋਨੇ ਤੱਕ ਪਹੁੰਚ ਜਾਂਦੀਆਂ ਹਨ। ਪਰ ਇਸ ਤੇਜ਼ ਰਫ਼ਤਾਰ ਨੇ ਪੱਤਰਕਾਰੀ ਸਾਹਮਣੇ ਕਈ ਗੰਭੀਰ ਨੈਤਿਕ ਸੰਕਟ ਵੀ ਖੜ੍ਹੇ ਕਰ ਦਿੱਤੇ ਹਨ।

ਅਜਿਹੇ ਦੌਰ ਵਿੱਚ ਜ਼ਿੰਮੇਵਾਰ ਪੱਤਰਕਾਰੀ ਦੀ ਮਹੱਤਤਾ ਪਹਿਲਾਂ ਨਾਲੋਂ ਕਿਤੇ ਵੱਧ ਜਾਂਦੀ ਹੈ। ਤੇਜ਼ੀ ਕਦੇ ਵੀ ਸੱਚਾਈ ਦਾ ਬਦਲ ਨਹੀਂ ਹੋ ਸਕਦੀ ਅਤੇ ਖ਼ਬਰ ਨੂੰ ਪਹਿਲਾਂ ਦੇਣ ਦੀ ਦੌੜ ਵਿੱਚ ਤੱਥਾਂ ਦੀ ਪੜਤਾਲ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਵਾਇਰਲ ਹੋਣਾ ਭਰੋਸੇਯੋਗਤਾ ਦੀ ਗਾਰੰਟੀ ਨਹੀਂ ਬਣ ਸਕਦਾ। ਸਨਸਨੀਖ਼ੇਜ਼ ਰਾਹੀਂ ਵਿਊਜ਼ ਬਟੋਰਨਾ ਪੱਤਰਕਾਰੀ ਨਹੀਂ, ਸਗੋਂ ਲੋਕਾਂ ਨੂੰ ਸੋਚਣ-ਵਿਚਾਰਨ ਲਈ ਸਾਰਥਕ ਸਮੱਗਰੀ ਦੇਣਾ ਹੀ ਮੀਡੀਆ ਦਾ ਅਸਲ ਧਰਮ ਹੈ। ਸੱਚ ਦੀ ਨਿਰਪੱਖ ਜਾਂਚ, ਮਨੁੱਖੀ ਸੰਵੇਦਨਾ ਦੀ ਰਾਖੀ, ਭਾਸ਼ਾ ਦੀ ਸ਼ਾਲੀਨਤਾ ਅਤੇ ਕਮਜ਼ੋਰ ਦੀ ਆਵਾਜ਼ ਬਣਨਾ ਹੀ ਸਰੋਕਾਰਾਂ ਦੀ ਆਵਾਜ਼ ਦਾ ਅਸਲ ਟੀਚਾ ਰਿਹਾ ਹੈ।

ਅਖ਼ਬਾਰ ਚੱਲਦਾ ਰਹੇ ਅਤੇ ਇਸ ਦੀ ਰੂਹ ਵੀ ਜਿਊਂਦੀ ਰਹੇ

ਹਰਬੰਸ ਭਰੋਵਾਲ ਜੀ ਨੂੰ ਸੱਚੀ ਅਤੇ ਅਰਥਪੂਰਨ ਸ਼ਰਧਾਂਜਲੀ ਸਿਰਫ਼ 'ਸਰੋਕਾਰਾਂ ਦੀ ਆਵਾਜ਼' ਦੇ ਪੰਨੇ ਛਾਪਦੇ ਰਹਿਣਾ ਨਹੀਂ ਹੋਵੇਗੀ। ਅਸਲ ਸ਼ਰਧਾਂਜਲੀ ਇਹ ਹੋਵੇਗੀ ਕਿ ਇਸ ਦੇ ਨਾਂ ਅਤੇ ਇਸ ਦੇ ਜ਼ਮੀਨੀ ਕੰਮ ਦਾ ਸੁਮੇਲ ਬਣਿਆ ਰਹੇ।

'ਸਰੋਕਾਰਾਂ ਦੀ ਆਵਾਜ਼' ਸੱਚਮੁੱਚ ਲੋਕ-ਸਰੋਕਾਰਾਂ ਦੀ ਹੀ ਬੁਲੰਦ ਆਵਾਜ਼ ਬਣੀ ਰਹੇ। ਇਸ ਵਿੱਚ ਮਜ਼ਲੂਮ ਦਾ ਦਰਦ ਹੋਵੇ, ਕਿਰਤੀ-ਕਾਮਿਆਂ ਦੇ ਹੱਕਾਂ ਦੀ ਲੜਾਈ ਹੋਵੇ, ਪਰਵਾਸੀ ਭਾਈਚਾਰੇ ਦੀਆਂ ਜਟਿਲ ਸਮੱਸਿਆਵਾਂ ਹੋਣ, ਨਵੀਂ ਪੀੜ੍ਹੀ ਦੀ ਸਾਰਥਕ ਸੇਧ ਹੋਵੇ ਅਤੇ ਪੰਜਾਬ ਦੀ ਮਿੱਟੀ ਦੀ ਮਹਿਕ ਤੇ ਵਿਗਿਆਨਕ-ਤਰਕਸ਼ੀਲ ਸੋਚ ਕਾਇਮ ਰਹੇ। ਜੇਕਰ ਇਹ ਰੂਹ ਬਰਕਰਾਰ ਰਹੀ ਤਾਂ ਪ੍ਰਕਾਸ਼ਿਤ ਹੋਣ ਵਾਲਾ ਹਰ ਨਵਾਂ ਅੰਕ ਹਰਬੰਸ ਭਰੋਵਾਲ ਜੀ ਨੂੰ ਭੇਟ ਕੀਤੀ ਗਈ ਇੱਕ ਜੀਵੰਤ ਸ਼ਰਧਾਂਜਲੀ ਹੋਵੇਗਾ।

ਅਹੁਦੇ ਬਦਲ ਜਾਂਦੇ ਹਨ, ਨਾਂ ਵੀ ਇੱਕ ਦਿਨ ਕਾਲ ਦੇ ਵਹਿਣ ਵਿੱਚ ਇਤਿਹਾਸ ਬਣ ਜਾਂਦੇ ਹਨ। ਪਰ ਜੇਕਰ ਸਾਥੀ ਉੱਚੇ ਮਨੁੱਖੀ ਮੁੱਲਾਂ ਅਤੇ ਸਮਾਜਿਕ ਸਰੋਕਾਰਾਂ ਨੂੰ ਦਿਲੋਂ ਸੰਭਾਲ ਲੈਣ, ਤਾਂ ਇਹ ਪੀੜ੍ਹੀ-ਦਰ-ਪੀੜ੍ਹੀ ਜਿਊਂਦੇ ਰਹਿੰਦੇ ਹਨ। ਹਰਬੰਸ ਸਿੰਘ ਭਰੋਵਾਲ ਜੀ ਨੇ ਸਾਡੇ ਲਈ ਸਿਰਫ਼ ਇੱਕ ਅਖ਼ਬਾਰ ਨਹੀਂ ਛੱਡਿਆ, ਉਨ੍ਹਾਂ ਨੇ ਸਾਨੂੰ ਇੱਕ ਵਿਸ਼ਵਾਸ, ਇੱਕ ਵਿਚਾਰਧਾਰਾ ਅਤੇ ਇੱਕ ਸੁਹਿਰਦ ਪਰਿਵਾਰ ਸੌਂਪਿਆ ਹੈ।

ਹੁਣ ਸਮੁੱਚੀ ਟੀਮ ਦੀ ਇਹ ਇਤਿਹਾਸਕ ਜ਼ਿੰਮੇਵਾਰੀ ਬਣਦੀ ਹੈ ਕਿ ਆਪਸੀ ਸਤਿਕਾਰ, ਏਕਤਾ ਅਤੇ ਭਰੋਸੇ ਨਾਲ ਇਸ ਕਾਫ਼ਲੇ ਨੂੰ ਨਿਰੰਤਰ ਅੱਗੇ ਲੈ ਕੇ ਚੱਲੀਏ। ਇਨਸਾਨ ਚਲਾ ਜਾਂਦਾ ਹੈ, ਪਰ ਜੇ ਉਸ ਨੇ ਆਪਣੀ ਕਲਮ ਲੋਕਾਂ ਦੇ ਹੱਕਾਂ ਨੂੰ ਸਮਰਪਿਤ ਕਰ ਦਿੱਤੀ ਹੋਵੇ ਤਾਂ ਉਹ ਆਵਾਜ਼ ਕਦੇ ਖਾਮੋਸ਼ ਨਹੀਂ ਹੁੰਦੀ। ਹਰਬੰਸ ਸਿੰਘ ਭਰੋਵਾਲ ਜੀ ਅੱਜ ਸਰੀਰਕ ਤੌਰ 'ਤੇ ਸਾਡੇ ਵਿਚਕਾਰ ਨਹੀਂ ਹਨ, ਪਰ ਲੋਕ-ਹਿਤਾਂ ਲਈ ਉੱਠਦੀ ਹਰ ਆਵਾਜ਼ ਵਿੱਚ ਉਨ੍ਹਾਂ ਦੀ ਸੋਚ ਸਦਾ ਅਮਰ ਰਹੇਗੀ।

'ਸਰੋਕਾਰਾਂ ਦੀ ਆਵਾਜ਼' ਦੇ ਹਰ ਨਵੇਂ ਅੰਕ ਵਿੱਚ ਉਨ੍ਹਾਂ ਦੇ ਜਗਾਏ ਵਿਚਾਰਾਂ ਦਾ ਚਾਨਣ ਸੁਚੱਜੇ ਰੂਪ ਵਿੱਚ ਫੈਲਦਾ ਰਹੇ, ਇਹੀ ਸਾਡੇ ਮਾਰਗਦਰਸ਼ਕ, ਸਾਡੇ ਬਾਨੀ ਸੰਪਾਦਕ ਨੂੰ ਸਾਡੀ ਸਭ ਤੋਂ ਨਿਮਰ ਅਤੇ ਸੱਚੀ ਸ਼ਰਧਾਂਜਲੀ ਹੋਵੇਗੀ।

ਸਾਡੇ ਬਾਨੀ ਸੰਪਾਦਕ ਹਰਬੰਸ ਭਰੋਵਾਲ ਨਮਿਤ ਸ਼ਰਧਾਂਜਲੀ ਸਮਾਗਮ

ਸੱਤਰਵਿਆਂ ਦੀ ਇਨਕਲਾਬੀ ਨੌਜਵਾਨ ਵਿਦਿਆਰਥੀ ਲਹਿਰ ਦੀ ਚੜ੍ਹਤ ਦੇ ਦੌਰ 'ਚ ਸਾਇੰਸ ਕਾਲਜ ਜਗਰਾਓਂ ਵਿਖੇ ਬੀਐੱਸ.ਸੀ. ਦੀ ਪੜਾਈ ਕਰਦਿਆਂ ਪੰਜਾਬ ਸਟੂਡੈਂਟਸ ਯੂਨੀਅਨ , ਨੌਜਵਾਨ ਭਾਰਤ ਸਭਾ ਰਾਹੀਂ ਜਨਤਕ ਸੰਘਰਸ਼ਾਂ 'ਚ ਮੋਹਰੀ ਭੂਮਿਕਾ ਨਿਭਾਉਣ ਵਾਲੇ ਕਾਮਰੇਡ ਹਰਬੰਸ ਸਿੰਘ ਭਰੋਵਾਲ ਕਲਾਂ ਦਾ ਸ਼ਰਧਾਂਜਲੀ ਸਮਾਗਮ ਉਸਦੇ ਸੰਘਰਸ਼ਾਂ ਦੇ ਸੰਗੀ-ਸਾਥੀਆਂ ਅਤੇ ਇਨਕਲਾਬੀ-ਜਮਹੂਰੀ ਜਥੇਬੰਦੀਆਂ ਵੱਲੋਂ ਸਾਥੀ ਹਰਬੰਸ ਭਰੋਵਾਲ ਯਾਦਗਾਰੀ ਕਮੇਟੀ ਬਣਾਕੇ ਆਯੋਜਤ ਕੀਤਾ ਗਿਆ। ਉਨ੍ਹਾਂ ਦੀ ਕਰਮਭੂਮੀ ਪਿੰਡ ਭਰੋਵਾਲ ਕਲਾਂ ਦੇ ਗੁਰੂ ਦੁਆਰਾ ਸਾਹਿਬ ਦੇ ਲੰਗਰ ਹਾਲ 'ਚ ਹੋਏ ਸ਼ਰਧਾਂਜਲੀ ਸਮਾਗਮ 'ਚ ਦਰਜਨ ਦੇ ਕਰੀਬ ਜਥੇਬੰਦੀਆਂ ਦੇ ਆਗੂਆਂ ਅਤੇ ਵਰਕਰਾਂ ਨੇ ਭਾਗ ਲਿਆ। ਵਿਛੜੇ ਸਾਥੀ ਦੀ ਤਸਵੀਰ ਨੂੰ ਫੁੱਲ ਪੱਤੀਆਂ ਭੇਟ ਕਰਨ ਉਪਰੰਤ ਦੋ ਮਿੰਟ ਦਾ ਮੋਨ ਧਾਰ ਕੇ ਹਾਜ਼ਰੀਨ ਵਲੋਂ ਸ਼ਰਧਾਂਜਲੀ ਭੇਂਟ ਕੀਤੀ ਗਈ। ਹਰਬੰਸ ਭਰੋਵਾਲ ਦੇ ਜਮਾਤੀ ਉੱਘੇ ਬੁੱਧੀਜੀਵੀ ਡਾ: ਕੁਲਦੀਪ ਸਿੰਘ ਪਟਿਆਲਾ, ਜਸਦੇਵ ਸਿੰਘ ਲਲਤੋਂ ਆਗੂ ਦਸ਼ਮੇਸ਼ ਕਿਸਾਨ ਮਜ਼ਦੂਰ ਯੂਨੀਅਨ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ-ਧਨੇਰ ਦੇ ਆਗੂ ਇੰਦਰਜੀਤ ਸਿੰਘ ਧਾਲੀਵਾਲ, ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਪ੍ਰਧਾਨ ਪ੍ਰੋ. ਜਗਮੋਹਨ ਸਿੰਘ ਅਤੇ ਸੂਬਾ ਕਮੇਟੀ ਮੈਂਬਰ ਨਰਭਿੰਦਰ ਸਿੰਘ, ਅਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਦੇ ਆਗੂ ਬੂਟਾ ਸਿੰਘ ਮਹਿਮੂਦਪੁਰ, ਇਨਕਲਾਬੀ ਕੇਂਦਰ ਪੰਜਾਬ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ, ਵਰਗ ਚੇਤਨਾ ਮੰਚ ਦੇ ਜੋਗਿੰਦਰ ਆਜ਼ਾਦ, ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਬਲਾਕ ਸਿੱਧਵਾਂਬੇਟ ਦੇ ਆਗੂ ਰਾਮਸ਼ਰਨ ਸਿੰਘ ਰਸੂਲਪੁਰ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵਲੋਂ ਅਵਤਾਰ ਸਿੰਘ ਤਾਰੀ, ਪੇਂਡੂ ਮਜ਼ਦੂਰ ਯੂਨੀਅਨ (ਮਸ਼ਾਲ) ਵਲੋਂ ਜਸਵੀਰ ਸੀਰਾ, ਸਾਂਝਾ ਪੈਨਸ਼ਨਰ ਪੈਨਸ਼ਨਰ ਫਰੰਟ ਜਗਰਾਉਂ ਦੇ ਆਗੂ ਅਸ਼ੋਕ ਭੰਡਾਰੀ, ਕਿਸਾਨ ਸਭਾ ਦੇ ਆਗੂ ਕਾ. ਭਰਪੂਰ ਸਿੰਘ ਸਵੱਦੀ, ਪੰਜਾਬ ਕਿਸਾਨ ਯੂਨੀਅਨ ਵਲੋ ਡਾ. ਗੁਰਚਰਨ ਸਿੰਘ ਰਾਏਕੋਟ ਆਦਿ ਨੇ ਸੰਬੋਧਨ ਕੀਤਾ। ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਕਿਹਾ ਕਿ ਹਰਬੰਸ ਸਿੰਘ ਨੇ ਕਾਲਜ 'ਚ ਪੜਦਿਆਂ ਜੋ ਇਨਕਲਾਬੀ ਚੇਤਨਾ ਕਾ. ਹਰਬੰਸ ਨੇ ਹਾਸਲ ਕੀਤੀ ਸੀ ਉਸ ਨੂੰ ਪ੍ਰਵਾਸੀ ਜੀਵਨ 'ਚ ਵੀ ਲੜ ਬੰਨ੍ਹ ਕੇ ਰੱਖਿਆ। ਉਸਦੇ ਸਮਕਾਲੀਆਂ ਨੇ ਉਨ੍ਹਾਂ ਨਾਲ ਬਿਤਾਏ ਪਲਾਂ ਨੂੰ ਯਾਦ ਕਰਦਿਆਂ ਉਨ੍ਹਾਂ ਵਲੋਂ ਵੱਖ-ਵੱਖ ਘੋਲਾਂ 'ਚ ਪਾਏ ਯੋਗਦਾਨ ਦੀ ਸਰਾਹਨਾ ਕੀਤੀ। ਉਨ੍ਹਾਂ ਦੱਸਿਆ ਕਿ ਬੇਟ ਏਰੀਏ 'ਚ 1978 'ਚ ਆਏ ਭਿਆਨਕ ਹੜਾਂ ਵੇਲੇ ਲੋਕਾਂ ਦੀ ਹਰ ਪੱਖੋਂ ਮਦਦ ਕਰਨ, ਵਿਦਿਆਰਥੀ ਆਗੂ ਸ਼ਹੀਦ ਪ੍ਰਿਥੀਪਾਲ ਰੰਧਾਵੇ ਦੇ ਕਤਲ ਵਿਰੋਧੀ ਘੋਲ, ਦਰਬਾਰਾ ਸਿੰਘ ਦੀ ਕਾਂਗਰਸ ਸਰਕਾਰ ਵੇਲੇ ਵਧੇ ਬੱਸ ਕਿਰਾਇਆ ਵਿਰੋਧੀ ਘੋਲ, ਸਿਧਵਾਂ ਬੇਟ ਇਲਾਕੇ ਅੰਦਰ ਪਿੰਡ ਰਾਣਕੇ ਦੇ ਜਲ੍ਹਾ ਕਤਲ-ਕਾਂਡ ਵਿਰੋਧੀ ਘੋਲ, ਅਨੇਕਾਂ ਕਿਸਾਨ ਸੰਘਰਸ਼ਾਂ ਅਤੇ ਬੇਰੁਜ਼ਗਾਰ ਅਧਿਆਪਕ ਯੂਨੀਅਨ ਦੇ ਸੂਬਾ ਪੱਧਰੀ ਸੰਘਰਸ਼ 'ਚ ਉਨ੍ਹਾਂ ਮੂਹਰਲੀ ਕਤਾਰ 'ਚ ਭਾਗ ਲਿਆ। ਵਿਦੇਸ਼ੀ ਧਰਤੀ ਕਨੇਡਾ 'ਤੇ ਵੀ ਕਿਰਤੀ ਲੋਕਾਂ ਦੇ, ਖ਼ਾਸ ਕਰਕੇ ਪ੍ਰਵਾਸੀਆਂ ਦੇ ਹੱਕਾਂ ਦੀ ਲੜਾਈ ਜ਼ੋਰ-ਸ਼ੋਰ ਨਾਲ ਜਾਰੀ ਰੱਖੀ। ਮਾਸਿਕ ਲੋਕ ਪੱਖੀ ਮਕਬੂਲ ਅਖ਼ਬਾਰ "ਸਰੋਕਾਰਾਂ ਦੀ ਆਵਾਜ਼" ਰਾਹੀਂ ਨਿਰੰਤਰ ਦੇਸ਼-ਵਿਦੇਸ਼ ਦੇ ਸਿਆਸੀ ਸਮਾਜਿਕ ਵਰਤਾਰਿਆਂ ਦੀ ਸਟੀਕ ਚੀਰਫਾੜ ਕਰਦਿਆਂ ਲੋਕ ਚੇਤਨਾ ਨੂੰ ਸਾਨ 'ਤੇ ਲਾਇਆ। ਬੁਲਾਰਿਆਂ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦਾ ਸਾਰਥੀ ਹਰਬੰਸ ਭਰੋਵਾਲ ਲੁੱਟ ਜਬਰ ਰਹਿਤ ਸਮਾਜ ਦੀ ਉਸਾਰੀ ਦਾ ਵਾਹਕ ਸੀ। ਉਹ ਤਰਕਸ਼ੀਲ ਅਤੇ ਸਮਾਜਵਾਦੀ ਵਿਚਾਰਾਂ ਦਾ ਧਾਰਨੀ ਸੀ।

ਇਸ ਸਮੇ ਦੋ ਮਤਿਆਂ ਰਾਹੀਂ ਮੋਦੀ ਸਰਕਾਰ ਵਲੋਂ ਵਿਦਿਆਰਥੀਆਂ, ਨੌਜਵਾਨਾਂ ਅਤੇ ਲੋਕਾਂ ਵਲੋ ਸ਼ੁਰੂ ਕੀਤੇ ਵੋਟਾਂ ਦੀ ਸੁਧਾਈ 'ਚ ਧਾਂਦਲੀ ਖ਼ਿਲਾਫ਼ ਲੋਕ ਸੰਘਰਸ਼ ਨੂੰ ਜਾਬਰ ਹੱਥਕੰਡਿਆਂ ਨਾਲ ਦਬਾਉਣ ਦੀ ਨਿਖੇਧੀ ਅਤੇ ਲੋਕ ਵਿਰੋਧੀ ਤਾਕਤਾਂ ਵਲੋ ਤਲਵੰਡੀ ਸਲੇਮ ਵਿਖੇ ਲੋਕ ਕਵੀ ਪਾਸ਼ ਅਤੇ ਹੰਸਰਾਜ ਯਾਦਗਾਰੀ ਕੰਪਲੈਕਸ 'ਤੇ ਕਬਜ਼ਾ ਕਰਨ ਦੀਆਂ ਕੋਸ਼ਿਸ਼ਾਂ ਦੀ ਨਿੰਦਾ ਕਰਦਿਆਂ ਪੰਜਾਬ ਸਰਕਾਰ ਵਲੋਂ ਸ਼ਹੀਦ ਪਾਸ਼ ਤੇ ਹੰਸਰਾਜ ਦੀ ਯਾਦਗਾਰ ਨੂੰ ਮਾਨਤਾ ਦੇਣ ਦੀ ਮੰਗ ਕੀਤੀ ਗਈ। ਸਟੇਜ ਸਕੱਤਰ ਦੀ ਸੁਚਾਰੂ ਭੂਮਿਕਾ ਡਾ. ਸੁਖਦੇਵ ਸਿੰਘ ਭੂੰਦੜੀ ਨੇ ਬਾਖ਼ੂਬੀ ਨਿਭਾਈ। ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਵਲੋਂ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾਂ ਹੇਠ ਬੇਹੱਦ ਸ਼ਾਨਦਾਰ ਕੋਰੀਓਗ੍ਰਾਫੀ "ਤੂੰ ਕਲਮਕਾਰ ਹੈ ਲੋਕਾਂ ਦਾ" ਖੇਡ ਕੇ ਹਰਬੰਸ ਭਰੋਵਾਲ ਨੂੰ ਯਾਦ ਕੀਤਾ ਗਿਆ। ਸ਼ਰਧਾਂਜਲੀ ਸਮਾਗਮ ਲਈ ਲੰਗਰ ਪਾਣੀ ਤੇ ਚਾਹ ਦਾ ਸੁਚੱਜਾ ਪ੍ਰਬੰਧ ਭਰੋਵਾਲ ਵਾਸੀਆਂ ਵੱਲੋ ਕੀਤਾ ਗਿਆ ਸੀ।

ਇਸ ਮੌਕੇ ਕਿਸਾਨ ਆਗੂ ਗੁਰਦੀਪ ਸਿੰਘ ਦੀਪਾ, ਬਸੰਤ ਸਿੰਘ ਤਤਲਾ, ਰੰਗ ਕਰਮੀ ਸੁਰਿੰਦਰ ਸ਼ਰਮਾ, ਬੇਅੰਤ ਸਿੰਘ ਬਾਣੀਏਵਾਲ, ਦਵਿੰਦਰ ਸਿੰਘ, ਚਰਨ ਸਿੰਘ, ਪੰਧੇਰ, ਮਨੀ, ਮਾਣਕ, ਦੀਪਾ, ਬਿੱਕਰ ਸਿੰਘ, ਹਰਮੇਲ ਸਿੰਘ ਸਾਬਕਾ ਸਰਪੰਚ, ਜੋਗਿੰਦਰ ਸਿੰਘ, ਦਰਵਾਰਾ ਸਿੰਘ, ਰਾਜੂ, ਸੂਬਾ ਸਿੰਘ ਭੂੰਦੜੀ, ਬੱਗਾ ਸਿੰਘ, ਚੰਦ ਸਿੰਘ ਰਾਣਕੇ, ਜੇਠਾ ਸਿੰਘ ਤਲਵੰਡੀ ਨੌਆਬਾਦ, ਦਰਸ਼ਨ ਸਿੰਘ, ਗੁਰਦੀਪ ਸਿੰਘ ਰਾਮਪੁਰਾ, ਕੁਲਦੀਪ ਸਿੰਘ, ਮੇਜਰ ਸਿੰਘ ਰਾਊਵਾਲ, ਦਿਲਬਾਗ ਸਿੰਘ, ਮਲਕੀਤ ਸਿੰਘ ਕੋਟਮਾਨਾ, ਜਸਵਿੰਦਰ ਸਿੰਘ ਭੁਮਾਲ, ਕਿਸਾਨ ਆਗੂ ਚਰਨ ਸਿੰਘ ਨੂਰਪੁਰਾ, ਮਾਸਟਰ ਹਰਜੀਤ ਸਿੰਘ ਸੁਧਾਰ, ਹਰਦੀਪ ਸਿੰਘ, ਰਣਜੀਤ ਸਿੰਘ, ਮਦਨ ਸਿੰਘ ਆਦਿ ਹਾਜ਼ਰ ਸਨ।

ਛੋਟੇ ਵੀਰ ਹਰਬੰਸ ਭਰੋਵਾਲ ਨੂੰ ਯਾਦ ਕਰਦਿਆਂ

ਸਰੂਪ ਸਿੰਘ ਤਤਲਾ ਭਰੋਵਾਲ

ਹਰਬੰਸ ਸਿੰਘ ਧਾਲੀਵਾਲ ਧੂਰਕੋਟ ਰਣਸੀਂਹ ਸਾਡੇ ਮਾਮਾ ਜੀ ਦਾ ਬੇਟਾ ਸੀ। ਚਾਰ ਭਰਾਵਾਂ ਅਤੇ ਇਕ ਭੈਣ ਵਿੱਚੋਂ ਤੀਜੇ ਨੰਬਰ 'ਤੇ ਸੀ। ਸਾਰੇ ਭੈਣ ਭਰਾਵਾਂ ਦੇ ਬਹੁਤ ਛੋਟੇ ਹੁੰਦਿਆਂ ਹੀ ਮਾਮਾ ਜੀ ਸਵਰਗਵਾਸ ਹੋ ਗਏ। ਜਿਸ ਨਾਲ ਸਾਰੇ ਪਰਿਵਾਰ ਦਾ ਬੋਝ ਸਾਡੀ ਮਾਮੀ ਜੀ 'ਤੇ ਪੈ ਗਿਆ। ਉਸ ਨੇ ਮਸ਼ਹੂਰ ਫ਼ਿਲਮ "ਮਦਰ ਇੰਡੀਆ" ਦੀ ਹੀਰੋ ਅਭਿਨੇਤਰੀ ਵਾਂਗ ਦੋ ਵੱਡੇ ਬੱਚਿਆਂ ਨੂੰ ਨਾਲ ਲੈਕੇ ਆਪ ਹੱਲ ਜੋਤ ਥੋੜੀ ਘਣੀ ਖੇਤੀ ਕਰ ਕੇ ਘਰ ਦਾ ਗੁਜ਼ਾਰਾ ਤੋਰਿਆ।

ਇਨ੍ਹਾਂ ਹਾਲਾਤਾਂ ਵਿੱਚ ਹਰਬੰਸ ਸਿੰਘ ਛੋਟਾ ਹੁੰਦਾ ਹੀ ਭਰੋਵਾਲ ਕਲਾਂ ਆਪਣੀ ਛੋਟੀ ਭੂਆ ਜੀ ਕੋਲ ਰਹਿ ਕੇ ਮਿਡਲ ਸਕੂਲ ਵਿੱਚ ਪੜ੍ਹਨ ਲੱਗ ਪਿਆ। ਮੇਰੇ ਮਾਤਾ ਜੀ ਉਸ ਦੇ ਵੱਡੇ ਭੂਆ ਜੀ ਸਨ।

ਉਹ ਛੋਟਾ ਹੁੰਦਾ ਹੀ ਬਹੁਤ ਜੋਸ਼ੀਲਾ ਤੇ ਭਾਵੁਕ ਸੀ। ਭਰੋਵਾਲ ਰਹਿੰਦੇ ਹੀ ਉਸ ਨੇ ਬੀਐੱਸ. ਸੀ. ਤੇ ਬੀ.ਐੱਡ. ਦੀ ਡਿਗਰੀ ਕੀਤੀ। ਪੜ੍ਹਦਿਆਂ ਹੀ ਉਸ ਨੇ ਪੰਜਾਬ ਸਟੂਡੈਂਟਸ ਯੂਨੀਅਨ ਤੇ ਨੌਜਵਾਨ ਭਾਰਤ ਸਭਾ ਵਿੱਚ ਮੋਹਰੀ ਆਗੂ ਰੋਲ ਨਿਭਾਇਆ। ਉਹ ਬਹੁਤ ਗਤੀਸ਼ੀਲ ਸੀ ਤੇ ਟਿਕ ਕੇ ਬੈਠੇ ਰਹਿਣਾ ਉਸ ਦੇ ਸੁਭਾਅ ਵਿੱਚ ਹੀ ਨਹੀਂ ਸੀ। ਪੁਲਸ ਨੂੰ ਉਹ

ਘਚਾਨੀਆਂ ਦੇ ਜਾਂਦਾ ਸੀ ਤੇ ਪੁਲਿਸ ਨੂੰ ਕਾਫ਼ੀ ਚਿਰ ਪਤਾ ਹੀ ਨਹੀਂ ਲੱਗਾ ਕਿ ਉਸ ਦਾ ਅਸਲੀ ਪਿੰਡ ਕਿਹੜਾ ਹੈ। ਉਸ ਦਾ ਬਾਕੀ ਸਾਰਾ ਜੀਵਨ ਸੰਘਰਸ਼ਸ਼ੀਲ ਰਿਹਾ ਜਿਸ ਵਾਰੇ ਇਲਾਕੇ ਦੀਆਂ ਜੱਥੇਬੰਦੀਆਂ ਜਾਣੂ ਹਨ।

ਉਹ ਸਾਰਾ ਜੀਵਨ ਸਮਾਜ ਦੇ ਲੋਕਾਂ ਲਈ ਲੜਦਾ ਰਿਹਾ ਤੇ ਦੂਜਿਆਂ ਲਈ ਆਪਣਾ ਸੁੱਖ ਤਿਆਗ ਕੇ ਸਭ ਕੁੱਝ ਕੁਰਬਾਨ ਕਰਦਾ ਰਿਹਾ। ਸਾਨੂੰ ਸਾਰੇ ਰਿਸ਼ਤੇਦਾਰਾਂ ਤੇ ਉਸ ਦੇ ਭੈਣ ਭਰਾਵਾਂ ਨੂੰ ਉਸ ਦੇ ਜਾਣ 'ਤੇ ਗਹਿਰਾ ਦੁੱਖ ਇਹ ਮਹਿਸੂਸ ਹੋ ਰਿਹਾ ਹੈ ਕਿ ਉਸ ਨੇ ਆਪਣੇ ਜੀਵਨ ਦੇ ਆਖ਼ਰੀ ਪੜਾਅ ਵਿੱਚ ਬਹੁਤ ਮੁਸ਼ਕਲਾਂ ਤੇ ਟੈਨਸ਼ਨਾਂ ਭਰਿਆ ਜੀਵਨ ਜੀਵਿਆ। ਲੋਕ ਪੱਖੀ ਜੱਥੇਬੰਦੀਆਂ ਤੇ ਭੈਣ ਭਰਾ ਹੀ ਉਸ ਦਾ ਸਹਾਰਾ ਤੇ ਪਰਿਵਾਰ ਸਨ। ਉਹ ਔਖਿਆਈਆਂ ਝੱਲਦਾ ਹੋਇਆ ਵੀ "ਸਰੋਕਾਰਾਂ ਦੀ ਅਵਾਜ਼" ਅਖ਼ਬਾਰ ਐਡੀਟੋਰੀਅਲ ਬੋਰਡ ਦੇ ਮੈਂਬਰਾਂ ਦਵਿੰਦਰ ਸਿੰਘ ਤੂਰ ਸਵੱਦੀ ਕਲਾਂ ਅਤੇ ਭਜਨ ਸਿੰਘ ਕੈਲਗਰੀ ਦੇ ਸਹਿਯੋਗ ਨਾਲ ਲਗਾਤਾਰ ਪ੍ਰਕਾਸ਼ਤ ਕਰਦਾ ਰਿਹਾ। ਹੁਣ ਵੀ ਉਮੀਦ ਹੈ ਐਡੀਟੋਰੀਅਲ ਬੋਰਡ ਹਰਬੰਸ ਸਿੰਘ ਦੇ ਸੁਪਨਿਆਂ 'ਤੇ ਪਹਿਰਾ ਦਿੰਦਿਆਂ ਲੋਕ ਪੱਖੀ ਅਖ਼ਬਾਰ ਨੂੰ ਨਿਰੰਤਰ ਜਾਰੀ ਰੱਖਣਗੇ।

ਅਲਵਿਦਾ ਛੋਟੇ ਭਰਾ।

ਹਰਬੰਸ ਸਿੰਘ ਭਰੋਵਾਲ: ਲੋਕ ਹਿੱਤਾਂ ਤੇ ਸਰੋਕਾਰਾਂ ਦੇ ਲੇਖੇ ਇਕ ਸੋਚ, ਇਕ ਜ਼ਿੰਦਗੀ

ਬੂਟਾ ਸਿੰਘ
ਮਹਿਮੂਦਪੁਰ
94634-74342

ਇਹ ਕਿਸੇ ਦੇ ਚਿੱਤ ਚੇਤੇ ਵੀ ਨਹੀਂ ਸੀ ਕਿ "ਸਰੋਕਾਰਾਂ ਦੀ ਆਵਾਜ਼" ਦੇ ਬਾਨੀ ਸੰਪਾਦਕ ਸਾਥੀ ਹਰਬੰਸ ਸਿੰਘ ਅਚਾਨਕ, ਬੇਵਕਤ ਸਦੀਵੀ ਵਿਛੋੜਾ ਦੇ ਜਾਣਗੇ ਅਤੇ ਅਖ਼ਬਾਰ ਨਾਲ ਜੁੜੇ ਸਮੂਹ ਘੇਰਿਆਂ ਲਈ ਅਜਿਹੀ ਸੰਕਟਮਈ ਹਾਲਤ ਬਣ ਜਾਵੇਗੀ ਜਿਸ ਵਿੱਚੋਂ ਹੁਣ ਸਾਰੇ ਗੁਜ਼ਰ ਰਹੇ ਹਨ। ਇਸ ਵਿਛੋੜੇ ਦੀ ਟੀਸ ਸੰਸਥਾਗਤ ਅਤੇ ਨਿੱਜੀ ਦੋਵਾਂ ਪੱਧਰਾਂ 'ਤੇ ਹੈ। ਉਨ੍ਹਾਂ ਦੇ ਸਦੀਵੀ ਵਿਛੋੜੇ ਨਾਲ ਹਰ ਕਿਸੇ ਨੂੰ ਇੰਝ ਮਹਿਸੂਸ ਹੋਇਆ ਜਿਵੇਂ ਸਾਡੀ ਸਭ ਦੀ ਹੋਂਦ ਦਾ ਕੋਈ ਸਜਿੰਦ ਹਿੱਸਾ ਸਾਡੇ ਤੋਂ ਖੁੱਸ ਗਿਆ ਹੋਵੇ। ਇਸ ਵੱਡੇ ਖੱਪੇ ਦੇ ਭਰਨ ਲਈ ਲੰਮਾ ਵਕਤ ਲੱਗੇਗਾ ਅਤੇ ਪੂਰਾ ਖੱਪਾ ਸ਼ਾਇਦ ਕਦੇ ਵੀ ਭਰਿਆ ਨਹੀਂ ਜਾ ਸਕੇਗਾ।

1970ਵਿਆਂ ਦੇ ਇਨਕਲਾਬੀ ਤਰਥੱਲੀਆਂ ਦੇ ਦਹਾਕੇ 'ਚ ਜਦੋਂ ਚੜ੍ਹਦੀ ਜਵਾਨੀ 'ਚ ਸਾਥੀ ਹਰਬੰਸ ਸਿੰਘ ਪਿੰਡ ਭਰੋਵਾਲ ਕਲਾਂ ਵਿਖੇ ਰਹਿਕੇ ਪੜ੍ਹਾਈ ਕਰ ਰਹੇ ਸਨ, ਉਦੋਂ ਉਹ ਉਨ੍ਹਾਂ ਇਨਕਲਾਬੀ ਨੌਜਵਾਨਾਂ ਦੇ ਕਾਫ਼ਲੇ ਦਾ ਹਿੱਸਾ ਬਣੇ ਜਿਨ੍ਹਾਂ ਨੇ ਆਪਣੇ ਨਿੱਜੀ ਭਵਿੱਖ ਨੂੰ ਚੰਗਾ ਬਣਾਉਣ ਦੇ ਸੁਪਨੇ ਤਿਆਗ ਕੇ ਭਾਰਤ ਦੇ ਗਲ਼ੇ-ਸੜੇ ਪ੍ਰਬੰਧ ਦਾ ਇਨਕਲਾਬੀ ਸੰਘਰਸ਼ ਰਾਹੀਂ ਫਸਤਾ ਵੱਢਣ ਅਤੇ ਇਸਦੀ ਥਾਂ ਇਨਸਾਨ ਦੇ ਜਿਊਣਯੋਗ ਸੱਚਾ ਲੋਕਤੰਤਰੀ ਪ੍ਰਬੰਧ ਸਿਰਜਣ ਦੀ ਲੋੜ ਨੂੰ ਪਛਾਣਿਆ। ਉਹ ਕਰਤਾਰ ਸਿੰਘ ਸਰਾਭਾ ਅਤੇ ਹੋਰ ਮਹਾਨ ਗ਼ਦਰੀ ਸੂਰਮਿਆਂ, ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਸਮੇਤ ਇਨਕਲਾਬੀ ਦੇਸ਼ਭਗਤਾਂ ਦੇ ਨਕਸ਼ੇ-ਕਦਮਾਂ 'ਤੇ ਚਲਦਿਆਂ ਆਪਣੀਆਂ ਜ਼ਿੰਦਗੀਆਂ ਇਸ ਮਹਾਨ ਕਾਜ ਦੇ ਲੇਖੇ ਲਾਉਣ ਲਈ ਐਸੇ ਤੁਰੇ ਕਿ ਤਾਉਮਰ ਇਹੀ ਸੁਪਨਾ, ਇਹੀ ਸੋਚ ਉਨ੍ਹਾਂ ਦੇ ਜੀਵਨ-ਸਫ਼ਰ ਦਾ ਰਾਹ-ਦਸੇਰਾ ਬਣੀ ਰਹੀ।

ਉਹ ਆਪਣੇ ਸਮਿਆਂ ਦੇ ਬੇਮਿਸਾਲ ਇਨਕਲਾਬੀ ਨੌਜਵਾਨ ਵਿਦਿਆਰਥੀ ਸੰਘਰਸ਼ਾਂ ਨਾਲ ਕਿਵੇਂ ਜੁੜੇ, ਉਨ੍ਹਾਂ ਨੇ ਪੰਜਾਬ ਸਟੂਡੈਂਟਸ ਯੂਨੀਅਨ ਵਿਚ ਸ਼ਾਮਲ ਹੋ ਕੇ ਜਗਰਾਓਂ ਇਲਾਕੇ ਵਿਚ ਵਿਦਿਆਰਥੀ-ਨੌਜਵਾਨ ਸੰਘਰਸ਼ ਅਤੇ ਹੋਰ ਲੋਕ ਸੰਘਰਸ਼ਾਂ ਵਿੱਚ ਕਿੰਨਾ ਅਹਿਮ ਯੋਗਦਾਨ ਪਾਇਆ, ਕਿਵੇਂ ਉਹ 'ਬੰਸਾ ਭਰੋਵਾਲੀਆ' ਵਜੋਂ ਲੋਕਾਂ ਅਤੇ ਸੰਘਰਸ਼ਸ਼ੀਲ ਹਲਕਿਆਂ ਅੰਦਰ ਮਕਬੂਲ ਹੋਏ, ਇਸ ਬਾਰੇ ਉਨ੍ਹਾਂ ਦੇ ਸਮਕਾਲੀ ਸੰਗਰਾਮੀ ਸਾਥੀਆਂ ਨੇ ਸ਼ਰਧਾਂਜਲੀ ਸੁਨੇਹਿਆਂ ਵਿਚ ਵੇਰਵੇ ਸਹਿਤ ਲਿਖਿਆ ਹੈ। ਇਨਕਲਾਬੀ ਵਿਚਾਰਧਾਰਾ ਅਤੇ ਜੁਝਾਰੂ ਸੰਘਰਸ਼ਾਂ ਨੇ ਸਾਥੀ ਹਰਬੰਸ ਸਿੰਘ ਦੀ ਸ਼ਖ਼ਸੀਅਤ ਨੂੰ ਨਿਖਾਰਿਆ ਅਤੇ ਉਸ ਨੂੰ ਇਕ ਪਛਾਣ ਦਿੱਤੀ। ਉਹ ਉਸ ਦੌਰ 'ਚ ਜਗਰਾਓਂ ਇਲਾਕੇ 'ਚ ਲੋਕਾਂ ਦੇ ਮਕਬੂਲ ਜੁਝਾਰੂ ਆਗੂ ਸਨ ਜਿਸ ਦੀ ਦਲੇਰੀ ਅਤੇ ਇਨਕਲਾਬੀ ਜਜ਼ਬੇ ਦੀ ਇਲਾਕੇ 'ਚ ਖਾਸੀ ਚਰਚਾ ਹੁੰਦੀ ਸੀ। ਲੋਕਾਂ ਹਿਤਾਂ ਦੀ ਰਾਖੀ ਦੇ ਕਾਜ ਨਾਲ ਉਨ੍ਹਾਂ ਦੀ ਡੂੰਘੀ ਵਚਨਬੱਧਤਾ, ਸਰਗਰਮ ਤੇ ਧੜੱਲੇਦਾਰ ਆਗੂ ਭੂਮਿਕਾ ਅਤੇ ਨਿਧੜਕ ਕਿਰਦਾਰ ਨੇ ਜਥੇਬੰਦੀਆਂ ਦੀ ਅਗਵਾਈ ਤੇ ਸੰਘਰਸ਼ਾਂ ਦੀ ਉਸਾਰੀ 'ਚ ਜੋ ਯੋਗਦਾਨ ਪਾਇਆ ਉਹ ਅਮਿੱਟ ਇਤਿਹਾਸਕ ਪੰਨਾ ਬਣਕੇ ਅੱਜ ਵੀ ਸਮਕਾਲੀ ਸਾਥੀਆਂ ਦੇ ਚੇਤਿਆਂ 'ਚ ਉੱਕਰਿਆ ਹੋਇਆ ਹੈ।

ਉਨ੍ਹਾਂ ਦੀ ਇਨਕਲਾਬੀ ਘਾਲਣਾ ਨੂੰ ਸਲਾਮ ਕਰਨ ਲਈ 13 ਅਕਤੂਬਰ ਨੂੰ ਪਿੰਡ ਭਰੋਵਾਲ ਵਿਚ ਜਥੇਬੰਦ ਕੀਤੇ ਗਏ ਸ਼ਰਧਾਂਜਲੀ ਸਮਾਗਮ ਵਿਚ ਸ਼ਾਮਲ ਹੋਏ ਵੱਖ-ਵੱਖ ਬੁਲਾਰਿਆਂ ਨੇ ਉਨ੍ਹਾਂ ਨਾਲ ਸੰਘਰਸ਼ਾਂ ਦੇ ਪਿੜ ਵਿਚ ਅਤੇ ਨਿੱਜੀ ਤੌਰ 'ਤੇ ਵਿਚਰਦਿਆਂ ਗੁਜ਼ਾਰੇ ਸਮਿਆਂ ਦੀਆਂ ਜੋ ਯਾਦਾਂ ਸਾਂਝੀਆਂ ਕੀਤੀਆਂ, ਉਨ੍ਹਾਂ ਵਿੱਚੋਂ ਸਾਥੀ ਹਰਬੰਸ ਸਿੰਘ ਨਾਲ ਮਿਲਕੇ ਲਏ ਬਿਹਤਰ ਭਾਰਤ ਉਸਾਰਨ ਦੇ ਸੁਪਨੇ, ਉਨ੍ਹਾਂ ਦੀ ਬਹੁਗੁਣੀ ਸ਼ਖ਼ਸੀਅਤ ਦੇ ਨਕਸ਼ ਡੁੱਲ੍ਹ-ਡੁੱਲ੍ਹ ਪੈਂਦੇ ਸਨ।

ਪਰਿਵਾਰਕ ਮਜਬੂਰੀਆਂ ਦੇ ਦਬਾਅ ਨੇ ਉਨ੍ਹਾਂ ਨੂੰ ਜ਼ਿੰਦਗੀ ਦੇ ਹਾਲਾਤ ਬਿਹਤਰ ਬਣਾਉਣ ਲਈ ਪਰਾਏ ਮੁਲਕ 'ਚ ਲਿਜਾ ਵਸਾਇਆ। ਉੱਥੋਂ ਦੇ ਅਸਲੋਂ ਹੀ ਨਵੇਂ ਹਾਲਾਤ 'ਚ ਪੈਰ ਜਮਾਉਣ ਲਈ ਸੰਘਰਸ਼ ਦੌਰਾਨ ਉਨ੍ਹਾਂ ਦਾ ਸਾਹਮਣਾ ਲੁੱਟ-ਖਸੁੱਟ, ਧੱਕੇ ਅਤੇ ਵਿਤਕਰਿਆਂ ਦੇ ਨਵੇਂ ਰੂਪਾਂ ਨਾਲ ਹੋਇਆ। ਇਸ ਅਨੁਭਵ ਨੇ ਉਨ੍ਹਾਂ ਦੀ ਲੋਕਾਈ ਦੇ ਸਮੂਹਿਕ ਹਿਤਾਂ ਲਈ ਜੂਝਣ ਦੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕੀਤਾ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਸਮੂਹਿਕ ਹਿਤਾਂ ਲਈ ਲੜਨ ਦੀ ਜ਼ਰੂਰਤ ਇੱਥੇ ਵੀ ਹੈ। ਇਸ ਤੋਂ ਬਿਨਾਂ ਗੁਜ਼ਾਰਾ ਨਹੀਂ ਹੈ। ਉਹ ਲੋਕਪੱਖੀ ਸੰਸਥਾਵਾਂ ਨਾਲ ਜੁੜਕੇ ਸਰਗਰਮੀਆਂ 'ਚ ਜੁੱਟ ਗਏ। ਚੜ੍ਹਦੀ ਜਵਾਨੀ 'ਚ ਇਨਕਲਾਬੀ ਜਨਤਕ ਸੰਘਰਸ਼ਾਂ ਦੇ ਪਿੜ 'ਚ ਹਾਸਲ ਕੀਤਾ ਇਹ ਵਿਚਾਰਧਾਰਕ ਪਹੁਲ ਹੀ ਸੀ ਜਿਸਨੇ ਉਨ੍ਹਾਂ ਦੀ ਜ਼ਿੰਦਗੀ ਦੇ ਅਗਲੇਰੇ ਪੜਾਅ 'ਚ ਉਨ੍ਹਾਂ ਦੀ ਸਮਾਜਿਕ ਤਬਦੀਲੀਆਂ ਲਈ ਜੱਦੋਜਹਿਦਾਂ ਨਾਲ ਵਚਨਬੱਧਤਾ ਕਮਜ਼ੋਰ ਨਹੀਂ ਹੋਣ ਦਿੱਤੀ। ਇਸਨੇ ਉਨ੍ਹਾਂ ਦੀ ਇਨਕਲਾਬੀਆਂ ਵਾਲੀ ਅਡੋਲ ਸੋਚ ਬਣਾਈ ਰੱਖੀ।

ਕੈਨੇਡਾ ਵਿਚ ਪਹਿਲਾਂ ਹੀ ਕੰਮ ਕਰ ਰਹੇ ਪਰਵਾਸੀ ਭਾਰਤੀਆਂ ਦੇ ਰਾਜਨੀਤਕ ਸਮੂਹਾਂ, ਸਥਾਪਤ ਸੰਸਥਾਵਾਂ 'ਚ ਕੁਝ ਨਵਾਂ ਕਰ ਅਤੇ ਸੋਚ ਸਕਣਾ ਸੌਖਾ ਕੰਮ ਨਹੀਂ ਸੀ। ਪਰ ਉਨ੍ਹਾਂ ਨੂੰ ਆਪਣੀ ਵਿਚਾਰਧਾਰਾ ਦੀ ਪ੍ਰਸੰਗਿਕਤਾ ਉੱਪਰ ਪੂਰਾ ਭਰੋਸਾ ਸੀ ਅਤੇ ਉਹ ਡੂੰਘੀ ਲਗਨ ਨਾਲ ਜੁੱਟੇ ਰਹੇ। ਸੰਘਰਸ਼ਾਂ ਦੇ ਨਵੇਂ ਤਜਰਬੇ ਹੋਏ। ਇਸ ਪ੍ਰਕਿਰਿਆ 'ਚ ਹੌਲੀ-ਹੌਲੀ ਹਮਖਿਆਲ ਸਾਥੀ ਜੁੜਦੇ ਗਏ। ਉਨ੍ਹਾਂ ਦੀ ਇਹ ਸੋਚ ਬਣੀ ਕਿ ਸਪਸ਼ਟ ਵਿਗਿਆਨਕ, ਇਨਕਲਾਬੀ ਕੌਮਾਂਤਰੀਵਾਦੀ ਨਜ਼ਰੀਏ ਨਾਲ ਲੋਕਪੱਖੀ ਅਖ਼ਬਾਰ ਕੱਢਣਾ ਬੇਹੱਦ ਜ਼ਰੂਰੀ ਹੈ ਜੋ ਘਟਨਾਵਾਂ ਦੀ ਰਿਪੋਰਟਿੰਗ ਤੱਕ ਸੀਮਤ ਨਾ ਰਹਿਕੇ ਪਾਠਕਾਂ ਨੂੰ ਠੋਸ ਇਨਕਲਾਬੀ ਸੇਧ ਦੇਣ ਦੀ ਭੂਮਿਕਾ ਨਿਭਾਏ। ਕਈ ਤਰ੍ਹਾਂ ਦੇ ਅਖ਼ਬਾਰਾਂ ਅਤੇ

ਮੀਡੀਆ ਸਮੂਹਾਂ ਦੀ ਭਰਮਾਰ ਦੇ ਹਾਲਾਤ 'ਚ ਅਜਿਹਾ ਜੋਖ਼ਮ ਬੇਹੱਦ ਮੁਸ਼ਕਲਾਂ ਅਤੇ ਚੁਣੌਤੀਆਂ ਭਰਿਆ ਸੀ। ਦਰਅਸਲ, ਜਦੋਂ ਵਹਿਣ ਦੇ ਉਲਟ ਤੈਰਨ ਦੀ ਚੁਣੌਤੀ ਸਾਹਮਣੇ ਖੜ੍ਹੀ ਹੋਵੇ, ਇਨਸਾਨ ਦੀ ਵਚਨਬੱਧਤਾ ਅਤੇ ਭਰੋਸੇ ਦੀ ਪਰਖ਼ ਵੀ ਤਾਂ ਅਜਿਹੇ ਅਜ਼ਮਾਇਸ਼ੀ ਹਾਲਾਤ 'ਚ ਹੀ ਹੁੰਦੀ ਹੈ। ਪਾਣੀ ਦੇ ਵਹਿਣ ਦੇ ਨਾਲ-ਨਾਲ ਤਾਂ ਪੱਤਾ ਵੀ ਤੈਰਦਾ ਰਹਿੰਦਾ ਹੈ। ਸਾਥੀ ਹਰਬੰਸ ਸਿੰਘ ਨੇ ਇਸ ਵੱਡੇ ਕਾਰਜ ਦੀ ਜ਼ਿੰਮੇਵਾਰੀ ਓਟੀ ਅਤੇ ਆਖ਼ਰੀ ਸਾਹਾਂ ਤੱਕ ਇਸਨੂੰ ਤਨਦੇਹੀ ਨਾਲ ਨਿਭਾਇਆ।

ਸਾਥੀ ਹਰਬੰਸ ਸਿੰਘ ਦੀਆਂ ਲਗਾਤਾਰ ਕੋਸ਼ਿਸ਼ਾਂ ਅਤੇ ਹੋਰ ਸਾਥੀਆਂ ਦੇ ਟੀਮ ਵਰਕ ਤੇ ਯੋਗਦਾਨ ਨਾਲ ਇਕ ਪਾਏਦਾਰ ਸੰਸਥਾ ਉੱਸਰੀ, ਜੋ ਲੋਕ ਹਿਤਾਂ ਤੇ ਸਰੋਕਾਰਾਂ ਦੀ ਗੰਭੀਰ ਆਵਾਜ਼ ਬਣੀ। ਪੇਪਰ ਦੇ ਮਿਆਰੀ ਤੇ ਲਗਾਤਾਰ ਪ੍ਰਕਾਸ਼ਨ ਨੇ ਦੇਸ਼-ਬਦੇਸ਼ ਵਿਚ ਅਗਾਂਹਵਧੂ, ਤਰਕਸ਼ੀਲ ਅਤੇ ਤਬਦੀਲੀਪਸੰਦ ਇਨਕਲਾਬੀ-ਜਮਹੂਰੀ ਹਿੱਸਿਆਂ ਦਾ ਵਿਸ਼ਵਾਸ ਜਿੱਤਿਆ ਅਤੇ ਉਨ੍ਹਾਂ ਨੂੰ ਡੂੰਘੀ ਅਪਣੱਤ ਤੇ ਵਚਨਬੱਧਤਾ ਦੀ ਬਦੌਲਤ ਪ੍ਰਕਾਸ਼ਨ ਦੇ ਵੰਨ-ਸੁਵੰਨੇ ਕੰਮਾਂ ਨਾਲ ਜੋੜਿਆ। ਅਖ਼ਬਾਰ ਦੇ ਮੰਚ ਰਾਹੀਂ ਉਨ੍ਹਾਂ ਨੇ ਸੰਕੀਰਣਤਾ ਤੋਂ ਰਹਿਤ ਅਜਿਹਾ ਲਚਕੀਲਾ ਮਾਹੌਲ ਮੁਹੱਈਆ ਕੀਤਾ ਜਿਸ ਵਿਚ ਕੋਈ ਵੀ ਆਪਣੇ ਵਿਚਾਰ, ਘਟਨਾਵਾਂ-ਵਰਤਾਰਿਆਂ ਬਾਰੇ ਆਪਣਾ ਨੁਕਤਾ-ਨਜ਼ਰ ਬੇਝਿਜਕ ਪ੍ਰਗਟ ਕਰ ਸਕੇ। ਸ਼ਰਤ ਇਹ ਕਿ ਨਜ਼ਰੀਆ ਵਿਗਿਆਨਕ, ਅਗਾਂਹਵਧੂ ਯਾਨੀ ਸਮਾਜਿਕ ਤਬਦੀਲੀ ਲਈ ਸੰਘਰਸ਼ਾਂ ਦੇ ਪੱਖੀ ਹੋਵੇ; ਲਿਖਤਾਂ ਦੱਬੀ-

Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!

Apinder Aujla
BSc.Pharm

Satvachan Lal
B.Sc.Pharm
#1150, 4818 Westwindus Drive NE. Calgary
403-293-9360

Gill
Truck & Trailer Repair
& Mobile Service
Lube and Truck Wash

Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4



SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com

ਕੁਚਲੀ, ਮਿਹਨਤਕਸ਼ ਲੋਕਾਈ ਦੇ ਮਨੁੱਖੀ ਤੇ ਜਮਹੂਰੀ ਹੱਕਾਂ, ਖ਼ਾਸ ਕਰਕੇ ਬਿਹਤਰ ਜ਼ਿੰਦਗੀ ਲਈ ਮਾਨਵਤਾ-ਵਿਰੋਧੀ ਸਰਮਾਏਦਾਰਾ ਪ੍ਰਬੰਧ ਨੂੰ ਬਦਲਣ ਲਈ ਸੰਘਰਸ਼ ਦੇ ਸਭ ਤੋਂ ਅਹਿਮ ਜਮਹੂਰੀ ਹੱਕ ਦੀ ਵਜਾਹਤ ਕਰਦੀਆਂ ਹੋਣ।

"ਸਰੋਕਾਰਾਂ ਦੀ ਆਵਾਜ਼" ਬਾਕੀ ਅਖ਼ਬਾਰਾਂ ਵਰਗਾ ਅਖ਼ਬਾਰ ਨਹੀਂ ਹੈ। ਕਾਰੋਬਾਰੀ ਸੋਚ ਵਾਲੇ ਅਖ਼ਬਾਰਾਂ ਤੋਂ ਹਟਵਾਂ ਅਖ਼ਬਾਰ ਹੋਣ ਕਰਕੇ ਇਸਨੇ ਆਪਣੀ ਨਿਵੇਕਲੀ ਪਛਾਣ ਬਣਾਈ ਹੈ ਅਤੇ ਮਿਆਰੀ ਇਨਕਲਾਬੀ ਪੱਤਰਕਾਰੀ 'ਤੇ ਅਡੋਲ ਰਹਿਕੇ ਪਹਿਰਾ ਦਿੱਤਾ ਹੈ। ਆਪਣੀ ਜਨਮ-ਧਰਤੀ ਤੋਂ ਦੂਰ ਜਾ ਕੇ ਵਸਣ ਲਈ ਮਜਬੂਰ ਹੋਏ ਪਰਵਾਸੀ ਬੰਦੇ ਦੀ ਮਾਨਸਿਕਤਾ ਆਪਣੀ ਮਿੱਟੀ, ਆਪਣੇ ਸਮਾਜਿਕ ਪਿਛੋਕੜ, ਆਪਣੇ ਸੱਭਿਆਚਾਰ ਲਈ ਤਾਂਘਦੀ ਹੈ। ਸਾਥੀ ਹਰਬੰਸ ਨੇ ਜਨਮ-ਭੋਂਇ ਦੇ ਹੇਰਵੇ 'ਚ ਗ੍ਰਸਤ ਹੋ ਕੇ ਪਿਛਲੀ ਵਿਰਾਸਤ ਦੇ ਹਰ ਚੰਗੇ-ਮਾੜੇ ਪਹਿਲੂ ਨੂੰ ਵਡਿਆਉਣ ਦੀ ਬਜਾਏ ਇਸਨੂੰ ਸਮਾਜਿਕ ਪ੍ਰਬੰਧ ਅਤੇ ਜ਼ਿੰਦਗੀ ਦੇ ਹਰ ਪਹਿਲੂ ਪ੍ਰਤੀ ਪੜਚੋਲੀਆ, ਵਿਗਿਆਨਕ ਨਜ਼ਰੀਏ ਤੋਂ ਸੇਧ ਲੈਣ ਵਾਲਾ ਅਖ਼ਬਾਰ ਬਣਾਇਆ। ਇਹ ਨਾ ਸਿਰਫ਼ ਮਜ਼੍ਹਬੀ ਕੱਟੜਵਾਦ ਸਮੇਤ ਹਰ ਤਰ੍ਹਾਂ ਦੀਆਂ ਸੰਕੀਰਣ ਵੰਡਾਂ, ਹਰ ਤਰ੍ਹਾਂ ਦੇ ਪਿਛਾਂਹਖਿੱਚੂ ਵਿਚਾਰਾਂ ਤੋਂ ਨਿਖੇੜੇ ਦੀ ਸਪਸ਼ਟ ਲਕੀਰ ਖਿੱਚਕੇ ਚੱਲਦਾ ਹੈ, ਇਹ ਦੁਨੀਆ ਨੂੰ ਬਦਲਣ ਲਈ ਸਮੂਹਿਕ ਸੰਘਰਸ਼ ਦੀ ਲੋੜ ਨੂੰ ਵੀ ਪੁਰਜ਼ੋਰ ਤਰੀਕੇ ਨਾਲ ਉਭਾਰਦਾ ਹੈ। ਇਹ ਪਾਠਕਾਂ ਨੂੰ ਇਨਸਾਨ ਦੇ ਬਿਹਤਰ ਜ਼ਿੰਦਗੀ ਲਈ ਸੰਘਰਸ਼ ਦੇ ਮਹੱਤਵ ਬਾਰੇ ਸਪਸ਼ਟ ਸਮਝ ਬਣਾਉਣ, ਮਾਨਵਤਾ ਨੂੰ ਦਰਪੇਸ਼ ਮਸਲਿਆਂ ਦੇ ਬੁਨਿਆਦੀ ਕਾਰਨਾਂ ਨੂੰ ਸਮਝਣ, ਨੇਕੀ ਅਤੇ ਬਦੀ ਦੀਆਂ ਤਾਕਤਾਂ ਦਰਮਿਆਨ ਨਿਖੇੜਾ ਕਰਨਾ ਸਿੱਖਣ ਦਾ ਵਿਗਿਆਨਕ ਜ਼ਰੀਆ ਅਤੇ ਸੁੱਤੀਆਂ ਜ਼ਮੀਰਾਂ ਨੂੰ ਹਲੂਣਕੇ ਜਗਾਉਣ ਵਾਲਾ ਮੰਚ ਹੈ। ਧਾੜਵੀ ਸਰਮਾਏਦਾਰਾ-ਸਾਮਰਾਜੀ ਪ੍ਰਬੰਧ ਇਨਸਾਨੀ ਮਿਹਨਤ ਨੂੰ ਵੱਧ ਤੋਂ ਵੱਧ ਕਰੂਰਤਾ ਨਾਲ ਨਿਚੋੜਕੇ ਅਜਾਰੇਦਾਰ ਸਰਮਾਏ ਦੇ ਸੁਪਰ ਮੁਨਾਫ਼ੇ ਯਕੀਨੀਂ ਬਣਾਉਣ ਦਾ ਸੰਦ ਹੈ। ਸਾਥੀ ਹਰਬੰਸ ਸਿੰਘ ਵੱਲੋਂ ਸ਼ੁਰੂ ਕੀਤਾ ਅਖ਼ਬਾਰ ਦੁਨੀਆ ਨੂੰ ਲੁੱਟਣ-ਕੁੱਟਣ ਵਾਲੀਆਂ ਲੋਟੂ ਤਾਕਤਾਂ ਅਤੇ ਸਾਮਰਾਜੀ ਪ੍ਰਬੰਧ ਵਿਰੁੱਧ ਅੱਜ ਦੇ ਸਮਿਆਂ 'ਚ ਚੱਲ ਰਹੇ ਲੋਕ ਸੰਘਰਸ਼ਾਂ ਦੇ ਹੱਕ 'ਚ ਲੋਕ-ਰਾਇ ਬਣਾਉਣ ਅਤੇ ਹਰ ਤਰ੍ਹਾਂ ਦੀਆਂ ਜਾਬਰ ਤਾਕਤਾਂ ਦਾ ਸਰਗਰਮ ਵਿਰੋਧ ਕਰਨ ਦਾ ਸੰਗਰਾਮੀ ਹੋਕਾ ਦਿੰਦਾ ਹੋਇਆ ਆਪਣੀ ਭੂਮਿਕਾ ਬਾਖ਼ੂਬੀ ਨਿਭਾ ਰਿਹਾ ਹੈ।

ਜੇ ਹੁਣ ਪ੍ਰਬੰਧਕੀ ਤੇ ਸੰਪਾਦਕੀ ਟੀਮ ਦੇ ਨਾਲ ਸਾਥੀ ਹਰਬੰਸ ਸਿੰਘ ਦਾ ਪਰਿਵਾਰ, ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਅਤੇ ਪੰਜਾਬ ਤੋਂ ਲੇਖਕਾਂ, ਕਲਮਕਾਰਾਂ, ਸੰਘਰਸ਼ਸ਼ੀਲ ਜਥੇਬੰਦੀਆਂ ਦੇ ਆਗੂਆਂ ਤੇ ਕਾਰਕੁਨਾਂ ਸਮੇਤ ਅਖ਼ਬਾਰ 'ਚ ਤਰ੍ਹਾਂ-ਤਰ੍ਹਾਂ ਦਾ ਯੋਗਦਾਨ ਪਾਉਣ ਵਾਲਿਆਂ ਦਾ ਵਿਆਪਕ ਘੇਰਾ ਡੱਟਕੇ ਖੜ੍ਹਾ ਹੈ ਤਾਂ ਇਹ ਸਾਥੀ ਹਰਬੰਸ ਸਿੰਘ ਦੀ ਰਾਹਨੁਮਾਈ ਹੇਠ ਸਥਾਪਤ ਹੋਈ ਸੰਸਥਾ ਵੱਲੋਂ ਅਸੂਲੀ, ਮਿਆਰੀ ਪੱਤਰਕਾਰੀ ਦੇ ਰੂਪ 'ਚ ਡੇਢ ਦਹਾਕਾ ਲੰਮੀ ਘਾਲਣਾ ਘਾਲ਼ਕੇ ਬਣਾਏ ਡੂੰਘੇ ਭਰੋਸੇ ਕਾਰਨ ਹੀ ਹੈ।

ਮੈਨੂੰ ਸਾਥੀ ਹਰਬੰਸ ਸਿੰਘ ਨੂੰ ਮਿਲਣ, ਉਨ੍ਹਾਂ ਨਾਲ ਵਿਚਰਦਿਆਂ ਉਸਦੀ ਸ਼ਖ਼ਸੀਅਤ ਨੂੰ ਨੇੜਿਓਂ ਸਮਝਣ ਦਾ ਸਬੱਬ ਮਈ 2015 'ਚ ਕੈਨੇਡਾ ਫੇਰੀ ਸਮੇਂ ਬਣਿਆ। ਸਾਥੀ ਜੀ ਨੇ ਵਿਸ਼ੇਸ਼ ਸਮਾਗਮ ਅਤੇ ਬਹੁਤ ਸਾਰੀਆਂ ਗਰੁੱਪ ਮੀਟਿੰਗਾਂ ਆਯੋਜਤ ਕਰਕੇ ਬਹੁਤ ਸਾਰੀਆਂ ਸ਼ਖ਼ਸੀਅਤਾਂ ਨਾਲ ਮਿਲਾਉਣ ਦਾ ਸੁਚੱਜਾ ਇੰਤਜ਼ਾਮ ਕੀਤਾ ਅਤੇ ਵਿਚਾਰਾਂ ਦੇ ਆਦਾਨ-ਪ੍ਰਦਾਨ ਦੇ ਮੌਕੇ ਮੁਹੱਈਆ ਕੀਤੇ। ਸਾਹਿਤਕਾਰਾਂ, ਤਰਕਸ਼ੀਲਾਂ ਸਮੇਤ ਵੱਖ-ਵੱਖ ਸੰਘਰਸ਼ਸ਼ੀਲ ਅਗਾਂਹਵਧੂ ਹਿੱਸਿਆਂ ਸਮੇਤ ਲੋਕਪੱਖੀ ਸੰਸਥਾਵਾਂ, ਮੀਡੀਆ ਨਾਲ ਜੁੜੀਆਂ ਸ਼ਖ਼ਸੀਅਤਾਂ ਅਤੇ ਭਾਰਤ ਤੋਂ ਗਏ ਪੁਰਾਣੇ ਇਨਕਲਾਬੀ ਕਾਰਕੁਨਾਂ ਨਾਲ ਉਸਦਾ ਬਹੁਤ ਹੀ ਨਿੱਘਾ ਰਿਸ਼ਤਾ ਸੀ। ਹਰ ਕੋਈ ਉਨ੍ਹਾਂ ਨੂੰ ਖਿੜੇ ਮੱਥੇ ਸਹਿਯੋਗ ਦਿੰਦਾ।

ਇਸੇ ਫੇਰੀ ਦੌਰਾਨ ਡਿਜੀਟਲ ਮੀਡੀਆ ਦੇ ਦੌਰ ਵਿਚ "ਸਰੋਕਾਰਾਂ ਦੀ ਆਵਾਜ਼" ਵਰਗੇ ਅਖ਼ਬਾਰਾਂ ਦੀ ਅਹਿਮ ਭੂਮਿਕਾ, ਅਖ਼ਬਾਰ ਨੂੰ ਹੋਰ ਭਰਵਾਂ ਅਤੇ ਵੰਨ-ਸੁਵੰਨਾ ਬਣਾਉਣ, ਅਖ਼ਬਾਰ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਅਤੇ ਦੇਸ਼-ਦੁਨੀਆ ਦੇ ਹਾਲਾਤ ਬਾਰੇ ਸਾਥੀ ਹਰਬੰਸ ਸਿੰਘ, ਮਾਸਟਰ ਭਜਨ ਅਤੇ ਹੋਰ ਸਾਥੀਆਂ ਨਾਲ ਲੰਮੀਆਂ ਵਿਚਾਰਾਂ ਹੋਈਆਂ। ਇਸ ਫੇਰੀ ਦੌਰਾਨ ਜ਼ਿਆਦਾਤਰ ਸਮਾਂ ਮੈਂ ਅਤੇ ਪਰਸ਼ੋਤਮ ਦੁਸਾਂਝ ਸਾਥੀ ਹਰਬੰਸ ਸਿੰਘ ਦੇ ਘਰ 'ਚ ਹੀ ਰਹੇ। ਲਗਭਗ ਇਕ ਹਫ਼ਤਾ ਉਹ ਸਾਰੇ ਰੁਝੇਵੇਂ ਛੱਡਕੇ ਸਾਡੀ ਖ਼ਾਤਰਦਾਰੀ ਅਤੇ ਸਾਨੂੰ ਇੱਧਰ-ਉੱਧਰ ਲੈ ਕੇ ਜਾਣ ਲਈ ਦਿਨ-ਰਾਤ ਹਾਜ਼ਰ ਰਹੇ। ਉਨ੍ਹਾਂ ਵੱਲੋਂ ਦਿੱਤਾ ਬੇਹੱਦ ਦੋਸਤਾਨਾ ਸਹਿਯੋਗ ਅਤੇ ਭੈਣ ਗੁਰਮੀਤ ਕੌਰ ਤੇ ਬੱਚਿਆਂ ਦੀ ਅਪਣੱਤ ਸਾਨੂੰ ਕਦੇ ਨਹੀਂ ਭੁੱਲੇਗੀ। ਇਹ ਪਰਿਵਾਰ ਪੰਜਾਬੀ ਮਹਿਮਾਨਨਿਵਾਜ਼ੀ ਦੀ ਮਿਸਾਲ ਹੈ।

ਇੰਝ, "ਸਰੋਕਾਰਾਂ ਦੀ ਆਵਾਜ਼" ਨਾਲ ਮੇਰੀ ਗੂੜ੍ਹੀ ਸਾਂਝ ਬਣੀ ਅਤੇ ਸਾਥੀਆਂ ਨੇ ਮੈਨੂੰ ਇਸ ਮਕਬੂਲ ਅਖ਼ਬਾਰ ਰਾਹੀਂ ਪਾਠਕਾਂ ਨਾਲ ਆਪਣੇ ਵਿਚਾਰ ਸਾਂਝੇ ਕਰਨ ਦਾ ਮੌਕਾ ਦਿੱਤਾ। ਅਖ਼ਬਾਰ ਦੇ ਪੰਨੇ ਗਵਾਹ ਹਨ ਕਿ ਮੇਰੇ ਵਰਗੇ ਕਿੰਨੇ ਕਲਮਕਾਰਾਂ ਦੇ ਲੇਖਾਂ, ਸਾਹਿਤਕ ਰਚਨਾਵਾਂ ਅਤੇ ਰਿਪੋਰਟਾਂ ਨੂੰ ਇਸ ਵਿਚ ਢੁੱਕਵੀਂ ਜਗ੍ਹਾ ਮਿਲਦੀ ਹੈ।

ਸਾਥੀ ਹਰਬੰਸ ਦੀ ਜੀਵਨ ਘਾਲਣਾ ਅਖ਼ਬਾਰ ਨਾਲ ਵੱਖ-ਵੱਖ ਰੂਪਾਂ 'ਚ ਜੁੜੇ ਸਾਥੀਆਂ ਲਈ ਸਿਰਫ਼ ਯਾਦਾਂ ਦੀ ਚੰਗੇਰ ਨਹੀਂ ਹੈ। ਸਾਡੇ ਸਭ ਲਈ ਇਹ ਬਹੁਤ ਹੀ ਅਹਿਮ ਕਾਰਜ ਨੂੰ ਬੁਲੰਦ ਰੱਖਣ ਦੀ ਸਮੂਹਿਕ ਜ਼ਿੰਮੇਵਾਰੀ ਹੈ। ਹੁਣ ਜਦੋਂ ਬਾਨੀ ਸੰਪਾਦਕ ਸਰੀਰਕ ਤੌਰ 'ਤੇ ਸਾਡੇ ਦਰਮਿਆਨ ਨਹੀਂ ਰਹੇ ਤਾਂ ਇਸ ਜ਼ਿੰਮੇਵਾਰੀ ਨੂੰ ਹੋਰ ਵੀ ਸ਼ਿੱਦਤ ਤੇ ਸੰਜੀਦਗੀ ਨਾਲ ਨਿਭਾਉਣਾ ਅਤੇ ਉਸ ਵੱਲੋਂ ਸ਼ੁਰੂ ਕੀਤੇ ਕਾਜ ਦੀ ਸ਼ਾਨ ਨੂੰ ਬੁਲੰਦ ਰੱਖਣਾ ਸਾਡਾ ਫਰਜ਼ ਹੈ।

ਇਹੋ ਜਿਹਾ ਸੀ ਬਾਈ ਹਰਬੰਸ ਸਿੰਘ 'ਸਰੋਕਾਰਾਂ ਦੀ ਆਵਾਜ਼' ਵਾਲਾ

ਨਛੱਤਰ ਸਿੰਘ ਬਦੇਸ਼ਾ

ਬਾਈ ਹਰਬੰਸ ਸਿੰਘ ਦਾ ਬੇਵਕਤੀ ਵਿਛੋੜਾ ਜਿਥੇ ਪਰਿਵਾਰ ਲਈ ਉਥੇ ਮਿਤਰ ਦੋਸਤਾਂ ਲਈ ਅਕਹਿ ਤੇ ਅਸਹਿ ਹੈ। ਇਕ ਨਿਡਰ, ਅਗਾਂਹਵਧੂ, ਮਿਲਾਪੜਾ ਤੇ ਬੁਲੰਦ ਹੌਸਲੇ ਵਾਲੇ ਮਿਤਰ ਤੋਂ ਵੇਰਬੇ ਹੋ ਗਏ ਹਾਂ। ਹਰਬੰਸ ਸਿੰਘ ਜਿਸ ਤਰ੍ਹਾਂ ਦੇ ਲੋਕਾਂ ਦੇ ਸਰੋਕਾਰਾਂ ਨੂੰ ਲਿਖਤਾਂ, ਅਖ਼ਬਾਰ ਜਾਂ ਮੁਜ਼ਾਹਰਿਆਂ ਵਿਚ ਆਪਣੇ ਕੜਕਦੇ ਬੋਲਾਂ ਰਾਹੀਂ ਹਾਜ਼ਰੀ ਲਵਾਉਂਦਾ ਸੀ। ਬਹੁਤ ਹੀ ਜੋਸ਼ੀਲੇਪਣ ਦੀ ਸੋਚ ਸੀ। ਬਹੁਤ ਧੜੱਲੇ ਨਾਲ ਜਿਥੇ ਸ਼ਹਿਰ ਦੇ ਸਰੋਕਾਰਾਂ ਨੂੰ ਉਠਾਉਂਦਾ ਸੀ, ਉਥੇ ਕੌਮੀ ਪੱਧਰ ਦੀਆਂ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਪੇਸ਼ ਕਰਦਾ ਸੀ। ਇਸ ਦੀ ਜ਼ਿੰਦਗੀ ਹੀ ਸੰਘਰਸ਼ਾਂ ਦੀ ਦਾਸਤਾਨ ਹੈ। ਜਗਰਾਉਂ ਦੇ ਸਾਇੰਸ ਕਾਲਜ ਦੇ ਪੀਐਸਯੂ ਦੀਆਂ ਸਫ਼ਾਂ ਵਿਚ ਕੰਮ ਕਰਨਾ ਤੇ ਫਿਰ ਕਿਸਾਨੀ ਤੇ ਨੌਜਵਾਨਾਂ ਦੇ ਮਸਲਿਆਂ ਨੂੰ ਜਥੇਬੰਦ ਹੋ ਕੇ ਨੌਜਵਾਨ ਭਾਰਤ ਸਭਾ ਰਾਹੀਂ ਆਵਾਜ਼ ਬਣਨਾ। ਮੇਰਾ ਵਾਹ ਵਾਸਤਾ ਪੰਜਾਬ ਨਹੀਂ ਪਿਆ ਸੀ ਪਰ ਜਦੋਂ ਮੈਂ ਕੈਨੇਡਾ ਆਇਆ ਤਾਂ ਮੈਂ ਕਈ ਵਾਰ ਥੋੜ੍ਹੇ ਸਮੇਂ ਲਈ ਮਿਲਿਆ। 2013-14 ਸਾਲ ਵਿਚ ਮੈਂ ਤਰਕਸ਼ੀਲ ਸੁਸਾਇਟੀ ਓਂਟਾਰੀਓ ਦਾ ਜਨਰਲ ਸਕੱਤਰ ਸੀ ਤਾਂ ਅਸੀਂ ਸੁਸਾਇਟੀ ਵਲੋਂ ਕਿਤਾਬਾਂ ਦੀ ਸਟਾਲ ਲਗਭਗ ਹਰੇਕ ਪ੍ਰੋਗਰਾਮ 'ਤੇ ਲਾਉਂਦੇ ਸੀ। ਇਸ ਸਮੇਂ ਬਾਈ ਹਰਬੰਸ ਸਿੰਘ ਵੀ 'ਸਰੋਕਾਰਾਂ ਦੀ ਆਵਾਜ਼' ਸਾਡੀ ਸਟਾਲ ਰੱਖਦਾ ਸੀ। ਇਸੇ ਦੌਰਾਨ ਹੀ ਮੈਨੂੰ ਬਾਈ ਹਰਬੰਸ ਨਾਲ ਖੁੱਲ੍ਹੀਆਂ ਗੱਲਾਂ ਕਰਨ ਦਾ ਮੌਕਾ ਮਿਲਿਆ ਤੇ ਤਦ ਹੀ ਪਤਾ ਚੱਲਿਆ ਕਿ ਇਹ ਭਰੋਵਾਲ ਨਾਨਕੇ ਪਿੰਡ ਰਹਿੰਦਾ ਹੈ ਤੇ ਪੁਸ਼ਤੀ ਪਿੰਡ ਰਣਸੀਂਹ ਧੂਰਕੋਟ ਹੈ। ਗੱਲਾਂ-ਗੱਲਾਂ ਵਿਚ ਹੀ ਪਤਾ ਚੱਲਿਆ ਕਿ ਬਾਈ ਤਾਂ ਲੁਧਿਆਣੇ ਦੇ ਜ਼ਿਲ੍ਹੇ ਦੇ ਸਾਰੇ ਅਗਾਂਹਵਧੂ ਆਗੂਆਂ, ਮਾਸਟਰ ਭਜਨ, ਜਸਵੰਤ ਜੀਰਖ, ਗੁਰਤੇਜ ਖੋਖਰ, ਹਰਬੰਸ ਗਰੇਵਾਲ, ਡਾ. ਹਰਦੀਪ ਸਿੰਘ ਤੇ ਕੰਵਲਜੀਤ ਖੰਨਾ ਹੋਰਾਂ ਨਾਲ ਜਥੇਬੰਦਕ ਤੇ ਕੰਮ ਕਰਦਾ ਰਿਹਾ ਹੈ ਤਾਂ ਸਾਡੀ ਸਾਂਝ ਕਾਫ਼ੀ ਨੇੜਤਾ ਵਾਲੀ ਹੋ ਗਈ। ਜਦੋਂ ਵੀ ਕਿਸੇ ਜਥੇਬੰਦੀ ਜਾਂ ਸੁਸਾਇਟੀ ਵਲੋਂ ਸਰੋਕਾਰਾਂ ਨੂੰ ਲੈ ਕੇ ਮੁਜ਼ਾਹਰਾ ਹੁੰਦਾ ਤਾਂ ਅਸੀਂ ਜ਼ਰੂਰ ਇਕੱਠੇ ਹੁੰਦੇ। ਇਸ ਸਮੇਂ ਦੌਰਾਨ ਇਸ ਵਲੋਂ ਤੇ ਮੇਰੇ ਵਲੋਂ ਰੀਅਲ ਇਸਟੇਟ ਦੇ Registration ਦੇ ਤੌਰ 'ਤੇ ਪੇਪਰ ਪਾਸ ਕਰਕੇ ਏਜੰਸੀ ਦਾ ਲਾਇਸੰਸ ਲੈ ਕੇ ਅਸੀਂ ਦੋਵਾਂ ਵਲੋਂ ਸਾਡੇ ਤੌਰ 'ਤੇ ਕੰਮ ਸ਼ੁਰੂ ਕੀਤਾ ਸੀ। ਜਦੋਂ ਵੀ ਮੁਜ਼ਾਹਰੇ ਜਾਂ ਪ੍ਰੋਗਰਾਮ ਦੇ ਵਿਚ ਸਾਡੀ ਸੁਸਾਇਟੀ ਦਾ ਮੈਂਬਰ ਨਾ ਪਹੁੰਚਦਾ ਤਾਂ ਸ਼ਾਮ ਨੂੰ ਮੈਨੂੰ ਗੁੱਸੇ ਵਾਲਾ ਫੋਨ ਜ਼ਰੂਰ ਪਹੁੰਚਦਾ "ਦੇਖ ਲੈ ਤੇਰੇ ਇਨਕਲਾਬੀ ਅੱਜ ਫੇਰ ਨੀ ਆਏ" ਟੋਰਾਂਟੋ ਦੇ ਏਰੀਏ ਵਿਚ ਚਾਹੇ ਸਟੂਡੈਂਟਸ ਇਮੀਗ੍ਰੇਸ਼ਨ, ਬਰੈਂਪਟਨ ਯੂਨੀਵਰਸਿਟੀ, ਹਸਪਤਾਲ, ਸੀਨੀਅਰਜ਼ ਜਾਂ ਇੰਡੀਆ ਵਿਚ ਚਲ ਰਹੇ ਕਿਸਾਨੀ ਘੋਲ ਦਾ ਮਸਲਾ ਹੋਵੇ ਬਾਈ ਹਰਬੰਸ ਆਗੂ ਦੇ ਤੌਰ 'ਤੇ ਅਗਾਂਹ ਹੋ ਕੇ ਘੋਲ ਦੀ ਅਗਵਾਈ ਕਰਨੀ ਦੋਸਤਾਂ ਮਿਤਰਾਂ ਤੇ ਪਰਿਵਾਰਕ ਮਿਲਣੀਆਂ ਕਰਕੇ 'ਸਰੋਕਾਰਾਂ ਦੀ ਆਵਾਜ਼' ਦੇ ਅਖ਼ਬਾਰ ਦੀ ਸਮੁੱਚੀ ਟੀਮ ਡਾ. ਹਰਦੀਪ ਅਟਵਾਲ, ਦਵਿੰਦਰ ਤੂਰ, ਬਲਦੇਵ ਸਿੰਘ, ਜਗਮੋਹਨ ਸਿੰਘ ਢੁਡੀਕੇ ਨਾਲ ਸੰਪਰਕ ਬਣਿਆ ਤੇ ਹਰਬੰਸ ਸਿੰਘ ਹਰੇਕ ਮਹੀਨੇ ਦੇ ਦੋ ਤਿੰਨ ਤਰੀਕਾਂ ਤੱਕ ਕਦੇ ਪੰਜਾਹ ਤੇ ਕਦੇ ਸੌ ਅਖ਼ਬਾਰ ਮੇਰੇ ਘਰ ਰੱਖ ਕੇ ਜਾਂਦਾ। ਮੈਂ ਉਸ ਦਿਨ ਚਾਹ ਪੀਣ ਵੇਲੇ ਸਰੋਕਾਰਾਂ ਤੇ ਵਿਚਾਰ-ਵਟਾਂਦਰਾ ਹੋ ਜਾਂਦਾ ਸੀ ਤੇ ਮੈਂ ਅਖ਼ਬਾਰ ਸਾਡੀਆਂ ਸਟਰੀਟਾਂ ਤੇ ਘਰ-ਘਰ ਜਾ ਕੇ ਸੁੱਟ ਆਉਂਦਾ ਸੀ। ਮੈਨੂੰ ਕੈਂਸਰ ਦੀ ਤਕਲੀਫ਼ ਹੋਣ ਕਾਰਨ ਚਾਹ ਪੀਂਦੇ ਬਾਈ ਹਰਬੰਸ ਨੂੰ ਆਖ ਦਿੰਦਾ ਸੀ 'ਜੱਗ ਜਿਉਂਦਿਆਂ ਦੇ ਮੇਲੇ, ਤੂੰ ਮੇਰਾ ਸ਼ਰਧਾਂਜਲੀ ਸਮਾਗਮ ਚੰਗੀ ਤਰ੍ਹਾਂ ਕਵਰ ਕਰ ਦੇਵੀਂ'। ਪਰ ਹੱਸ ਕੇ ਐਨਾ ਹੀ ਕਹਿਣਾ "ਤੇਰੇ Will Power ਤੋਂ ਨਹੀਂ ਲਗਦਾ ਕਿ ਤੂੰ 80 ਤੋਂ ਪਹਿਲਾਂ ਜਾਵੇਗਾ' ਪਰ ਇਨ੍ਹਾਂ ਇਹ ਨਹੀਂ ਪਤਾ ਸੀ ਕਿ ਸਾਡਾ ਛੋਟਾ ਵੀਰ ਹਰਬੰਸ ਹਸਦਾ ਖੇਡਦਾ ਸੰਸਾਰ ਛੱਡ ਕੇ ਵਿਛੋੜਾ ਦੇ ਜਾਵੇਗਾ। ਜਿਸ ਤਰ੍ਹਾਂ ਨਾਲ ਉਸ ਨੇ 'ਸਰੋਕਾਰਾਂ ਦੀ ਆਵਾਜ਼' ਲਈ ਸਖ਼ਤ ਘਾਲਣਾ ਤੇ ਪਰਵਾਰਿਕ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਵੀ ਸਮੁੱਚੀ ਟੀਮ ਦੀ ਸੁਯੋਗ ਅਗਵਾਈ ਦੇ ਕੇ ਲੋਕਾਂ ਵਿਚ ਸਥਾਨ ਬਣਾਇਆ ਹੈ, ਉਹ ਕਾਬਲੇ ਤਾਰੀਫ਼ ਹੈ। ਹਰਬੰਸ ਬਾਈ ਜੀ ਨੂੰ ਸੱਚੀ ਸੁੱਚੀ ਸ਼ਰਧਾਂਜਲੀ ਇਹੋ ਹੋਵੇ ਕਿ ਅਸੀਂ ਸਾਰੇ ਰਲ ਕੇ ਜਿਹੜੀ 'ਸਰੋਕਾਰਾਂ ਦੀ ਆਵਾਜ਼' ਦੀ ਮਸ਼ਾਲ ਨੂੰ ਜਗਾ ਕੇ ਗਿਆ ਹੈ, ਉਸ ਨੂੰ ਜਗਦੀ ਰੱਖੀਏ।

ਸਤੰਬਰ ਦੇ ਅਖੀਰਲੇ ਹਫ਼ਤੇ ਮੇਰੀ ਗੱਲ ਹੋਈ ਤੇ ਮੈਂ ਪੁੱਛਿਆ ਕਿ ਪੇਪਰ ਕਦੋਂ ਰੱਖਣਾ ਆਉਣਾ ਹੈ ਤਾਂ ਉਸਨੇ ਦੱਸਿਆ ਕਿ ਮੇਰੀ ਸਿਹਤ ਠੀਕ ਨਹੀਂ ਇਸ ਲਈ ਪੇਪਰ ਜਗਮੋਹਣ ਢੁਡੀਕੇ ਨੂੰ ਲੋਕੇਸ਼ਨ 'ਤੇ ਰੱਖ ਰਿਹਾ ਹੈ ਪਰ ਤੂੰ ਤੇ ਸਕਾਰਬੋ ਵਾਲਾ ਸੋਹਣ ਢੀਂਡਸਾ ਘਰੋਂ ਲੈ ਜਾਓ। ਉਸ ਦਿਨ ਵੀ ਸਿਹਤ ਦੀ ਹਾਲਤ ਨੂੰ ਦੇਖਦੇ ਹੋਏ ਹਸਪਤਾਲ ਜਾਣ ਲਈ ਕਿਹਾ। ਵਿਛੜ ਜਾਣ ਵਾਲੇ ਦਿਨ ਤੋਂ ਪਹਿਲਾਂ ਮਾਸਟਰ ਭਜਨ ਨਾਲ ਗੱਲ ਹੋਈ ਤਾਂ ਉਨ੍ਹਾਂ ਨੇ ਵੀ ਹਰਬੰਸ ਸਿੰਘ ਦੀ ਸਿਹਤ ਬਾਰੇ ਚਿੰਤਾ ਪ੍ਰਗਟ ਕੀਤੀ ਇਸ ਤੋਂ ਬਾਅਦ ਮੇਰੀ ਵੀ ਗੱਲ ਹੋਈ ਤਾਂ ਮੈਂ ਉਸਨੂੰ ਸਾਹ ਚੜ੍ਹਦੇ ਦੇਖ ਕੇ ਡਾਕਟਰ ਨੂੰ ਚੈਕਅਪ ਕਰਾਉਣ ਲਈ ਕਿਹਾ ਪਰ ਇਹ ਨਹੀਂ ਪਤਾ ਸੀ ਬਾਈ ਹਰਬੰਸ ਏਨੀ ਛੇਤੀ ਸਾਡਾ ਸਾਥ ਛੱਡ ਜਾਵੇਗਾ-ਲਾਲ ਸਲਾਮ

ਹਰਬੰਸ ਸਿੰਘ ਭਰੋਵਾਲ ਨੂੰ ਯਾਦ ਕਰਦਿਆਂ

ਵਿਗੋਚਾ ਦੇ ਗਏ ਸਾਥੀ ਹਰਬੰਸ ਦੇ ਇਕ ਨੇੜਲੇ ਸਾਥੀ ਅਧਿਆਪਕ ਆਗੂ ਰਹੇ ਮਾਸਟਰ ਮਲਕੀਤ ਨੇ ਸਾਥੀ ਬਾਰੇ ਹੇਠ ਲਿਖੇ ਸ਼ਬਦਾਂ 'ਚ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਮਲਕੀਤ ਸਿੰਘ ਨੂੰ ਬਸ ਭਾੜੇ ਵਿਰੁੱਧ ਚੱਲੇ ਸੰਘਰਸ਼ 'ਚ ਸਰਕਾਰੀ ਨੌਕਰੀ ਤੋਂ ਹੱਥ ਧੋਣੇ ਪਏ ਸਨ। 15 ਮਹੀਨੇ ਬਾਅਦ ਬੇਰੁਜ਼ਗਾਰ ਅਧਿਆਪਕ ਯੂਨੀਅਨ ਦੇ ਨਿਰੰਤਰ ਸੰਘਰਸ਼ ਦੇ ਜ਼ੋਰ ਉਸ ਨੂੰ ਮੁੜ ਨੌਕਰੀ 'ਤੇ ਰੱਖਿਆ ਗਿਆ ਸੀ। - ਸੰਪਾਦਕੀ ਬੋਰਡ

ਮਲਕੀਤ ਸਿੰਘ ਜਗਰਾਓਂ

ਅਦਾਰਾ 'ਸਰੋਕਾਰਾਂ ਦੀ ਅਵਾਜ਼' ਦੇ ਸਹਿ ਸੰਪਾਦਕ ਦਵਿੰਦਰ ਸਿੰਘ ਤੂਰ ਵੱਲੋਂ ਸਾਥੀ ਹਰਬੰਸ ਸਿੰਘ ਭਰੋਵਾਲ (ਸੰਪਾਦਕ ਸਰੋਕਾਰਾਂ ਦੀ ਅਵਾਜ਼) ਦੇ ਅਚਾਨਕ ਵਿਛੋੜੇ ਦੀ ਖ਼ਬਰ ਪੜ੍ਹ ਕੇ ਯਕੀਨ ਨਹੀਂ ਹੋ ਰਿਹਾ ਸੀ ਕਿ ਇਹ ਕਿਵੇਂ ਹੋ ਗਿਆ। ਹੋਰ ਗਰੁੱਪਾਂ ਵਿਚ ਦੇਖਿਆ ਤਾਂ ਅਜੇ ਕੋਈ ਪੋਸਟ ਨਹੀਂ ਪਈ ਸੀ। ਬਸ ਕੁਝ ਦੇਰ ਬਾਅਦ ਦਰਦ ਭਰੀਆਂ ਆਵਾਜ਼ਾਂ ਆਉਣ ਲੱਗ ਗਈਆਂ, ਆਪਣੇ ਆਪ ਨੂੰ ਸੰਭਾਲਣਾ ਮੁਸ਼ਕਲ ਹੋ ਗਿਆ।

ਹਰਬੰਸ ਨੇ ਆਪਣੀ ਜ਼ਿੰਦਗੀ ਦਾ ਕੀਮਤੀ ਸਮਾਂ ਲੋਕ ਲਹਿਰ ਨੂੰ ਸਮਰਪਿਤ ਕੀਤਾ। ਸਾਇੰਸ ਕਾਲਜ ਜਗਰਾਓਂ ਦੇ ਵਿਦਿਆਰਥੀ ਜੀਵਨ ਤੋਂ ਪੰਜਾਬ ਸਟੂਡੈਂਟਸ ਯੂਨੀਅਨ ਦੀ ਅਗਵਾਈ ਕਰਦਿਆਂ, ਕਦੇ ਨੌਜਵਾਨ ਭਾਰਤ ਸਭਾ ਵਿਚ ਮੋਹਰੀ ਭੂਮਿਕਾ ਨਿਭਾਉਂਦਿਆਂ, ਬੰਸਾ ਭਰੋਵਾਲੀਆ ਇੱਥੇ ਜਗਰਾਓਂ ਇਲਾਕੇ ਵਿਚ ਜਾਣੀ ਪਹਿਚਾਣੀ ਸ਼ਖ਼ਸੀਅਤ ਸੀ। ਬੜਾ ਹਸਮੁੱਖ ਸੁਭਾਅ, ਮਿਲਣਸਾਰ ਇਨਸਾਨ ਸਾਨੂੰ ਅਤੇ ਆਪਣੇ ਲੋੜਵੰਦ ਪਰਿਵਾਰ ਨੂੰ ਰੋਂਦਿਆਂ, ਕੁਰਲਾਉਂਦਿਆਂ ਛੱਡ ਕੇ ਅਲਵਿਦਾ ਆਖ ਗਿਆ।

ਸਿਧਵਾਂ ਬੇਟ ਦੇ ਬੇਟ ਇਲਾਕੇ ਦੀ ਹਰ ਸਮੱਸਿਆ, ਚਾਹੇ ਹੜ੍ਹ ਪੀੜਤਾਂ ਲਈ ਰਾਸ਼ਨ ਇਕੱਠਾ ਕਰਕੇ ਦੇਣਾ ਹੋਵੇ, ਮੈਡੀਕਲ ਸਹੂਲਤਾਂ ਦੇਣੀਆਂ ਹੋਣ ਜਾਂ ਪੁਲਿਸ ਦੀਆਂ ਵਧੀਕੀਆਂ ਦੇ ਖਿਲਾਫ਼ ਉਸਨੇ ਹਮੇਸ਼ਾ ਹੀ ਲੋਕਾਂ ਦਾ ਸਾਥ ਦਿੱਤਾ ਅਤੇ ਡੱਟ ਕੇ ਖੜ੍ਹਿਆ। ਪਿੰਡਾਂ ਵਿੱਚ ਨੌਜਵਾਨ ਭਾਰਤ ਸਭਾ ਦੀਆਂ ਇਕਾਈਆਂ ਖੜ੍ਹੀਆਂ ਕਰਨੀਆਂ, ਵਿਦਿਆਰਥੀਆਂ ਨੂੰ ਲਾਮਬੰਦ ਕਰਨਾ ਹਰ ਥਾਂ ਆਪਣੀ ਜ਼ਿੰਮੇਵਾਰੀ ਨਿਭਾਉਂਦਾ ਰਿਹਾ। ਜਗਰਾਓਂ ਸਾਇੰਸ ਕਾਲਜ ਵਿਚ ਬਹੁਤ ਲੰਮਾ ਸਮਾਂ ਪੰਜਾਬ ਸਟੂਡੈਂਟਸ ਯੂਨੀਅਨ ਦਾ ਪ੍ਰਭਾਵ ਬਣਾਈ ਰੱਖਿਆ।

ਬਸ ਭਾੜੇ ਖਿਲਾਫ਼ ਘੋਲ, ਪੁਲਿਸ ਨੇ ਚਲਾਈ ਗੋਲੀ

1980 ਵਿੱਚ ਪੰਜਾਬ ਦੀ ਦਰਬਾਰਾ ਸਿੰਘ ਕਾਂਗਰਸ ਸਰਕਾਰ ਨੇ ਬੱਸਾਂ ਦੇ ਕਿਰਾਇਆਂ ਵਿੱਚ ਭਾਰੀ ਵਾਧਾ ਕਰ ਦਿੱਤਾ ਜਿਸ ਦੇ ਖ਼ਿਲਾਫ਼ ਪੰਜਾਬ ਵਿੱਚ ਬਹੁਤ ਵੱਡੀ ਪੱਧਰ 'ਤੇ ਵਿਰੋਧ ਹੋਇਆ। ਜਗਰਾਓਂ ਇਲਾਕੇ ਨੇ ਵੀ ਪੰਜਾਬ ਸਟੂਡੈਂਟਸ ਯੂਨੀਅਨ ਅਤੇ ਨੌਜਵਾਨ ਭਾਰਤ ਸਭਾ ਦੀ ਅਗਵਾਈ ਵਿੱਚ ਵਿਰੋਧ ਕੀਤਾ। 29 ਦਸੰਬਰ 1980 ਨੂੰ ਜਗਰਾਓਂ ਇਲਾਕੇ ਵਿੱਚ ਦੋ ਥਾਈਂ ਬੱਸਾਂ ਦੀਆਂ ਫੂਕਾਂ ਕੱਢਣ ਦਾ ਪ੍ਰੋਗਰਾਮ ਉਲੀਕਿਆ। ਇੱਕ ਪਾਸੇ ਹਠੂਰ ਸਾਈਡ ਜਸਵੰਤ ਸਿੰਘ ਗਾਲਿਬ ਦੀ ਅਗਵਾਈ 'ਚ ਅਤੇ ਦੂਜੇ ਪਾਸੇ ਚੌਂਕੀਮਾਨ ਦੇ ਅੱਡੇ ਵਿੱਚ

ਕਮਲਜੀਤ ਖੰਨਾ, ਸਵਰਨ ਸਿੰਘ ਅਤੇ ਹਰਬੰਸ ਸਿੰਘ ਭਰੋਵਾਲ ਦੀ ਅਗਵਾਈ ਵਿੱਚ ਇਸ ਐਕਸ਼ਨ ਨੂੰ ਕਾਮਯਾਬ ਕਰਨਾ ਸੀ। ਠੰਡ ਦੇ ਮੌਸਮ ਵਿੱਚ ਸਵੇਰ ਸਾਰ ਹੀ ਪਿੰਡਾਂ ਵਿੱਚ ਕੀਤੀ ਗਈ ਲਾਮਬੰਦੀ ਦੇ ਜਲਵੇ ਦੇਖਣੇ ਵਾਲੇ ਸਨ।

ਹਰਬੰਸ ਸਿੰਘ ਭਰੋਵਾਲ ਆਪਣੇ ਸਾਥੀਆਂ ਨਾਲ ਭਰੋਵਾਲ ਕਲਾਂ, ਭੂੰਦੜੀ, ਸਵੱਦੀ ਕਲਾਂ, ਤਲਵੰਡੀ, ਮੋਰਕਰੀਮਾਂ ਆਦਿ ਪਿੰਡਾਂ ਵਿੱਚੋਂ ਲੋਕਾਂ ਨੂੰ ਲਾਮਬੰਦ ਕਰਕੇ ਲਿਆਉਂਦਾ ਹੈ। ਇਕਦਮ ਬਾਕੀ ਪਿੰਡਾਂ ਦੇ ਸਾਥੀਆਂ ਨਾਲ ਮਿਲਕੇ ਆਪਣੀ ਫੁਰਤੀ ਦਿਖਾਉਂਦਾ ਹੈ। ਡਾਈਆਂ ਫੜ ਬੱਸਾਂ ਦੀ ਫੂਕ ਕੱਢਣ ਲੱਗ ਪੈਂਦਾ ਹੈ। ਲਗਭਗ ਡੇਢ ਘੰਟੇ ਦੇ ਐਕਸ਼ਨ ਵਿੱਚ ਬੱਸਾਂ ਦੀਆਂ ਦੋਨੋਂ ਪਾਸੇ ਲਾਈਨਾਂ ਲੱਗ ਜਾਂਦੀਆਂ ਹਨ। ਪਹਿਲਾਂ ਹੀ ਤਹਿ ਕੀਤਾ ਹੋਇਆ ਸੀ ਕਿ ਜੇ ਜਗਰਾਓਂ ਦੀ ਪੁਲਿਸ ਆਈ ਤਾਂ ਟੱਕਰ ਲੈਣੀ ਹੈ। ਐਕਸ਼ਨ ਦੀ ਸਮਾਪਤੀ ਤੋਂ ਬਾਅਦ ਥੋੜ੍ਹੀ ਜਿਹੀ ਦੂਰ ਜਾਕੇ ਸੂਏ ਦੇ ਪੁੱਲ 'ਤੇ ਰੈਲੀ ਕੀਤੀ ਜਾਂਦੀ ਹੈ। ਰੈਲੀ ਨੂੰ ਹਰਬੰਸ ਸਿੰਘ ਭਰੋਵਾਲ ਸੂਏ ਦੇ ਪੁੱਲ 'ਤੇ ਖੜ੍ਹ ਕੇ ਸੰਬੋਧਨ ਕਰਦਾ ਹੈ। ਇੰਨੇ ਸਮੇਂ ਵਿੱਚ ਜਗਰਾਓਂ ਪਾਸਿਓਂ ਬੱਸਾਂ ਆਉਂਦੀਆਂ ਹਨ, ਜੋ ਨੇੜੇ ਆਕੇ ਰੁਕਦੀਆਂ ਹਨ, ਪਹਿਲਾਂ ਇਹਨਾਂ ਦਾ ਸਵਾਰੀਆਂ ਵਾਲੀਆਂ ਬੱਸਾਂ ਦਾ ਭੁਲੇਖਾ ਪੈਂਦਾ ਹੈ ਪਰ ਜਦੋਂ ਪਤਾ ਲੱਗਦਾ ਕਿ ਪੁਲਿਸ ਦੀਆਂ ਹਨ ਤਾਂ ਹਰਬੰਸ ਐਲਾਨ ਕਰਦਾ ਹੈ ਕਿ "ਪੈ ਜਾਓ ਟੁੱਟਕੇ ਅੱਜ ਪੁਲਿਸ ਵਾਲੇ ਮੂਹਰੇ ਲਾਉਣੇ ਹਨ"।

ਕਾਫ਼ੀ ਗਿਣਤੀ ਵਿੱਚ ਸਾਥੀ ਡਾਂਗਾਂ ਨਾਲ ਬੱਸਾਂ ਵੱਲ ਨੂੰ ਵਧਦੇ ਹਨ। ਬੱਸ ਵਿੱਚੋਂ ਉਤਰਦਿਆਂ ਹੀ ਵੱਸਣ ਸਿੰਘ ਥਾਣੇਦਾਰ ਆਪਣੇ ਪਿਸਤੌਲ ਵਿੱਚੋਂ ਗੋਲੀ ਚਲਾ ਦਿੰਦਾ ਹੈ। ਭਗਦੜ ਪੈ ਜਾਂਦੀ ਹੈ, ਪੁਲਿਸ ਸਾਡੇ ਅੰਦਾਜ਼ੇ ਤੋਂ ਵਧ ਆ ਗਈ ਜੋ ਸਾਡੇ ਨਾਲ ਡਾਂਗੋ-ਡਾਂਗੀ ਹੁੰਦਿਆਂ ਪਿੱਛੇ ਧੱਕ ਦਿੰਦੀ ਹੈ, ਅਸੀਂ ਸੂਏ ਦੀ ਪਟੜੀ 'ਤੇ ਆ ਜਾਂਦੇ ਹਾਂ ਜਿੱਥੋਂ ਸਾਥੀ ਸੂਏ ਦੇ ਪਾਣੀ ਵਿੱਚ ਦੀ ਛਾਲਾਂ ਮਾਰਕੇ ਪਾਰ ਹੋ ਜਾਂਦੇ ਹਨ। ਪੁਲਿਸ ਨੇ ਉਹਨਾਂ ਦਾ ਪਿੱਛਾ ਨਹੀਂ ਕੀਤਾ। ਖੰਨਾ ਸੂਏ ਦੇ ਪਾਣੀ ਵਿੱਚ ਹੀ ਟੱਕਰ ਲੈ ਰਿਹਾ ਸੀ। ਸਵਰਨ ਸਿੰਘ ਨੂੰ ਡਾਂਗੋ-ਡਾਂਗੀ ਹੁੰਦਿਆਂ ਕਈ ਪੁਲਸੀਆਂ ਨੇ ਘੇਰਕੇ ਫੜ ਲਿਆ। ਮੈਨੂੰ ਵੀ ਘੇਰਾ ਪਾਕੇ ਡਾਂਗਾਂ ਮਾਰਦਿਆਂ ਫੜ ਲਿਆ।

ਸਾਡੇ ਤਿੰਨਾਂ ਦੇ ਨਾਲ ਸੜਕ ਤੇ ਖੜ੍ਹੇ ਹੋਰ ਤਿੰਨ ਜਾਣੇ ਫੜ ਲਏ। ਬਲਦੇਵ ਸਿੰਘ ਚੌਂਕੀਮਾਨ, ਬਲਵੀਰ ਸਿੰਘ ਦਸਵੀਂ ਦਾ ਵਿਦਿਆਰਥੀ ਚੌਂਕੀਮਾਨ ਅਤੇ ਸੁਰਜੀਤ ਸਿੰਘ ਤਲਵੰਡੀ ਕਲਾਂ। ਜਗਰਾਓਂ ਥਾਣੇ ਲੈ ਆਂਦਾ। ਤਿੰਨ ਹੋਰ ਇਲਾਕੇ ਦੇ ਸਰਗਰਮ ਸਾਥੀ ਜਸਵੰਤ ਸਿੰਘ ਗਾਲਿਬ, ਹਰਦੇਵ ਸਿੰਘ ਸੰਧੂ ਅਤੇ ਹਰਜੀਤ ਸਿੰਘ ਰਸੂਲਪੁਰ ਵੀ ਇਸ ਕੇਸ ਵਿੱਚ ਸ਼ਾਮਲ ਕਰ ਲਏ। ਧਾਰਾਵਾਂ ਬਹੁਤ ਸਖ਼ਤ ਲਾਈਆਂ ਗਈਆਂ। ਉਸ ਤੋਂ ਬਾਅਦ ਥਾਣੇ ਹਵਾਲਾਤ ਵਿੱਚ ਬੰਦ ਤੇ ਤਰੀਕਾਂ ਭੁਗਤਦਿਆਂ ਨੂੰ ਜੋ ਅਧਿਆਪਕ ਜਥੇਬੰਦੀਆਂ, ਨੌਜਵਾਨ ਭਾਰਤ ਸਭਾ ਅਤੇ ਵਿਦਿਆਰਥੀ ਜਥੇਬੰਦੀ ਨੇ ਸਾਡੇ ਨਾਲ ਨੇੜਤਾ ਬਣਾਈ ਰੱਖੀ, ਉਹਨਾਂ ਵਿੱਚ ਹਰਬੰਸ ਸਿੰਘ ਭਰੋਵਾਲ ਦਾ ਬਹੁਤ ਵੱਡਾ ਰੋਲ ਸੀ।

ਹਰਬੰਸ ਸਿੰਘ ਭਰੋਵਾਲ ਮੇਰੇ ਕੰਮ ਵਾਲੇ ਸਿੱਧਵਾਂ ਬੇਟ ਬਲਾਕ ਵਿੱਚ ਅਧਿਆਪਕ ਦੇ ਤੌਰ 'ਤੇ ਬਦਲੀ ਕਰਾਕੇ ਤਿਹਾੜੇ ਹਾਈ ਸਕੂਲ ਆ ਜਾਂਦਾ ਹੈ। ਉਮੀਦ ਕੀਤੀ ਗਈ ਕਿ ਅਧਿਆਪਕ ਜਥੇਬੰਦੀ ਦੀਆਂ ਜ਼ੁੰਮੇਵਾਰੀਆਂ ਸੰਭਾਲੇਗਾ ਪਰ ਇਸ ਪਾਸੇ ਕੋਈ ਦਿਲਚਸਪੀ ਨਹੀਂ ਲਈ। ਨਾਹੀਂ ਨੌਕਰੀ ਵਿੱਚ ਦਿਲਚਸਪੀ ਸੀ।

ਕਿਸੇ ਸਮੱਸਿਆ ਨਾਲ ਜੂਝ ਰਿਹਾ ਸੀ।

ਬਸ ਕੁਝ ਸਮੇਂ ਵਿੱਚ ਹੀ ਕਨੇਡਾ ਪਹੁੰਚ ਗਿਆ। ਇੱਥੇ ਆਕੇ ਵੀ ਆਪਣੀ ਧਰਤੀ ਦੇ ਦੁੱਖਾਂ ਦਰਦਾਂ ਦੀ ਬਾਤ ਪਾਉਂਦਾ ਅਤੇ ਇਹਨਾਂ ਦੀ ਮੁਕਤੀ ਲਈ ਜੂਝਦਾ ਅਲਵਿਦਾ ਕਹਿ ਗਿਆ। ਕਦੇ ਵੀ ਨਾ ਭੁਲਾਈ ਜਾਣ ਵਾਲੀ ਸ਼ਖ਼ਸੀਅਤ। ਬਹੁਤ ਵੱਡੀਆਂ ਜ਼ੁੰਮੇਵਾਰੀਆਂ ਸਾਡੇ ਮੋਢਿਆਂ 'ਤੇ ਪਾ ਗਿਆ ਹੈ। ਅਹਿਦ ਹੈ ਨਿਭਾਵਾਂਗੇ ਸਾਥੀ।

ਉਹ ਜੋ ਧਰਤੀ ਤੇ ਸਵਰਗ ਬਣਾਉਣ ਲਈ ਸਾਰੀ ਉਮਰ ਸੋਚਦਾ, ਲਿਖਦਾ, ਬੋਲਦਾ ਤੇ ਸੰਘਰਸ਼ ਕਰਦਾ ਰਿਹਾ

ਚਰਨਜੀਤ ਬਰਾੜ

ਜੀ ਹਾਂ ਓਹੀਓ ਸੀ ਹਰਬੰਸ ਸਿੰਘ, "ਸਰੋਕਾਰਾਂ ਦੀ ਆਵਾਜ਼" ਦਾ ਐਡੀਟਰ, ਦ੍ਰਿੜ ਇਰਾਦੇ ਦਾ ਮਾਲਿਕ ਤੇ ਸਿਰੜੀ ਯੋਧਾ, ਜ਼ਿੰਦਗੀ ਨੂੰ ਖ਼ੂਬਸੂਰਤ ਤੇ ਮਾਨਣਯੋਗ ਬਣਾਉਣ ਲਈ ਲਗਾਤਾਰ ਯਤਨ ਕਰਦਾ ਰਹਿਣ ਵਾਲਾ, ਆਪਣੀ ਜ਼ਿੰਦਗੀ ਨਹੀਂ ਬਲਕਿ ਸਮੂਹ ਲੋਕਾਂ ਦੀਆਂ ਜ਼ਿੰਦਗੀਆਂ 'ਚ ਗਿਣਾਤਮਕ ਤੇ ਗੁਣਾਤਮਕ ਤਬਦੀਲੀਆਂ ਵੇਖਣ ਦਾ ਚਾਹਵਾਨ ਓਹਦਾ ਸੁਪਨਾ ਸੀ ਕਿ ਸਾਰੇ ਰੱਜ ਕੇ ਜ਼ਿੰਦਗੀ ਜਿਉਣ ਤਾਂ ਕੇ ਮਰਨ ਲੱਗੇ ਕਿਸੇ ਨੂੰ ਕੋਈ ਅਫਸੋਸ ਨਾ ਹੋਵੇ, ਸਾਰਿਆਂ ਲਈ ਅੱਗੇ ਵਧਣ ਦੇ ਇੱਕੋ ਜਿਹੇ ਮੌਕੇ ਹੋਣ ਫੇਰ ਆਪਣੀ ਲਿਆਕਤ ਤੇ ਮਿਹਨਤ ਨਾਲ ਕੋਈ ਜਿਨ੍ਹਾਂ ਮਰਜ਼ੀ ਅੱਗੇ ਵਧੇ, ਕਿਸੇ ਨਾਲ ਵੀ ਰੰਗ, ਜਾਤ, ਸਭਿਆਚਾਰ, ਨਸਲ, ਧਰਮ ਦੇ ਨਾਂ ਤੇ ਵਿਤਕਰਾ ਨਾ ਹੋਵੇ, ਹਰ ਕਿਸਮ ਦੀ ਲੁੱਟ ਖਸੁੱਟ ਬੰਦ ਹੋਵੇ ....

ਆਮ ਲੋਕ ਸੋਚਦੇ ਇਹ ਸਾਰਾ ਕੁਝ ਤਾਂ ਫੇਰ ਸਵਰਗਾਂ 'ਚ ਹੀ ਹੁੰਦਾ!!

ਪਰ ਜਿਵੇਂ ਪਾਸ਼ ਨੇ ਲਿਖਿਆ ਐ ਕਿ

"ਸੋਨੇ ਦੀ ਸਵੇਰ ਜਦੋਂ ਆਊ ਹਾਣੀਆ, ਨੱਚੇਗਾ ਅੰਬਰ ਭੂਮੀ ਗਾਊ ਹਾਣੀਆ...

ਮਿਹਨਤਾਂ ਦਾ ਮੁੱਲ ਆਪ ਪਾਉਣਾ ਲੋਕਾਂ ਨੇ, ਧਰਤੀ 'ਤੇ ਸੁਰਗ ਬਣਾਉਣਾ ਲੋਕਾਂ ਨੇ।

ਓਵੇਂ ਹੀ ਹਰਬੰਸ ਸਿੰਘ ਦਾ ਪੱਕਾ ਮੰਨਣਾ ਸੀ ਮਰਨ ਬਾਅਦ ਤਾਂ ਬੰਦਾ ਮਿੱਟੀ ਹੋ ਜਾਂਦਾ ਐ, ਮਰਨ ਬਾਅਦ ਕਿਹੜਾ ਸਵਰਗ ਤੇ ਕਿਹੜਾ ਨਰਕ, ਕੀਹਨੇ ਵੇਖਿਆ ਐ, ਸਭ ਗੱਲਾਂ ਨੇ, ਪਰ ਆਹ ਧਰਤੀ 'ਤੇ ਨਰਕਾਂ ਵਾਲੇ ਹਾਲਾਤ ਤਾਂ ਆਪ ਹੀ ਹਿੰਮਤ ਕਰਕੇ ਖਤਮ ਕਰਨੇ ਪੈਣੇ ਨੇ, ਹਰਬੰਸ ਸਿੰਘ ਦਾ ਮੰਨਣਾ ਸੀ ਕਿ ਕਿਰਤ ਦੀ ਲੁੱਟ ਤੇ ਦੌਲਤ ਦੀ ਕਾਣੀ ਵੰਡ ਹੀ ਧਰਤੀ 'ਤੇ ਉਸਰੇ ਨਰਕ ਲਈ ਜ਼ੁੰਮੇਵਾਰ ਹੈ। ਉਹ ਸਾਰੀ ਉਮਰ ਹਰ ਕਿਸਮ ਦੀ ਲੁੱਟ ਤੇ ਦੌਲਤ ਦੀ ਕਾਣੀ ਵੰਡ ਦੇ ਅਧਾਰ 'ਤੇ ਉਸਰੇ ਹੋਏ ਨਾਬਰਾਬਰੀ ਵਾਲੇ ਸਮਾਜ ਖ਼ਿਲਾਫ਼ ਜੱਦੋਜਹਿਦ ਕਰਦਾ ਰਿਹਾ। ਇਨਕਲਾਬ ਓਹਦੇ ਲਈ ਇੱਕ ਸੁਪਨਾ ਨਹੀਂ, ਆਦਰਸ਼ ਸੀ। ਓਹਦੀ ਸਮੁੱਚੀ ਜੀਵਨ ਜਾਚ ਇਨਕਲਾਬੀ ਰੰਗ 'ਚ ਗੜੁੱਚ ਸੀ, ਉਹ ਸਾਰੀ ਉਮਰ ਲੋਕਾਂ ਦੇ ਮਨਾਂ 'ਚ ਉਸ ਸੋਚ ਦਾ ਜਾਗ ਲਾਉਂਦਾ ਰਿਹਾ ਜੋ ਲੋਕਾਂ ਨੂੰ ਆਪਣੀ ਜ਼ਿੰਦਗੀ ਇਨਕਲਾਬੀ ਢੰਗ ਨਾਲ ਜਿਉਣ ਲਈ ਪ੍ਰੇਰਦੀ ਸੀ। ਪੰਜਾਬ 'ਚ ਰਹਿੰਦਿਆਂ ਸਕੂਲ-ਕਾਲਜ ਚ ਪੰਜਾਬ ਸਟੂਡੈਂਟਸ ਯੂਨੀਅਨ, ਪਿੰਡਾਂ 'ਚ ਨੌਜਵਾਨ ਭਾਰਤ ਸਭਾ ਤੋਂ ਲੈ ਕੇ ਕੈਨੇਡਾ 'ਚ ਰਹਿੰਦੇ ਹੋਏ ਵੀ ਪੰਜਾਬ ਦੇ ਕਿਸਾਨ ਘੋਲ ਦੀ ਮਦਦ, ਇੰਟਰਨੈਸ਼ਨਲ ਸਟੂਡੈਂਟਾਂ ਦੇ ਸੰਘਰਸ਼ ਤੇ ਲੋਕਾਂ ਦੇ ਲੋਕਲ ਮਸਲਿਆਂ ਦੇ ਹੱਲ ਲਈ ਜੱਦੋ ਜਹਿਦ ਤਕ ਕੋਈ ਸੰਘਰਸ਼ ਐਸਾ ਨਹੀਂ ਜਿਸ 'ਚ ਹਰਬੰਸ ਸਿੰਘ ਨੇ ਸ਼ਮੂਲੀਅਤ ਨਾ ਕੀਤੀ ਹੋਵੇ।

ਪਿਛਲੇ ਤਕਰੀਬਨ ਸਤਾਰਾਂ-ਅਠਾਰਾਂ ਸਾਲ ਤੋਂ ਆਪਣੀ ਸੂਝਵਾਨ ਟੀਮ ਦੇ ਨਾਲ ਰਲ ਕੇ "ਸਰੋਕਾਰਾਂ ਦੀ ਆਵਾਜ਼" ਕੱਢ ਰਿਹਾ ਤੇ ਮੁਖ ਸੰਪਾਦਕ ਵਜੋਂ ਕੰਮ ਕਰ ਰਿਹਾ ਹਰਬੰਸ ਸਿੰਘ ਇਸ ਪੇਪਰ ਰਾਹੀਂ ਹਰੇਕ ਮਸਲੇ ਤੇ ਬੇਹੱਦ ਡੂੰਘਿਆਈ 'ਚ ਜਾ ਕੇ ਆਪਣੇ ਵਿਚਾਰ ਪੇਸ਼ ਕਰਦਾ ਰਹਿੰਦਾ। ਮੁੱਦਿਆਂ ਦੇ ਪਿੱਛੇ ਚਲ ਰਹੇ ਲੋਕ ਵਿਰੋਧੀ ਮਨਸੂਬਿਆਂ ਦਾ ਪਰਦਾਫਾਸ਼ ਕਰਦਾ, ਆਮ ਲੋਕਾਂ ਦੇ ਰੋਟੀ-ਰੋਜ਼ੀ ਦੇ ਮਸਲੇ, ਕਾਰਪੋਰੇਟਾਂ ਵਲੋਂ ਮੁਨਾਫ਼ੇ ਦੀ ਦੌੜ 'ਚ ਜਲ, ਜੰਗਲ, ਜ਼ਮੀਨ ਨੂੰ ਪ੍ਰਦੂਸ਼ਿਤ ਕਰਨ, ਅਮਰੀਕਨ ਥਾਣੇਦਾਰਾਂ ਵਲੋਂ ਤੀਸਰੀ ਦੁਨੀਆ ਦੇ ਕੁਦਰਤੀ ਸੋਮਿਆਂ ਦੀ ਲੁੱਟ, ਅਖੌਤੀ ਲੋਕਤੰਤਰ ਦਾ ਪਰਦਾ ਪਾਈ ਬੈਠੀ ਟਰੰਪ ਜੁੰਡਲੀ ਵਲੋਂ ਵੈਨਜ਼ੂਏਲਾ ਦੇ ਰਾਸ਼ਟਰਪਤੀ ਨੂੰ ਅਗਵਾ ਕਰਨ ਦੀ ਬਦਮਾਸ਼ੀ, ਭਾਰਤੀ ਹਾਕਮਾਂ ਵਲੋਂ ਆਦਿਵਾਸੀਆਂ ਤੇ ਧਾਰਮਿਕ ਘੱਟਗਿਣਤੀਆਂ 'ਤੇ ਜਬਰ, ਆਰਥਿਕ ਮੰਦੀ ਦਾ ਸ਼ਿਕਾਰ ਹੋ ਰਹੇ ਕੈਨੇਡਾ ਤੇ ਕੁਲ ਦੁਨੀਆ ਦੇ ਲੋਕ, ਇਜ਼ਰਾਇਲ ਵਲੋਂ ਗਾਜ਼ਾ 'ਚ ਢਾਹੇ ਜਾ ਰਹੇ ਜਬਰ ਤੇ ਤੀਸਰੀ ਦੁਨੀਆ ਦੇ ਕੁਝ ਕੁ ਕੱਟੜਪੰਥੀ ਹਾਕਮਾਂ ਵਲੋਂ ਔਰਤਾਂ ਤੇ ਅਗਾਂਹਵਧੂ ਲੋਕਾਂ 'ਤੇ ਕੀਤੇ ਜਾ ਰਹੇ ਜ਼ੁਲਮਾਂ ਦੀ ਬਾਤ ਪਾਉਂਦਾ।

ਇਸ ਯੋਧੇ ਨੇ ਜਿਥੇ ਸਮਾਜ ਪ੍ਰਤੀ ਆਪਣੇ ਫਰਜ਼ਾਂ ਨੂੰ ਪਛਾਣ ਕੇ ਆਪਣਾ ਰੋਲ ਪੂਰੀ ਸ਼ਿੱਦਤ ਨਾਲ ਅਦਾ ਕੀਤਾ ਉਥੇ ਪਰਿਵਾਰ ਪ੍ਰਤੀ ਆਪਣੇ ਜ਼ੁੰਮੇਵਾਰੀ ਨਿਭਾਉਣ ਤੋਂ ਕਦੇ ਵੀ ਕੋਈ ਹਿਚਕਚਾਹਟ ਨਹੀਂ ਵਿਖਾਈ, ਭੈਣ ਗੁਰਮੀਤ ਕੌਰ ਧਾਲੀਵਾਲ (ਹਰਬੰਸ ਸਿੰਘ ਦੀ ਪਤਨੀ) , ਤਿੰਨ ਬੇਟੀਆਂ ਤੇ ਇੱਕ ਬੇਟੇ ਨਾਲ ਰਲ ਮਿਲ ਕੇ ਜ਼ਿੰਦਗੀ ਦੇ ਇਸ ਸਫ਼ਰ ਨੂੰ ਅੱਗੇ ਵਧਾਉਂਦਿਆਂ ਘਰ 'ਚ ਪਿਆਰ ਤੇ ਸਨੇਹ ਵਾਲਾ ਮਾਹੌਲ ਸਿਰਜੀ ਰੱਖਿਆ। ਕੋਈ ਵੀ ਘਰੇ ਆਉਂਦਾ ਤਾਂ ਇਹੋ ਮਹਿਸੂਸ ਹੁੰਦਾ ਕੇ ਉਹ ਆਪਣੇ ਹੀ ਘਰੇ ਬੈਠਾ ਹੈ।

ਅਜਿਹੇ ਇਨਸਾਨ ਦੇ ਬੇਵਕਤੀ ਤੁਰ ਜਾਣ ਨਾਲ ਜਿੱਥੇ ਸਮੁੱਚੀ ਇਨਕਲਾਬੀ ਲਹਿਰ ਤੇ ਸਾਡੇ ਸਮਾਜ ਨੂੰ ਘਾਟਾ ਪਿਆ ਹੈ, ਓਥੇ ਪਰਿਵਾਰ ਵੀ ਡੂੰਘੇ ਸਦਮੇ 'ਚ ਚਲਾ ਗਿਆ ਹੈ।

ਪਿਆਰੇ ਬੰਸੇ (ਹਰਬੰਸ ਭਰੋਵਾਲ) ਨੂੰ ਯਾਦ ਕਰਦਿਆਂ

ਜੋਗਿੰਦਰ ਆਜ਼ਾਦ

ਹਰਬੰਸ ਭਰੋਵਾਲ (ਬੰਸਾ) ਨਹੀਂ ਰਿਹਾ। ਇਹ ਖ਼ਬਰ ਜਿਸ ਨੇ ਵੀ ਪੜ੍ਹੀ ਹੈ, ਉਹ ਸਦਮੇ 'ਚ ਹੈ।

ਬੀਤੀ ਸਵੇਰ ਇਹ ਮਨਹੂਸ ਖ਼ਬਰ ਪੜ੍ਹ ਕੇ ਕਨੇਡਾ ਦੇ ਜਿਸ ਮਿੱਤਰ ਨੂੰ ਵੀ ਫ਼ੋਨ ਕੀਤਾ, ਡੁਸਕਣ ਦੀ ਆਵਾਜ਼ ਹੀ ਸੁਣਾਈ ਦੇ ਰਹੀ ਸੀ। ਮਾਸਟਰ ਭਜਨ ਦੀ ਦੂਰੋਂ ਡੁਸਕਣ ਦੀ ਆਵਾਜ਼ ਆ ਰਹੀ ਸੀ। ਫ਼ੋਨ ਭੈਣ ਸੁਰਿੰਦਰ ਨੇ ਉਠਾਇਆ ਸੀ, ਅੱਗੋਂ ਕੋਈ ਜਵਾਬ ਨਹੀਂ, ਬਸ ਹਿਰਦੇਵੇਦਕ ਵਿਰਲਾਪ।

ਜਵਾਨ ਦੋਹਤੇ ਪ੍ਰਿੰਸ ਦੇ ਅਲਵਿਦਾ ਕਹਿ ਜਾਣ ਤੋਂ ਬਾਅਦ ਬੰਸੇ ਦਾ ਵੀ ਸਾਥ ਛੱਡ ਜਾਣਾ, ਉਹਨਾਂ ਲਈ (ਸਾਡੇ ਲਈ ਵੀ) ਬਿਜਲੀ ਡਿੱਗਣ ਵਰਗਾ ਹੈ। ਸੁਰਿੰਦਰ ਦੱਸਦੀ ਹੈ ਕਿ ਭਜਨ ਸਿੰਘ ਨੇ ਹਰਬੰਸ ਨੂੰ ਇੱਕ ਘੰਟਾ ਪਹਿਲਾਂ ਹੀ ਫ਼ੋਨ ਕੀਤਾ ਸੀ, 'ਸਰੋਕਾਰਾਂ ਦੀ ਆਵਾਜ਼' ਪਰਚੇ ਨੂੰ ਪ੍ਰੈਸ 'ਚ ਭੇਜਣ ਦੀ ਤਿਆਰੀ ਬਾਰੇ ਜਾਣਕਾਰੀ ਲੈਣ ਲਈ। ਪਰ ਅੱਗੋਂ ਹਰਬੰਸ ਦੀ ਬਹੁਤ ਹੀ ਮੁਸ਼ਕਲ ਨਾਲ ਨਿਕਲਦੀ ਧੌਲੀ-ਭਰੀ ਆਵਾਜ਼ ਸੁਣ ਕੇ ਉਹ ਤੜਫ਼ ਉੱਠੇ, ਬਿਨਾਂ ਦੇਰੀ ਹਸਪਤਾਲ ਦਾਖ਼ਲ ਹੋਣ ਨੂੰ ਕਿਹਾ। ਪਰ ਦੇਰ ਹੋ ਚੁੱਕੀ ਸੀ। ਕੁਝ ਸਮੇਂ ਬਾਅਦ ਹੀ ਪਤਾ ਲੱਗਿਆ ਕਿ ਉਹ ਸਭ ਨੂੰ ਛੱਡ ਗਿਆ। ਬਸ ਯਾਦਾਂ ਰਹਿ ਗਈਆਂ। ਦਸ ਦਿਨ ਪਹਿਲਾਂ ਹੀ ਭਜਨ ਨੇ ਦੱਸਿਆ ਸੀ ਕਿ ਉਹ ਬਹੁਤ ਕਮਜ਼ੋਰ ਹੋ ਰਿਹਾ ਹੈ, ਟੈਸਟ ਚੱਲ ਰਹੇ ਹਨ।

ਦੋ ਯਾਦਾਂ

ਪਿਆਰੇ ਬੰਸੇ ਬਾਰੇ ਉਸ ਦੇ ਸਨੇਹੀਆਂ ਵੱਲੋਂ ਬਹੁਤ ਕੁਝ ਲਿਖਿਆ ਜਾ ਰਿਹਾ ਹੈ। ਹਾਲ ਦੀ ਘੜੀ ਦੋ ਯਾਦਾਂ/ਘਟਨਾਵਾਂ ਸਾਂਝੀਆਂ ਕਰਨ ਦੀ ਆਗਿਆ ਚਾਹੁੰਦਾ ਹਾਂ।

1. ਬੱਸਾਂ ਦੀ ਫੂਕ ਕੱਢੋ ਅੰਦੋਲਨ

46 ਸਾਲ ਪਹਿਲਾਂ ਕਾਂਗਰਸ ਸਰਕਾਰ ਵੱਲੋਂ 43% ਬੱਸ ਭਾੜਾ ਵਧਾਉਣ ਖਿਲਾਫ਼ ਸ਼ਾਨਦਾਰ ਪ੍ਰਦਰਸ਼ਨ ਹੋਏ। 'ਡੂਹਢਾ ਕੀਤਾ ਬੱਸ ਕਿਰਾਇਆ, ਲੋਹੜਾ ਆਇਆ ਲੋਹੜਾ ਆਇਆ' ਦੇ ਨਾਅਰੇ ਨਾਲ ਪੰਜਾਬ ਗੂੰਜ ਉੱਠਿਆ। ਦਸੰਬਰ 80 ਦੇ ਅੰਤ 'ਚ ਨੌਜਵਾਨ, ਵਿਦਿਆਰਥੀ ਅਤੇ ਹੋਰ ਜਥੇਬੰਦੀਆਂ ਨੇ 'ਬੱਸਾਂ ਦੀ ਫੂਕ ਕੱਢੋ' ਅੰਦੋਲਨ ਸ਼ੁਰੂ ਕਰ ਦਿੱਤਾ।

ਇਸ ਅੰਦੋਲਨ 'ਚ ਮਾਸਟਰ ਮਲਕੀਤ ਸਿੰਘ, ਉਸ ਦਾ ਭਰਾ ਸਵਰਨ ਸਿੰਘ, ਕਮਲਜੀਤ ਖੰਨਾ ਸਮੇਤ 6 ਨੌਜਵਾਨ ਗ੍ਰਿਫ਼ਤਾਰ ਕਰ ਲਏ ਗਏ। ਬੰਸਾ ਇਸ ਐਕਸ਼ਨ 'ਚ ਸ਼ਾਮਲ ਸੀ ਪਰ ਪੁਲਸ ਦੇ ਹੱਥ ਨਹੀਂ ਆਇਆ।

ਗ੍ਰਿਫ਼ਤਾਰੀਆਂ ਖਿਲਾਫ਼ ਥਾਣੇ ਅੱਗੇ ਮੁਜ਼ਾਹਰੇ ਹੋਏ, ਮੇਰੇ ਘਰ ਦੇ ਬਿਲਕੁਲ ਨਾਲ। ਅਗਵਾਈ ਕਰਨ ਵਾਲਿਆਂ 'ਚ ਮੈਂ ਵੀ ਸ਼ਾਮਲ ਸੀ। ਸਾਡੇ ਨਾਅਰਿਆਂ ਦੀ ਗੂੰਜ ਹਵਾਲਾਤ 'ਚ ਜਾਂਦੀ ਤੇ ਮੁੜਵੇਂ ਰੂਪ 'ਚ ਅੰਦਰ ਦੀ ਗੂੰਜ ਬਾਹਰ ਵਾਲਿਆਂ 'ਚ ਜੋਸ਼ ਭਰ ਦਿੰਦੀ। ਮੇਰੀ ਮਾਂ ਨੇ ਮੈਨੂੰ ਪਹਿਲੀ ਵਾਰ ਥਾਣੇ ਅੱਗੇ ਬੇਖ਼ੌਫ਼ ਹੋ ਕੇ ਗਰਜਦੇ ਦੇਖਿਆ ਸੀ। "ਸਗਵਾਂ ਪਿਓ ਤੇ ਗਿਆ" – ਮਾਂ ਦਾ ਕਮੈਂਟ ਅੱਜ ਵੀ ਯਾਦ ਹੈ। ਕਮਲਜੀਤ ਦੀ ਮਾਤਾ ਜੀ ਵੀ ਇਸ ਮੁਜ਼ਾਹਰੇ 'ਚ ਸ਼ਾਮਲ ਸੀ।

ਜਦੋਂ ਗ੍ਰਿਫ਼ਤਾਰ ਸਾਥੀਆਂ ਨੂੰ ਹਫ਼ਤੇ ਬਾਅਦ ਅਦਾਲਤ 'ਚ ਪੇਸ਼ ਕੀਤਾ ਜਾਣਾ ਸੀ, ਉਸ ਦਿਨ ਕਚਹਿਰੀਆਂ 'ਚ ਠਾਠਾਂ ਮਾਰਦਾ ਇਕੱਠ ਹੋ ਗਿਆ। ਮੈਂ ਮੁੱਖ ਬੁਲਾਰਿਆਂ 'ਚ ਸੀ। ਜਦੋਂ ਮੈਂ ਲੋਕਾਂ ਨੂੰ ਸੰਬੋਧਨ ਕਰ ਰਿਹਾ ਸੀ ਤਾਂ ਦੋ ਨੌਜਵਾਨ ਵਾਰ-ਵਾਰ ਗਰਮਜੋਸ਼ੀ ਨਾਲ ਨਾਅਰੇ ਲਗਾ ਕੇ ਮੈਨੂੰ ਹੋਰ ਵੀ ਉਤਸ਼ਾਹਿਤ ਕਰ ਰਹੇ ਸਨ, ਆਰਾਮ ਵੀ ਦਿਵਾ ਰਹੇ ਸਨ। ਇਹ ਨੌਜਵਾਨ ਸਨ – ਨਾਇਬ ਸਿੰਘ ਰਸੂਲਪੁਰ ਅਤੇ ਹਰਬੰਸ ਭਰੋਵਾਲ। ਨਾਇਬ ਸਿੰਘ ਨੂੰ ਕੁਝ ਸਾਲ ਪਹਿਲਾਂ ਹਾਰਟ ਅਟੈਕ ਨੇ ਸਾਥੋਂ ਖੋਹ ਲਿਆ ਸੀ, ਹੁਣ ਹਰਬੰਸ ਭਰੋਵਾਲ ਵੀ।

2. ਚਾਰ ਦਹਾਕਿਆਂ ਬਾਅਦ ਮੁਲਾਕਾਤ

ਲਗਭਗ ਚਾਰ ਦਹਾਕਿਆਂ ਬਾਅਦ ਉਹ ਪਿਛਲੇ ਸਾਲ ਮਿਲਣ ਆਇਆ। ਅਸ਼ੋਕ ਭੰਡਾਰੀ ਨਾਲ ਸੀ। ਕਹਿੰਦਾ ਸਮਾਂ ਘੱਟ ਹੈ, ਤਿੰਨ-ਚਾਰ ਨੂੰ ਹੋਰ ਮਿਲਣਾ ਹੈ, ਜਲਦੀ ਮੁੜਨਾ ਹੈ। ਫੇਰ ਸਾਰੇ ਸਵਾਲ ਨਾਲ ਢੋਹ ਕੇ ਲਿਆਇਆ ਸੀ, ਜੋ ਮੈਨੂੰ ਹੀ ਕਰ ਸਕਦਾ ਸੀ।

ਕਿਸਾਨੀ ਘੋਲ ਦੌਰਾਨ ਗੁਰਮੇਲ ਭਰੋਵਾਲ ਦੇ ਫ਼ੋਨ 'ਤੇ ਗੱਲਬਾਤ ਹੋਈ ਸੀ, ਜਦੋਂ ਉਸ ਨੂੰ ਪਤਾ ਲੱਗਿਆ ਕਿ ਮੈਂ ਵੀ ਚੌਕੀਮਾਨ ਪੁੱਜਿਆ ਹੋਇਆ ਹਾਂ, ਰਾਤ ਨੂੰ ਮਾਰਚ ਕਰਨ ਦਾ ਪ੍ਰੋਗਰਾਮ ਸੀ। ਫਿਰ ਕਦੇ-ਕਦਾਈਂ ਕੋਈ ਵਿਸ਼ੇਸ਼ ਜਾਣਕਾਰੀ ਲੈਣ ਲਈ ਫ਼ੋਨ 'ਤੇ ਗੱਲਬਾਤ ਹੁੰਦੀ ਸੀ। ਗੁਰਮੇਲ ਭਰੋਵਾਲ ਵੀ ਤਿੰਨ ਸਾਲ ਹੋ ਗਏ ਵਿਗੋਚਾ ਦੇ ਗਿਆ ਹੈ। ਵਿਛੜੇ ਸਾਥੀਆਂ ਨੂੰ ਯਾਦ ਕਰਦੇ ਹਾਂ।

ਉਹ ਜਲਦੀ ਹੀ 'ਸਰੋਕਾਰਾਂ ਦੀ ਆਵਾਜ਼' ਦੇ ਸੰਪਾਦਕ ਤੋਂ ਬੰਸਾ ਬਣ ਗਿਆ। ਸਵਾਲ ਤੇ ਸਵਾਲ-ਕਦੇ ਭਰੋਵਾਲ ਦੀਆਂ ਯਾਦਾਂ, ਕਦੇ ਪੀ.ਐੱਸ.ਯੂ. ਦੀਆਂ, ਕਦੇ ਬੇਰੁਜ਼ਗਾਰ ਅਧਿਆਪਕ ਯੂਨੀਅਨ ਦੇ ਸ਼ਾਨਾਮੱਤੇ ਘੋਲ ਦੀਆਂ, ਫੁੱਟਾਂ ਦੀਆਂ, ਬੰਦਿਆਂ ਦੇ ਚੰਗੇ-ਮਾੜੇ ਕਿਰਦਾਰ ਦੀਆਂ। ਆਦਤਨ ਵਿਚ-ਵਿਚ ਸਵੀਪਿੰਗ ਕੁਮੈਂਟਸ (ਜਿਸ 'ਚ ਕੁਝ ਸੱਚਾਈ ਵੀ ਹੁੰਦੀ ਸੀ) ਮਾਹੌਲ ਨੂੰ ਗਰਮ ਵੀ ਕਰ ਦਿੰਦੇ ਹਨ।

ਮੁਲਾਕਾਤ ਕਾਹਦੀ ਸੀ, ਗੁਬ-ਗੁਬਾਰ ਦੀ ਖਲਾਸੀ ਸੀ। ਸ਼ਾਂਤ ਚਿੱਤ ਹੋਣ 'ਤੇ ਉਹ ਮੁਸਕਰਾਉਂਦਾ ਸਿਆਸੀ ਕੁਮੈਂਟ ਕਰਦਾ ਹੈ, "ਨਾਗਾ ਰੈਡੀਆਂ ਨੂੰ ਕੌਣ ਹਰਾ ਸਕਦਾ ਹੈ "ਚਲ ਦਿਖਾ ਕੀ ਕੁਝ ਹੈ ਤੇਰੇ ਪਾਸ!" ਇੱਕ ਕਿਤਾਬਾਂ ਦਾ ਸੈੱਟ ਚੁਣ ਲੈਂਦਾ ਹੈ।

ਤੇ ਉਹ ਕਾਹਲੀ ਕਾਹਲੀ ਵਿਦਾ ਹੋ ਜਾਂਦਾ ਹੈ। ਇਹ ਸੀ ਆਖ਼ਰੀ ਮੁਲਾਕਾਤ। ਬਸ ਯਾਦਾਂ ਹੀ ਰਹਿ ਗਈਆਂ ਹਨ

ਸਰੋਕਾਰਾਂ ਦੀ ਆਵਾਜ਼ ਦਾ ਕੀ ਬਣੇਗਾ?

'ਸਰੋਕਾਰਾਂ ਦੀ ਆਵਾਜ਼' ਮੈਗਜ਼ੀਨ ਦੀ ਜਿੰਦ-ਜਾਨ ਹਰਬੰਸ ਧਾਲੀਵਾਲ ਤੋਂ ਬਾਅਦ ਹੁਣ ਇਸ ਮਕਬੂਲ ਪਰਚੇ ਦਾ ਕੀ ਬਣੇਗਾ? ਮੈਂ ਹੈਰਾਨ ਅਤੇ ਖ਼ੁਸ਼ ਸੀ ਕਿ ਮੇਰੇ ਤਿੰਨੇ ਮਿੱਤਰ ਭਜਨ, ਹਰਬੰਸ ਅਤੇ ਦਵਿੰਦਰ ਤੂਰ ਦੇ ਸੁਭਾਅ, ਕੰਮ ਕਰਨ ਦੀ ਸਮਰੱਥਾ, ਲਿਆਕਤ, ਟੈਂਪਰਾਮੈਂਟ, ਜਨੂੰਨ ਆਦਿ ਦੇ ਪੱਧਰ 'ਚ ਖਾਸੀ ਵਿਭਿੰਨਤਾ ਹੋਣ ਦੇ ਬਾਵਜੂਦ ਉਹ ਮੈਗਜ਼ੀਨ ਬੜੀ ਕੁਸ਼ਲਤਾ ਨਾਲ ਚਲਾ ਰਹੇ ਹਨ। ਇਨਕਲਾਬੀ ਜਮਹੂਰੀ ਧਿਰਾਂ ਦੇ ਸਾਂਝਾ ਬੁਲਾਰੇ ਦਾ ਰੂਪ ਧਾਰਨ ਕਰ ਰਿਹਾ ਹੈ ਇਹ ਮੈਗਜ਼ੀਨ।

ਹੁਣ?

ਇਹ ਸਵਾਲ ਸੁਣ ਕੇ ਭਜਨ ਫਿਰ ਡੁਸਕਣ ਲੱਗਿਆ। ਬੋਲਿਆ - "ਪੈਸੇ ਦੀ ਸਮੱਸਿਆ ਨਹੀਂ, ਐਡ ਯਕੀਨੀ ਅਤੇ ਪੱਕੀ ਹੈ। ਪਰ ਸਾਰੇ ਕੈਨੇਡਾ 'ਚ ਹਰਬੰਸ ਵਰਗਾ ਸਾਥੀ ਨਾ ਪਹਿਲਾਂ ਮਿਲਿਆ ਹੈ, ਨਾ ਹੁਣ ਹੈ। ਦੇਵਿੰਦਰ ਤੂਰ ਜੋ ਆਪ ਕਈ ਸਮੱਸਿਆਵਾਂ ਨਾਲ ਜੂਝ ਰਿਹਾ ਹੈ, ਵੱਡਾ ਸਹਾਰਾ ਹੈ।

ਬੰਸਾ ਹਮੇਸ਼ਾ ਯਾਦ ਰਹੇਗਾ। ਜ਼ਿਆਦਾ ਕਾਹਲੀ ਕਰ ਗਿਆ ਹੈ ਸਾਡਾ ਸਾਥੀ।

ਆਪਣੇ ਫੋਨ ਵਿਚ
'ਸਰੋਕਾਰਾਂ ਦੀ ਆਵਾਜ਼'
ਦੀ ਐਪ ਫਰੀ ਡਾਊਨ ਲੋਡ ਕਰੋ

ਸ਼ਰਧਾਂਜਲੀ

‘ਸਰੋਕਾਰਾਂ ਦੀ ਆਵਾਜ਼’ ਦੀ ਰੂਹੇ-ਰਵਾਂ ਹਰਬੰਸ ਭਰੋਵਾਲ

20ਵੀਂ ਸਦੀ ਦਾ ਅੱਠਵਾਂ ਦਹਾਕਾ ਪੰਜਾਬ ਦੀਆਂ ਵਿਦਿਅਕ ਸੰਸਥਾਵਾਂ ਵਿਚ ਵਿਦਿਆਰਥੀਆਂ ਅੰਦਰ ਸਮਾਜਿਕ ਤਬਦੀਲੀ ਵਾਲੇ ਵਿਚਾਰਾਂ ਨੂੰ ਨਵਾਂ ਰੰਗ ਤੇ ਜਲੌਅ ਦੇ ਰਿਹਾ ਸੀ। ਪੰਜਾਬ ਵਿਸ਼ੇਸ਼ ਕਰਕੇ ਲੁਧਿਆਣਾ, ਜਗਰਾਓਂ ਅਤੇ ਮੋਗਾ ਦੀਆਂ ਵਿਦਿਅਕ ਸੰਸਥਾਵਾਂ ਵਿਚ ਪੰਜਾਬ ਸਟੂਡੈਂਟਸ ਯੂਨੀਅਨ ਦਾ ਡੰਕਾ ਬੋਲਦਾ ਸੀ। ਇਨ੍ਹਾਂ ਵਿਦਿਅਕ ਸੰਸਥਾਵਾਂ ਵਿਚ ਵਿਦਿਆਰਥੀ ਆਗੂ ਪ੍ਰਿਥੀਪਾਲ ਰੰਧਾਵਾ ਦੀ ਵਿਲੱਖਣ ਛਾਪ ਸੀ। ਉਸ ਸਮੇਂ ਹੀ ਹਰਬੰਸ ਭਰੋਵਾਲ ਸਾਇੰਸ ਕਾਲਜ ਜਗਰਾਓਂ ਦਾ ਵਿਦਿਆਰਥੀ ਇਕ ਸ਼ਾਨਦਾਰ ਆਗੂ ਦੇ ਤੌਰ ’ਤੇ ਉਭਰ ਕੇ ਅਜਿਹਾ ਸਥਾਪਤ ਹੋਇਆ, ਜਿਉਂ ਹੀ ਪ੍ਰਿਥੀਪਾਲ ਰੰਧਾਵਾ ਦਾ ਕਤਲ ਹੋਇਆ ਉਸ ਉਪਰੰਤ ਕਾਲਜ ਸੰਘਰਸ਼ਾਂ ਦੇ ਅਖਾੜੇ ਬਣ ਗਏ। ਸਾਇੰਸ ਕਾਲਜ ਜਿਸ ਵਿਚ ਵਿਦਿਆਰਥੀ ਵਿਗਿਆਨ ਦੀ ਪੜ੍ਹਾਈ ਹਾਸਲ ਕਰਨ ਵਾਸਤੇ ਬੜੇ ਤੇਜ਼ ਤਰਾਕ ਦਿਮਾਗਾਂ ਦੇ ਮਾਲਕ ਆਇਆ ਕਰਦੇ ਸਨ। ਉਨ੍ਹਾਂ ’ਤੇ ਵੀ ਅਜਿਹਾ ਪ੍ਰਭਾਵ ਪਿਆ ਕਿ ਸਮੁੱਚਾ ਸਾਇੰਸ ਕਾਲਜ ਜਗਰਾਓਂ ਵੀ ਸੰਘਰਸ਼ਾਂ ਦਾ ਕੇਂਦਰ ਬਣ ਗਿਆ। ਇਹ ਉਹ ਦੌਰ ਸੀ ਜਦੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਇੰਜੀਨੀਅਰਿੰਗ ਕਾਲਜ ਅਤੇ ਸਾਇੰਸ ਕਾਲਜ ਦੇ ਵਿਦਿਆਰਥੀ ਅਗਾਂਹਵਧੂ ਲਹਿਰਾਂ ਵਿਚ ਬੜੀ ਤੇਜ਼ੀ ਨਾਲ ਇਸ ਕਰਕੇ ਸ਼ਾਮਲ ਹੋ ਰਹੇ ਸੀ ਕਿਉਂਕਿ ਦੁਨੀਆ ਦੇ ਪੈਮਾਨੇ ’ਤੇ ਵੱਖ ਵੱਖ ਆਇਕਨ ਜਿਵੇਂ ਚੀ ਗਵੇਰਾ ਅਤੇ ਭਗਤ ਸਿੰਘ ਨਵੇਂ ਨੌਜਵਾਨਾਂ ਲਈ ਸਮਾਜਿਕ ਤਬਦੀਲੀਆਂ ਵਾਸਤੇ ਨਵੀਂ ਜਾਨ ਭਰ ਰਹੇ ਸਨ। ਹਰਬੰਸ ਭਰੋਵਾਲ ਨੇ ਆਪਣੇ ਕੈਰੀਅਰ ਦੀ ਪ੍ਰਵਾਹ ਨਾ ਕਰਦਿਆਂ ਵਿਦਿਆਰਥੀ ਲਹਿਰ ਤੋਂ ਅੱਗੇ ਨੌਜਵਾਨ ਭਾਰਤ ਸਭਾ ਅਤੇ ਵੱਖ ਵੱਖ ਹੋਰ ਸੰਘਰਸ਼ਸ਼ੀਲ ਜਥੇਬੰਦੀਆਂ ਵਿਚ ਅਗਵਾਨੂੰ ਰੋਲ ਅਦਾ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੀ ਆਵਾਜ਼ ਅਤੇ ਵਿਚਾਰਾਂ ਨੂੰ ਜਨਸਮੂਹ ਵਿਚ ਪਹੁੰਚਾਉਣ ਦੀ ਅਥਾਹ ਸਮਰੱਥਾ ਸੀ। ਉਹ ਸਟੇਜ ਦੇ ਏਨੇ ਧਨੀ ਸਨ ਕਿ ਆਪਣੇ ਭਾਸ਼ਣ

ਦੌਰਾਨ ਸੰਤ ਰਾਮ ਉਦਾਸੀ ਤੋਂ ਲੈ ਕੇ ਪਾਸ਼ ਤੱਕ ਦੇ ਗੀਤਾਂ ਅਤੇ ਨਜ਼ਮਾਂ ਨੂੰ ਅਟੁੱਟ ਹਿੱਸਾ ਬਣਾ ਲੈਂਦੇ ਸਨ।

ਇਕ ਪਾਸੇ ਅਗਾਂਹਵਧੂ ਲਹਿਰ ਦਾ ਉਤਰਾਅ-ਚੜ੍ਹਾਅ ਅਤੇ ਦੂਜੇ ਪਾਸੇ ਆਰਥਿਕ ਤੰਗੀਆਂ ਤਰੁੱਟੀਆਂ ਨੂੰ ਦੂਰ ਕਰਨ ਲਈ ਕੈਨੇਡਾ ਦੀ ਧਰਤੀ ਨੇ ਹਰਬੰਸ ਭਰੋਵਾਲ ਨੂੰ ਵੀ ਖਿੱਚ ਲਿਆ। ਪ੍ਰੰਤੂ ਜਦੋਂ ਉਨ੍ਹਾਂ ਦੇਖਿਆ ਕਿ ਏਸ਼ੀਅਨ ਭਾਈਚਾਰਾ ਵੱਖ-ਵੱਖ ਕਿਸਮ ਦੀਆਂ ਕਿਰਤ ਵਾਲੀਆਂ ਨੌਕਰੀਆਂ ਵਿਚ ਕਈ ਪੱਖਾਂ ਤੋਂ ਦੁਰਕਾਰਿਆ ਅਤੇ ਪੀੜਤ ਹੋ ਰਿਹਾ ਹੈ। ਇਥੇ ਵੀ ਉਨ੍ਹਾਂ ਨੇ ਆਪਣੇ ਰਿਜ਼ਕ ਦੇ ਨਾਲ-ਨਾਲ ਸੰਘਰਸ਼ੀ ਧਿਰਾਂ ਅਤੇ ਜਥੇਬੰਦੀਆਂ ਨਾਲ ਮੁੜ ਸੁਮੇਲ ਕਰ ਲਿਆ। ਵੱਖ-ਵੱਖ ਤਰਕਸ਼ੀਲਾਂ ਤੋਂ ਲੈ ਕੇ ਕਿਰਤੀਆਂ ਤੇ ਵੇਤਨਾਂ ਤੱਕ ਦੀਆਂ ਲੜਾਈਆਂ ਵਿਚ ਸ਼ਿਰਕਤ ਕੀਤੀ। ਉਨ੍ਹਾਂ ਨੂੰ ਇਹ ਵੀ ਜਾਪਿਆ ਕਿ ਪੰਜਾਬੀ ਭਾਈਚਾਰੇ ਦੀਆਂ ਦਿੱਕਤਾਂ ਜਿਨ੍ਹਾਂ ਵਿਚ ਵੱਖ-ਵੱਖ ਸਭਿਆਚਾਰਕ ਤੋਂ ਲੈ ਕੇ ਵਿਦਿਆਰਥੀਆਂ ਤੱਕ ਨਾਲ ਜੋ ਕੁਝ ਵਾਪਰ ਰਿਹਾ ਹੈ ਉਸ ਨੂੰ ਸਮੁੱਚੇ ਪੰਜਾਬੀ ਭਾਈਚਾਰੇ ਨਾਲ ਸਾਂਝਾ ਕਰਨਾ ਚਾਹੀਦਾ ਹੈ। ਇਸ ਕਾਰਜ ਦੀ ਪੂਰਤੀ ਲਈ ਉਨ੍ਹਾਂ ਨੇ ਆਪਣੇ ਸਾਇੰਸ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਨਾਲ ਮਿਲ ਬੈਠ ਕੇ ਇਕ ਮਹੀਨਾਵਾਰ ਅਖ਼ਬਾਰ ਕੱਢਣ ਦੀ ਯੋਜਨਾ ਬਣਾਈ। ਉਸ ਨੂੰ ਉਸ ਸਮੇਂ ਬੂਰ ਲੱਗਿਆ ਜਦੋਂ ਕੈਨੇਡਾ ਵਿਚ ਹੀ ਰਜਿ. ਕਰਵਾਈ ਸੰਸਥਾ ‘ਲੋਕ ਪੱਖੀ ਮੀਡੀਆ ਗਰੁੱਪ’ ਦੇ ਅਧੀਨ

ਡਾ. ਕੁਲਦੀਪ ਸਿੰਘ
98151-15429

‘ਸਰੋਕਾਰਾਂ ਦੀ ਆਵਾਜ਼’ ਪੇਪਰ ਸ਼ੁਰੂ ਕਰ ਦਿੱਤਾ। ਭਲਾ ਹੀ ਇਸ ਦੀ ਸ਼ੁਰੂਆਤ ਇਕੱਲੇ ਬਰੈਂਪਟਨ ਤੋਂ ਕੀਤੀ ਗਈ ਪ੍ਰੰਤੂ ਹੌਲੀ ਹੌਲੀ ਇਹ ਕੈਨੇਡਾ ਦੇ ਸਮੁੱਚੇ ਸ਼ਹਿਰਾਂ ਜਿਨ੍ਹਾਂ ਵਿਚ ਕੈਲਗਰੀ, ਸਰੀ, ਐਡਮਿੰਟਨ, ਟੋਰਾਂਟੋ ਅਤੇ ਵਿਨੀਪੈਗ ਵਿਚ ਵੀ ਮਕਬੂਲ ਹੋ ਗਿਆ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਮਾਸਟਰ ਭਜਨ ਸਿੰਘ ਨੇ ਜਿਸ ਕਿਸਮ ਨਾਲ ਕੈਲਗਰੀ ਵਿਚ ਸਮਾਜਿਕ ਭਾਈਚਾਰਿਆਂ ਵਿਚ ਆਪਣੀ ਪਹਿਚਾਣ ਬਣਾਈ, ਉਥੇ ਪੇਪਰ ਲਈ ਵੱਡੀ ਵਿੱਤੀ ਸਹਾਇਤਾ ਲਗਾਤਾਰਤਾ ਵਿਚ ਪ੍ਰਦਾਨ ਕੀਤੀ। ਵੱਖ ਵੱਖ ਸ਼ਹਿਰਾਂ ਵਿਚ ਪੰਜਾਬੀ ਸਰੋਕਾਰਾਂ ਨਾਲ ਜੁੜੇ ਸੰਘਰਸ਼ਸ਼ੀਲ ਅਤੇ ਪੰਜਾਬੀ ਲੇਖਕ ਇਸ ਦਾ ਅਟੁੱਟ ਹਿੱਸਾ ਬਣ ਗਏ। ਇਧਰਲੇ ਪੰਜਾਬ ਵਿਚਲੇ ਉਸਦੇ ਸੰਗੀ ਸਾਥੀ ਵੀ ਜਿਥੇ ਕੈਨੇਡਾ ਦੇ ਵਰਤਾਰਿਆਂ ਬਾਰੇ ਜਾਣਨਾ ਚਾਹੁੰਦੇ ਸੀ ਅਤੇ ਉਥੇ ਪੰਜਾਬੀ ਭਾਈਚਾਰਾ ਵੀ ਇਧਰਲੇ ਪੰਜਾਬ ਬਾਰੇ ਜਾਣਨਾ ਚਾਹੁੰਦੇ ਸੀ, ਕਿਉਂਕਿ ਪਿਛਲੇ ਚਾਰ ਦਹਾਕਿਆਂ ਤੋਂ ਜਿਸ ਕਿਸਮ ਨਾਲ ਕੈਨੇਡਾ ਵਿਚ ਪੰਜਾਬੀਆਂ ਦਾ ਪ੍ਰਵਾਸ ਹੋਇਆ ਭਲਾ ਹੀ ਉਨ੍ਹਾਂ ਦਾ ਆਰਜ਼ੀ/ ਪੱਕਾ ਰੈਣ ਬਸੇਰਾ ਕੈਨੇਡਾ ਵਿਚ ਹੈ ਪ੍ਰੰਤੂ ਦੀ ਰੂਹ ਵਿਚ ਇਧਰਲਾ ਪੰਜਾਬ ਸਦਾ ਉਨ੍ਹਾਂ ਅੰਦਰ ਤੜਫ ਪੈਦਾ ਕਰਦਾ ਰਹਿੰਦਾ ਹੈ। ਇਕ ਵੱਡਾ ਕਾਫ਼ਲਾ ਵੱਖ-ਵੱਖ ਸਾਹਿਤਕ ਤੋਂ ਲੈ ਕੇ ਬਦਲਵੀਂ ਰਾਜਨੀਤੀ ਵਾਲੀਆਂ ਕਲਮਾਂ ਤੱਕ ਦਾ ਜੁੜ ਗਿਆ ਜਿਨ੍ਹਾਂ ਅੰਦਰ ਸਮਾਜਿਕ ਦਿੱਕਤਾਂ ਬਾਰੇ ਲਿਖਣ ਦੀ ਕਲਾ ਹੈ। ਇਹ ਵੀ ਹਕੀਕਤ ਹੈ ਕਿ ਕੈਨੇਡਾ ਵਿਚ ਬਹੁਤ ਅਖ਼ਬਾਰ ਇਨ੍ਹਾਂ ਸਮਿਆਂ ਵਿਚ ਦਮ ਤੋੜ ਗਏ ਪ੍ਰੰਤੂ 16 ਵਰ੍ਹਿਆਂ ਤੋਂ ਇਹ ਅਖ਼ਬਾਰ ਬਿਨਾਂ ਰੁਕਾਵਟ ਚਾਹੇ ਕਰੋਨਾ ਕਾਲ ਵੀ ਆਇਆ ਲਗਾਤਾਰ ਛਪਦਾ ਰਿਹਾ। ਜਿਸ ਦਾ ਸਮੁੱਚਾ ਸਿਹਰਾ ਹਰਬੰਸ ਭਰੋਵਾਲ ਨੂੰ ਜਾਂਦਾ ਹੈ। ਉਨ੍ਹਾਂ ਨੇ ਦਿਨ ਰਾਤ ਇਕ ਕਰਕੇ ਹਰੇਕ ਉਸ ਹਾਂਪੱਖੀ ਕਲਮ ਨੂੰ ਆਪਣੇ ਨਾਲ ਜੋੜਿਆ ਤਾਂ ਕਿ ਕੈਨੇਡਾ ਅਤੇ ਪੰਜਾਬ ਦਾ ਭਾਈਚਾਰਾ ਆਪਸ ਵਿਚੀਂ ਅਗਾਂਹਵਧੂ ਸੋਚ ਅਤੇ ਵਿਚਾਰਾਂ ਨਾਲ ਜੁੜਿਆ ਰਹੇ।

ਜਦੋਂ ਇਹ ਪੇਪਰ ਸਮੁੱਚੇ ਏਸ਼ੀਅਨ ਭਾਈਚਾਰੇ ਦੀ ਆਵਾਜ਼ ਬਣਿਆ ਹੋਇਆ ਹੈ ਜਿਸ ਵਿਚ ਪੰਜਾਬੀ ਵਿਦਿਆਰਥੀ ਨੌਜਵਾਨਾਂ ਦੀਆਂ ਕੈਨੇਡਾ ਵਿਚ ਅਜੋਕੀਆਂ ਮੁਸ਼ਕਿਲਾਂ ਨੂੰ ਪ੍ਰਮੁੱਖਤਾ ਦੇ ਰਿਹਾ ਸੀ। ਇਸ ਦੇ ਨਾਲ ਹੀ ਜੋ ਵੀ ਆਰਥਿਕ ਤੇ ਸਮਾਜਿਕ ਪੀੜਾਂ ਵਿਚੋਂ ਪੰਜਾਬੀ ਭਾਈਚਾਰਾ ਗੁਜ਼ਰ ਰਿਹਾ ਸੀ ਉਸ ਦੀਆਂ ਹੋਣੀਆਂ ਅਤੇ ਅਣਹੋਣੀਆਂ ਦੀ ਕਹਾਣੀ ਦਾ ਇਹ ਪੇਪਰ ਤਰਜਮਾਨ ਬਣਿਆ ਹੋਇਆ ਸੀ। ਜਦੋਂ ਵੀ ਅਗਾਂਹਵਧੂ ਵਿਚਾਰਾਂ ਵਾਲੀਆਂ ਜਥੇਬੰਦੀਆਂ ਆਪਸੀ ਅਦਾਨ-ਪ੍ਰਦਾਨ ਕਰਦੀਆਂ ਅਤੇ ਉਨ੍ਹਾਂ ਨੂੰ ਸਮੁੱਚੇ ਸਮਾਜ ਵਿਚ ਲੈ ਕੇ ਜਾਣ ਦਾ ਕਾਰਜ ਵੀ ਇਹ ਪੇਪਰ ਕਰ ਰਿਹਾ ਸੀ। ਜਿਸ ਕਿਸਮ ਦੀ ਸੱਜੇਪੱਖੀ ਰਾਜਨੀਤੀ ਨੇ ਦੁਨੀਆ ਨੂੰ ਆਪਣੀ ਗ੍ਰਿਫ਼ਤ ਵਿਚ ਲਿਆ ਹੋਇਆ ਉਹ ਚਾਹੇ ਅਮਰੀਕਾ ਵਿਚ ਹੋਵੇ ਤੇ ਚਾਹੇ ਭਾਰਤ ਹੋਵੇ ਅਤੇ ਜਿਸ ਦਿਸ਼ਾ ਵੱਲ ਕੈਨੇਡਾ ਵੀ ਵਧ ਰਿਹਾ ਇਨ੍ਹਾਂ ਚਿੰਤਾਵਾਂ ਦਾ ਸਰੋਕਾਰ ਵੀ ਇਸ ਪੇਪਰ ਦਾ ਅਟੁੱਟ ਅੰਗ ਹੁੰਦਾ। ਹਰਬੰਸ ਭਰੋਵਾਲ ਦੀ ਸਿਰੜਦਿਲੀ ਸਮਝੋ ਕਿ ਉਸ ਨੇ ਸਮੁੱਚੇ ਕੈਨੇਡਾ ਵਿਚ ‘ਸਰੋਕਾਰਾਂ ਦੀ ਆਵਾਜ਼’ ਨੂੰ ਪੰਜਾਬੀਆਂ ਦੀ ਆਵਾਜ਼ ਬਣਾ ਦਿੱਤਾ ਸੀ। ਅਚਾਨਕ ਹਰਬੰਸ ਭਰੋਵਾਲ ਦਾ ਵਿਛੋੜਾ ਪਿਛਲੇ ਦਿਨੀਂ ਬਰੈਂਪਟਨ ਵਿਖੇ ਹੋ ਗਿਆ। ਪ੍ਰੰਤੂ ਉਨ੍ਹਾਂ ਦੇ ਸੰਘਰਸ਼ਾਂ ਸਮੇਂ ਦੇ ਸਾਥੀ ਅਤੇ ਉਹ ਹਿੱਸੇ ਜੋ ਹਰਬੰਸ ਭਰੋਵਾਲ ਦੀ ਇਨਕਲਾਬੀ ਪ੍ਰਤੀਬੱਧਤਾ ਨੂੰ ਜਾਣਦੇ ਹਨ ਉਨ੍ਹਾਂ ਦੇ ਪੰਜਾਬ ਵਿਚਲੇ ਰੈਣ ਬਸੇਰੇ ਭਰੋਵਾਲ ਵਿਖੇ ਅੱਜ ਵਿਛੜੇ ਸਾਥੀ ਨੂੰ ਸਲਾਮ ਕਹਿਣਗੇ ਅਤੇ ਉਸ ਵਲੋਂ ਚਲਾਏ ਗਏ ਅਖ਼ਬਾਰ ‘ਸਰੋਕਾਰਾਂ ਦੀ ਆਵਾਜ਼’ ਦੀਆਂ ਦੇਣਾਂ ਨੂੰ ਯਾਦ ਕਰਨਗੇ ਅਤੇ ਇਸ ਕਾਰਜ ਨੂੰ ਅਗਾਂਹ ਤੋਰਨ ਲਈ ਵੀ ਅਹਿਦ ਲੈਣਗੇ।

ਕਾਮਰੇਡ ਹਰਬੰਸ ਸਿੰਘ ਦਾ ਬੇਵਕਤ ਚਲੇ ਜਾਣ

- ਸ਼ਮਸ਼ਾਦ ਇਲਾਹੀ ਸ਼ਮਸ
(ਮੂਲ ਲੇਖ ਹਿੰਦੀ ਤੋਂ ਅਨੁਵਾਦ)

ਕਾਮਰੇਡ ਹਰਬੰਸ ਸਿੰਘ ਭਰੋਵਾਲ ਦੀ ਜੀਵਨ ਯਾਤਰਾ 10 ਅਗਸਤ, 1958 ਨੂੰ ਪੰਜਾਬ ਦੇ ਪਿੰਡ ਤੋਂ ਸ਼ੁਰੂ ਹੋਈ ਸੀ ਅਤੇ 28 ਸਤੰਬਰ, 2026 ਨੂੰ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿੱਚ ਆਪਣੇ ਆਖਰੀ ਪੜਾਅ ’ਤੇ ਪਹੁੰਚੀ। ਜ਼ਿੰਦਗੀ ਅਤੇ ਮੌਤ ਇਕੋ ਸਿੱਕੇ ਦੇ ਦੋ ਪਹਿਲੂ ਹਨ ਅਤੇ ਇਸ ਨੂੰ ਆਸਾਨੀ ਨਾਲ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ, ਸਵਾਲ ਇਹ ਉੱਠਦਾ ਹੈ ਕਿ ਜੋ ਵਿਅਕਤੀ ਗੁਜ਼ਰ ਗਿਆ ਉਹ ਕਿਹੜੀਆਂ ਕਦਰਾਂ-ਕੀਮਤਾਂ ਲਈ ਜਿਉਂਦਾ ਰਿਹਾ ਅਤੇ ਉਹ ਕਿਹੜੀ ਵਿਰਾਸਤ ਛੱਡ ਕੇ ਗਿਆ?

ਹਰਬੰਸ ਸਿੰਘ ਦੇ ਨਾਲ ਮੇਰਾ ਰਿਸ਼ਤਾ ਉਸੇ ਤਰ੍ਹਾਂ ਦਾ ਸੀ ਜਿਵੇਂ ਕਿਸੇ ਜਗਦੇ ਸਵਾਲ ਅਤੇ ਉਸ ਵਿੱਚ ਲੋਕ-ਪੱਖੀ ਦਖਲਅੰਦਾਜ਼ੀ। ਜਦੋਂ ਵੀ ਜਨਤਾ ਨਾਲ ਜੁੜਿਆ ਕੋਈ ਰਾਜਨੀਤਕ ਜਾਂ ਸਮਾਜਿਕ ਸਵਾਲ ਹੁੰਦਾ, ਹਰਬੰਸ ਜੀ ਉੱਥੇ ਪੁਹੰਚ ਜਾਂਦੇ- ਕਦੇ ਸਪੀਕਰ ਦੇ ਰੂਪ ਵਿੱਚ, ਕਦੇ ਪੱਤਰਕਾਰ ਦੇ ਰੂਪ ਵਿੱਚ ਅਤੇ ਕੁਝ ਨਹੀਂ ਤਾਂ ਇੱਕ ਜਾਗਰੂਕ ਨਾਗਰਿਕ ਦੇ ਰੂਪ ਵਿੱਚ। ਉਨ੍ਹਾਂ ਦੇ ਦਿਲ ਦੀ ਧੜਕਣ ਵਿੱਚ ਭਾਰਤ ਗੂੰਜਦਾ ਰਿਹਾ, ਜਮਦਾ ਰਿਹਾ। ਪੰਜਾਬ ਦੀ ਕ੍ਰਾਂਤੀਕਾਰੀ ਪ੍ਰਗਤੀਸ਼ੀਲ ਰਾਜਨੀਤਕ ਧਾਰਾ ਦੇ ਇੱਕ ਅਨੁਸ਼ਾਸਿਤ ਸਿਪਾਹੀ ਦੀ ਤਰ੍ਹਾਂ ਉਹ ਹਮੇਸ਼ਾ ਸਤਰਕ ਅਤੇ ਮੁਸਤੈਦ ਰਹੇ ਅਤੇ ਅਜਿਹੇ ਕਠਿਨ ਹਾਲਾਤਾਂ ਵਿੱਚ ਆਪਣਾ ਕੰਮ ਕੀਤਾ, ਜਦੋਂ 2014 ਦੇ ਬਾਅਦ ਮੋਦੀ ਲਹਿਰ ਵਿੱਚ ਪੂਰੀ ਦੁਨੀਆ ਵਿੱਚ ਪੱਤਰਕਾਰੀ ਦੇ ਵੱਡੇ-ਵੱਡੇ ਥੰਮ ਢਹਿ ਗਏ। ਉਨ੍ਹਾਂ ਨੇ ਆਪਣੀਆਂ ਚਿੰਤਾਵਾਂ ਨਾਲ ਕਦੇ ਸਮਝੌਤਾ ਨਹੀਂ ਕੀਤਾ, ਡਟੇ ਰਹੇ, ਕਲਮ ਨੂੰ ਹਥਿਆਰ ਬਣਾ ਕੇ ਲੜਦੇ ਰਹੇ। ਉਨ੍ਹਾਂ ਦਾ ਅਖ਼ਬਾਰ, ਜਿਸ ਦੇ ਉਹ ਮੁੱਖ ਸੰਪਾਦਕ ਸਨ, ‘ਸਰੋਕਾਰਾਂ ਦੀ ਆਵਾਜ਼’ ਉਨ੍ਹਾਂ ਦੇ ਨਾਮ ਦੇ ਅਨੁਸਾਰ ਕੰਮ ਕਰਦਾ ਸੀ। ਉਹ ਦੁਨੀਆ ਦੀਆਂ ਉਨ੍ਹਾਂ ਸਾਰੀਆਂ ਖ਼ਬਰਾਂ ’ਤੇ ਨਜ਼ਰ ਰੱਖਦੇ ਸਨ ਜੋ ਮਾਨਵ ਜਾਤੀ ਦੀ ਤਰੱਕੀ ਨੂੰ ਅੱਗੇ ਵਧਾਉਣਗੀਆਂ, ਉਨ੍ਹਾਂ ਦਾ ਅਖ਼ਬਾਰ ਹਰ ਮਨੁੱਖ ਵਿਰੋਧੀ ਘਟਨਾ ਦਾ ਸ਼ੀਸ਼ਾ ਬਣ ਜਾਂਦਾ ਸੀ, ਜੋ ਇੱਕ ਸਮਝਦਾਰ ਪੱਤਰਕਾਰ ਲਈ ਦੱਸਣਾ ਜ਼ਰੂਰੀ ਸੀ।

ਮੇਰੇ ਵਿਚਾਰ ਵਿੱਚ, ਉਨ੍ਹਾਂ ਦਾ ਅਖਬਾਰ, ਵਾਹਿਦ, ਇੱਕ ਅਖ਼ਬਾਰ ਸੀ ਜਿਸ ਵਿੱਚ ਪੰਜਾਬੀ (ਗੁਰਮੁਖੀ), ਅੰਗਰੇਜ਼ੀ ਅਤੇ ਹਿੰਦੀ ਲਿਪੀ ਸ਼ਾਮਲ ਸੀ। ਕਈ ਵਾਰ ਉਸਨੇ ਆਪਣੇ ਅਖਬਾਰ ਵਿੱਚ ਮੇਰੇ ਲੇਖ ਜਾਂ ਰਿਪੋਰਟਾਂ ਪ੍ਰਕਾਸ਼ਤ ਕੀਤੀਆਂ - ਉਹ ਵੀ ਹਿੰਦੀ ਅਤੇ ਅੰਗਰੇਜ਼ੀ ਵਿੱਚ। ਉਹ ਭਾਸ਼ਾ ਨਹੀਂ- ਖ਼ਬਰਾਂ ਦੀ ਮਹੱਤਤਾ ਬਾਰੇ ਚਿੰਤਤ ਸੀ, ਇਹ ਇੱਕ ਵੱਡੀ ਗੱਲ ਹੈ । ਇਹ ਮੇਰੀ ਆਪਣੀ ਪੱਤਰਕਾਰੀ ਜ਼ਿੰਦਗੀ ਦਾ ਪਹਿਲਾ ਅਤੇ ਵਿਲੱਖਣ ਤਜਰਬਾ ਸੀ ।

ਕਿਸੇ ਖਾਸ ਵਿਅਕਤੀ ਦੇ ਵਿਛੋੜੇ ਦੇ ਬਾਅਦ, ਜਾਣ ਵਾਲੇ ਵਿਅਕਤੀ ਨੂੰ ਅਸੀਂ ਕਿਉਂ ਯਾਦ ਕਰਦੇ ਹਾਂ? ਅਗਰ ਕੋਈ ਗੈਰ-ਪਰਿਵਾਰਿਕ ਮੈਂਬਰ, ਪਰਿਵਾਰ ਦੇ ਦਾਇਰੇ ਤੋਂ ਬਾਹਰ ਨਿਕਲਣ ਵਾਲੇ ਵਿਅਕਤੀ ਨੂੰ ਯਾਦ ਕਰਦਾ ਹੈ ਤਾਂ ਉਸ ਦਾ ਮਤਲਬ ਹੈ ਕਿ ਜੋ ਗੁਜ਼ਰ ਗਿਆ ਹੈ ਉਹ ਪਰਿਵਾਰ ਦੀਆਂ ਵਿਅਕਤੀਗਤ ਸੀਮਾਵਾਂ ਨੂੰ ਪਾਰ ਕਰ ਗਿਆ ਹੈ। ਉਸ ਦੇ ਆਦਰਸ਼ ਹੋਣਗੇ ਕਿ ਉਸ ਨੂੰ ਲਗਿਆ ਹੋਵੇਗਾ ਕਿ ਮੇਰਾ ਪਰਿਵਾਰ ਸੈਕੰਡਰੀ ਹੈ, ਸਮਾਜ ਮੁੱਖ ਹੈ। ਬਿਲਕੁਲ ਇਹੀ ਹਰਬੰਸ ਸਿੰਘ ਦਾ ਜੀਵਨ ਸੀ, ਉਹ ਸਾਨੂੰ ਕਦੇ ਇੱਕ ਜਾਗਰੂਕ ਰਾਜਨੀਤਕ ਕਾਰਜਕਰਤਾ ਦੇ ਰੂਪ ਵਿੱਚ ਅਤੇ ਕਦੇ ਇੱਕ ਜ਼ਿੰਮੇਵਾਰ ਕਲਮ ਦੇ ਸਿਪਾਹੀ ਦੇ ਰੂਪ ਵਿੱਚ ਲਗਦਾ ਸੀ। ਹਿੰਦੀ ਜਗਤ ਵਿੱਚ ਜੇਕਰ ਮੈਂ ਉਨ੍ਹਾਂ ਦੀ ਤੁਲਨਾ ਉਨ੍ਹਾਂ ਦੇ ਪੇਸ਼ੇ ਨਾਲ ਜੁੜੇ ਕਿਸੇ ਵਿਅਕਤੀ ਨਾਲ ਕਰਾਂ ਤਾਂ ਮੇਰੇ ਮਨ ਵਿੱਚ ਗਣੇਸ਼ ਸ਼ੰਕਰ ਵਿਦਿਆਰਥੀ ਦਾ ਨਾਮ ਆਉਂਦਾ ਹੈ। ਉਹ ਅੱਜ ਦੇ ਸਮੇਂ ਵਿੱਚ ਕੈਨੇਡਾ ਦੀ ਧਰਤੀ ’ਤੇ ਘੱਟ ਜਾਂ ਘੱਟ ਉਹੀ ਸੰਘਰਸ਼ ਕਰ ਰਹੇ ਸਨ, ਜੋ ਗਣੇਸ਼ ਸ਼ੰਕਰ ਵਿਦਿਆਰਥੀ ਆਪਣੇ ਸਮੇਂ ਵਿੱਚ ਕਰ ਰਹੇ ਸਨ। ਉਦਾਹਰਣ ਦੇ ਤੌਰ ’ਤੇ ਜੰਮੂ ਵਿੱਚ ਆਸਿਫਾ ਦੀ ਘਟਨਾ ਹੋਵੇ ਜਾਂ ‘ਗੁਜਰਾਤ ਫਾਈਲਜ਼’ ਦੀ ਲੇਖਕ ਰਾਣਾ ਅਯੂਬ ਦਾ ਕੈਨੇਡਾ ਆਗਮਨ ਅਤੇ ਉਨ੍ਹਾਂ ਦਾ ਸਨਮਾਨ

ਹੋਵੇ, ਕਿਸਾਨ ਅੰਦੋਲਨ ਹੋਵੇ ਜਾਂ ਪਾਨਸਰੇ, ਗੌਰੀ ਲੰਕੇਸ਼, ਕੁਲਬੁਰਗੀ ਕਤਲ ਕੇਸ - ਇਹ ਸਾਰਾ ਵਿਅਕਤੀ ਆਪਣੇ ਗੁੱਸੇ ਨਾਲ, ਆਪਣੇ ਸ਼ਬਦਾਂ ਨਾਲ ਆਪਣੇ ਅਖ਼ਬਾਰ ਵਿੱਚ ਖਿੰਡਾ ਦਿੰਦਾ ਸੀ। ਮੈਂ ਇਨ੍ਹਾਂ ਸਾਰੀਆਂ ਹਰਕਤਾਂ ਦਾ ਗਵਾਹ ਰਿਹਾ ਹਾਂ ਅਤੇ ਕਈ ਵਾਰ ਉਨ੍ਹਾਂ ਦੇ ਬਹਾਦਰੀ ਭਰੇ ਯਤਨਾਂ ਵਿੱਚ ਭਾਗੀਦਾਰ ਰਿਹਾ ਹਾਂ।

ਲਿਖਣ ਲਈ ਬਹੁਤ ਕੁਝ ਹੈ, ਜੇ ਮੈਂ ਇੱਕ ਸਿਰੇ ਨੂੰ ਫੜਦਾ ਹਾਂ, ਤਾਂ ਮੈਨੂੰ ਦੂਜਾ ਅੰਤ ਨਹੀਂ ਮਿਲਦਾ। ਹਰਬੰਸ ਸਿੰਘ ਸੱਚ ਦੀ ਆਵਾਜ਼ ਸਨ, ਸੱਚ ਭਾਵੇਂ ਕਿੰਨਾ ਵੀ ਕੌੜਾ ਅਤੇ ਜ਼ਾਲਮ ਕਿਉਂ ਨਾ ਹੋਵੇ, ਜੋ ਲਿਖਿਆ ਗਿਆ ਉਸ ਨੂੰ ਜਗ੍ਹਾ ਦੇਣ ਦੀ ਉਨ੍ਹਾਂ ਵਿੱਚ ਹਿੰਮਤ ਸੀ ਅਤੇ ਇਹ ਪਰੰਪਰਾ ਅੱਜ ਉਨ੍ਹਾਂ ਦੇ ਪਿੱਛੇ ਰਹਿ ਗਈ ਹੈ, ਉਨ੍ਹਾਂ ਸਾਰੇ ਲੋਕਾਂ ਲਈ ਜਿਨ੍ਹਾਂ ਨੂੰ ਅਜੇ ਵੀ ਲਿਖਣ, ਬੋਲਣ ਅਤੇ ਚਰਚਾ ਕਰਨੀ ਹੈ। ਅਜਿਹੀਆਂ ਸ਼ਖਸੀਅਤਾਂ ਆਪਣੇ ਸਰੀਰ ਨੂੰ ਪੂਰਾ ਕਰਦੀਆਂ ਹਨ, ਕਦੇ ਨਹੀਂ ਮਰਦੀਆਂ - ਅਜਿਹੇ ਲੋਕ ਤੁਹਾਡੇ (ਪਾਠਕ) ਅਤੇ ਮੇਰੇ (ਲੇਖਕ) ਦੇ ਮਨਾਂ ਵਿੱਚ ਸਦਾ ਲਈ ਜੀਉਂਦੇ ਰਹਿਣਗੇ ਅਤੇ ਇਹ ਪ੍ਰਕਿਰਿਆ ਹੈ ਅਤੇ ਜਾਰੀ ਰਹੇਗੀ।

ਕਾਮਰੇਡ ਹਰਬੰਸ ਸਿੰਘ ਨਾਲ ਬਿਤਾਏ ਪਲ ਹਮੇਸ਼ਾ ਯਾਦ ਰਹਿਣਗੇ

ਸ਼ਹੀਦ ਬਾਬਾ ਭਾਨ ਸਿੰਘ ਗਦਰ ਮੈਮੋਰੀਅਲ ਵੱਲੋਂ ਬਾਬਾ ਭਾਨ ਸਿੰਘ ਦੀ ਫੋਟੋ ਸਨਮਾਨ ਵਜੋਂ ਪ੍ਰਾਪਤ ਕਰਨ ਸਮੇਂ ਦਾ ਦ੍ਰਿਸ਼

ਜਸਵੰਤ ਜੀਰਖ
98151-69825

ਕਾਮਰੇਡ ਹਰਬੰਸ ਸਿੰਘ ਸੰਪਾਦਕ 'ਸਰੋਕਾਰਾਂ ਦੀ ਆਵਾਜ' ਕੈਨੇਡਾ, ਜੋ ਸਾਨੂੰ ਬੇਵਕਤੀ ਸਦੀਵੀ ਵਿਛੋੜਾ ਦੇ ਗਏ ਹਨ, ਦੀ ਘਾਟ ਸਦਾ ਹੀ ਉਨ੍ਹਾਂ ਦੀ ਯਾਦ ਦਿਵਾਉਂਦੀ ਰਹੇਗੀ। ਉਹ 'ਸਰੋਕਾਰਾਂ ਦੀ ਆਵਾਜ' ਦੇ ਨਾਲ ਦੱਬੇ ਕੁਚਲੇ ਕਿਰਤੀ ਵਰਗ ਦੀ ਆਵਾਜ਼ ਵੀ ਸਨ, ਜਿਨ੍ਹਾਂ ਨੂੰ ਪ੍ਰੇਰਿਤ ਕਰਦੀਆਂ ਰਚਨਾਵਾਂ ਨੂੰ ਪਹਿਲ ਦੇ ਅਧਾਰ 'ਤੇ ਇਸ ਮੈਗਜ਼ੀਨ ਵਿੱਚ ਵਿਸ਼ੇਸ਼ ਥਾਂ ਦੇਣਾ ਆਪਣਾ ਮੁੱਖ ਮੰਤਵ ਸਮਝਦੇ ਸਨ। ਭਾਵੇਂ ਇਹ ਮੈਗਜ਼ੀਨ ਕੈਨੇਡਾ 'ਚੋਂ ਨਿਕਲਦਾ ਹੈ ਪਰ ਇਸ ਦੇ ਨਿਸ਼ਾਨੇ ਵਿੱਚ, ਪਹਿਲ ਹਮੇਸ਼ਾ ਪੰਜਾਬ ਅਤੇ ਸਮੁੱਚੇ ਦੇਸ਼ ਦੇ ਹਾਲਾਤਾਂ ਸਬੰਧੀ ਰਿਪੋਰਟਾਂ ਰਾਹੀਂ, ਆਪਣੇ ਪਾਠਕਾਂ ਨਾਲ ਸਾਂਝ ਪਾਉਣ ਦੁਆਲੇ ਰਹਿੰਦੀ। ਉਨ੍ਹਾਂ ਨਾਲ ਬਿਤਾਏ ਪਲਾਂ ਦੀਆਂ ਯਾਦਾਂ, ਹਮੇਸ਼ਾ ਹੀ ਉਹਨਾਂ ਦੇ ਵਿਚਾਰਾਂ ਨੂੰ ਪ੍ਰਣਾਈ ਰੱਖਣ ਲਈ ਮਾਰਗ ਦਰਸ਼ਕ ਬਣੀਆਂ ਰਹਿਣਗੀਆਂ। 3 ਮਾਰਚ, 2025 ਨੂੰ ਉਹਨਾਂ ਦੀ ਮਾਸਟਰ ਭਜਨ ਸਿੰਘ ਨਾਲ ਲੁਧਿਆਣਾ ਵਿਖੇ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ ਵਿੱਚ ਪਾਈ ਫੇਰੀ, ਉਨ੍ਹਾਂ ਦੀ ਸਮਾਜ ਅਤੇ ਲੋਕ ਲਹਿਰ ਦੀ ਉਸਾਰੀ ਪ੍ਰਤੀ ਨਿਹਚਾ ਪ੍ਰਭਾਵਤ ਕਰਦੀ ਰਹੇਗੀ। ਇਸ ਮੌਕੇ ਸ਼ਹੀਦ ਬਾਬਾ ਭਾਨ ਸਿੰਘ ਗਦਰ ਮੈਮੋਰੀਅਲ ਟਰੱਸਟ ਵੱਲੋਂ ਉਹਨਾਂ ਨੂੰ ਸ਼ਹੀਦ ਬਾਬਾ ਭਾਨ ਸਿੰਘ ਦੀ ਫੋਟੋ ਦੇ ਕੇ ਕੀਤੇ ਸਨਮਾਨ ਦਾ ਟਰੱਸਟ ਮਾਣ ਮਹਿਸੂਸ ਕਰਦਾ ਰਹੇਗਾ।

ਇਸੇ ਦਿਨ ਦੀ ਇੱਕ ਹੋਰ ਯਾਦ ਵੀ ਉਨ੍ਹਾਂ ਦੇ ਸਾਥ ਨੂੰ ਬਰਕਰਾਰ ਰੱਖੇਗੀ, ਜਦੋਂ ਉਹ ਆਪਣੀਆਂ ਅੱਖਾਂ ਚੈੱਕ ਕਰਵਾਉਣ ਲਈ ਵਿਸ਼ਵ ਪ੍ਰਸਿੱਧ ਅੱਖਾਂ ਦੇ ਸਰਜਨ ਡਾ ਰਮੇਸ਼ (ਐਮਡੀ ਅੱਖਾਂ) ਦੇ ਪੁਨਰ ਜੋਤ ਹਸਪਤਾਲ ਲੁਧਿਆਣਾ (Dr. Ramesh Superspeciality Eye & Laser Center) ਵਿਖੇ ਗਏ। ਜਦੋਂ ਡਾ. ਰਮੇਸ਼ ਜੀ ਨੂੰ ਕਾ: ਹਰਬੰਸ ਸਿੰਘ ਬਾਰੇ ਜਾਣੂ ਕਰਵਾਇਆ ਕਿ ਇਹ 'ਸਰੋਕਾਰਾਂ ਦੀ ਆਵਾਜ' ਦੇ ਸੰਪਾਦਕ ਹਨ, ਤਾਂ ਉਨ੍ਹਾਂ ਵੀ ਹਸਪਤਾਲ ਵੱਲੋਂ ਬਹੁਤ ਸਤਿਕਾਰ ਦਿੰਦਿਆਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਕਾ. ਹਰਬੰਸ ਵੱਲੋਂ ਵੀ ਡਾ. ਰਮੇਸ਼ ਨੂੰ 'ਸਰੋਕਾਰਾਂ ਦੀ ਆਵਾਜ' ਮੈਗਜ਼ੀਨ ਦੀ ਕਾਪੀ ਭੇਂਟ ਕੀਤੀ ਗਈ। ਇਨ੍ਹਾਂ ਮੌਕਿਆਂ 'ਤੇ ਲਈਆਂ ਤਸਵੀਰਾਂ ਉਨ੍ਹਾਂ ਦੇ ਅਦਰਸ ਵੱਲ ਵਧਣ ਲਈ ਪ੍ਰੇਰਿਤ ਕਰਦੀਆਂ ਰਹਿਣਗੀਆਂ।

ਮਨੁੱਖੀ ਕਦਰਾਂ ਕੀਮਤਾਂ ਦਾ ਝੰਡਾਬਰਦਾਰ, ਯਾਰਾਂ ਦਾ ਯਾਰ ਸੀ ਹਰਬੰਸ ਸਿੰਘ

ਹਰਕੇਸ਼ ਚੌਧਰੀ

ਪਿੰਡ ਭਰੋਵਾਲ ਦੀ ਫਿਰਨੀ ਤੇ ਕਦੇ ਨਾਂ ਗੂੰਜਿਆ ਕਰਦਾ ਸੀ ਬੰਸਾਂ ਭਰੋਵਾਲੀਏ ਦਾ ਚੁਬਾਰਾ ਕਿਹੜਾ ਹੈ। ਉਸ ਨੂੰ ਮਿਲਣ ਆਉਣ ਵਾਲਿਆਂ ਦਾ ਤੱਤਾਂ ਲੱਗਿਆ ਰਹਿੰਦਾ ਸੀ। ਭਰ ਜਵਾਨੀ ਵਿੱਚ ਜਿੰਦ ਲੋਕਾਂ ਦੇ ਨਾਂ ਕਰ ਬੈਠਾ ਸੀ। ਇਸੇ ਕਰਕੇ ਪਿੰਡ ਭਰੋਵਾਲ ਇਨਕਲਾਬੀਆਂ ਦੀ ਰਾਜਧਾਨੀ ਬਣਿਆ ਹੋਇਆ ਸੀ। ਬੰਸੇ ਦੇ ਚੁਬਾਰੇ ਵਿੱਚ ਮਹਿਫਿਲਾਂ ਜੁੜਦੀਆਂ ਸਨ। ਛੋਹਲਪਣ ਸੀ ਉਹਦੀਆਂ ਗੱਲਾਂ ਵਿੱਚ ਜਿਵੇਂ ਬਹੁਤ ਕੁਝ ਆਪਣੇ ਸਾਥੀਆਂ ਨੂੰ ਕਾਹਲੀ ਕਾਹਲੀ ਸੁਣਾਉਣ ਦੀ ਇੱਛਾ ਸੀ।.ਛੋਹਲਾਪਣ ਸੀ ਉਸਦੀ ਤੋਰ ਵਿੱਚ ..ਜਿਵੇਂ ਲੰਮੀਆਂ ਵਾਟਾਂ ਜਲਦੀ ਮੁਕਾਉਣ ਦੀ ਕਾਹਲ ਹੋਵੇ। ਹੁਣ ਲੱਗਦਾ ਹੈ ਕਿ ਸੱਚੀਂ ਉਹ ਕਾਹਲੀ ਨਾਲ ਜ਼ਿੰਦਗੀ ਦਾ ਸਫ਼ਰ ਮੁਕਾਅ ਗਿਆ ਹੈ। ਮੈਂ ਜਦੋਂ ਉਸ ਜਿੰਦਾ ਦਿਲ ਇਨਸਾਨ ਨੂੰ ਮਿਲਿਆ ਤਾਂ ਇੰਝ ਹੀ ਲੱਗਿਆ ਕਿ ਜਿਵੇਂ ਅਸੀਂ ਚਿਰਾਂ ਦੇ ਵਾਕਿਫ ਹੋਈਏ। ਮੈਨੂੰ ਕਹਿੰਦਾ ਮੇਰਾ ਪਿੰਡ ਭਰੋਵਾਲ ਹੈ। ਮੈਂ ਆਖਿਆ ਬਾਈ ਮੈਂ ਉਸ ਪਿੰਡ ਪੜ੍ਹਾਉਂਦਾ ਹਾਂ। ਬੱਸ ਫੇਰ ਵਿਚਾਰਾਂ ਦੀ ਸਾਂਝ ਦੀਆਂ ਗੱਲਾਂ ਹੁੰਦੀਆਂ ਹੀ ਰਹਿੰਦੀਆਂ। ਉਹ ਅਕਸਰ ਹੀ ਕਹਿੰਦਾ ਹੁੰਦਾ ਸੀ ਕਿ ਜਿਹੜੇ ਸਾਮਰਾਜ ਬਾਰੇ ਅਸੀਂ ਇਨਕਲਾਬੀਆਂ ਦੇ ਸਕੂਲਾਂ ਵਿੱਚ ਸਮਝਣ ਦਾ ਯਤਨ ਕਰਦੇ ਰਹੇ ਸਾਂ ਉਸ ਦੇ ਇੱਥੇ ਕਨੇਡਾ ਵਿੱਚ ਪ੍ਰਤੱਖ ਦਰਸ਼ਨ ਹੁੰਦੇ ਹਨ। ਮਨੁੱਖ ਇਹਨਾਂ ਮੁਲਕਾਂ ਵਿੱਚ ਵੱਡੀ ਮਸ਼ੀਨ ਦਾ ਇੱਕ ਪੁਰਜ਼ਾ ਬਣ ਜਾਂਦਾ ਹੈ। ਆਪਣੇ ਆਪ ਨੂੰ ਵਿਚਾਰਾਂ ਦੇ ਪੱਧਰ ਤੇ ਬਚਾਈ ਰੱਖਣਾ ਵੀ ਇੱਥੇ ਇੱਕ ਸੰਘਰਸ਼ ਹੈ। ਉਸਨੇ ਆਪਣੇ ਆਪ ਨੂੰ ਇਕੱਲਾ ਬਚਾਈ ਹੀ ਨਹੀਂ ਰੱਖਿਆ ਸਗੋਂ ਮੈਗਜ਼ੀਨ "ਸਰੋਕਾਰਾਂ ਦੀ ਆਵਾਜ਼" ਰਾਹੀਂ ਸਮਾਜ ਨੂੰ ਚੇਤੰਨ ਕਰਨ ਦੀ ਅਹਿਮ ਜ਼ਿੰਮੇਵਾਰੀ ਵੀ ਨਿਭਾਈ ਹੈ। ਪਿਛਲੇ ਦਿਨੀ ਜੂਨ ਮਹੀਨੇ ਟਰਾਟੋਂ ਵਿਖੇ ਮੁਲਾਕਾਤ ਹੋਈ ਉਹਨਾਂ ਨੇ ਇਸ ਮਿਲਣੀ ਨੂੰ ਯਾਦਗਾਰੀ ਬਣਾਇਆ ਸੀ। ਜਦੋਂ ਆਪਣੀ ਮਿੱਤਰ ਮੰਡਲੀ ਦੇ ਦੋਸਤਾਂ ਨੂੰ ਬੁਲਾਇਆ ਗਿਆ ਸੀ। ਇਸ ਸਮਾਗਮ ਵਿੱਚ ਮੈਨੂੰ ਆਪਣੇ ਵਿਚਾਰ ਪੇਸ਼ ਕਰਨ ਦਾ ਮੌਕਾ ਮਿਲਿਆ ਸੀ। ਹਰਬੰਸ ਆਪਣੇ ਦਿਲ ਵਿੱਚ ਸਮਾਜ ਦੇ ਸਰੋਕਾਰਾਂ ਦਾ ਦਰਦ ਸਮੋਈ ਬੈਠਾ ਸੀ। ਇਸੇ ਕਰਕੇ ਉਸ ਨੂੰ ਆਪਣੇ ਦਿਲ ਦੇ ਦਰਦ ਦਾ ਅਹਿਸਾਸ ਨਹੀਂ ਹੋਇਆ। ਆਪਣੇ ਦਿਲ ਦੇ ਦਰਦ ਨੂੰ ਉਸਨੇ ਹਰ ਕਿਸੇ ਤੋਂ ਛੁਪਾਈ ਰੱਖਿਆ।

ਉਹ ਕਾਹਲ ਨਾਲ ਜ਼ਿੰਦਗੀ ਦਾ ਸਫ਼ਰ ਮੁਕਾਅ ਗਿਆ। ਉਹ ਸਰੋਕਾਰਾਂ ਦੀ ਆਵਾਜ਼ ਨਾਲ ਸਮਾਜ ਨੂੰ ਬਹੁਤ ਕੁਝ ਸੁਣਾ ਗਿਆ ਹੈ। ਜਿਉਣ ਦਾ ਇਹ ਵੀ ਇੱਕ ਤਰੀਕਾ ਹੁੰਦਾ ਹੈ ਕਿ ਜ਼ਿੰਦਗੀ ਦੇ ਰੰਗ ਮੰਚ ਤੇ ਕਿਰਦਾਰ ਇਸ ਤਰ੍ਹਾਂ ਨਿਭਾਉ ਕਿ ਪਰਦਾ ਡਿੱਗਣ ਤੋਂ ਬਾਅਦ ਵੀ ਤਾੜੀਆਂ ਵੱਜਦੀਆਂ ਹੀ ਰਹਿਣ ਉਹ ਆਪਣਾ ਬਿਹਤਰੀਨ ਰੋਲ ਨਿਭਾਅ ਕੇ ਗਿਆ ਹੈ। ਚਾਹੇ ਬਾਪ ਦਾ ਰੋਲ ਸੀ, ਚਾਹੇ ਉਹ ਪਤੀ ਦਾ ਰੋਲ ਸੀ, ਚਾਹੇ ਉਹ ਪੁੱਤ ਦਾ ਰੋਲ ਸੀ ਜਾਂ ਫੇਰ ਸਮਾਜਿਕ ਸਰੋਕਾਰਾਂ ਨੂੰ ਪ੍ਰਨਾਏ ਮਨੁੱਖ ਦਾ ਰੋਲ ਸੀ। ਹਰ ਭੂਮਿਕਾ ਵਿੱਚ ਬੇਹਤਰੀਨ ਉਹਨਾਂ ਘਾਟ ਰੜਕਦੀ ਰਹੇਗੀ। ਜਦੋਂ ਵੱਖ-ਵੱਖ ਜਥੇਬੰਦੀਆਂ ਨੇ ਭਰੋਵਾਲ ਕਲਾਂ ਵਿਖੇ ਹਰਬੰਸ ਸਿੰਘ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਸਮਾਗਮ ਕਰਵਾਇਆ ਗਿਆ ਤਾਂ ਆਪਣੇ ਉਸ ਸਾਥੀ ਨੂੰ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਵੱਲੋਂ ਇਸ ਸਮਾਗਮ ਤੇ ਇੱਕ ਕੋਰੀਓਗ੍ਰਾਫੀ ਪੇਸ਼ ਕਰਦਿਆਂ ਸ਼ਰਧਾਂਜਲੀ ਅਰਪਿਤ ਕੀਤੀ ਕਿ "ਤੂੰ ਕਲਮਕਾਰ ਹੈ ਲੋਕਾਂ ਦਾ ਤੈਨੂੰ ਕਲਮ ਕੋਈ ਨਹੀਂ ਕਰ ਸਕਦਾ।" ਸੱਚੀਂ ਜਦੋਂ ਜਦੋਂ ਲੋਕ ਮੁਕਤੀ ਦੇ ਸੰਘਰਸ਼ ਦੀ ਗੱਲ ਹੋਵੇ ਗੀ ਹਰਬੰਸ ਸਿੰਘ ਨੂੰ ਇਸ ਸੰਘਰਸ਼ ਦੇ ਇੱਕ ਜ਼ਿੰਮੇਵਾਰ ਸਿਪਾਹੀ ਵਜੋਂ ਯਾਦ ਕੀਤਾ ਜਾਂਦਾ ਰਹੇਗਾ।

ਹਰਬੰਸ ਵੀਰ ਦੇ ਸਿਰੜ ਨੂੰ ਸਲਾਮ

ਪਰਮਿੰਦਰ ਸਵੈਚ
ਅਤੇ ਮਲਕੀਤ ਸਵੈਚ

ਤੁਹਾਡੀ ਜ਼ਿੰਦਗੀ ਵਿਚ ਕੁਝ ਲੋਕ ਅਚਨਚੇਤ ਹੀ ਅਜਿਹੇ ਆ ਜਾਂਦੇ ਹਨ ਜੋ ਤੁਹਾਨੂੰ ਕੁਝ ਕਰਨ, ਸਿੱਖਣ, ਲਿਖਣ ਅਤੇ ਅੱਗੇ ਵਧਣ ਲਈ ਪ੍ਰੇਰਦੇ ਹਨ ਤਾਂ ਤੁਹਾਡੀ ਜ਼ਿੰਦਗੀ ਦੇ ਅਰਥ ਬਦਲ ਜਾਂਦੇ ਹਨ, ਜ਼ਿੰਦਗੀ ਵਿਚ ਰੌਚਕਤਾ ਵਧ ਜਾਂਦੀ ਹੈ, ਤੁਸੀਂ ਕੁਝ ਕਰ ਗੁਜ਼ਰਨਾ ਚਾਹੁੰਦੇ ਹੋ, ਉਨ੍ਹਾਂ ਦਾ ਦਿੱਤਾ ਹੌਸਲਾ ਤੁਹਾਡੀ ਬੁਲੰਦੀ ਦਾ ਸਾਧਨ ਹੁੰਦਾ ਹੈ। ਸਾਡੇ ਲਈ ਇਨ੍ਹਾਂ ਵਿਚੋਂ ਇਕ ਸੀ ਵੀਰ ਹਰਬੰਸ। ਵੀਰ ਹਰਬੰਸ ਸਿਰੜੀ, ਸੂਝਵਾਨ ਤੇ ਸੰਵੇਦਨਸ਼ੀਲ ਵਿਅਕਤੀ ਸਨ ਜਿਨ੍ਹਾਂ ਵਿਚ ਕੁੱਲ ਦੁਨੀਆਂ ਦੇ ਦੁੱਖਾਂ ਦਰਦਾਂ ਦੀ ਪੀੜ, ਉਨ੍ਹਾਂ ਦੀ ਮੁਕਤੀ ਲਈ ਜੂਝਨ ਦਾ ਦ੍ਰਿੜ ਜਜ਼ਬਾ, ਮਜ਼ਲੂਮਾਂ ਦੀ ਬਾਂਹ ਫੜਨ ਲਈ ਸਦਾ ਤਿਆਰ ਰਹਿਣ ਵਾਲਾ, ਕਾਣੀ ਵੰਡ ਦੇ ਖਿਲਾਫ਼ ਡਟ ਕੇ ਖੜ੍ਹਨ ਵਾਲਾ, ਇਨਕਲਾਬੀ ਕਦਰਾਂ ਕੀਮਤਾਂ ਵਿਚ ਪ੍ਰਪੱਕ, ਕਿਰਤ ਦੀ ਲੁੱਟ ਨਾਲ ਉਸਰੇ ਨਾਬਰਾਬਰੀ ਦੇ ਸਮਾਜ ਦੀ ਨਬਜ਼ 'ਤੇ ਉਂਗਲ ਰੱਖਣ ਵਾਲਾ, ਮੰਡੀ ਵਲੋਂ ਪਾਈਆਂ ਧਰਮ, ਜਾਤ, ਨਸਲ, ਸਭਿਆਚਾਰਕ ਵਿਤਕਰਿਆਂ ਨੂੰ ਪਹਿਚਾਣਨ ਵਾਲਾ ਇਕ ਗਹਿਰ ਗੰਭੀਰ ਵਿਅਕਤੀ ਉਹ ਸੀ ਸਾਡਾ ਵੀਰ ਹਰਬੰਸ।

ਹਰਬੰਸ ਵੀਰ ਨਾਲ ਸਾਡਾ ਵਾਹ 'ਸਰੋਕਾਰਾਂ ਦੀ ਆਵਾਜ਼' ਰਾਹੀਂ ਪਿਆ ਸੀ। 2015 ਤੋਂ ਪਹਿਲਾਂ ਬਾਈ ਅਵਤਾਰ ਗਿੱਲ ਰਾਹੀਂ 'ਸਰੋਕਾਰਾਂ ਦੀ ਆਵਾਜ਼' ਅਖ਼ਬਾਰ ਕਦੇ-ਕਦੇ ਪੜ੍ਹਨ ਨੂੰ ਮਿਲਦਾ ਸੀ। 2015 ਵਿਚ ਮਾਸਟਰ ਭਜਨ ਨੇ ਮਲਕੀਤ ਸਵੈਚ (ਮੇਰੇ ਜੀਵਨ ਸਾਥੀ) ਨੂੰ ਕਿਹਾ ਕਿ ਅਸੀਂ ਇਹ ਅਖਬਾਰ ਟੋਰਾਂਟੋ ਤੋਂ ਮੰਗਵਾਉਂਦੇ ਹਾਂ। ਪੇਪਰ ਵਧੀਆ ਹੈ। ਆਪਾਂ ਨੂੰ ਇਹ ਵੈਨਕੂਵਰ ਵੀ ਪੁੱਜਦਾ ਕਰਨਾ ਚਾਹੀਦਾ ਹੈ। ਇਸ ਦੇ ਲਈ ਸਪਾਂਸਰਸ਼ਿਪ ਤੁਸੀਂ ਦੇ ਦਿਓ। ਪਰਮਿੰਦਰ ਕੋਈ ਆਰਟੀਕਲ ਜਾਂ ਇਥੋਂ ਦੀਆਂ ਖ਼ਬਰਾਂ ਲਿਖ ਦਿਆ ਕਰੇਗੀ। ਸੁਖਵੀਰ ਗਰੇਵਾਲ ਕੈਲਗਰੀ ਤੋਂ ਸਰੀ ਰਹਿਣ ਲਈ ਆਇਆ ਸੀ। ਕਹਿੰਦੇ ਪੇਪਰ ਉਹ ਰੱਖ ਦਿਆ ਕਰੇਗਾ। ਅਸੀਂ ਸਹਿਮਤ ਹੋ ਗਏ। ਸੁਖਵੀਰ ਤਾਂ ਥੋੜ੍ਹੇ ਹੀ ਮਹੀਨਿਆਂ ਬਾਅਦ ਮੁੜ ਕੇ ਕੈਲਗਰੀ ਚਲਾ ਗਿਆ। ਪਰ ਫਿਰ ਪੇਪਰ ਦੀ ਸਾਰੀ ਦੀ ਸਾਰੀ ਜ਼ਿੰਮੇਵਾਰੀ ਮੇਰੇ 'ਤੇ ਆ ਪਈ। ਉਦੋਂ ਤੋਂ ਲਗਾਤਾਰ ਸਰੀ ਵਿਚ ਵੇਅਰਹਾਊਸ ਤੋਂ ਲਿਆ ਕੇ ਥਾਂ-ਥਾਂ ਰੱਖਣ ਦਾ ਕੰਮ ਅਤੇ ਆਰਟੀਕਲ ਤੇ ਰਿਪੋਰਟਾਂ ਭੇਜਣ ਦਾ ਕੰਮ ਬਕਾਇਦਾ ਮੈਂ ਹੀ ਕਰਦੀ ਆ ਰਹੀ ਹਾਂ। 2017 ਵਿਚ ਜਦੋਂ ਮੈਂ ਟੋਰਾਂਟੋ ਗਈ ਤਾਂ ਵੀਰ ਹਰਬੰਸ ਤੇ ਦੇਵਿੰਦਰ ਤੂਰ 'ਦਿਸ਼ਾ' ਦੀ ਕਾਨਫਰੰਸ 'ਤੇ ਕਿਤਾਬਾਂ ਦੀ ਸਟਾਲ ਲਗਾਈ ਬੈਠੇ ਸਨ। ਪਹਿਲੀ ਵਾਰ ਉਨ੍ਹਾਂ ਨੂੰ ਮਿਲ ਕੇ ਬਹੁਤ ਖੁਸ਼ੀ ਹੋਈ। ਫਿਰ ਉਸ ਤੋਂ ਬਾਅਦ ਮੈਂ ਜਿੰਨੀ ਵਾਰ ਟੋਰਾਂਟੋ ਗਈ ਤਾਂ ਹਰਬੰਸ ਵੀਰ ਨੂੰ ਮਿਲਣਾ ਤਾਂ ਲਾਜ਼ਮੀ ਹੁੰਦਾ ਸੀ। ਇਕ ਵਾਰ ਘਰ ਵੀ ਗਏ, ਉਥੇ ਉਨ੍ਹਾਂ ਨੇ ਹੋਰ ਬਹੁਤ ਸਾਰੇ ਮੈਂਬਰਾਂ ਨੂੰ ਮਿਲਾਇਆ ਅਤੇ 'ਸਰੋਕਾਰਾਂ ਦੀ ਆਵਾਜ਼' ਦੇ ਸਬੰਧ ਵਿਚ ਬਹੁਤ ਸਾਰਾ ਆਪਸ ਵਿਚ

ਵਿਚਾਰ ਵਟਾਂਦਰਾ ਵੀ ਕੀਤਾ। ਹਰਬੰਸ ਵੀਰ ਦੁਨੀਆ ਭਰ ਦੀਆਂ ਖ਼ਬਰਾਂ ਨਾਲ ਸਾਂਝ ਬਣਾਈ ਰੱਖਦੇ ਸਨ। ਜਦੋਂ ਕੋਈ ਵੀ ਗੱਲ ਵੈਨਕੂਵਰ ਵਿਚ ਹੁੰਦੀ ਤਾਂ ਉਨ੍ਹਾਂ ਝੱਟ ਫੋਨ ਕਰ ਲੈਣਾ ਕਿ ਇਹ ਵੈਨਕੂਵਰ ਵਿਚ ਕੀ ਹੋ ਰਿਹਾ ਹੈ। ਜਦੋਂ ਮੈਂ ਉਸ ਬਾਰੇ ਦੱਸਣਾ ਤਾਂ ਉਨ੍ਹਾਂ ਕਹਿਣਾ ਇਸ ਬਾਰੇ ਲਿਖੋ। ਮੈਂ ਅਸਲ ਵਿਚ ਲਿਖਣ ਦੀ ਬਹੁਤ ਘੌਲ਼ ਕਰਦੀ ਹਾਂ। ਮੈਂ ਉਨ੍ਹਾਂ ਦੀ ਵਜ੍ਹਾ ਕਰਕੇ ਬਹੁਤ ਸਾਰਾ ਸਾਹਿਤ, ਲੇਖ, ਕਵਿਤਾਵਾਂ ਆਦਿ ਲਿਖੀਆਂ। ਉਹ ਲੇਖਾਂ ਵਿਚ ਭਾਵੇਂ ਬੀ.ਸੀ. ਦੀ ਰਾਜਨੀਤੀ ਹੋਵੇ, ਗੈਂਗਵਾਰ ਬਾਰੇ, ਬੀ.ਸੀ. ਦੇ ਡਰੱਗ ਓਵਰਡੋਜ਼ ਦੇ ਮਸਲੇ ਬਾਰੇ, ਰੈਜੀਡੈਂਸਲ ਸਕੂਲਾਂ ਵਿਚੋਂ ਮੂਲਵਾਸੀ ਬੱਚਿਆਂ ਦੇ ਪਿੰਜਰਾਂ ਬਾਰੇ ਜਾਂ ਸੋਜੀ ਦੇ ਮਸਲੇ ਬਾਰੇ ਆਦਿ ਅਨੇਕਾਂ ਹੀ ਅਜਿਹੇ ਰਾਜਨੀਤਕ ਲੇਖ ਮੈਂ ਉਨ੍ਹਾਂ ਦੇ ਕਹਿਣ ਕਰਕੇ ਲਿਖੇ। ਇਸੇ ਤਰ੍ਹਾਂ ਬਹੁਤ ਸਾਰੇ ਇਤਿਹਾਸ ਨਾਲ ਸਬੰਧਤ ਲੇਖ ਵੀ ਉਨ੍ਹਾਂ ਨੇ ਪੇਪਰ ਵਿਚ ਛਪਵਾਉਣ ਲਈ ਕਹਿ ਕੇ ਲਿਖਵਾਏ। ਪਿਛਲੇ ਸਾਲਾਂ ਵਿਚ ਬਹੁਤ ਸਾਰੇ ਪ੍ਰੋਗਰਾਮ ਕਰਦੇ ਰਹੇ ਹਾਂ। ਉਨ੍ਹਾਂ ਦੀਆਂ ਰਿਪੋਰਟਾਂ ਹਰਬੰਸ ਵੀਰ ਦਾ ਫੋਨ ਆਉਣਾ ਕਿ ਜਲਦੀ ਭੇਜੋ ਤੇ ਬਹੁਤ ਸਾਰੇ ਪ੍ਰੋਗਰਾਮ ਸੈਮੀਨਾਰ ਉਨ੍ਹਾਂ ਦੇ ਕਹਿਣ 'ਤੇ ਅਸੀਂ 'ਸਰੋਕਾਰਾਂ ਦੀ ਆਵਾਜ਼' ਦੇ ਬੈਨਰ ਹੇਠ ਕਰਵਾਏ। ਹਮੇਸ਼ਾ ਹੀ ਮਹੀਨੇ ਵਿਚ ਚਾਰ-ਪੰਜ ਵਾਰੀ ਅਸੀਂ ਪੇਪਰ ਬਾਰੇ ਗੱਲਬਾਤ ਕਰਨੀ। ਸਮਾਜਕ, ਰਾਜਨੀਤਕ ਅਤੇ ਧਾਰਮਿਕ ਮਸਲਿਆਂ ਬਾਰੇ ਗੱਲਾਂ ਕਰਨੀਆਂ। ਬਹੁਤ ਸਾਰੀਆਂ ਟੋਰਾਂਟੋ ਅਤੇ ਵੈਨਕੂਵਰ ਦੀਆਂ ਖ਼ਬਰਾਂ ਸਾਨੂੰ ਇਕ ਦੂਜੇ ਤੋਂ ਪਤਾ ਲੱਗਦੀਆਂ ਸੀ। ਜਦੋਂ ਹਰਬੰਸ ਵੀਰ ਇਸ ਦੁਨੀਆ ਤੋਂ ਗਿਆ ਤਾਂ ਦੋ ਦਿਨ ਪਹਿਲਾਂ ਸਾਨੂੰ ਸਾਡੇ ਨਾਟਕ 'ਜੰਨਤ' ਦੀ ਰਿਪੋਰਟ ਭੇਜਣ ਬਾਰੇ ਕਿਹਾ ਕਿ ਛੇਤੀ ਭੇਜ ਦਿਓ। ਜਦੋਂ ਰਿਪੋਰਟ ਭੇਜ ਕੇ ਫੋਨ ਕੀਤਾ ਤਾਂ ਫੋਨ ਨਹੀਂ ਚੁੱਕਿਆ। ਥੋੜ੍ਹਾ ਚਿਰ ਉਡੀਕ ਕੀਤੀ ਜਦੋਂ ਫੋਨ ਨਾ ਆਇਆ ਮਾ. ਭਜਨ ਹੋਰਾਂ ਨਾਲ ਗੱਲ ਕੀਤੀ ਤਾਂ ਪਤਾ ਲੱਗਿਆ ਕਿ ਉਹ ਜ਼ਿਆਦਾ ਬਿਮਾਰ ਹਨ। ਤੀਸਰੇ ਦਿਨ ਦੇਵਿੰਦਰ ਤੂਰ ਦੀ ਫੇਸਬੁੱਕ 'ਤੇ ਖ਼ਬਰ ਪੜ੍ਹ ਕੇ ਮਨ ਬਹੁਤ ਉੱਛਲਦਾ ਰਿਹਾ ਕਿ ਸਾਡਾ ਵੀਰ ਜਿਸ ਨੇ ਸਮਾਜ ਵਿਚ ਤਬਦੀਲੀ ਲਿਆਉਣ ਲਈ ਲਗਾਤਾਰ ਜਦੋ-ਜਹਿਦ ਕੀਤੀ ਕਿ ਭਵਿੱਖਤ ਸਮਾਜ ਸੋਹਣਾ ਬਣ ਸਕੇ। ਉਹ ਆਪਣੇ ਸੁਪਨਿਆਂ ਨੂੰ ਸਾਕਾਰ ਦੇਖਣ ਦੀ ਲਾਲਸਾ ਲੈ ਕੇ ਹੀ ਇਸ ਸੰਸਾਰ ਤੋਂ ਚਲਾ ਗਿਆ ਤਾਂ ਮਨ ਬੇਹੱਦ ਉਦਾਸ ਸੀ। ਮੇਰੀ ਉਦਾਸੀ ਨੂੰ ਲੈ ਕੇ ਮਲਕੀਤ ਨੇ ਕਿਹਾ 'ਪਰਮਿੰਦਰ ਤੂੰ ਹਰਬੰਸ ਵੀਰ ਨੂੰ ਅੱਖੀਂ ਦੇਖ ਕੇ ਅਲਵਿਦਾ ਕਹਿ ਆ, ਤੇਰੇ ਮਨ ਨੂੰ ਧਰਵਾਸ ਆ ਜਾਵੇਗਾ' ਸੋ ਵੀਰ ਨੂੰ ਆਖਰੀ ਸਲੂਟ ਵੀ ਕਹਿ ਆਈ ਹਾਂ। ਪਰ ਫਿਰ ਵੀ ਉਨ੍ਹਾਂ ਦੇ ਅਧੂਰੇ ਕੰਮਾਂ ਬਾਰੇ ਸੋਚ ਕੇ ਮਨ ਬੇਚੈਨ ਹੋ ਜਾਂਦਾ ਹੈ। 'ਸਰੋਕਾਰਾਂ ਦੀ ਆਵਾਜ਼' ਪੇਪਰ ਬਾਰੇ ਵੀਰ ਜਿੰਨੀ ਕੁ ਡਿਊਟੀ ਸੰਭਾਲ ਕੇ ਗਿਆ ਹੈ ਹਮੇਸ਼ਾ ਕੋਸ਼ਿਸ਼ ਰਹੇਗੀ ਇਸ ਨੂੰ ਪੂਰਾ ਕਰਦੇ ਰਹੀਏ। ਉਨ੍ਹਾਂ ਦੀਆਂ ਯਾਦਾਂ ਨੂੰ ਹਮੇਸ਼ਾ ਤਾਜ਼ਾ ਰੱਖੀਏ ਅਤੇ ਅਧੂਰੇ ਕੰਮਾਂ ਨੂੰ ਪੂਰਾ ਕਰਨ ਲਈ ਸੰਘਰਸ਼ ਕਰਦੇ ਰਹੀਏ। ਅਸੀਂ ਮਾਣ ਮਹਿਸੂਸ ਕਰਦੇ ਹਾਂ ਅਤੇ ਕਰਦੇ ਰਹਾਂਗੇ ਕਿ ਹਰਬੰਸ ਵੀਰ ਵਰਗੇ ਇਨਸਾਨ ਜਿਨ੍ਹਾਂ ਨਾਲ ਅਸੀਂ 10 ਸਾਲ ਤੋਂ ਵੀ ਵੱਧ ਦਾ ਸਮਾਂ ਇਕੱਠੇ ਕੰਮ ਕੀਤਾ ਅਤੇ ਉਨ੍ਹਾਂ ਤੋਂ ਬਹੁਤ ਕੁਝ ਸਿੱਖਿਆ ਹੈ। ਉਸ ਦੇ ਕੰਮਾਂ ਨੂੰ ਚਲਦੇ ਰੱਖਣਾ ਹੀ ਵੀਰ ਸੱਚੀ ਸ਼ਰਧਾਂਜਲੀ ਹੈ।

'ਸਰੋਕਾਰਾਂ ਦੀ ਆਵਾਜ਼' ਵਾਲੇ 'ਹਰਬੰਸ ਭਰੋਵਾਲ' ਨੂੰ ਯਾਦ ਕਰਦਿਆਂ

ਨਰਾਇਣ ਦੱਤ
84275-11770

ਕਿਸੇ ਇਨਸਾਨ ਨੂੰ ਜਾਨਣ ਸਮਝਣ ਲਈ ਬਹੁਤ ਸਾਰੇ ਪੱਖ ਸਮਾਜ ਵਿੱਚ ਮੌਜੂਦ ਹੁੰਦੇ ਹਨ। ਮੀਡੀਆ ਇਹ ਜਾਣ ਪਛਾਣ ਤੋਂ ਸਰੋਕਾਰ ਸਾਂਝੇ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਕੋਈ ਵਿਅਕਤੀ ਕਿਸੇ ਨੂੰ ਜਿਸਮਾਨੀ ਰੂਪ ਵਿੱਚ ਭਲੇ ਹੀ ਨਾ ਮਿਲਿਆ ਹੋਵੇ ਪ੍ਰੰਤੂ ਜਦ ਵੀ ਤੁਹਾਡਾ ਉਸ ਨਾਲ ਵਾਹ ਪਵੇ ਤਾਂ ਵਿਚਾਰ ਰੂਪੀ ਅਪਣੱਤ ਦੀ ਖੁਸ਼ਬੋ ਡੁੱਲ ਡੁੱਲ ਕੇ ਪੈਂਦੀ ਹੋਵੇ ਅਜਿਹੇ ਵਿਅਕਤੀ ਵਿਰਲੇ ਹੀ ਹੁੰਦੇ ਹਨ। ਅਜਿਹੇ ਵਿਅਕਤੀਆਂ ਵਿੱਚੋਂ ਇੱਕ ਸੀ "ਸਰੋਕਾਰਾਂ ਦੀ ਆਵਾਜ਼" ਵਾਲਾ ਸਾਡਾ ਆਪਣਾ "ਹਰਬੰਸ ਭਰੋਵਾਲ। ਹਰਬੰਸ ਇਲਾਕਾ ਮਹਿਲਕਲਾਂ ਵਿੱਚ, ਜਦ ਉਹ ਸਾਇੰਸ ਕਾਲਜ ਜਗਰਾਓਂ ਦਾ ਵਿਦਿਆਰਥੀ ਸੀ, ਅਕਸਰ ਆਉਂਦਾ ਜਾਂਦਾ ਰਿਹਾ। ਕਾਲਜ ਦੀ ਪੜ੍ਹਾਈ ਦੌਰਾਨ ਹਰਬੰਸ ਵਿਦਿਆਰਥੀ ਜਥੇਬੰਦੀ ਪੰਜਾਬ ਸਟੂਡੈਂਟਸ ਯੂਨੀਅਨ ਵਿੱਚ ਚੇਤੰਨ ਰੂਪ ਵਿੱਚ ਆਗੂ ਭੂਮਿਕਾ ਨਿਭਾ ਰਿਹਾ ਸੀ। ਵਿਗਿਆਨਕ ਵਿਚਾਰਧਾਰਾ ਨੂੰ ਪ੍ਰਣਾਇਆ ਹਰਬੰਸ ਨਵੇਂ ਸਮਾਜ ਦੀ ਸਿਰਜਣਾ ਲਈ ਦ੍ਰਿੜ ਸੰਕਲਪ ਸੀ। 1972 ਦੇ ਮੋਗਾ ਗੋਲੀ ਕਾਂਡ ਅਤੇ 43% ਬੱਸ ਕਿਰਾਇਆ ਵਿਰੋਧੀ ਸੰਘਰਸ਼ ਵਿੱਚ ਹਰਬੰਸ ਭਰੋਵਾਲ ਵੱਲੋਂ ਨਿਭਾਈ ਆਗੂ ਭੂਮਿਕਾ ਯਾਦ ਰੱਖਣਯੋਗ ਹੈ। 1997 ਵਿੱਚ ਮਹਿਲਕਲਾਂ ਦੀ ਧਰਤੀ 'ਤੇ ਵਾਪਰੇ 'ਜਬਰ ਜ਼ੁਲਮ ਖ਼ਿਲਾਫ਼ ਲੋਕ ਟਾਕਰੇ ਦਾ ਐਲਾਨਨਾਮਾ-ਮਹਿਲਕਲਾਂ ਲੋਕ' ਦੀ ਗੂੰਜ ਹੱਦਾਂ ਸਰਹੱਦਾਂ ਪਾਰ ਕਰਕੇ ਵਿਦੇਸ਼ਾਂ ਵਿੱਚ ਸੁਣਾਈ ਦੇਣ ਲੱਗੀ। ਹਰਬੰਸ ਇਸ ਤੋਂ ਅਭਿੱਜ ਕਿਵੇਂ ਰਹਿ ਸਕਦਾ ਸੀ। ਹਰਬੰਸ ਨੇ 80ਵਿਆਂ ਦੇ ਦੌਰ ਸਮੇਂ ਵਿਦਿਆਰਥੀ ਨੌਜਵਾਨ ਜੀਵਨ ਸਮੇਂ ਨਵਾਂ ਸਮਾਜ ਸਿਰਜਣ ਦੇ ਬੁਨਿਆਦੀ ਸੰਕਲਪ ਨੂੰ ਆਪਣੀ ਜ਼ਿੰਦਗੀ ਦੇ ਹੋਰਨਾਂ ਰੁਝੇਵਿਆਂ ਦੇ ਬਾਵਜੂਦ ਕਦੇ ਨਹੀਂ ਵਿਸਾਰਿਆ। 1997 ਵਿੱਚ ਸੰਚਾਰ ਸਾਧਨਾਂ ਦੀ ਬਹੁਤ ਵੱਡੀ ਘਾਟ ਸੀ। ਐਕਸ਼ਨ ਕਮੇਟੀ ਮਹਿਲਕਲਾਂ ਦੇ ਤਿੰਨ ਆਗੂਆਂ ਨਰਾਇਣ ਦੱਤ, ਮਨਜੀਤ ਧਨੇਰ ਅਤੇ ਪ੍ਰੇਮ ਕੁਮਾਰ ਨੂੰ ਜਦੋਂ ਬਰਨਾਲਾ ਸੈਸ਼ਨ ਕੋਰਟ ਨੇ 28-30 ਮਾਰਚ 2005 ਨੂੰ ਉਮਰ ਕੈਦ ਸੁਣਾਈ ਤਾਂ ਇਹ ਗੱਲ ਜੰਗਲ ਦੀ ਅੱਗ ਵਾਂਗ ਫੈਲ ਗਈ। ਹਰ ਗੈਰਤਮੰਦ ਪੰਜਾਬੀ ਇਸ ਨਿਹੱਕੀ ਸਜ਼ਾ ਨੂੰ ਰੱਦ ਕਰਵਾਉਣ ਲਈ ਮੈਦਾਨ ਵਿੱਚ ਨਿੱਤਰਿਆ। ਵਿਦੇਸ਼ੀਂ ਬੈਠੇ ਪੰਜਾਬੀਆਂ ਵਿੱਚ ਮਾਸਟਰ ਭਜਨ ਸਿੰਘ, ਹਰਬੰਸ ਭਰੋਵਾਲ ਆਦਿ ਵੀ ਉੱਠ ਖੜ੍ਹੇ ਹੋਏ, ਇਸ ਨਿਹੱਕੀ ਉਮਰ ਕੈਦ ਸਜ਼ਾ ਰੱਦ ਕਰਵਾਉਣ ਦੇ ਅਮਲ ਵਿੱਚ। ਮਾਸਟਰ ਮਹਿੰਦਰ ਸਿੰਘ ਮੂੰਮ ਕੋਲ ਐਕਸ਼ਨ ਕਮੇਟੀ ਮਹਿਲ ਕਲਾਂ ਲਈ ਖੁੱਲੇ ਮਨ ਨਾਲ ਫੰਡ ਭੇਜਕੇ ਸੁਨੇਹਾ ਦਿੱਤਾ ਕਿ ਸਾਡੀ ਇਹ ਤਿਲ ਫੁੱਲ ਭੇਂਟਾ ਪਰਵਾਨ ਕਰਿਉ, ਅਸੀਂ ਹਮੇਸ਼ਾ ਤੁਹਾਡੇ ਨਾਲ ਹਾਂ। ਹਰਬੰਸ ਭਰੋਵਾਲ ਦੀ ਮੂੰਮ, ਧਨੇਰ, ਚੱਕ ਭਾਈ ਕਾ ਆਦਿ ਪਿੰਡਾਂ ਵਿੱਚ ਨਕਸਲਵਾੜੀ ਲਹਿਰ ਦੇ ਸ਼ਹੀਦ ਬੇਅੰਤ ਮੂੰਮ ਦੇ ਪ੍ਰੀਵਾਰ ਨਾਲ, ਮਾਸਟਰ ਮਹਿੰਦਰ ਸਿੰਘ ਮੂੰਮ, ਡਾ. ਚਰਨ ਮੂੰਮ, ਡਾ. ਗੁਰਨਾਮ ਧਨੇਰ, ਮਨਜੀਤ ਧਨੇਰ, ਗੁਰਚਰਨ ਚੁਹਾਣਕੇ ਨਾਲ ਸਿਆਸੀ ਤੌਰ 'ਤੇ ਨੇੜਤਾ ਸੀ। ਇਕੱਠਿਆਂ ਵਿਚਰਿਆ ਹੋਣ ਕਰਕੇ ਇਨ੍ਹਾਂ ਨਾਲ ਅਮਿੱਟ ਯਾਦਾਂ ਦਾ ਭੰਡਾਰ ਸਾਂਭੀ ਬੈਠਾ ਸੀ। 2020-21 ਦੌਰਾਨ ਇਤਿਹਾਸਕ ਕਿਸਾਨੀ ਘੋਲ ਸਮੇਂ ਵੀ ਮਹਿੰਦਰ ਮੂੰਮ ਰਾਹੀਂ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਲਈ ਵੱਡੀ ਸਹਾਇਤਾ ਰਾਸ਼ੀ ਭੇਜਦਿਆਂ, ਕਿਸਾਨ ਘੋਲ ਦੀ ਸਫ਼ਲਤਾ ਦੀ ਕਾਮਨਾ ਕੀਤੀ। ਇਸ ਵਾਰ ਮੈਂ 8 ਮਾਰਚ ਨੂੰ ਕੈਨੇਡਾ ਗਿਆ ਹੋਇਆ ਸੀ ਤਾਂ ਇਨਕਲਾਬੀ ਨੌਜਵਾਨ ਵਿਦਿਆਰਥੀ ਮੰਚ ਦੇ ਆਗੂ ਮਨਦੀਪ ਸੱਦੋਵਾਲ ਨੇ ਖੁਸ਼ਪਾਲ ਦੀ ਡਿਊਟੀ ਲਗਾਈ ਕਿ ਉਹ ਹਰਬੰਸ ਭਰੋਵਾਲ, ਕੁਲਦੀਪ ਬੋਪਾਰਾਏ, ਸੋਹਣ ਸਿੰਘ ਢੀਂਡਸਾ ਹੋਰਾਂ ਨਾਲ ਸੰਪਰਕ ਕਰਕੇ ਪ੍ਰੋਗਰਾਮ ਕਰਵਾਉਣ। ਜਦੋਂ ਮੈਂ ਹਰਬੰਸ ਨਾਲ ਸਮਾਗਮ ਕਰਵਾਉਣ ਬਾਰੇ ਗੱਲ ਕੀਤੀ ਤਾਂ ਗਦਗਦ ਹੋ ਉੱਠਿਆ। ਰਹਿਣ ਬਾਰੇ ਆਖਣ ਲੱਗਾ ਕਿ ਮੇਰੇ ਕੋਲ ਇੱਕ ਰਾਤ ਪਹਿਲਾਂ ਆਵੋ ਤਾਂ ਬਹੁਤ ਸਾਰੀਆਂ ਯਾਦਾਂ ਸਾਂਝੀਆਂ ਕਰਨ ਨੂੰ ਜੀਅ ਕਰਦਾ ਹੈ। ਬਲਵਿੰਦਰ ਬਰਨਾਲਾ ਅਤੇ ਗੁਰਮੀਤ ਸੁਖਪੁਰਾ ਦੀ ਗੈਰਹਾਜ਼ਰੀ ਵਿੱਚ ਸਫ਼ਲ ਪ੍ਰੋਗਰਾਮ ਕਰਵਾਇਆ, ਕਿਤਾਬਾਂ ਦਾ ਸੈੱਟ ਦੇਕੇ ਮਾਣ ਕੀਤਾ। ਪ੍ਰੋਗਰਾਮ ਸਮਾਪਤੀ ਉਪਰੰਤ ਅਤੇ ਪਹਿਲਾਂ ਘੰਟਾ ਭਰ ਪੁਰਾਣੀਆਂ ਯਾਦਾਂ ਦੇ ਸਮੁੰਦਰਾਂ ਵਿੱਚ ਅਜਿਹੇ ਖੁੱਭੇ ਕਿ ਨਾਲ ਦੇ ਸਾਥੀ ਸਮੇਂ ਬਾਰੇ ਯਾਦ ਕਰਵਾਉਣ। ਅਸੀਂ ਅਜਿਹੇ ਮਿਲੇ ਕਿ ਵਕਤ ਥੋੜ੍ਹਾ ਪੈ ਰਿਹਾ ਸੀ। ਸੀਮਤ ਸਮੇਂ ਦੀ ਮਿਲਣੀ ਵਿਚਾਰਾਂ ਪੱਖੋਂ ਬੇਹੱਦ ਮੁੱਲਵਾਨ ਸੀ। ਵਿਦੇਸ਼ੀ ਧਰਤੀ 'ਤੇ ਜਾ ਕੇ ਲੋਕ ਸਰੋਕਾਰਾਂ ਦਾ ਪੱਲਾ ਘੁੱਟ ਕੇ ਫੜ ਕੇ ਰੱਖਣ ਵਾਲਾ ਹਰਬੰਸ ਭਰੋਵਾਲ "ਸਰੋਕਾਰਾਂ ਦੀ ਆਵਾਜ਼" ਪ੍ਰਤੀ ਐਨਾ ਸਮਰਪਿਤ ਸੀ ਕਿ ਉਹ ਬਹੁਤ ਵਾਰ ਫੋਨ ਕਰਕੇ ਵਿਸ਼ਾ ਭੇਜਦਾ ਕਿ ਇਹ ਲੇਖ ਲਿਖਕੇ ਭੇਜੋ। ਕਨੇਡਾ ਵਿੱਚ ਸਿਹਤ ਅਤੇ ਸਿੱਖਿਆ ਹਰਬੰਸ ਦੇ ਅਹਿਮ ਸਰੋਕਾਰ ਰਹੇ।

ਸਾਥੀ ਹਰਬੰਸ ਭਰੋਵਾਲ ਦੀ ਜੀਵੀ ਮਾਣ ਮੱਤੀ ਸੰਘਰਸ਼ਮਈ ਜੀਵਨ ਘਾਲਣਾ ਨੂੰ ਸਲਾਮ। ਸਾਥੀ ਹਰਬੰਸ, ਤੇਰੇ ਸਰੀਰਕ ਰੂਪ ਵਿੱਚ ਚਲੇ ਜਾਣ ਤੋਂ ਬਾਅਦ ਵੀ ਸਮਾਜਿਕ ਜੀਵਨ ਵਿੱਚ ਘਾਲੀ ਘਾਲਣਾ ਦੇ ਲੋਕ ਸਰੋਕਾਰ ਅਮਿੱਟ ਰਹਿਣਗੇ।

ਲਾਲ ਸਲਾਮ ਪਿਆਰੇ ਸਾਥੀ ਹਰਬੰਸ!!

ਹਰਬੰਸ ਸਿੰਘ ਭਰੋਵਾਲ ਨੂੰ ਸ਼ਰਧਾਂਜਲੀ ਭੇਟ ਕੀਤੀ

ਜਮਹੂਰੀ ਅਧਿਕਾਰ ਸਭਾ ਵੱਲੋਂ ਦਿੱਲੀ ਪੁਲਸ ਅਤੇ ਪੰਜਾਬ ਪੁਲਿਸ ਦੇ ਜਬਰ ਦੀ ਨਿੰਦਾ

ਨਵਾਂਸ਼ਹਿਰ, (ਬਲਜਿੰਦਰ ਸਿੰਘ ਪਟਿਆਲਾ) : ਜਮਹੂਰੀ ਅਧਿਕਾਰ ਸਭਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਭਾਰਤ ਦੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਗੁਪਤਾ ਦੀ ਬਰਖਾਸਤਗੀ ਦੀ ਮੰਗ ਨੂੰ ਲੈਕੇ ਜੰਤਰ ਮੰਤਰ ਦਿੱਲੀ ਵਿਖੇ ਕੀਤੇ ਜਾਣ ਵਾਲੇ ਪ੍ਰਦਰਸ਼ਨ ਨੂੰ ਦਿੱਲੀ ਪੁਲਸ ਵਲੋਂ ਜਬਰੀ ਰੋਕਣ, ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿਚ ਲੈਣ ਅਤੇ ਉਹਨਾਂ ਉੱਤੇ ਤਸ਼ੱਦਦ ਢਾਹੁਣ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਸ਼ਹੀਦ ਮਲਕੀਤ ਚੰਦ ਮੇਹਲੀ ਯਾਦਗਾਰ ਭਵਨ ਬੰਗਾ ਰੋਡ ਨਵਾਂਸ਼ਹਿਰ ਵਿਖੇ ਕੀਤੀ ਗਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਸਭਾ ਦੇ ਸੀਨੀਅਰ ਆਗੂ ਦਲਜੀਤ ਸਿੰਘ ਐਡਵੋਕੇਟ, ਜ਼ਿਲਾ ਸਕੱਤਰ ਜਸਬੀਰ ਦੀਪ ਅਤੇ ਸੂਬਾ ਕਮੇਟੀ ਮੈਂਬਰ ਬੂਟਾ ਸਿੰਘ ਮਹਿਮੂਦਪੁਰ ਨੇ ਕਿਹਾ ਮੋਦੀ ਸਰਕਾਰ ਦੀ ਸ਼ਹਿ 'ਤੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਗੁਪਤਾ ਨੇ ਨਾਮੁਆਫੀਯੋਗ ਅਪਰਾਧ ਕੀਤਾ ਹੈ ਇਸ ਲਈ ਉਹ ਬਰਖਾਸਤਗੀ ਅਤੇ ਸਲਾਖਾਂ ਪਿੱਛੇ ਜਾਣ ਦਾ ਹੱਕਦਾਰ ਹੈ ਪਰ ਮੋਦੀ ਸਰਕਾਰ ਉਸਨੂੰ ਬਚਾਉਣ ਲਈ ਪੁਲਸ ਦਾ ਦੁਰਉਪਯੋਗ ਕਰ ਰਹੀ ਹੈ।

ਆਗੂਆਂ ਨੇ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਵੀ ਮੋਦੀ ਸਰਕਾਰ ਦੇ ਪਦ ਚਿੰਨ੍ਹਾਂ 'ਤੇ ਚਲਦਿਆਂ ਲੋਕ ਰੋਹ ਨੂੰ ਦਬਾਉਣ ਲਈ ਪੁਲਸ ਜਬਰ ਦਾ ਸਹਾਰਾ ਲੈ ਰਹੀ ਹੈ। ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਧਰਨਾਕਾਰੀ ਵਿਦਿਆਰਥੀਆਂ ਉੱਤੇ ਕੀਤਾ ਗਿਆ ਪੁਲਸ ਜਬਰ ਅਤੇ ਸੰਗਰੂਰ ਵਿਖੇ ਦਲਿਤ ਨੌਜਵਾਨ ਸਨਮਦੀਪ ਸਿੰਘ ਦੀ ਮੌਤ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਨੂੰ ਲੈਕੇ ਧਰਨਾ ਦੇ ਰਹੇ ਉਸਦੇ ਪਰਿਵਾਰਕ ਮੈਂਬਰਾਂ ਅਤੇ ਹਮਾਇਤੀਆਂ ਨੂੰ ਪੁਲਸ ਵਲੋਂ ਗ੍ਰਿਫ਼ਤਾਰ ਕਰਕੇ ਮ੍ਰਿਤਕ ਦੀ ਲਾਸ਼ ਦਾ ਧੱਕੇ ਨਾਲ ਸਸਕਾਰ ਕਰਨ ਦੀ ਆਗੂਆਂ ਨੇ ਸਖ਼ਤ ਨਿੰਦਾ ਕੀਤੀ ਹੈ। ਮੀਟਿੰਗ ਵਿੱਚ ਦੋ ਮਿੰਟ ਦਾ ਮੌਨ ਧਾਰਨ ਕਰਕੇ ਕੈਨੇਡਾ ਤੋਂ ਛੱਪਦੇ ਪੰਜਾਬੀ ਮੈਗਜ਼ੀਨ 'ਸਰੋਕਾਰਾਂ ਦੀ ਆਵਾਜ਼' ਦੇ ਸੰਪਾਦਕ ਹਰਬੰਸ ਸਿੰਘ ਭਰੋਵਾਲ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਆਗੂਆਂ ਨੇ ਕਿਹਾ ਕਿ ਹਰਬੰਸ ਸਿੰਘ ਨੇ ਸਾਰੀ ਉਮਰ ਲੋਕ ਹਿੱਤਾਂ 'ਤੇ ਪਹਿਰਾ ਦਿੱਤਾ।

ਭਰੋਵਾਲੀਏ ਬੰਸੇ ਦਾ ਸਦੀਵੀ ਵਿਛੋੜਾ

-ਜਗਮੋਹਨ ਢੁਡੀਕੇ

ਪੰਜਾਬ ਦੀ ਵਿਦਿਆਰਥੀ ਲਹਿਰ ਪੰਜਾਬ ਸਟੂਡੈਂਟਸ ਯੂਨੀਅਨ ਦੇ ਸਾਬਕਾ ਆਗੂ ਹਰਬੰਸ ਸਿੰਘ (ਭਰੋਵਾਲੀਆ ਬੰਸਾ) ਲੰਘੇ ਕੱਲ ਬਰੈਂਪਟਨ ਦੇ ਹਸਪਤਾਲ ਵਿੱਚ ਸਦਾ ਲਈ ਸਦੀਵੀ ਵਿਛੋੜਾ ਦੇ ਗਏ। ਬੰਸਾ ਵਿਦਿਆਰਥੀ ਜਥੇਬੰਦੀ ਵਿੱਚ ਕੰਮ ਕਰਦੇ ਸਮੇਂ ਨੌਜਵਾਨ ਸਭਾ ਵਿੱਚ ਸਰਗਰਮ ਰਿਹਾ ਜਿਸ ਕਰਕੇ ਉਹ ਜਗਰਾਓਂ ਭੂੰਦੜੀ ਇਲਾਕੇ ਵਿੱਚ ਵੀ ਹਰਮਨ ਪਿਆਰੇ ਆਗੂ ਦੇ ਤੌਰ 'ਤੇ ਉੱਭਰਿਆ। ਕੈਨੇਡਾ ਵਿੱਚ ਪਹੁੰਚ ਕੇ ਆਪਣੀ ਯੋਗਤਾ ਮੁਤਾਬਕ ਮੈਡੀਸਨ ਕੰਪਨੀ ਵਿੱਚ ਕੰਮ ਕਰਨ ਦੇ ਨਾਲ ਉਨ੍ਹਾਂ ਮਿਲਦੇ ਜੁਲਦੇ ਵਿਚਾਰਾਂ ਵਾਲੇ ਵਿਅਕਤੀਆਂ ਨਾਲ ਕੈਨੇਡਾ ਵਿਚਲੇ ਮਾੜੇ ਸਿਸਟਮ ਖ਼ਿਲਾਫ਼ ਸੰਘਰਸ਼ ਵਿੱਢਿਆ। ਬਰੈਂਪਟਨ ਸਿਟੀ ਵਿੱਚ ਸਥਾਨਕ ਸਰਕਾਰਾਂ ਦੇ ਭ੍ਰਿਸ਼ਟ ਢਾਂਚੇ ਬਾਰੇ, ਬੇਲੋੜੇ ਟੈਕਸਾਂ ਵਿਰੁੱਧ, ਨਾਜਾਇਜ਼ ਜੁਰਮਾਨਿਆਂ ਖ਼ਿਲਾਫ਼ ਆਪਣੇ ਅਖ਼ਬਾਰ 'ਸਰੋਕਾਰਾਂ ਦੀ ਅਵਾਜ਼' ਵਿੱਚ ਅਵਾਜ਼ ਬੁਲੰਦ ਕੀਤੀ। ਕੈਨੇਡਾ ਦੀਆਂ ਫੈਡਰਲ ਸਰਕਾਰਾਂ ਦੀਆਂ ਮਾੜੀਆਂ ਨੀਤੀਆਂ ਖ਼ਿਲਾਫ਼ ਲਿਖਣ ਦੇ ਨਾਲ ਨਾਲ ਰੋਸ ਪ੍ਰਦਰਸ਼ਨ ਵੀ ਕੀਤੇ। ਬਰੈਂਪਟਨ ਸਿਟੀ ਵਿੱਚ ਕੋਈ ਯੂਨੀਵਰਸਿਟੀ ਨਾ ਹੋਣ ਕਰਕੇ ਸਰਕਾਰ ਵੱਲੋਂ ਵਾਰ-ਵਾਰ ਵਾਅਦੇ ਕੀਤੇ ਜਾਂਦੇ ਰਹੇ ਪਰ ਕੋਈ ਕਾਰਵਾਈ ਨਹੀਂ ਹੋਈ। ਸਿਟੀ ਵਿੱਚ ਇੱਕ ਹੀ ਹਸਪਤਾਲ ਹੋਣ ਕਰਕੇ ਮਰੀਜ਼ ਘੰਟਿਆਂਬੱਧੀ ਉਡੀਕ ਕਰਕੇ ਵਾਪਸ ਚਲੇ ਜਾਂਦੇ ਹਨ ਕਿਉਂਕਿ ਉਨ੍ਹਾਂ ਦੀ ਵਾਰੀ ਨਹੀਂ ਆਉਂਦੀ। ਇਸ ਤਰ੍ਹਾਂ ਮਾੜੇ ਨਿਜ਼ਾਮ ਖ਼ਿਲਾਫ਼ ਬਰੈਂਪਟਨ ਦੇ ਲੋਕਾਂ ਨੇ ਰੋਸ ਪ੍ਰਦਰਸ਼ਨ ਕੀਤੇ ਜਿਨ੍ਹਾਂ ਦੀ ਅਗਵਾਈ ਸਾਥੀਆਂ ਨਾਲ ਮਿਲ ਕੇ ਹਰਬੰਸ ਸਿੰਘ ਨੇ ਕੀਤੀ। ਮਾੜੇ ਨਿਯਮਾਂ ਖ਼ਿਲਾਫ਼ ਲੜਦਿਆਂ ਲੜਨ ਵਾਲੇ ਲੋਕਾਂ ਦਾ ਆਗੂ ਉਨ੍ਹਾਂ ਕੋਲੋਂ ਸਦਾ ਲਈ ਦੂਰ ਚਲਿਆ ਗਿਆ। ਬਾਈ ਹਰਬੰਸ ਸਿੰਘ ਦੇ ਸੁਪਨਿਆਂ ਨੂੰ ਹਮੇਸ਼ਾ ਪੂਰਾ ਕਰਨ ਦਾ ਅਹਿਦ ਲੈਂਦੇ ਹਾਂ।

ਸੇਜਲ ਅੱਖਾਂ ਤੇ ਮੋਹ ਭਿੱਜੇ ਸ਼ਬਦਾਂ ਨਾਲ ਹਰਬੰਸ ਸਿੰਘ ਨੂੰ ਦਿੱਤੀ ਅੰਤਿਮ ਵਿਦਾਇਗੀ

ਹਰ ਕਿਸਮ ਦੇ ਧੱਕੇ-ਵਿਤਕਰੇ, ਜਬਰ, ਕਿਰਤ ਦੀ ਲੁੱਟ ਤੇ ਹਾਕਮਾਂ ਦੇ ਲੋਕ ਵਿਰੋਧੀ ਮਨਸੂਬਿਆਂ ਖ਼ਿਲਾਫ਼ "ਜਾਗਦੇ ਰਹੋ" ਦਾ ਹੋਕਾ ਦੇਣ ਵਾਲੇ ਅਖ਼ਬਾਰ "ਸਰੋਕਾਰਾਂ ਦੀ ਆਵਾਜ਼" ਦੇ ਐਡੀਟਰ ਹਰਬੰਸ ਸਿੰਘ ਨੂੰ ਕੱਲ ਬਰੈਂਪਟਨ 'ਚ ਲੋਕਾਂ ਵਲੋਂ ਮੋਹ ਭਿੱਜੇ ਸ਼ਬਦਾਂ ਤੇ ਸੇਜਲ ਅੱਖਾਂ ਨਾਲ ਆਖ਼ਰੀ ਵਿਦਾਇਗੀ ਦਿੱਤੀ ਗਈ। ਉਹ 28 ਸਤੰਬਰ ਨੂੰ ਪਰਿਵਾਰ ਨੂੰ ਵਿਛੋੜਾ ਦੇ ਗਏ ਸਨ।

ਭਾਵੇਂ ਓਹਨਾਂ ਨੇ ਆਪਣਾ ਪੂਰਾ ਸਰੀਰ ਲੋੜਵੰਦਾਂ ਦੀ ਮਦਦ ਤੇ ਖੋਜਾਂ ਲਈ ਦਾਨ ਕੀਤਾ ਹੋਇਆ ਸੀ, ਪਰ ਸ਼ਾਇਦ ਕੈਨੇਡਾ 'ਚ ਬਹੁਤ ਸਾਰੇ ਲੋਕ ਸਰੀਰ ਦਾਨ ਕਰਦੇ ਹਨ ਇਸ ਲਈ ਹਸਪਤਾਲ ਵਾਲਿਆਂ ਨੇ ਅਗਲੇ ਦਿਨ ਹੀ ਸਰੀਰ ਪਰਿਵਾਰ ਹਵਾਲੇ ਕਰ ਦਿੱਤਾ ਤੇ ਕੱਲ੍ਹ ਯਾਨੀ ਅਕਤੂਬਰ 3 ਨੂੰ ਓਹਨਾਂ ਨੂੰ ਬਰੈਂਪਟਨ ਕ੍ਰੀਮੈਟੋਰੀਅਮ ਐਂਡ ਵਿਜ਼ੀਟੇਸ਼ਨ 'ਚ ਲੋਕਾਂ ਦੇ ਵਿਸ਼ਾਲ ਇਕੱਠ 'ਚ ਆਖ਼ਰੀ ਵਿਦਾਇਗੀ ਦਿੱਤੀ ਗਈ।

ਹਰਬੰਸ ਸਿੰਘ ਸਭ ਦੇ ਸਾਂਝੇ ਇੱਕ ਸੱਚੇ ਸੁੱਚੇ ਮਾਨਵਵਾਦੀ ਤੇ ਧਾਰਮਿਕ ਵਲਗਣਾਂ ਤੋਂ ਮੁਕਤ ਇਨਸਾਨ ਸਨ, ਇਸ ਕਰਕੇ ਓਹਨਾਂ ਦੀ ਆਖ਼ਰੀ ਇੱਛਾ 'ਤੇ ਫੁੱਲ ਚੜ੍ਹਾਉਂਦਿਆਂ ਪਰਿਵਾਰ ਤੇ ਦੋਸਤਾਂ ਮਿੱਤਰਾਂ ਨੇ ਓਹਨਾਂ ਦੇ ਫਿਊਨਰਲ ਸਮੇਂ ਕੋਈ ਵੀ ਧਾਰਮਿਕ ਰਸਮ ਨਹੀ ਕੀਤੀ ਅਤੇ ਫਾਲਤੂ ਤੇ ਬੇਲੋੜੀਆਂ ਕਾਰਵਾਈਆਂ ਤੋਂ ਪਰਹੇਜ਼ ਕੀਤਾ। ਪਰਿਵਾਰ ਵਲੋਂ ਅਤੇ ਹਰਬੰਸ ਸਿੰਘ ਦੀ ਪਤਨੀ ਗੁਰਮੀਤ ਕੌਰ ਧਾਲੀਵਾਲ ਤਰਫੋਂ ਬੋਲਦਿਆਂ ਤਿੰਨੋ ਬੇਟੀਆਂ-ਮਨਦੀਪ ਕੌਰ, ਰਾਜਵਿੰਦਰ ਕੌਰ ਤੇ ਜਸਪ੍ਰੀਤ ਕੌਰ ਅਤੇ ਬੇਟੇ ਗੁਰਮੇਲ ਸਿੰਘ-ਨੇ ਛੋਟੇ ਹੁੰਦਿਆਂ ਤੋਂ ਲੈ ਕੇ ਹੁਣ ਤਕ ਹਰਬੰਸ ਸਿੰਘ ਦੀਆਂ ਪਰਿਵਾਰਕ ਯਾਦਾਂ ਨੂੰ ਤਾਜ਼ਾ ਕਰਦਿਆਂ ਕਿਹਾ ਕਿ ਓਹਨਾਂ ਨੂੰ ਆਪਣੇ ਪਿਤਾ ਨਾਲ ਬਿਤਾਏ ਪਲਾਂ 'ਤੇ ਮਾਣ ਹੈ।

ਫਿਊਨਰਲ ਹੋਮ 'ਚ ਪੰਜਾਬੀ ਭਾਈਚਾਰੇ ਦੀ ਜਾਣੀ-ਪਛਾਣੀ ਸ਼ਖ਼ਸੀਅਤ ਇੰਦਰਜੀਤ ਸਿੰਘ ਬੱਲ, ਕਾਮਰੇਡ ਗੁਰਮੀਤ ਸਿੰਘ, ਹਰਬੰਸ ਸਿੰਘ ਦੇ ਦੋਸਤ ਅਵੀ ਧਾਲੀਵਾਲ ਤੇ ਬਰੈਂਪਟਨ ਐਕਸ਼ਨ ਕਮੇਟੀ ਵਲੋਂ ਆਜ਼ਾਦ ਸਿੰਘ ਨੇ ਵੀ ਹਰਬੰਸ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਫਿਊਨਰਲ ਤੋਂ ਬਾਅਦ ਚਾਂਦਨੀ ਕਨਵੈਨਸ਼ਨ ਸੈਂਟਰ 'ਚ ਵੀਰ ਹਰਬੰਸ ਸਿੰਘ ਦੀ ਯਾਦ ਚ "ਸ਼ਰਧਾਂਜਲੀ ਸਮਾਗਮ" ਕੀਤਾ ਗਿਆ ਜਿੱਥੇ ਓਹਨਾਂ ਦੁਆਰਾ ਇੱਕ ਇਨਕਲਾਬੀ ਦੇ ਤੌਰ 'ਤੇ ਸਮਾਜ ਨੂੰ ਜਾਗ੍ਰਿਤ ਕਰਨ ਤੇ ਓਹਨਾਂ ਦੀ ਸੰਘਰਸ਼ਾਂ ਭਰਪੂਰ ਜ਼ਿੰਦਗੀ ਦੇ ਵੱਖ ਵੱਖ ਪਹਿਲੂਆਂ 'ਤੇ ਚਰਚਾ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਹਰਬੰਸ ਸਿੰਘ ਦੇ ਬੇਵਕਤੀ ਤੁਰ ਜਾਣ ਨਾਲ ਇਨਕਲਾਬੀ ਲਹਿਰ ਤੇ ਸਮਾਜ ਨੂੰ ਵੱਡਾ ਘਾਟਾ ਪਿਆ ਹੈ। ਕਨਵੈਨਸ਼ਨ 'ਚ ਹੋਏ ਵਿਸ਼ਾਲ ਇਕੱਠ ਨੂੰ ਸਿਮਰਨਜੀਤ ਸਿੰਘ, ਨੌਜਵਾਨ ਬਲਰਾਜ ਸਿੰਘ, ਵੈਨਕੂਵਰ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਭੈਣਜੀ ਪਰਮਿੰਦਰ ਸਵੈਚ, ਔਰਤਾਂ ਦੀ ਜਥੇਬੰਦੀ ਦਿਸ਼ਾ ਵਲੋਂ ਪ੍ਰੋ ਕੰਵਲਜੀਤ ਢਿੱਲੋਂ, ਤਰਕਸ਼ੀਲ ਸੁਸਾਇਟੀ ਵਲੋਂ ਬਲਵਿੰਦਰ ਬਰਨਾਲਾ, ਸੀਨੀਅਰ ਐਸੋਸੀਏਸ਼ਨ ਵਲੋਂ ਮਹਿੰਦਰ ਸਿੰਘ ਮੋਹੀ ਅਤੇ ਹਰਚੰਦ ਸਿੰਘ, ਪੰਜਾਬੀ ਸਭਿਆਚਾਰ ਮੰਚ ਵਲੋਂ ਮਾਸਟਰ ਬਲਦੇਵ ਸਹਿਦੇਵ, ਜਮਹੂਰੀ ਅਧਿਕਾਰ ਸਭਾ ਪੰਜਾਬ ਵਲੋਂ ਡਾ. ਤੇਜਪਾਲ, ਕਮਿਊਨਿਸਟ ਪਾਰਟੀ ਵਲੋਂ ਜਗਜੀਤ ਸਿੰਘ ਜੋਗਾ, ਹਰਬੰਸ ਸਿੰਘ ਦੇ ਦੋਸਤ ਬਲਵਿੰਦਰ ਸਿੰਘ ਰੋਡੇ, ਹਰਬੰਸ ਸਿੰਘ ਦੇ ਦੋਸਤ ਹਰਪ੍ਰਮਿੰਦਰ ਗਦਰੀ, ਇੰਟਰਨੈਸ਼ਨਲ ਸਟੂਡੈਂਟਾਂ ਦੇ ਨੁਮਾਇੰਦੇ ਲਵਦੀਪ ਸਿੰਘ ਅਤੇ ਏਰਿਨ ਗੋਸਵਾਮੀ, ਮੌਂਟਰੀਅਲ ਯੂਥ ਸਟੂਡੈਂਟਸ ਯੂਨੀਅਨ ਦੇ ਆਗੂ ਮਨਦੀਪ ਸਿੰਘ ਅਤੇ ਪਿੰਡ ਤੇ ਇਲਾਕਾ ਨਿਹਾਲ ਸਿੰਘ ਵਾਲਾ ਵਲੋਂ ਕਾਮਰੇਡ ਸੁਖਸੇਵ ਸਿੰਘ ਨੇ ਸੰਬੋਧਨ ਕੀਤਾ। ਹਰਬੰਸ ਸਿੰਘ ਦੇ ਪੰਜਾਬ ਸਟੂਡੈਂਟਸ ਯੂਨੀਅਨ ਤੇ ਨੌਜਵਾਨ ਭਾਰਤ ਸਭਾ ਵੇਲੇ ਦੇ ਸਾਥੀ ਜਗਮੋਹਣ ਢੁਡੀਕੇ ਨੇ ਹਰਬੰਸ ਸਿੰਘ ਤੇ ਓਹਦੇ ਸਾਥੀਆਂ ਵਲੋਂ ਪੰਜਾਬ ਵਿਚ ਲੜੇ ਸੰਘਰਸ਼ਾਂ ਦੀ ਦਾਸਤਾਨ ਸਾਂਝੀ ਕੀਤੀ। ਟੋਰਾਂਟੋ ਦੇ ਸ਼ਾਇਰ, ਨਾਟਕਕਾਰ, ਲੇਖਕ ਤੇ ਅਗਾਂਵਧੂ ਹਲਕਿਆਂ 'ਚ ਜਾਣੇ ਪਛਾਣੇ ਕੁਲਵਿੰਦਰ ਖੈਰਾ ਜੀ ਨੇ ਹਰਬੰਸ ਸਿੰਘ ਦੀ ਸਮੁੱਚੀ ਜ਼ਿੰਦਗੀ ਤੋਂ ਪ੍ਰੇਰਨਾ ਲੈਣ ਦੀ ਗੱਲ ਕਰਦਿਆਂ ਦ੍ਰਿੜਤਾ ਨਾਲ ਦੁਹਰਾਇਆ ਕਿ ਅਸੀਂ ਓਹਦੇ ਵਿਚਾਰਾਂ 'ਤੇ ਡੱਟ ਕੇ ਪਹਿਰਾ ਦੇਂਦੇ ਰਹਾਂਗੇ। ਸਟੇਜ ਦੀ ਕਾਰਵਾਈ ਹਰਬੰਸ ਸਿੰਘ ਦੇ ਸਾਥੀ ਤੇ ਮੀਡੀਅਕਾਰ ਚਰਨਜੀਤ ਬਰਾੜ ਨੇ ਨਿਭਾਈ। ਪ੍ਰੋਗਰਾਮ ਦੀ ਰੂਪ ਰੇਖਾ ਤੇ ਕਾਰਵਾਈ "ਸਰੋਕਾਰਾਂ ਦੀ ਆਵਾਜ਼" ਦੀ ਟੀਮ ਨੇ ਦੇਵਿੰਦਰ ਤੂਰ ਜੀ ਦੀ ਅਗਵਾਈ 'ਚ ਬੜੇ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹੀ। ਦਵਿੰਦਰ ਤੂਰ ਜੀ ਨੇ ਅਖ਼ੀਰ ਵਿਚ ਪ੍ਰਣ ਦੁਹਰਾਇਆ ਕਿ ਉਹ "ਸਰੋਕਾਰਾਂ ਦੀ ਆਵਾਜ਼" ਨੂੰ ਪੂਰੀ ਤਨਦੇਹੀ ਨਾਲ ਚੱਲਦਾ ਰੱਖਣਗੇ। ਓਹਨਾਂ ਨੇ ਪ੍ਰੋਗਰਾਮ ਵਿਚ ਪਹੁੰਚੇ ਪਰਿਵਾਰ ਦੇ ਦੋਸਤਾਂ ਮਿੱਤਰਾਂ , ਸੰਗੀ ਸਾਥੀਆਂ, ਦੇਸ਼ ਭਗਤ ਸਪੋਰਟਸ ਕਲੱਬ, ਪੰਜਾਬੀ ਆਰਟਸ ਐਸੋਸੀਏਸ਼ਨ, ਸੀਨੀਅਰ ਐਸੋਸੀਏਸ਼ਨਜ਼, ਨੌਜਵਾਨ ਜਥੇਬੰਦੀਆਂ, ਤਰਕਸ਼ੀਲ ਸੋਸਾਇਟੀ, ਲੇਖਕ ਜਥੇਬੰਦੀਆਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਸਮੇਂ ਦੀ ਸੀਮਾ ਕਰਕੇ ਜੇਕਰ ਕੋਈ ਬੁਲਾਰਾ ਸ਼ਰਧਾਂਜਲੀ ਨਾ ਦੇ ਸਕਿਆ ਹੋਵੇ ਤਾਂ ਉਹ ਖਿਮਾ ਦੇ ਯਾਚਕ ਹਨ।

ਅਦਾਰਾ 'ਸਰੋਕਾਰਾਂ ਦੀ ਆਵਾਜ਼'
ਦੀ ਸਮੁੱਚੀ ਟੀਮ

ਇੱਕੋ ਪਿੰਡ ਦੇ ਦੋ ਘੁਲਾਟੀਏ ਹਰਬੰਸ ਭਰੋਵਾਲ ਅਤੇ ਗੁਰਮੇਲ ਭਰੋਵਾਲ

ਕੰਵਲਜੀਤ ਖੰਨਾ

ਇਨਾਂ ਦੋਵਾਂ ਦੀ ਯਾਰੀ, ਵਿਚਾਰਾਂ ਦੀ ਸਾਂਝ, ਜਨਤਕ ਜਮਹੂਰੀ ਲੋਕ ਹੱਕਾਂ ਦੀ ਜੰਗ 'ਚ ਨਿਰੰਤਰ ਭਾਗੀਦਾਰੀ ਸਾਡੀ ਬੇਸ਼ਕੀਮਤੀ ਪੂੰਜੀ ਹੈ। ਹਰਬੰਸ ਨੇ ਪੰਜਾਬ ਸਟੂਡੈਂਟਸ ਯੂਨੀਅਨ ਤੋਂ ਜੀਵਨ ਸੇਧ ਹਾਸਲ ਕੀਤੀ ਤੇ ਅੰਤ ਤੱਕ ਲੋਕ ਸਰੋਕਾਰਾਂ ਨਾਲ ਜੁੜਿਆ ਰਿਹਾ। ਗੁਰਮੇਲ ਤੇ ਬੰਸਾ ਦੋਹੇਂ ਨੌਜਵਾਨ ਭਾਰਤ ਸਭਾ ਦੇ ਸਰਗਰਮ ਕਾਰਕੁੰਨ ਸਨ। ਬੰਸੇ ਦੀ ਭੂਆ ਦੇ ਘਰ ਦਾ ਚੁਬਾਰਾ ਸਾਡਾ ਹੈਡਕਵਾਟਰ ਸੀ। ਉਹ ਪੜਾਈ ਸਮੇਂ ਤੇ ਲੰਮਾਂ ਸਮਾਂ ਬਾਦ 'ਚ ਵੀ ਭਰੋਵਾਲ ਕਲਾਂ ਹੀ ਜੀਵਿਆ। ਉਸ ਦਾ ਬੇਬਾਕ ਹਾਸਾ ਤੇ ਹਰ ਇੱਕ ਨੂੰ ਮੋਹ ਲੈਣ ਵਾਲਾ ਮਜਾਹੀਆ ਸੁਭਾਅ ਸੈਕਲਾਂ 'ਤੇ ਪਿੰਡਾਂ 'ਚ ਮੀਟਿੰਗਾਂ ਕਰਦੇ, ਹੜਪੀੜਤਾਂ ਲਈ ਮਦਦ ਇਕੱਠੀ ਕਰਦਿਆਂ, ਮੁਜ਼ਾਹਰਿਆਂ 'ਚ ਨਾਰੇ ਗੁੰਜਾਉਂਦਿਆਂ ਨੂੰ ਥੱਕਣ ਨਹੀਂ ਸੀ ਦਿੰਦਾ। ਮੁਹਿੰਮਾਂ ਤੋਂ ਮੁੜਦਿਆਂ ਨੂੰ ਭੂਆ ਦੇ ਘਰ ਰੋਟੀ ਤੇ ਚਾਹ ਦਾ ਲੰਗਰ ਤਿਆਰ ਮਿਲਦਾ ਸੀ। ਬੈਠੋ ਬਈ ਸਾਥੀਓ ਮੈਂ ਪ੍ਰਸ਼ਾਦੇ ਲਿਆਇਆ, ਚਾਹ ਬਾਦ 'ਚ ਪਾਉਣੇ ਆਂ ਗਲਾਸਾਂ 'ਚ। ਉਸ ਦਾ ਫੁੱਫੜ ਲੰਮੇ ਸਮੇਂ ਤੋਂ ਮੰਜੇ 'ਤੇ ਸੀ, ਚੱਲ ਫਿਰ ਨੀ ਸੀ ਸਕਦਾ, ਬੰਸਾ ਹੀ ਉਨ੍ਹਾਂ ਦਾ ਪੁੱਤ ਸੀ। 1980, 29 ਦਸੰਬਰ ਨੂੰ ਚੌਂਕੀਮਾਨ ਪੰਜਾਬ ਸਰਕਾਰ ਵੱਲੋਂ ਵਧੇ ਬੱਸ ਕਿਰਾਇਆਂ ਖ਼ਿਲਾਫ਼ ਐਜੀਟੇਸ਼ਨ ਦੌਰਾਨ ਬੱਸਾਂ ਦੀਆਂ ਫੂਕਾਂ ਕੱਢਦਿਆਂ ਨੌਜਵਾਨਾਂ ਦੀ ਅਗਵਾਈ ਕਰਨ ਵਾਲਿਆਂ 'ਚ ਬੰਸਾ ਵੀ ਮੋਹਰੀ ਸੀ। ਫੁਰਤੀਲਾ ਸੀ ਪੁਲਿਸ ਦੇ ਹੱਥ ਨੀ ਸੀ ਆਇਆ। ਲਾਠੀਚਾਰਜ ਹੋਇਆ, ਮੇਰਾ ਸਿਰ ਵੀ ਪਾਟਿਆ। ਮਹੀਨਾ ਭਰ ਮਲਕੀਤ ਮਾਸਟਰ , ਸਵਰਨ ਰਸੂਲਪੁਰ ਸਮੇਤ ਅਸੀਂ ਛੇ ਸਾਥੀ ਜੇਲ 'ਚ ਵੀ ਰਹੇ। ਬਾਦ 'ਚ ਬੰਸਾ ਸਾਡੀ ਰਿਹਾਈ ਲਈ ਅੰਦੋਲਨ ਦੀ ਅਗਵਾਈ ਕਰਦਾ ਰਿਹਾ। ਉਸ ਨੇ ਕੁੱਛ ਸਮਾਂ ਅਧਿਆਪਨ ਵੀ ਕੀਤਾ।

ਨੌਜਵਾਨ ਭਾਰਤ ਸਭਾ 'ਚੋਂ ਚੇਤਨਾ ਹਾਸਲ ਕਰ ਗੁਰਮੇਲ ਭਰੋਵਾਲ ਨੇ ਸਹਿਕਾਰੀ ਸਭਾਵਾਂ ਦੀ ਨੌਕਰੀ ਕਰਦਿਆਂ ਆਪਣੀ ਟਰੇਡ ਯੂਨੀਅਨ ਦੇ ਸੂਬਾ ਪ੍ਰਧਾਨ ਦੀ ਜ਼ਿੰਮੇਵਾਰੀ ਵੀ ਪੂਰੀ ਨਿਸ਼ਠਾ ਨਾਲ ਨਿਭਾਈ। ਉਹ ਦੇਸ਼ ਪੱਧਰੀ ਸਹਿਕਾਰਿਤਾ ਬਚਾਓ ਅੰਦੋਲਨ ਦਾ ਵੀ ਲੰਮਾਂ ਸਮਾਂ ਆਗੂ ਰਿਹਾ। ਰਿਟਾਇਰਮੈਂਟ ਤੋਂ ਬਾਦ ਗੁਰਮੇਲ ਨੇ ਲੰਮਾ ਸਮਾਂ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਬਲਾਕ ਸਕੱਤਰ ਦੀ ਜ਼ਿੰਮੇਵਾਰੀ ਨਿਭਾਈ ਪਰ ਫ਼ਰਵਰੀ 2024 'ਚ ਉਹ ਵੀ ਵਿਚਾਲਿਉਂ ਹੀ ਬੰਸੇ ਵਾਂਗ ਸਾਥ ਛੱਡ ਗਿਆ ਸੀ। ਜਾਂਦਾ ਜਾਂਦਾ ਉਹ ਆਪਣੀ ਮਿਰਤਕ ਦੇਹ ਮੈਡੀਕਲ ਖੋਜ ਕਾਰਜਾਂ ਲਈ ਦਾਨ ਕਰ ਗਿਆ ਸੀ।

ਬੰਸੇ ਦੀ ਨਿਰਛੱਲਤਾ ਨੂੰ ਯਾਦ ਕਰਦਿਆਂ ਉਸ ਦੇ ਪੀ.ਐੱਸ.ਯੂ. ਦੇ ਸੰਗੀ ਰਹੇ ਮਾਸਟਰ ਨਾਇਬ ਨੂੰ ਯਾਦ ਕਰਨਾ ਵੀ ਜ਼ਰੂਰੀ ਹੈ। ਦੋਂਹੇ ਹਾਸਿਆਂ ਤੇ ਰੌਣਕ ਦੀ ਪਿਟਾਰੀ ਸਨ। ਪਟਿਆਲੇ ਵਾਲਾ ਬੁੱਧੀਜੀਵੀ ਡਾ: ਕੁਲਦੀਪ ਵੀ ਇਨ੍ਹਾਂ ਦਾ ਸੰਗੀ ਰਿਹਾ। ਉਹ 'ਸਰੋਕਾਰਾਂ ਦੀ ਆਵਾਜ਼' ਦਾ ਵੀ ਸੰਚਾਲਕ ਰਿਹਾ। ਪੀ.ਐੱਸ.ਯੂ. ਨੇ ਸੱਤਰਵਿਆਂ 'ਚ ਪੂਰਾਂ ਦੇ ਪੂਰ ਘੁਲਾਟੀਏ ਜਨਮੇ ਸਨ ਜੋ ਹੁਣ ਹੌਲੀ-ਹੌਲੀ ਪੈੜਾਂ ਛੱਡਦੇ ਅਗਲੇ ਰਾਹਾਂ ਦੇ ਪਾਂਧੀ ਬਣ ਰਹੇ ਹਨ। ਪਿੰਡ ਭਰੋਵਾਲ ਕਲਾਂ 'ਚ ਇਨ੍ਹਾਂ ਦੋਹਾਂ ਸਾਥੀਆਂ ਦੀ ਪਾਈਆਂ ਪੈੜਾਂ ਜ਼ਾਮਨ ਹਨ ਕਿ ਇਨ੍ਹਾਂ ਦੇ ਮਗਰਲੇ ਸਾਥੀ ਕਿਸਾਨ ਲਹਿਰ ਦਾ ਸਜਿੰਦ ਅੰਗ ਹਨ। ਹਰਬੰਸ ਨਾਲ ਹਰ ਵਰਤਾਰੇ 'ਤੇ ਫੋਨ ਰਾਹੀਂ ਚਰਚਾ ਤੇ ਉਸ ਦੀਆਂ ਟਿੱਚਰਾਂ ਹੁਣ ਕੱਲ੍ਹ ਦੀਆਂ ਗੱਲਾਂ ਬਣ ਗਈਆਂ ਹਨ। ਸਲਾਮ ਸਾਥੀਓ।

ਹਰਬੰਸ ਭਰੋਵਾਲ ਦਾ ਵਿਛੋੜਾ ਸਾਡੇ ਸਾਰਿਆਂ ਲਈ ਇੱਕ ਅਪੂਰਨ ਸੱਟ ਹੈ

ਬੇਹੱਦ ਸੋਗਮਈ ਖ਼ਬਰ ਕਿ ਪੰਜਾਬ ਸਟੂਡੈਂਟਸ ਯੂਨੀਅਨ ਦੇ ਸਾਇੰਸ ਕਾਲਜ ਜਗਰਾਓਂ ਦੇ ਆਗੂ ਰਹੇ, ਨੌਜਵਾਨ ਭਾਰਤ ਸਭਾ ਦੇ ਪਿੰਡ ਭਰੋਵਾਲ ਕਲਾਂ ਦੇ ਆਗੂ ਰਹੇ ਤੇ ਅੱਸੀਵਿਆਂ 'ਚ ਕਨਾਡਾ ਪ੍ਰਵਾਸ ਕਰ ਗਏ ਹਰਬੰਸ ਸਿੰਘ ਭਰੋਵਾਲ ਕਲਾਂ ਬੇਵਕਤ ਵਿਛੋੜਾ ਦੇ ਗਏ। ਵਿਦੇਸ਼ੀ ਧਰਤੀ 'ਤੇ ਰਹਿੰਦਿਆਂ ਵੀ ਦੇਸ਼ ਦੇਸ਼ਾਂਤਰ ਦੇ ਮਸਲਿਆਂ ਨਾਲ ਜੁੜੇ ਰਹੇ ਸਾਥੀ ਹਰਬੰਸ ਨੇ ਕਨਾਡਾ ਤੋਂ ਦੇਵਿੰਦਰ ਤੂਰ ਵਰਗੇ ਜ਼ਹੀਨ ਸਾਥੀ ਨਾਲ ਰਲ ਕੇ ਸਰੋਕਾਰਾਂ ਦੀ ਆਵਾਜ਼ ਅਖ਼ਬਾਰ ਰਾਹੀਂ ਇਨਕਲਾਬੀ ਲਹਿਰ ਦੀ ਮਜ਼ਬੂਤੀ ਲਈ ਇਕ ਵਿਲੱਖਣ ਯੋਗਦਾਨ ਪਾਇਆ ਹੈ। ਬੇਹੱਦ ਚੇਤੰਨ, ਸੰਵੇਦਨਸ਼ੀਲ, ਹਸਮੁੱਖ, ਮਜ਼ਾਹੀਆ ਸੁਭਾਅ ਦੇ ਮਾਲਕ ਹਰਬੰਸ ਭਰੋਵਾਲ ਦਾ ਵਿਛੋੜਾ ਸਾਡੇ ਸਾਰਿਆਂ ਲਈ ਇੱਕ ਅਪੂਰਨ ਸੱਟ ਹੈ। ਇਨਕਲਾਬੀ ਕੇਂਦਰ ਪੰਜਾਬ ਸਾਥੀ ਹਰਬੰਸ ਦੇ ਵਿਛੋੜੇ ਤੇ ਉਸ ਦੇ ਪਰਿਵਾਰ, ਸਮਕਾਲੀਆਂ ਦੇ ਦੁੱਖ 'ਚ ਸ਼ਾਮਲ ਸ਼ਰਧਾ ਸੁਮਨ ਭੇਟ ਕਰਦਾ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵੱਲੋਂ ਸਾਥੀ ਹਰਬੰਸ ਸਿੰਘ ਅਤੇ ਹੋਰ ਸ਼ਖ਼ਸੀਅਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ ਅਤੇ ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਕਮੇਟੀ ਦੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ 1970ਵਿਆਂ 'ਚ ਵਿਦਿਆਰਥੀ-ਨੌਜਵਾਨ ਸੰਘਰਸ਼ਾਂ ਵਿਚ ਆਗੂ ਭੂਮਿਕਾ ਨਿਭਾਉਣ ਵਾਲੇ ਅਤੇ ਕੈਨੇਡਾ ਵਿਚ 'ਪ੍ਰੋ-ਪੀਪਲਜ਼ ਆਰਟਸ ਪ੍ਰੋਜੈਕਟ ਮੀਡੀਆ ਗਰੁੱਪ' ਦੀ ਸਥਾਪਨਾ ਕਰਕੇ 'ਸਰੋਕਾਰਾਂ ਦੀ ਆਵਾਜ਼' ਪੇਪਰ ਰਾਹੀਂ ਲੋਕ ਹਿਤਾਂ ਤੇ ਸਰੋਕਾਰਾਂ ਦੀ ਬਾਂਹ ਫੜਨ ਵਾਲੇ ਇਨਕਲਾਬੀ ਜਮਹੂਰੀ ਲਹਿਰ ਦੇ ਗਹਿ-ਗੱਡਵੇਂ ਸੰਗੀ ਸਾਥੀ ਹਰਬੰਸ ਸਿੰਘ ਭਰੋਵਾਲ ਦੇ ਸਦੀਵੀ ਵਿਛੋੜਾ ਦੇ ਜਾਣ ਉੱਪਰ ਕਮੇਟੀ ਦੁੱਖ ਗਹਿਰੇ ਦੁੱਖ ਦਾ ਇਜ਼ਹਾਰ ਕਰਦੀ ਹੈ। ਕਮੇਟੀ ਉਨ੍ਹਾਂ ਦੇ ਪਰਿਵਾਰ, ਸੰਪਾਦਕੀ ਮੰਡਲ ਅਤੇ ਸਮੂਹ ਸੰਗੀ-ਸਾਥੀਆਂ ਦੇ ਦੁੱਖ ਵਿਚ ਸ਼ਰੀਕ ਹੁੰਦੀ ਹੈ।

ਉਨ੍ਹਾਂ ਦੱਸਿਆ ਕਿ 4 ਅਕਤੂਬਰ ਨੂੰ ਹੋਈ ਦੇਸ਼ ਭਗਤ ਯਾਦਗਾਰ ਕਮੇਟੀ ਦੀ ਜਨਰਲ ਬਾਡੀ ਮੀਟਿੰਗ ਦਾ ਆਗਾਜ਼ ਕਮੇਟੀ ਦੇ ਸਾਬਕਾ ਪ੍ਰਧਾਨ ਅਜਮੇਰ ਸਿੰਘ, ਕਮੇਟੀ ਮੈਂਬਰ ਐਡਵੋਕੇਟ ਰਾਜਿੰਦਰ ਮੰਡ, ਨਵਾਂ ਜ਼ਮਾਨਾ ਦੇ ਸੰਪਾਦਕ ਚੰਦ ਫਤਿਹਪੁਰੀ, ਮਜ਼ਦੂਰ ਆਗੂ ਗੁਰਨਾਮ ਸਿੰਘ ਦਾਊਦ, ਕਨੇਡਾ 'ਚ ਛਪਦੇ ਮਕਬੂਲ ਮੈਗਜ਼ੀਨ 'ਸਰੋਕਾਰਾਂ ਦੀ ਆਵਾਜ਼' ਦੇ ਸੰਪਾਦਕ ਹਰਬੰਸ ਸਿੰਘ, ਕਵੀ ਅਤੇ ਲੇਖਕ ਧਰਮਪਾਲ ਉਪਾਸ਼ਕ, ਫੋਟੋ ਕਾਰ ਅਤੇ ਸਾਹਿਤਕਾਰ ਹਰਭਜਨ ਬਾਜਵਾ, ਉੱਘੇ ਸਾਹਿਤਕਾਰ ਅਤੇ ਖੇਤੀ ਮਾਹਿਰ ਮਹਿੰਦਰ ਦੋਸਾਂਝ, ਮਨੋਹਰ ਸਿੰਘ ਖਹਿਰਾ, ਵਿਅੰਗਕਾਰ ਕੇ ਐੱਲ ਗਰਗ, ਹਰਮਿੰਦਰ ਰਾਏਪੁਰ ਡੱਬਾ, ਪ੍ਰਤਾਪ ਸਿੰਘ ਵੈਰੋਵਾਲ, ਅਜਾਇਬ ਸਿੰਘ ਚੱਕ ਸਿੰਘਾ, ਐਡਵੋਕੇਟ ਐੱਨ ਕੇ ਜੀਤ ਬਠਿੰਡਾ, ਔਰਤ ਆਗੂ ਧਰਮਜੀਤ ਕੌਰ ਨੂੰ ਖੜ੍ਹੇ ਹੋ ਕੇ ਸ਼ਰਧਾਂਜਲੀ ਭੇਂਟ ਕਰਨ ਨਾਲ ਕੀਤਾ ਗਿਆ, ਜਿਹੜੇ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ। ਕਮੇਟੀ ਆਪਣੇ ਵਡਮੁੱਲੇ ਯੋਗਦਾਨ ਰਾਹੀਂ ਲੋਕ ਸੰਘਰਸ਼ਾਂ ਵਿਚ ਅਮਿੱਟ ਪੈੜਾਂ ਪਾਉਣ ਵਾਲੀਆਂ ਇਨ੍ਹਾਂ ਲੋਕ-ਹਿਤੈਸ਼ੀ ਸ਼ਖ਼ਸੀਅਤਾਂ ਅਤੇ ਲੋਕਪੱਖੀ ਕਲਮਕਾਰਾਂ ਦੀ ਘਾਲਣਾ ਨੂੰ ਸਲਾਮ ਕਰਦੀ ਹੈ।

ਉਨ੍ਹਾਂ ਦੱਸਿਆ ਕਿ 30, 31 ਅਕਤੂਬਰ ਅਤੇ 1 ਨਵੰਬਰ ਨੂੰ 35ਵੀਂ 'ਮੇਲਾ ਗ਼ਦਰੀ ਬਾਬਿਆਂ ਦਾ' ਆਯੋਜਤ ਕੀਤਾ ਜਾ ਰਿਹਾ ਹੈ। ਇਸ ਮੌਕੇ ਸਾਹਿਤ, ਸੱਭਿਆਚਾਰ, ਕਲਾ, ਕਲਾ ਰਾਹੀਂ ਯੋਗਦਾਨ ਪਾਉਣ ਵਾਲੇ ਵਿਛੜੇ ਸੰਗੀਆਂ ਸਾਥੀਆਂ ਨੂੰ 30 ਅਕਤੂਬਰ ਸ਼ਾਮ 4 ਵਜੇ 'ਉਹਨਾਂ ਮਿੱਤਰਾਂ ਦੀ ਯਾਦ ਪਿਆਰੀ'... ਬੈਨਰ ਹੇਠ ਸ਼ੁਰੂ ਹੋਣ ਵਾਲੇ ਸਮਾਗਮ 'ਚ ਵੀ ਉਚੇਚੇ ਤੌਰ 'ਤੇ ਯਾਦ ਕੀਤਾ ਜਾਏਗਾ।

ਜਮਹੂਰੀ ਫਰੰਟ ਵੱਲੋਂ ਸਾਥੀ ਹਰਬੰਸ ਸਿੰਘ ਦੀ ਲੋਕਪੱਖੀ ਘਾਲਣਾ ਨੂੰ ਸਲਾਮ

ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਦੀ ਸੂਬਾ ਕਮੇਟੀ ਕੈਨੇਡਾ ਤੋਂ ਛਪਦੇ ਮਾਸਿਕ 'ਸਰੋਕਾਰਾਂ ਦੀ ਆਵਾਜ਼' ਦੇ ਮੁੱਖ ਸੰਪਾਦਕ, ਸਾਬਕਾ ਵਿਦਿਆਰਥੀ ਤੇ ਨੌਜਵਾਨ ਆਗੂ ਅਤੇ ਪਿਛਲੇ ਦਹਾਕਿਆਂ ਤੋਂ ਕੈਨੇਡਾ ਵਿਚ ਸਰਗਰਮ ਲੋਕਪੱਖੀ ਸ਼ਖ਼ਸੀਅਤ ਸਾਥੀ ਹਰਬੰਸ ਸਿੰਘ ਦੇ ਸਦੀਵੀ ਵਿਛੋੜਾ ਦੇ ਜਾਣ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕਰਦੀ ਹੈ। ਅਦਾਰਾ ਸਰੋਕਾਰਾਂ ਦੀ ਆਵਾਜ਼ ਭਾਰਤ ਦੇ ਦੱਬੇ-ਕੁਚਲੇ ਮਿਹਨਤਕਸ਼ ਲੋਕਾਂ, ਧਾਰਮਿਕ ਘੱਟ-ਗਿਣਤੀਆਂ, ਦਲਿਤਾਂ ਦੇ ਸੰਘਰਸ਼ਾਂ, ਖ਼ਾਸ ਕਰਕੇ ਇਨਕਲਾਬੀ ਆਦਿਵਾਸੀ ਟਾਕਰੇ ਬਾਰੇ ਲੇਖਾਂ ਅਤੇ ਰਿਪੋਰਟਾਂ ਨੂੰ ਵਿਸ਼ੇਸ਼ ਜਗ੍ਹਾ ਦੇ ਕੇ ਭਾਰਤੀ ਰਾਜ ਵੱਲੋਂ ਕੀਤੇ ਜਾ ਰਹੇ ਜਬਰ ਵਿਰੁੱਧ ਆਵਾਜ਼ ਉਠਾਉਣ ਵਿਚ ਬਹੁਤ ਮਹੱਤਵਪੂਰਨ ਯੋਗਦਾਨ ਪਾ ਰਿਹਾ ਹੈ। ਇਹ ਸਾਥੀ ਹਰਬੰਸ ਦੇ ਪ੍ਰਪੱਕ ਇਨਕਲਾਬੀ ਜਮਹੂਰੀ ਨਜ਼ਰੀਏ ਅਤੇ ਫਰਾਖ਼ਦਿਲ ਸੋਚ ਕਾਰਨ ਹੀ ਸੰਭਵ ਹੋ ਸਕਿਆ। ਉਸਦੀ ਯਾਦ ਹਮੇਸ਼ਾ ਸਾਡੇ ਚੇਤਿਆਂ ਵਿਚ ਰਹੇਗੀ। ਡਾ. ਪਰਮਿੰਦਰ ਸਿੰਘ, ਪ੍ਰੋਫੈਸਰ ਏ.ਕੇ.ਮਲੇਰੀ, ਬੂਟਾ ਸਿੰਘ ਮਹਿਮੂਦਪੁਰ, ਯਸ਼ਪਾਲ ਮੋਹਾਲੀ।

ਇਨਕਲਾਬੀ ਰਸਾਲੇ ਸੁਰਖ਼ ਲੀਹ ਦੇ ਸੰਪਾਦਕ ਜਸਪਾਲ ਜੱਸੀ, ਸੀ.ਪੀ.ਆਈ. (ਐੱਮ.ਐੱਲ) ਨਿਊ ਡੈਮੋਕਰੇਸੀ, ਬੀ.ਕੇ.ਯੂ.ਏਕਤਾ-ਉਗਰਾਹਾਂ, ਪੰਜਾਬ ਖੇਤ ਮਜ਼ਦੂਰ ਯੂਨੀਅਨ ਤੋਂ ਇਲਾਵਾ ਪੰਜਾਬ ਦੀਆਂ ਲੋਕਪੱਖੀ ਸ਼ਖ਼ਸੀਅਤਾਂ ਡਾ. ਅਰੀਤ ਕੌਰ, ਸੁਖਦਰਸ਼ਨ ਨੱਤ, ਜਸਵੀਰ ਸਮਰ, ਕਰਮ ਬਰਸਟ, ਸ਼ਿਵਇੰਦਰ ਸਿੰਘ, ਅਮਿਤ ਮਿੱਤਰ, ਸਵਰਨਜੀਤ ਸਿੰਘ, ਅਜਾਇਬ ਸਿੰਘ ਟਿਵਾਣਾ, ਗੁਰਮੀਤ ਸੁਖਪੁਰ, ਇਕਬਾਲ ਕੌਰ ਉਦਾਸੀ, ਸੁਖਦੇਵ ਫਗਵਾੜਾ, ਡਾ. ਮਨਜਿੰਦਰ ਲੰਬੀ ਆਦਿ ਵੱਲੋਂ ਵੀ ਸਾਥੀ ਹਰਬੰਸ ਸਿੰਘ ਦੇ ਵਿਛੋੜੇ ਉੱਪਰ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਗਿਆ ਅਤੇ ਉਨ੍ਹਾਂ ਦੀ ਇਨਕਲਾਬੀ ਘਾਲਣਾ ਨੂੰ ਸਿਜਦਾ ਕੀਤਾ ਗਿਆ।

ਸ਼ੋਕ ਸੁਨੇਹਾ

ਇਨਕਲਾਬੀ ਮਜਦੂਰ ਕੇਂਦਰ ਅਤੇ ਕਿਰਤੀ ਵਿਚਾਰ ਸਭਾ ਲੁਧਿਆਣਾ 'ਸਾਰੋਕਾਰਾਂ ਦੀ ਆਵਾਜ਼' ਦੇ ਸੰਪਾਦਕ ਅਤੇ ਮਜਦੂਰਾਂ ਦੀ ਮੁਕਤੀ ਦੇ ਹਮਾਇਤੀ ਸਾਥੀ ਹਰਬੰਸ ਸਿੰਘ ਭਰੋਵਾਲ ਦੀ ਬੇਵਕਤੀ ਮੌਤ ਉੱਤੇ ਗਹਿਰੇ ਦੁੱਖ ਦਾ ਇਜਹਾਰ ਕਰਦੀਆਂ ਹਨ। ਸਾਥੀ ਹਰਬੰਸ ਨੇ ਆਪਣੀ ਜਿੰਦਗੀ ਦੇ ਲੱਗਭਗ 50 ਵਰ੍ਹੇ ਲੋਕ ਹਿੱਤਾਂ ਨੂੰ ਸਮਰਪਤ ਕੀਤੇ। ਪਹਿਲਾਂ ਵਿਦਿਆਰਥੀ ਲਹਿਰ 'ਚ ਸਰਗਰਮ ਭੂਮਿਕਾ ਨਿਭਾਈ ਫਿਰ ਨੌਜਵਾਨ ਭਾਰਤ ਸਭਾ 'ਚ ਸਰਗਰਮ ਰਹੇ, ਅਧਿਆਪਕਾਂ ਦੇ ਅਧਿਕਾਰਾਂ ਤੇ ਸਮੱਸਿਆਵਾਂ ਲਈ ਜੂਝਦੇ ਰਹੇ।

ਕੈਨੇਡਾ ਜਾ ਕੇ ਵੀ ਉਹਨਾਂ ਲੋਕ ਹਿੱਤਾਂ ਉੱਤੇ ਪਹਿਰਾ ਦਿੱਤਾ। ਕੈਨੇਡਾ ਚ ਮਜਦੂਰਾਂ ਦੇ ਅਧਿਕਾਰਾਂ ਤੇ ਉਹਨਾਂ ਨੂੰ ਇਕਜੁੱਟ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਅਗਾਂਹਵਧੂ ਸਾਥੀਆਂ ਨਾਲ ਮਿਲ ਕੇ ਸਰੋਕਾਰਾਂ ਦੀ ਆਵਾਜ਼ ਨਾਮ ਦਾ ਪੇਪਰ ਕੱਢਿਆ। ਜਿਹਨੇ ਆਪਣੀ ਗਹਿਰੀ ਦਿੱਖ ਬਣਾਈ। ਦੁਨੀਆਂ ਵਿਚ ਹੋ ਰਹੀਆਂ ਜਿਆਜਤੀਆਂ, ਮਜਦੂਰਾਂ ਉੱਤੇ ਹਮਲੇ, ਸਮਰਾਜ ਤੇ ਕਾਰਪੋਰੇਟ ਪੂੰਜੀ ਦੀਆਂ ਕੁੱਟਲ ਨੀਤੀਆਂ ਨੂੰ ਬੇਪਰਦ ਕਰਨ ਵਿਚ ਇਸ ਪਰਚੇ ਦਾ ਅਹਿਮ ਰੋਲ ਹੈ।

ਸਾਥੀ ਹਰਬੰਸ ਸਿੰਘ ਭਰੋਵਾਲ ਕੁੱਝ ਸਮਾਂ ਬਿਮਾਰ ਰਹਿਣ ਪਿੱਛੋਂ ਸਾਥੋਂ ਵਿਛੜ ਗਏ। ਉਹਨਾਂ ਦੇ ਬੇਵਕਤੇ ਤੁਰ ਜਾਣ ਨਾਲ ਜਿਥੇ ਲਹਿਰ ਨੂੰ ਇਕ ਵੱਡੀ ਸੱਟ ਲੱਗੀ ਹੈ, ਵਿਦੇਸ਼ਾਂ ਵਿਚ ਬੈਠੇ ਇਕ ਮਜਦੂਰ ਹਿਤੈਸ਼ੀ ਤੋਂ ਵਾਂਝੇ ਹੋਏ ਹਾਂ, ਉਥੇ ਉਹਨਾਂ ਵਲੋਂ ਨਿਭਾਈ ਇਨਕਲਾਬੀ ਲਹਿਰ ਲਈ ਭੂਮਿਕਾ ਸਾਡੇ ਲਈ ਸਦਾ ਪ੍ਰੇਰਨਾ ਤੇ ਰਾਹ ਦਰਸਾਵਾ ਰਹੇਗੀ।

ਇਨਕਲਾਬੀ ਮਜਦੂਰ ਕੇਂਦਰ ਅਤੇ ਕਿਰਤੀ ਵਿਚਾਰ ਸਭਾ ਲੁਧਿਆਣਾ ਇਸ ਔਖੀ ਘੜੀ ਉਹਨਾਂ ਦੇ ਨਿੱਜੀ ਪਰਿਵਾਰ ਅਤੇ ਸਰੋਕਾਰਾਂ ਦੀ ਆਵਾਜ਼ ਪਰਿਵਾਰ ਅਤੇ ਇਨਕਲਾਬੀ ਜਮਹੂਰੀ ਲਹਿਰ ਦੇ ਗ਼ਮ ਵਿਚ ਸ਼ਾਮਿਲ ਹੁੰਦਿਆਂ, ਉਹਨਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦਾ ਪ੍ਰਣ ਲੈਂਦੀਆਂ ਹਨ. ਇਹ ਹੀ ਉਹਨਾਂ ਨੂੰ ਸੱਚੀ ਸ਼ਰਧਾਂਜਲੀ ਹੈ।

ਵਲੋਂ :

ਇਨਕਲਾਬੀ ਮਜਦੂਰ ਕੇਂਦਰ ਪੰਜਾਬ

ਕਿਰਤੀ ਵਿਚਾਰ ਸਭਾ ਲੁਧਿਆਣਾ

ਪਰਵਿੰਦਰ ਸਿੰਘ ਝੋਟੇ ਦਾ ਕਤਲ, ਹਾਕਮ ਜਮਾਤੀ ਸਿਆਸਤ ਅਤੇ ਨਿਆਂ ਲਈ ਸੰਘਰਸ਼

ਬੂਟਾ ਸਿੰਘ
ਮਹਿਮੂਦਪੁਰ
94634-74342

ਮਾਨਸਾ ਵਿੱਚ ਨਸ਼ਾ ਵਿਰੋਧੀ ਕਾਰਕੁਨ ਪਰਵਿੰਦਰ ਸਿੰਘ ਝੋਟੇ ਨੂੰ ਬੇਰਹਿਮੀ ਨਾਲ ਕਤਲ ਕੀਤੇ ਜਾਣ ਨੇ ਪੰਜਾਬ ਦੀ ਲੋਕ ਚੇਤਨਾ ਨੂੰ ਡੂੰਘੇ ਰੂਪ 'ਚ ਹਲੂਣਕੇ ਜਨਤਕ ਸੰਘਰਸ਼ ਦਾ ਰੂਪ ਦੇ ਦਿੱਤਾ ਹੈ। ਇਸ ਵਿਸ਼ਾਲ ਸੰਘਰਸ਼ ਨੇ ਸਾਰੇ ਇਨਸਾਫ਼ਪਸੰਦ ਹਿੱਸਿਆਂ ਨੂੰ ਝਾੜੂ ਸਰਕਾਰ ਦੀ ਤਾਨਾਸ਼ਾਹੀ ਵਿਰੁੱਧ ਇਕ ਮੰਚ 'ਤੇ ਇਕੱਠੇ ਕਰ ਦਿੱਤਾ ਹੈ। ਜਾਗੀ ਹੋਈ ਲੋਕ ਤਾਕਤ ਨੇ ਪੰਜਾਬ ਦੇ ਲੋਕਾਂ ਨੂੰ ਟਿੱਚ ਸਮਝਣ ਵਾਲੀ ਭਗਵੰਤ ਮਾਨ ਜੁੰਡਲੀ ਨੂੰ ਵਿਧਾਨ-ਸਭਾ ਵਿੱਚ ਉਸੇ ਲੋਕ ਦਰਦੀ ਨੂੰ ਸ਼ਰਧਾਂਜਲੀ ਦੇਣ ਲਈ ਮਜਬੂਰ ਕਰ ਦਿੱਤਾ, ਜਿਸਦੀ ਨਿਧੜਕ ਆਵਾਜ਼ ਨੂੰ ਭੰਡਣ ਅਤੇ ਦਬਾਉਣ ਲਈ ਹਾਕਮਾਂ ਦੇ ਇਸ਼ਾਰੇ 'ਤੇ ਜ਼ਿਲ੍ਹਾ ਪੁਲਿਸ ਨੇ ਕੋਈ ਕਸਰ ਨਹੀਂ ਸੀ ਛੱਡੀ। ਉਸ ਉੱਪਰ ਝੂਠੇ ਕੇਸ ਪਾਉਣ, ਪਰਿਵਾਰ ਨੂੰ ਜ਼ਲੀਲ ਕਰਨ ਤੋਂ ਲੈ ਕੇ ਵਹਿਸ਼ੀ ਤਸ਼ੱਦਦ ਕੀਤਾ ਗਿਆ। ਹੁਣ ਆਹਲਾ ਪੁਲਿਸ-ਪ੍ਰਸ਼ਾਸਨਿਕ ਅਧਿਕਾਰੀਆਂ ਦਾ ਲਾਮ-ਲਸ਼ਕਰ ਝੋਟੇ ਦੇ ਪਰਿਵਾਰ ਨੂੰ ਪਤਿਆ ਕੇ ਆਪਣੇ ਸੱਤਾਧਾਰੀ ਬੌਸਾਂ ਨੂੰ ਸੰਕਟ 'ਚੋਂ ਕੱਢਣ ਲਈ ਡੰਡੌਤ ਕਰਦਾ ਹੋਇਆ ਉਨ੍ਹਾਂ ਦੇ ਪੈਰਾਂ 'ਚ ਵਿਛਦਾ ਦੇਖਿਆ ਜਾ ਸਕਦਾ ਹੈ। ਇਸੇ ਸਮੇਂ ਪੁਲਿਸ ਅਧਿਕਾਰੀਆਂ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਮਿਲਣ ਦੀ ਕੋਸ਼ਿਸ਼ ਕਰ ਰਹੇ ਡਾ. ਨੇਹਾ ਸ਼ੋਰੀ ਦੇ ਬਜ਼ੁਰਗ ਮਾਤਾ-ਪਿਤਾ ਨਾਲ ਬਦਤਮੀਜ਼ੀ ਕਰਕੇ ਆਪਣਾ ਜਾਬਰ ਕਿਰਦਾਰ ਬਾਖ਼ੂਬੀ ਦਿਖਾ ਦਿੱਤਾ।

ਮਜ਼ਬੂਤ ਜੁੱਸੇ ਵਾਲਾ ਗੱਭਰੂ ਪਰਵਿੰਦਰ ਸਿੰਘ ਆਪਣੇ ਨਿਧੜਕ ਕਿਰਦਾਰ ਕਾਰਨ ਝੋਟੇ ਵਜੋਂ ਮਕਬੂਲ ਸੀ। ਨਸ਼ੇ ਵੇਚਣ ਵਾਲਿਆਂ ਵਿਰੁੱਧ ਆਪਣੀ ਲਗਾਤਾਰ ਮੁਹਿੰਮ ਕਾਰਨ ਪੁਲਿਸ-ਨਸ਼ਾ ਤਸਕਰਾਂ ਅਤੇ ਹਾਕਮ ਜਮਾਤੀ ਸਿਆਸਤਦਾਨਾਂ ਦੇ ਗੱਠਜੋੜ ਨਾਲ ਬੇਖ਼ੌਫ਼ ਭਿੜਦਾ ਹੋਣ ਕਾਰਨ ਇਹ ਸਾਰੇ ਉਸ ਤੋਂ ਥਰ-ਥਰ ਕੰਬਦੇ ਸਨ। 2023 'ਚ ਝੋਟੇ ਵੱਲੋਂ ਨਸ਼ੀਲੇ ਪਦਾਰਥ ਵੇਚਣ ਲਈ ਬਦਨਾਮ ਕੈਮਿਸਟ ਅਸ਼ਵਨੀ ਦੇ ਗਲ 'ਚ ਛਿੱਤਰਾਂ ਦਾ ਹਾਰ ਪਾ ਕੇ ਸ਼ਹਿਰ ਵਿੱਚ ਉਸਦਾ ਜਲੂਸ ਕੱਢਿਆ ਗਿਆ ਸੀ। ਗ਼ੈਰਕਾਨੂੰਨੀ ਧੰਦੇ 'ਚ ਅੜਿੱਕਾ ਬਣ ਰਿਹਾ ਹੋਣ ਕਾਰਨ 13 ਅਕਤੂਬਰ ਨੂੰ ਅਸ਼ਵਨੀ ਵੱਲੋਂ ਪਰਵਿੰਦਰ ਸਿੰਘ ਨੂੰ ਆਪਣੀ ਦੁਕਾਨ ਉੱਪਰ ਦਿਨ-ਦਿਹਾੜੇ ਗੋਲੀਆਂ ਮਾਰਕੇ ਕਤਲ ਕਰ ਦਿੱਤਾ ਗਿਆ। ਇਹ ਅਜਿਹਾ ਪਹਿਲਾ ਕਤਲ ਨਹੀਂ ਹੈ। ਮਾਰਚ 2019 'ਚ ਬਲਵਿੰਦਰ ਸਿੰਘ ਨਾਂ ਦੇ ਕੈਮਿਸਟ ਵੱਲੋਂ ਸੀਨੀਅਰ ਡਰੱਗ ਇੰਸਪੈਕਟਰ ਡਾ. ਨੇਹਾ ਸ਼ੋਰੀ ਨੂੰ ਖਰੜ ਵਿਖੇ ਉਸਦੇ ਦਫ਼ਤਰ ਵਿੱਚ ਇਸੇ ਤਰ੍ਹਾਂ ਗੋਲੀਆਂ ਮਾਰਕੇ ਕਤਲ ਕਰ ਦਿੱਤਾ ਗਿਆ ਸੀ। ਓਦੋਂ ਵੀ ਉਸ ਕਤਲ ਪਿੱਛੇ ਮੈਡੀਕਲ ਨਸ਼ਿਆਂ ਦੇ ਵੱਡੇ ਡਿਸਟ੍ਰੀਬਿਊਟਰਾਂ ਦਾ ਹੱਥ ਹੋਣ ਦਾ ਸਵਾਲ ਉੱਠਿਆ ਸੀ ਜੋ ਵੱਡੀ ਲੋਕ ਆਵਾਜ਼ ਨਾ ਉੱਠਣ ਕਾਰਨ ਦਬਾ ਦਿੱਤਾ ਗਿਆ ਸੀ।

ਭਗਵੰਤ ਮਾਨ ਸਰਕਾਰ ਨਸ਼ਿਆਂ ਦਾ ਖ਼ਾਤਮਾ ਕਰਨ ਅਤੇ ਪੰਜਾਬ ਦੀ ਨੌਜਵਾਨ ਪੀੜ੍ਹੀ ਲਈ ਬਿਹਤਰ ਭਵਿੱਖ ਬਣਾਉਣ; ਅਤੇ ਬੇਰੁਜ਼ਗਾਰੀ, ਕਿਸਾਨੀ ਸੰਕਟ ਦਾ ਹੱਲ ਕਰਕੇ 'ਰੰਗਲਾ ਪੰਜਾਬ' ਬਣਾਉਣ ਦੇ ਵਾਅਦਿਆਂ ਨਾਲ ਸੱਤਾ ਵਿੱਚ ਆਈ ਸੀ। ਇਸਦੀ ਬਜਾਏ ਪੰਜਾਬ ਵਿੱਚ ਨਸ਼ਾ ਵਿਰੋਧੀ ਸੰਜੀਦਾ ਆਵਾਜ਼ਾਂ ਵਿਰੁੱਧ ਇਸ ਧੰਦੇ ਨਾਲ ਜੁੜੇ ਗੱਠਜੋੜ ਦੀ ਗੁੰਡਾਗਰਦੀ ਸਭ ਹੱਦਾਂ ਟੱਪ ਗਈ। ਨਸ਼ਾ ਤਸਕਰਾਂ ਵੱਲੋਂ ਨਸ਼ਾ ਵਿਰੋਧੀਆਂ ਨੂੰ ਜਾਨੋਂ ਮਾਰ ਦੇਣ ਦੀਆਂ ਧਮਕੀਆਂ ਦੇਣੀਆਂ, ਪੁਲਿਸ ਵੱਲੋਂ ਉਨ੍ਹਾਂ ਦੀ ਜ਼ੁਬਾਨਬੰਦੀ ਕਰਨ ਲਈ ਝੂਠੇ ਕੇਸ ਪਾਉਣੇ ਅਤੇ ਗੁੰਡਿਆਂ ਕੋਲੋਂ ਜਾਨ-ਲੇਵਾ ਹਮਲੇ ਕਰਾਉਣੇ ਆਮ ਗੱਲ ਬਣ ਚੁੱਕੀ ਹੈ। ਸਵਾਲ ਇਹ ਹੈ ਕਿ ਜਦੋਂ ਸਰਕਾਰ ਖੁਦ 'ਯੁੱਧ ਨਸ਼ਿਆਂ ਵਿਰੁੱਧ' ਅਤੇ ਪੰਜਾਬ ਪੁਲਿਸ 'ਕਾਸੋ' ਵਰਗੇ ਵਿਸ਼ੇਸ਼ ਓਪਰੇਸ਼ਨ ਚਲਾ ਰਹੀ ਹੈ, ਕਥਿਤ ਨਸ਼ਾ ਤਸਕਰਾਂ ਵਿਰੁੱਧ ਪੀਲਾ ਪੰਜਾ ਚਲਾਏ ਜਾਣ ਨੂੰ ਵੱਡੀ ਪ੍ਰਾਪਤੀ ਦੱਸਿਆ ਜਾ ਰਿਹਾ ਹੈ ਅਤੇ ਪ੍ਰਾਪਤੀਆਂ ਦੇ ਪ੍ਰਚਾਰ ਉੱਪਰ ਸਰਕਾਰੀ ਖਜ਼ਾਨਾ ਪਾਣੀ ਵਾਂਗ ਰੋੜ੍ਹਿਆ ਜਾ ਰਿਹਾ ਹੈ ਤਾਂ ਨਸ਼ਾ ਵਿਰੋਧੀ ਕਾਰਕੁਨਾਂ ਉੱਤੇ ਹਮਲੇ ਅਤੇ ਉਨ੍ਹਾਂ ਦੇ ਕਤਲ ਕਿਉਂ ਹੋ ਰਹੇ ਹਨ। ਨਸ਼ਿਆਂ ਖ਼ਿਲਾਫ਼ ਆਵਾਜ਼ ਉਠਾਉਣ ਵਾਲੇ ਨਾਗਰਿਕਾਂ ਦੀਆਂ ਜਾਨਾਂ ਖ਼ਤਰੇ 'ਚ ਹੋਣਾ ਅਤੇ ਨਸ਼ਾ ਤਸਕਰਾਂ ਦਾ ਰਾਜਸੀ ਰਸੂਖ਼ ਅਤੇ ਕਾਲੀ ਕਮਾਈ ਦੇ ਜ਼ੋਰ ਲਾਇਸੰਸੀ ਹਥਿਆਰ ਲੈ ਕੇ ਨਸ਼ਿਆਂ ਦਾ ਵਿਰੋਧ ਕਰਨ ਵਾਲਿਆਂ ਨੂੰ ਕੁਚਲਣ ਲਈ ਵਰਤਣਾ ਨਸ਼ਾ ਵਿਰੋਧੀ ਸਰਕਾਰੀ ਮੁਹਿੰਮਾਂ ਦੇ ਢੌਂਗ ਦਾ ਪੁਖਤਾ ਸਬੂਤ ਹੈ। ਇਸੇ ਕਰਕੇ, ਸਵਾਲ ਸਿਰਫ਼ ਪਰਵਿੰਦਰ ਦੇ ਕਾਤਲਾਂ ਨੂੰ ਸਖ਼ਤ ਸਜ਼ਾ ਦੇਣ ਦਾ ਨਹੀਂ ਸਗੋਂ ਇਨ੍ਹਾਂ ਕਤਲਾਂ ਪਿੱਛੇ ਸਰਕਾਰ ਅਤੇ ਪੁਲਿਸ-ਪ੍ਰਸ਼ਾਸਨ ਨੂੰ ਕਟਹਿਰੇ 'ਚ ਖੜ੍ਹਾ ਕਰਨ ਅਤੇ ਇਸ ਗੱਠਜੋੜ ਨੂੰ ਤੋੜਨ ਦਾ ਹੈ। ਮੁੱਖ ਮੰਤਰੀ ਅਤੇ ਡੀ.ਜੀ.ਪੀ. ਦੇ ਅਸਤੀਫ਼?ਆਂ ਦੀ ਮੰਗ ਝਾੜੂ ਗੈਂਗ ਬਾਰੇ ਪੰਜਾਬ ਦੇ ਲੋਕਾਂ 'ਚ ਬਣੀ ਡੂੰਘੀ ਬੇਭਰੋਸਗੀ 'ਚੋਂ ਉਪਜੀ ਮੰਗ ਹੈ।

ਪਰਵਿੰਦਰ ਝੋਟੇ ਦੇ ਕਤਲ 'ਚ ਸਰਕਾਰ ਅਤੇ ਜ਼ਿਲ੍ਹਾ ਪੁਲਿਸ ਦੀ ਮਿਲੀਭੁਗਤ ਤੋਂ ਧਿਆਨ ਭਟਕਾਉਣ ਲਈ ਪੁਲਿਸ ਅਧਿਕਾਰੀਆਂ ਅਤੇ ਵਿੱਤ ਮੰਤਰੀ ਹਰਪਾਲ ਚੀਮੇ ਵੱਲੋਂ ਕੈਮਿਸਟ ਨਾਲ ਨਿੱਜੀ ਰੰਜਿਸ਼ ਦਾ ਝੂਠਾ ਬਿਰਤਾਂਤ ਪ੍ਰਚਾਰਨ ਦੀ ਬੇਸ਼ਰਮੀਂ ਕੀਤੀ ਗਈ। ਇਹ ਸ਼ਾਤਰ ਚਾਲ ਪੁੱਠੀ ਪੈ ਗਈ ਅਤੇ ਲੋਕਾਂ ਦਾ ਗੁੱਸਾ ਹੋਰ ਭੜਕ ਗਿਆ। ਸਭ ਨੂੰ ਪਤਾ ਹੈ ਕਿ ਪਰਵਿੰਦਰ ਸਿੰਘ ਦਾ ਕੈਮਿਸਟ ਨਾਲ ਝਗੜਾ ਨਿੱਜੀ ਨਹੀਂ ਸੀ ਸਗੋਂ ਮੈਡੀਕਲ ਸਟੋਰਾਂ 'ਤੇ ਵਿਕਦੀਆਂ ਨਸ਼ੀਲੀਆਂ ਦਵਾਈਆਂ ਨੂੰ ਲੈ ਕੇ ਸੀ। ਸੰਗਰੂਰ ਜ਼ਿਲ੍ਹੇ ਵਿੱਚ ਮੋਹਨਜੀਤ ਸਿੰਘ ਸ਼ੇਰੋਂ ਨੂੰ ਦਿੱਤੇ ਤਸੀਹਿਆਂ, ਗੁਲਜ਼ਾਰ ਸਿੰਘ ਤੂਰਬੰਜ਼ਾਰਾ ਅਤੇ ਸਨਮਦੀਪ ਕਨੋਈ ਦੀਆਂ ਖ਼ੁਦਕੁਸ਼ੀਆਂ ਦੇ ਮਾਮਲਿਆਂ ਨੂੰ ਜ਼ਿਲ੍ਹਾ ਪੁਲਸ-ਪ੍ਰਸ਼ਾਸਨ ਤਾਕਤ ਦੇ ਜ਼ੋਰ ਦਬਾਉਣ 'ਚ ਕਾਮਯਾਬ ਹੋ ਗਿਆ ਸੀ। ਇੱਥੇ ਵੀ ਭਗਵੰਤ ਮਾਨ ਵਜ਼ਾਰਤ ਨੇ ਭਰਮ ਪਾਲ ਲਿਆ ਕਿ ਖੌਲ਼ ਰਹੇ ਲੋਕ ਰੋਹ ਨੂੰ 'ਸਾਮ, ਦਾਮ, ਦੰਡ, ਭੇਦ' ਦੇ ਜ਼ੋਰ ਦਬਾਉਣ ਦੀ ਚਾਲ ਕਾਮਯਾਬ ਹੋ ਜਾਵੇਗੀ। ਸੰਗਰੂਰ ਦੇ ਤਜਰਬੇ ਤੋਂ ਚੁਕੰਨੇ ਜਥੇਬੰਦੀਆਂ ਦੇ ਆਗੂਆਂ ਅਤੇ ਸੰਘਰਸ਼ਸ਼ੀਲ ਲੋਕਾਂ ਨੇ ਸਰਕਾਰ ਦੀ ਬਦਨੀਅਤ ਤਾੜ ਲਈ ਅਤੇ ਉਨ੍ਹਾਂ ਦੀ ਚੌਕਸੀ ਅੱਗੇ ਪੁਲਿਸ ਅਧਿਕਾਰੀਆਂ ਤੇ ਮੰਤਰੀਆਂ ਦੀ ਹੁਣ ਕੋਈ ਪੇਸ਼ ਨਹੀਂ ਜਾ ਰਹੀ। ਸੱਤਾਧਾਰੀ ਧਿਰ ਬੁਰੀ ਤਰ੍ਹਾਂ ਡਰੀ ਹੋਈ ਹੈ ਕਿ ਸਰਕਾਰ ਦੇ ਝੂਠ ਤੋਂ ਅੱਕੇ ਲੋਕਾਂ ਦਾ ਰੋਹ ਕਿਤੇ ਪੂਰੇ ਪੰਜਾਬ ਵਿੱਚ ਨਾ ਫੈਲ ਜਾਵੇ। (ਭੰਮੇ ਕਲਾਂ ਦੇ ਵਸਨੀਕ ਦੀ ਲਾਸ਼ ਪੁਲਿਸ ਇਸੇ ਡਰ 'ਚੋਂ ਖੋਹ ਕੇ ਲੈ ਗਈ।) ਹੁਣ ਪੁਲਿਸ ਅਧਿਕਾਰੀ ਅਤੇ ਸਰਕਾਰੀ ਨੁਮਾਇੰਦੇ ਡੈਮੇਜ ਕੰਟਰੋਲ ਮੋਡ ਵਿੱਚ ਬੋਚ-ਬੋਚਕੇ ਬੋਲਦੇ ਅਤੇ ਹਮਦਰਦੀ ਦਾ ਨਾਟਕ ਕਰਦੇ ਦੇਖੇ ਜਾ ਸਕਦੇ ਹਨ। ਭਗਵਾ ਚਾਣਕੀਆ ਅਮਿਤ ਸ਼ਾਹ ਵੱਲੋਂ ਵਿੱਢੇ ਹਮਲੇ ਦੀ ਰਾਜਨੀਤਕ ਪੇਸ਼ਬੰਦੀ ਲਈ ਭਗਵੰਤ ਹੁਣ 'ਨਸ਼ੇ ਦੇ ਸੌਦਾਗਰਾਂ ਵਿਰੁੱਧ ਆਰ-ਪਾਰ ਦੀ ਲੜਾਈ' ਲੜਨ ਅਤੇ 'ਝੋਟੇ ਦੇ ਪਰਿਵਾਰ ਨਾਲ ਡੱਟਕੇ ਖੜ੍ਹੇ ਹਾਂ' ਦੇ ਐਲਾਨ ਕਰ ਰਿਹਾ ਹੈ। ਹਰਪਾਲ ਚੀਮੇ ਨੇ ਵੀ ਵਿਸ਼ੇਸ਼ ਪ੍ਰੈੱਸ ਕਾਨਫਰੰਸ ਕਰਕੇ ਮੋਦੀ ਸਰਕਾਰ ਵੱਲੋਂ ਨਸ਼ੀਲੀਆਂ ਦਵਾਈਆਂ ਨੂੰ ਐੱਨ.ਡੀ.ਪੀ.ਐੱਸ. ਐਕਟ ਦੇ ਘੇਰੇ ਵਿੱਚ ਨਾ ਲਿਆਉਣ ਦਾ ਮੁੱਦਾ ਖੜ੍ਹਾ ਕਰਕੇ ਅਮਿਤ ਸ਼ਾਹ ਉੱਪਰ ਰਾਜਨੀਤਕ ਚਾਂਦਮਾਰੀ ਕੀਤੀ ਹੈ।

ਪਰਵਿੰਦਰ ਸਿੰਘ ਨਸ਼ਿਆਂ ਬਾਰੇ ਭਾਸ਼ਣ ਦੇ ਕੇ ਘਰ ਬੈਠ ਜਾਣ ਵਾਲਾ ਕਾਰਕੁਨ ਨਹੀਂ ਸੀ। ਉਹ ਮੈਡੀਕਲ ਸਟੋਰਾਂ ਤੋਂ ਨਸ਼ੇ ਲਈ ਵਰਤੀਆਂ ਜਾਂਦੀਆਂ ਦਵਾਈਆਂ ਦੀ ਗ਼ੈਰਕਾਨੂੰਨੀ ਵਿਕਰੀ ਅਤੇ ਹੋਰ ਨਸ਼ਾ ਵੇਚਣ ਵਾਲਿਆਂ ਵਿਰੁੱਧ ਲਗਾਤਾਰ ਸਰਗਰਮ ਸੀ। ਉਸ ਦੀਆਂ ਵੀਡੀਓਜ਼, ਜਨਤਕ ਦਖ਼ਲਅੰਦਾਜ਼ੀ ਅਤੇ ਪੁਲਿਸ ਦੀ ਭੂਮਿਕਾ ਬੇਪਰਦ ਕਰਨ ਦੇ ਧੜੱਲੇਦਾਰ ਯਤਨਾਂ ਨੇ ਉਸ ਨੂੰ ਲੋਕਾਂ ਵਿੱਚ ਪਛਾਣ ਦਿੱਤੀ। ਉਹ ਜਾਣਦਾ ਸੀ ਕਿ ਇਹ ਰਾਹ ਬੇਹੱਦ ਖ਼ਤਰੇ ਭਰਿਆ ਹੈ, ਫਿਰ ਵੀ ਉਸ ਨੇ ਪਿੱਛੇ ਹਟਣਾ ਪ੍ਰਵਾਨ ਨਹੀਂ ਕੀਤਾ। ਪੁਲਿਸ ਅਧਿਕਾਰੀਆਂ ਨਾਲ ਉਸਦੇ ਟਕਰਾਅ, ਜੇਲ੍ਹ ਭੇਜੇ ਜਾਣ ਅਤੇ ਉਸਦੇ ਪਰਿਵਾਰ ਨੂੰ ਪੁਲਿਸ ਵੱਲੋਂ ਪ੍ਰੇਸ਼ਾਨ ਕੀਤੇ ਜਾਣ ਦੇ ਪਿੱਛੇ ਨਸ਼ਿਆਂ ਵਿਰੁੱਧ ਉਸਦੀ ਅਣਥੱਕ ਲੜਾਈ ਸੀ। ਇਸਦਾ ਮੁੱਲ ਉਸਨੂੰ ਪਹਿਲਾਂ ਝੂਠੇ ਕੇਸਾਂ 'ਚ ਫਸਾਏ ਜਾਣ ਅਤੇ ਆਖਿ?ਰਕਾਰ ਕਤਲ ਕੀਤੇ ਜਾਣ ਦੇ ਰੂਪ 'ਚ ਚੁਕਾਉਣਾ ਪਿਆ।

ਸੱਤਾਧਾਰੀ ਧਿਰ ਦੇ ਹਮਾਇਤੀਆਂ ਵੱਲੋਂ ਪਰਵਿੰਦਰ ਸਿੰਘ ਝੋਟੇ ਦੇ ਕਤਲ ਨੂੰ ਜਾਇਜ਼ ਠਹਿਰਾਉਣ ਲਈ ਹਰ ਹਰਬਾ ਵਰਤਿਆ ਜਾ ਰਿਹਾ ਹੈ। ਉਸ ਉੱਪਰ ਪਾਏ ਝੂਠੇ ਕੇਸਾਂ ਅਤੇ ਉਸਦੇ ਪਹਿਲੇ ਪਿਛੋਕੜ ਦਾ ਸਹਾਰਾ ਲੈ ਕੇ ਉਸਦੀ ਕਿਰਦਾਰਕੁਸ਼ੀ ਕਰਕੇ ਸੰਘਰਸ਼ ਨੂੰ ਢਾਹ ਲਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਜਾ ਰਿਹਾ ਹੈ। ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਪਰਵਿੰਦਰ ਸਿੰਘ ਝੋਟੇ ਵਰਗਿਆਂ ਨੂੰ ਕਾਨੂੰਨ ਨੂੰ ਆਪਣੇ ਹੱਥ 'ਚ ਲੈਣ, ਕਿਸੇ ਦੀ ਨਿੱਜੀ ਪ੍ਰਾਪਰਟੀ ਵਿੱਚ ਘੁਸਕੇ ਤਲਾਸ਼ੀ ਲੈਣ ਅਤੇ ਕਿਸੇ ਦੇ ਗਲ 'ਚ ਛਿੱਤਰਾਂ ਦਾ ਹਾਰ ਪਾਉਣ ਜਾਂ ਅਜਿਹੀ ਕੋਈ ਹੋਰ ਮਨਮਾਨੀ ਸਜ਼ਾ ਦੇਣ ਦਾ ਹੱਕ ਕੀਹਨੇ ਦਿੱਤਾ। ਸੁਣਨ ਵਾਲੇ ਨੂੰ ਇਹ ਦਲੀਲ ਵਾਜਬ ਲੱਗ ਸਕਦੀ ਹੈ ਪਰ ਇਸ ਰਾਜ ਪ੍ਰਬੰਧ ਦੀ ਲੋਕ ਵਿਰੋਧੀ ਖਸਲਤ ਅਤੇ ਘਿਣਾਉਣੀ ਕਾਰਗੁਜ਼ਾਰੀ ਦੇ ਨਜ਼ਰੀਏ ਤੋਂ ਦੇਖਿਆਂ ਅਜਿਹੀਆਂ ਦਲੀਲਾਂ ਦੇ ਥੋਥ ਬਾਰੇ ਕੋਈ ਭਰਮ ਨਹੀਂ ਰਹਿ ਜਾਂਦਾ।

ਨਸ਼ਾ ਵਿਰੋਧੀ ਕਾਰਕੁਨ ਅਤੇ ਨਸ਼ਿਆਂ ਦੇ ਸਤਾਏ ਆਮ ਲੋਕ ਪੁਲਿਸ ਨੂੰ ਵਾਰ-ਵਾਰ ਸ਼ਿਕਾਇਤਾਂ ਕਰਕੇ ਨਸ਼ਾ ਤਸਕਰਾਂ ਵਿਰੁੱਧ ਕਾਨੂੰਨੀ ਕਾਰਵਾਈ ਦੀ ਮੰਗ ਕਰਦੇ ਹਨ। ਪਰ ਪੁਲਿਸ ਅਧਿਕਾਰੀਆਂ ਤੇ ਹਾਕਮ ਜਮਾਤੀ ਸਿਆਸਤਦਾਨਾਂ ਦੀ ਮਿਲੀਭੁਗਤ ਹੋਣ ਕਾਰਨ ਰਾਜ ਪ੍ਰਬੰਧ ਵਿੱਚ ਉਨ੍ਹਾਂ ਦੀ ਕਿਤੇ ਵੀ ਸੁਣਵਾਈ ਨਹੀਂ ਹੁੰਦੀ। ਖ਼ਾਸ ਥਾਣਿਆਂ, ਜ਼ਿਲ੍ਹਿਆਂ ਵਿੱਚ ਪੁਲਿਸ ਅਧਿਕਾਰੀ ਲਾਏ ਜਾਣ ਦੇ ਰੇਟ ਅਤੇ ਸੱਤਾਧਾਰੀਆਂ ਤੇ ਪੁਲਿਸ ਅਧਿਕਾਰੀਆਂ ਵੱਲੋਂ ਲਏ ਜਾਂਦੇ ਮਹੀਨੇ ਕਿਸੇ ਤੋਂ ਗੁੱਝੇ ਨਹੀਂ। ਵਿਕਰਮ ਮਜੀਠੀਏ ਵਰਗਿਆਂ ਦੀ ਜਾਂਚ ਦੀਆਂ ਫ਼ਾਈਲਾਂ ਅਜੇ ਤੱਕ ਹਾਈਕੋਰਟ 'ਚ ਲਿਫ਼ਾਫ਼ਾ ਬੰਦ ਪਈਆਂ ਹਨ। ਜਦੋਂ ਕਾਨੂੰਨ ਵਿਵਸਥਾ ਦੇ ਹਾਲਾਤ ਅਜਿਹੇ ਹਨ ਤਾਂ ਜਿੰਨੀਆਂ ਮਰਜ਼ੀ ਸ਼ਿਕਾਇਤਾਂ ਕਰ ਲਓ, ਕਿਸੇ ਪੁਲਸ ਅਧਿਕਾਰੀ ਦੇ ਕੰਨਾਂ 'ਤੇ ਜੂੰ ਨਹੀਂ ਸਰਕਦੀ। ਪਰਵਿੰਦਰ ਸਿੰਘ ਝੋਟੇ ਨੇ ਪੁਲਿਸ ਅਧਿਕਾਰੀਆਂ ਨੂੰ ਵਾਰ-ਵਾਰ ਸ਼ਿਕਾਇਤਾਂ ਕਰਨ ਪੱਖੋਂ ਕੋਈ ਕਸਰ ਨਹੀਂ ਛੱਡੀ, ਪਰ ਪਰਚੇ ਦਰਜ ਕਰਨ ਦੀ ਖ਼ਾਨਾਪੂਰਤੀ ਤੋਂ ਸਿਵਾਏ ਦੋਸ਼ੀਆਂ ਵਿਰੁੱਧ ਕੋਈ ਠੋਸ ਕਾਰਵਾਈ ਨਹੀਂ ਹੋਈ। ਕਤਲ ਦੀ ਵਾਰਦਾਤ ਤੋਂ ਪਹਿਲਾਂ ਵੀ ਉਸਨੇ ਮੈਡੀਕਲ ਸਟੋਰ 'ਤੇ ਵਿਕ ਰਹੇ ਕੈਪਸੂਲਾਂ ਦੀ ਜਾਣਕਾਰੀ ਦੇਣ ਲਈ ਡੀ.ਐੱਸ.ਪੀ. ਮਾਨਸਾ ਨੂੰ ਫ਼ੋਨ ਕੀਤਾ। ਸਾਰੀਆਂ ਸੀ.ਸੀ.ਟੀ.ਵੀ. ਫੁਟੇਜ ਅਤੇ ਪੁਲਿਸ ਅਧਿਕਾਰੀਆਂ ਦੇ ਕਾਲ ਰਿਕਾਰਡ ਦੀ ਜਾਂਚ ਕਰਨ ਬਹੁਤ ਕੁਝ ਸਾਹਮਣੇ ਆ ਸਕਦਾ ਹੈ ਪਰ ਸਰਕਾਰ ਜਾਂਚ ਨਹੀਂ ਕਰਾਏਗੀ। ਜਦੋਂ ਪੂਰਾ ਰਾਜ ਪ੍ਰਬੰਧ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕਾ ਹੈ ਅਤੇ ਨਸ਼ਿਆਂ ਦੇ ਸੌਦਾਗਰ ਸਰੇਆਮ ਜਵਾਨੀ ਦਾ ਘਾਣ ਕਰਨ ਲਈ ਖੁੱਲ੍ਹੇ ਛੱਡੇ ਹੋਏ ਹਨ ਤਾਂ ਲੋਕਾਂ ਦਾ ਆਪਣੇ ਬਚਾਅ ਲਈ ਕਦਮ ਚੁੱਕਣਾ ਜਾਇਜ਼ ਹੈ।

ਨਜਾਇਜ਼ ਸ਼ਰਾਬ, ਹੈਰੋਇਨ, ਚਿੱਟਾ ਤੇ ਹੋਰ ਸਿੰਥੈਟਿਕ ਨਸ਼ੇ, ਸ਼ਰੇਆਮ ਵਿਕਦੀਆਂ ਨਸ਼ੀਲੀਆਂ ਗੋਲੀਆਂ ਪੰਜਾਬ ਦੀ ਜਵਾਨੀ ਨੂੰ ਤਬਾਹ ਕਰ ਰਹੇ ਹਨ। ਸ਼ਰਾਬ ਦੇ ਠੇਕਿਆਂ ਤੋਂ ਵੱਡੀ ਕਮਾਈ ਦੀ ਨੀਤੀ ਦੇ ਤਹਿਤ ਸਰਕਾਰਾਂ ਨੇ ਸ਼ਰਾਬ ਦੇ ਕਾਰੋਬਾਰ ਦਾ ਵਧਾਰਾ-ਪਸਾਰਾ ਕੀਤਾ। ਸਮੈਕ, ਚਿੱਟਾ ਅਤੇ ਹੋਰ ਸਿੰਥੈਟਿਕ ਨਸ਼ਿਆਂ ਦਾ ਤਾਣਾਬਾਣਾ ਵੱਖ-ਵੱਖ ਸਰਕਾਰਾਂ ਦੇ ਰਾਜ ਵਿੱਚ ਹਰ ਗਲੀ-ਮੁਹੱਲੇ ਤੱਕ ਪ੍ਰਚੂਨ ਦੀਆਂ ਦੁਕਾਨਾਂ ਵਾਂਗ ਫੈਲਿਆ। ਮੈਡੀਕਲ ਸਟੋਰਾਂ ਉੱਪਰ ਨਸ਼ੀਲੀਆਂ ਦਵਾਈਆਂ ਪੁਲਿਸ ਅਤੇ ਭ੍ਰਿਸ਼ਟ ਡਰੱਗ ਇੰਸਪੈਕਟਰਾਂ ਦੀ ਹਿੱਸੇਦਾਰੀ ਨਾਲ ਸ਼ਰੇਆਮ ਵਿਕਦੀਆਂ ਹਨ। ਜਿਵੇਂ ਚਿੱਟਾ ਅਤੇ ਹੋਰ ਸਿੰਥੈਟਿਕ ਨਸ਼ੇ ਵਧਦੇ ਗਏ, ਉਸੇ ਤਰ੍ਹਾਂ ਮੈਡੀਕਲ ਸਟੋਰਾਂ ਉੱਪਰ ਵਿਕਣ ਵਾਲੇ ਨਸ਼ੀਲੇ ਪਦਾਰਥਾਂ ਦਾ ਧੰਦਾ ਵੀ ਬਰਾਬਰ ਵਧਦਾ-ਫੁੱਲਦਾ ਗਿਆ। ਸਰਕਾਰ ਸਿਰਫ਼ ਗਲੀ-ਮੁਹੱਲਿਆਂ 'ਚੋਂ ਨਸ਼ੇੜੀਆਂ, ਛੋਟੇ-ਛੋਟੇ ਸਥਾਨਕ ਨਸ਼ਾ ਤਸਕਰਾਂ, ਕਦੇ-ਕਦੇ ਕਿਸੇ ਮੈਡੀਕਲ ਸਟੋਰ ਵਾਲੇ ਨੂੰ ਫੜਕੇ ਝੂਠੇ ਅੰਕੜੇ ਦਿਖਾਉਂਦੀ ਆ ਰਹੀ ਹੈ ਜਦਕਿ ਅਸਲ ਮਸਲਾ ਉਨ੍ਹਾਂ ਸਰੋਤਾਂ ਤੱਕ ਪਹੁੰਚਣ ਦਾ ਹੈ ਜੋ ਥੋਕ ਸਪਲਾਈ ਕਰਦੇ ਹਨ, ਜਿੱਥੋਂ ਨਸ਼ੀਲੀਆਂ ਦਵਾਈਆਂ ਡਰੱਗ ਨਿਗਰਾਨ ਤੰਤਰ ਦੀ ਮਿਲੀਭੁਗਤ ਨਾਲ ਮੈਡੀਕਲ ਸਟੋਰਾਂ ਤੱਕ ਪਹੁੰਚਦੀਆਂ ਹਨ।

ਪੁਲਿਸ ਅਧਿਕਾਰੀਆਂ ਦੇ ਨਸ਼ਾ ਤਸਕਰਾਂ ਨਾਲ ਗੱਠਜੋੜ ਦਾ ਇਸ ਤੋਂ ਵੱਡਾ ਸਬੂਤ ਕੀ ਹੋ ਸਕਦਾ ਹੈ ਕਿ ਅਸ਼ਵਨੀ ਕੁਮਾਰ ਵਿਰੁੱਧ ਪੰਜ-ਛੇ ਕੇਸ ਦਰਜ ਹੋਣ ਦੇ ਬਾਵਜੂਦ ਜ਼ਿਲ੍ਹਾ ਪੁਲਿਸ ਮੁਖੀ ਵੱਲੋਂ ਉਸਨੂੰ ਅਸਲੇ ਦਾ ਲਾਇਸੈਂਸ ਦੇਣ ਦੀ ਸਿਫਾਰਸ਼ ਕੀਤੀ ਗਈ ਅਤੇ ਡਿਪਟੀ ਕਮਿਸ਼ਨਰ ਦਫ਼ਤਰ ਵੱਲੋਂ ਅਸਲੇ ਦਾ ਲਾਇਸੈਂਸ ਜਾਰੀ ਕੀਤਾ ਗਿਆ। ਰਿਪੋਰਟਾਂ ਅਨੁਸਾਰ ਅਸ਼ਵਨੀ ਕੋਲ ਦੋ ਹਥਿਆਰ ਸਨ। ਦੂਜੇ ਪਾਸੇ, ਜ਼ਿਲ੍ਹਾ ਪੁਲਿਸ-ਪ੍ਰਸ਼ਾਸਨ ਵੱਲੋਂ

ਝੋਟੇ ਦੀ ਲਾਇਸੈਂਸ ਦੀ ਅਰਜ਼ੀ ਰੱਦ ਕਰ ਦਿੱਤੀ ਗਈ ਸੀ। ਪੰਜਾਬ ਸਰਕਾਰ ਮਾਨਸਾ ਦੇ ਉਸ ਐੱਸ.ਐੱਸ.ਪੀ. ਅਤੇ ਏ.ਡੀ.ਸੀ. ਵਿਰੁੱਧ ਕੋਈ ਕਾਰਵਾਈ ਨਹੀਂ ਕਰ ਰਹੀ ਜਿਨ੍ਹਾਂ ਨੇ ਨਸ਼ਾ ਤਸਕਰ ਨੂੰ ਅਸਲੇ ਦਾ ਲਾਇਸੈਂਸ ਦੇਣ 'ਚ ਭੂਮਿਕਾ ਨਿਭਾਈ। ਹੁਣ ਜਦੋਂ ਅਸ਼ਵਨੀ ਨੇ ਝੋਟੇ ਦਾ ਕਤਲ ਕਰ ਦਿੱਤਾ ਅਤੇ ਲੋਕਾਂ ਨੇ ਪਰਿਵਾਰ ਨੂੰ ਨਿਆਂ ਦਿਵਾਉਣ ਲਈ ਪੱਕਾ ਮੋਰਚਾ ਲਾ ਦਿੱਤਾ ਤਾਂ ਪੁਲਿਸ ਅਧਿਕਾਰੀਆਂ ਨੂੰ ਅਸ਼ਵਨੀ ਦਾ ਲਾਇਸੈਂਸ ਰੱਦ ਕਰਨਾ ਵੀ ਚੇਤੇ ਆ ਗਿਆ, ਇਕ ਦਿਨ 'ਚ ਹੀ ਅਸ਼ਵਨੀ ਦੀ ਨਜਾਇਜ਼ ਬਣਾਈ ਕੋਠੀ ਵੀ ਦਿਸ ਗਈ ਅਤੇ ਉਸ ਉੱਤੇ ਪੀਲਾ ਪੰਜਾ ਚਲਾਉਣਾ ਵੀ ਯਾਦ ਆ ਗਿਆ ਤਾਂ ਜੋ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਇਆ ਜਾ ਸਕੇ। ਮਾਨਸਾ ਦਾ ਜ਼ਿਲ੍ਹਾ ਪ੍ਰਸ਼ਾਸਨ ਤੇ ਪੁਲਿਸ ਅਧਿਕਾਰੀ ਨਸ਼ਿਆਂ ਨੂੰ ਰੋਕਣ ਲਈ ਕੋਈ ਕਾਰਵਾਈ ਨਾ ਕਰਨ ਸਗੋਂ ਨਸ਼ੇ ਰੋਕਣ ਵਾਲਿਆਂ ਨੂੰ ਧਮਕਾਉਣ, ਨਸ਼ਾ ਤਸਕਰ ਅਸ਼ਵਨੀ ਨੂੰ ਅਸਲਾ ਮੁਹੱਈਆ ਕਰਨ ਅਤੇ ਨਸ਼ਾ ਵਿਰੋਧੀ ਕਾਰਕੁਨਾਂ ਦੇ ਸੁਰੱਖਿਆ ਦੇ ਸੰਵੇਦਨਸ਼ੀਲ ਕੇਸ ਨੂੰ ਦਰਕਿਨਾਰ ਕਰਨ ਦੇ ਸਿੱਧੇ ਰੂਪ 'ਚ ਗੁਨਾਹਗਾਰ ਹਨ। ਇਹ ਸਭ ਪੂਰੇ ਪੰਜਾਬ ਵਿੱਚ 'ਯੁੱਧ ਨਸ਼ਿਆਂ ਵਿਰੁੱਧ' ਦੇ ਧੂਮ-ਧੜੱਕੇ ਹੇਠ ਹੋ ਰਿਹਾ ਹੈ।

ਨਸ਼ਿਆਂ ਦਾ ਗ਼ੈਰਕਾਨੂੰਨੀ ਧੰਦਾ ਕਾਨੂੰਨ ਵਿਵਸਥਾ ਦਾ ਮਸਲਾ ਨਹੀਂ ਹੈ, ਇਹ ਮਾਣ-ਸਨਮਾਨ ਵਾਲੀ ਇਨਸਾਨੀ ਜ਼ਿੰਦਗੀ ਅਤੇ ਸਾਡੇ ਭਵਿੱਖ ਨੂੰ ਬਚਾਉਣ ਦਾ ਸਵਾਲ ਹੈ। ਹਾਕਮ ਜਮਾਤੀ ਸਿਆਸਤ ਨਸ਼ਿਆਂ ਦੇ ਮੁੱਦੇ ਨੂੰ ਸਿਰਫ਼ ਵੋਟਾਂ ਬਟੋਰਨ ਲਈ ਵਰਤ ਰਹੀ ਹੈ। ਨਾ ਹਾਕਮ ਜਮਾਤੀ ਪਾਰਟੀਆਂ ਨਸ਼ਿਆਂ ਦੀ ਸਪਲਾਈ ਚੇਨ ਤੋੜਨਾ ਚਾਹੁੰਦੀਆਂ ਹਨ ਅਤੇ ਨਾ ਉਹ ਨਸ਼ਿਆਂ ਦੀ ਲਪੇਟ 'ਚ ਆਏ ਨੌਜਵਾਨਾਂ ਦੇ ਇਲਾਜ ਅਤੇ ਮੁੜ-ਵਸੇਬੇ ਲਈ ਸਿਹਤ ਸੇਵਾਵਾਂ ਦਾ ਬੁਨਿਆਦੀ ਢਾਂਚਾ ਬਣਾਉਣਾ ਚਾਹੁੰਦੇ ਹਨ ਕਿਉਂਕਿ ਨੌਜਵਾਨੀ ਨਸ਼ਿਆਂ 'ਚ ਡੁੱਬੀ ਰਹੇਗੀ ਤਾਂ ਬਿਹਤਰ ਜ਼ਿੰਦਗੀ ਲਈ ਇਸ ਆਦਮਖ਼ੋਰ ਸਿਸਟਮ ਵਿਰੁੱਧ ਸੰਘਰਸ਼ ਤੋਂ ਦੂਰ ਰਹੇਗੀ। ਦਸਹਿਰੇ ਵਾਲੇ ਦਿਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਪੰਜਾਬ ਦੌਰਾ ਪਰਵਿੰਦਰ ਸਿੰਘ ਝੋਟੇ ਦੇ ਕਤਲ ਨਾਲ ਬਣੇ ਮਾਹੌਲ ਨੂੰ ਵੋਟਾਂ 'ਚ ਢਾਲਣ ਲਈ ਖੇਡਿਆ ਰਾਜਨੀਤਕ ਦਾਅ ਸੀ। ਚਾਹੇ ਭਾਜਪਾ ਹੈ ਜਾਂ ਕਾਂਗਰਸ ਜਾਂ ਅਕਾਲੀ ਦਲ, ਇਹ ਸਾਰੀਆਂ ਹਾਕਮ ਜਮਾਤੀ ਗਿਰਝਾਂ ਵਿਸ਼ਵਾਸਘਾਤੀ ਝਾੜੂ ਗੈਂਗ ਵਿਰੁੱਧ ਪੰਜਾਬ ਦੇ ਲੋਕਾਂ 'ਚ ਫੈਲੇ ਰੋਹ ਉੱਪਰ ਆਪਣਾ ਰਾਜਨੀਤਕ ਤੰਦੂਰ ਤਪਾਉਣ ਲਈ ਇਕ ਦੂਜੇ ਦੇ ਪੈਰ ਮਿੱਧ ਰਹੀਆਂ ਹਨ। ਕੁਝ ਪਾਟਕਪਾਊ, ਸੌੜੇ ਸਵਾਰਥਾਂ ਵਾਲੀਆਂ ਤਾਕਤਾਂ ਵੀ ਆਪਣੇ ਲੋਕ ਵਿਰੋਧੀ ਏਜੰਡਿਆਂ ਲਈ ਸੰਘਰਸ਼ ਦਾ ਲਾਹਾ ਲੈਣ ਅਤੇ ਨਾਲ ਹੀ ਖ਼ੌਰੂ ਪਾ ਕੇ ਸੰਘਰਸ਼ ਨੂੰ ਢਾਹ ਲਾਉਣ ਲਈ ਪੂਰੀਆਂ ਸਰਗਰਮ ਹਨ।

ਪੰਜਾਬ ਦੇ ਲੋਕ ਜਾਣਦੇ ਹਨ ਕਿ ਅਕਾਲੀ-ਭਾਜਪਾ ਗੱਠਜੋੜ ਸਰਕਾਰ ਵੇਲੇ ਬਾਦਲਾਂ-ਮਜੀਠਿਆਂ ਦੀ ਪੁਸ਼ਤਪਨਾਹੀ ਹੇਠ ਚਿੱਟੇ ਤੇ ਹੋਰ ਸਿੰਥੈਟਿਕ ਨਸ਼ਿਆਂ ਦਾ ਜਾਲ ਕਿਵੇਂ ਫੈਲਿਆ। ਕਿਵੇਂ ਕੈਪਟਨ ਨੇ ਗੁਟਕਾ ਸਾਹਿਬ ਹੱਥ 'ਚ ਫੜਕੇ ਨਸ਼ੇ ਖ਼ਤਮ ਕਰਨ ਦੀ ਝੂਠੀ ਸਹੁੰ ਖਾਧੀ ਅਤੇ ਲੋਕਾਂ 'ਚ ਬਾਦਲਾਂ ਦੇ ਰਾਜਨੀਤਕ ਮਾਫ਼ੀਆ ਵਿਰੁੱਧ ਫੈਲੇ ਗੁੱਸੇ ਨੂੰ ਸੱਤਾ ਉੱਪਰ ਸਵਾਰ ਹੋਣ ਲਈ ਪੌੜੀ ਬਣਾ ਕੇ ਵਰਤਿਆ। ਅੱਜ ਭਾਜਪਾ ਸਮੇਤ ਇਹ ਤਮਾਮ ਰਾਜਨੀਤਕ ਠੱਗ ਕੇਜਰੀ-ਭਗਵੰਤ ਗੈਂਗ ਨੂੰ ਨਸ਼ਾ ਅਤੇ ਖਣਨ ਮਾਫ਼ੀਆ ਵਿਰੁੱਧ ਕਾਰਵਾਈ ਨਾ ਕਰਨ ਲਈ ਦੋਸ਼ੀ ਠਹਿਰਾ ਰਹੇ ਹਨ, ਪਰ ਇਨ੍ਹਾਂ ਦੀ ਆਪਣੀ ਖਸਲਤ ਕਿਸੇ ਵੀ ਪੱਖੋਂ ਅਜੋਕੀ ਸਰਕਾਰ ਤੋਂ ਵੱਖਰੀ ਨਹੀਂ ਹੈ। ਸਤੰਬਰ 2021 'ਚ ਅਡਾਨੀ ਦੀ ਬੰਦਰਗਾਹ ਤੋਂ ਆਈ 21000 ਕਰੋੜ ਰੁਪਏ ਦੀ ਹੈਰੋਇਨ ਦੀ ਖੇਪ ਫੜੀ ਗਈ। ਕੀ ਮੋਦੀ ਸਰਕਾਰ ਨੇ ਉਸਦੀ ਜਾਂਚ ਕਰਵਾਈ? ਕੋਈ ਕਾਰਵਾਈ ਕੀਤੀ? ਝੋਟੇ ਦੇ ਪਰਿਵਾਰ ਅਤੇ ਸੰਗਰੂਰ ਤੇ ਗੁਰਦਾਸਪੁਰ ਦੇ ਦੋ ਚੁਣਵੇਂ ਪਰਿਵਾਰਾਂ ਨੂੰ ਮਿਲਕੇ ਝੂਠੀ ਹਮਦਰਦੀ ਦਿਖਾਉਣ ਵਾਲਾ ਕੇਂਦਰੀ ਗ੍ਰਹਿਮੰਤਰੀ ਅਮਿਤ ਸ਼ਾਹ ਉਹ ਕਾਤਲ ਹੈ ਜਿਸਦੇ ਹੱਥ ਗੁਜਰਾਤ ਵਿੱਚ ਹਜ਼ਾਰਾਂ ਮੁਸਲਮਾਨਾਂ ਦੇ ਖ਼ੂਨ ਨਾਲ ਰੰਗੇ ਹੋਏ ਹਨ, ਜਿਸਨੇ ਬਤੌਰ ਗ੍ਰਹਿ ਮੰਤਰੀ ਕਸ਼ਮੀਰ, ਛੱਤੀਸਗੜ੍ਹ-ਝਾਰਖੰਡ ਅਤੇ ਮਨੀਪੁਰ ਵਿੱਚ ਹਜ਼ਾਰਾਂ ਲੋਕਾਂ ਦਾ ਘਾਣ ਕਰਵਾਇਆ। ਉਹ ਪੰਜਾਬ ਦੇ ਲੋਕਾਂ ਨੂੰ ਕੀ ਇਨਸਾਫ਼ ਦੇਵੇਗਾ। ਇਨ੍ਹਾਂ ਸਾਰੀਆਂ ਪਾਰਟੀਆਂ ਦੇ ਆਗੂਆਂ ਨੂੰ ਪਿੰਡਾਂ-ਸ਼ਹਿਰਾਂ ਵਿੱਚ ਘੇਰਕੇ ਪੁੱਛਿਆ ਜਾਣਾ ਚਾਹੀਦਾ ਹੈ ਕਿ ਜਦੋਂ ਉਹ ਸੱਤਾ 'ਚ ਸਨ, ਉਨ੍ਹਾਂ ਨੇ ਨਸ਼ਿਆਂ ਨੂੰ ਰੋਕਣ ਲਈ ਕੀ ਕੀਤਾ। ਭਗਵੰਤ ਸਰਕਾਰ ਨੂੰ ਲੋਕ ਦਬਾਅ ਨਾਲ ਇਹ ਸਪਸ਼ਟ ਕਰਨ ਲਈ ਮਜਬੂਰ ਕਰਨਾ ਜ਼ਰੂਰੀ ਹੈ ਕਿ ਨਸ਼ਿਆਂ ਦੇ ਸਰੋਤਾਂ ਤੋਂ ਲੈ ਕੇ ਥੋਕ ਸਪਲਾਈ ਅਤੇ ਗ਼ੈਰ-ਕਾਨੂੰਨੀ ਵੰਡ ਤੱਕ ਪੂਰੇ ਨੈੱਟਵਰਕ ਦੀ ਜਾਂਚ ਕਰਵਾਕੇ ਇਸ ਨੂੰ ਤੋੜਨ ਲਈ ਸਾਢੇ ਚਾਰ ਸਾਲਾਂ 'ਚ ਕੀ ਕੀਤਾ ਹੈ।

ਅਮਿਤ ਸ਼ਾਹ ਨੇ ਝਾੜੂ ਗੈਂਗ ਦੇ ਜਾਬਰ ਰਾਜ ਦੇ ਪੀੜਤ ਪਰਿਵਾਰਾਂ ਨਾਲ ਮੁਲਾਕਾਤਾਂ ਕਰਕੇ ਭਗਵੰਤ-ਕੇਜਰੀਵਾਲ ਗੈਂਗ ਦੇ ਪੈਰਾਂ ਹੇਠੋਂ ਰਾਜਨੀਤਕ ਜ਼ਮੀਨ ਖਿਸਕਾਉਣ ਲਈ ਵਿਸ਼ੇਸ਼ ਦੌਰਾ ਕੀਤਾ। ਜਦੋਂ ਅਮਿਤ ਸ਼ਾਹ ਨੇ ਅਮਨ-ਕਾਨੂੰਨ ਦੀ ਹਾਲਤ ਦਾ ਮੁੱਦਾ ਉਛਾਲਕੇ ਝਾੜੂ ਗੈਂਗ 'ਤੇ ਰਾਜਨੀਤਕ ਹਮਲਾ ਕੀਤਾ ਤਾਂ ਉਸਦੇ ਜਵਾਬ 'ਚ ਭਗਵੰਤ ਮਾਨ ਨੇ ਇਹ ਸਫਾਈ ਦੇ ਕੇ ਦੁੱਧ ਧੋਤਾ ਬਣਨ ਦੀ ਕੋਸ਼ਿਸ਼ ਕੀਤੀ ਕਿ 50 ਕਿਲੋਮੀਟਰ ਸਰਹੱਦੀ ਇਲਾਕਾ ਬੀ.ਐੱਸ.ਐੱਫ. ਯਾਨੀ ਸਿੱਧਾ ਕੇਂਦਰ ਦੇ ਕੰਟਰੋਲ 'ਚ ਹੈ। ਪਾਖੰਡੀ ਭਗਵੰਤ ਮਾਨਾ, ਬਾਕੀ ਪੰਜਾਬ ਤਾਂ ਬੀ.ਐੱਸ.ਐੱਫ. ਦੇ ਕੰਟਰੋਲ ਹੇਠ ਨਹੀਂ ਹੈ, ਉੱਥੇ ਤਾਂ ਤੇਰੀ ਪੰਜਾਬ ਪੁਲਿਸ ਦਾ ਕੰਟਰੋਲ ਹੈ, ਉੱਥੇ ਨਸ਼ਿਆਂ ਦਾ ਕਹਿਰ ਘਟਣ ਦੀ ਬਜਾਏ ਵਧਦਾ ਕਿਉਂ ਚਲਾ ਗਿਆ? ਅਮਿਤ ਸ਼ਾਹ ਵੱਲੋਂ ਇਸ ਕਤਲ ਦੀ ਜਾਂਚ ਸੀ.ਬੀ.ਆਈ. ਤੋਂ ਕਰਾਉਣ ਦੇ ਐਲਾਨ ਦੀ ਅਗਾਊਂ ਰਾਜਨੀਤਕ ਘੇਰਾਬੰਦੀ ਕਰਦਿਆਂ ਭਗਵੰਤ ਮਾਨ ਨੇ ਟਵੀਟ ਕੀਤਾ ਕਿ 'ਪਰਿਵਾਰ ਦੀ ਮੰਗ ਨੂੰ ਪ੍ਰਵਾਨ ਕਰਦੇ ਹੋਏ, ਅਸੀਂ ਇਹ ਕੇਸ ਸੀ.ਬੀ.ਆਈ. ਨੂੰ ਸੌਂਪ ਰਹੇ ਹਾਂ।' ਪਰਿਵਾਰ ਤਾਂ ਮੁੱਖ ਮੰਤਰੀ ਅਤੇ ਡੀ.ਜੀ.ਪੀ. ਦੇ ਅਸਤੀਫ਼ੇ ਦੀ ਮੰਗ ਵੀ ਕਰ ਰਿਹੈ, ਉਸ ਮੰਗ ਨੂੰ ਤੇਰੀ ਵਜ਼ਾਰਤ ਪ੍ਰਵਾਨ ਕਿਉਂ ਨਹੀਂ ਕਰ ਰਹੀ! ਪੰਜਾਬ ਦੇ ਲੋਕਾਂ ਨੂੰ ਹੁਣ ਤੁਹਾਡੇ ਨਸ਼ਿਆਂ ਵਿਰੁੱਧ ਝੂਠੇ ਯੁੱਧ ਬਾਰੇ ਕੋਈ ਭੁਲੇਖਾ ਨਹੀਂ ਹੈ ਕਿ ਇਹ ਦਰਅਸਲ ਪੰਜਾਬ ਦੇ ਲੋਕਾਂ ਵਿਰੁੱਧ ਯੁੱਧ ਹੈ।

ਸਮੇਂ ਦੇ ਹਾਕਮਾਂ ਵੱਲੋਂ ਲੋਕਾਂ ਦੀ ਇਨਸਾਫ਼ਪਸੰਦ ਆਵਾਜ਼ ਨੂੰ ਦਬਾਉਣ ਅਤੇ ਸਮਾਜ ਵਿਰੋਧੀ ਅਨਸਰਾਂ ਨੂੰ ਬਚਾਉਣ ਦੀਆਂ ਘਿਣਾਉਣੀਆਂ ਚਾਲਾਂ ਦਾ ਇਹ ਪਹਿਲਾ ਕੇਸ ਨਹੀਂ ਹੈ। ਫ਼ਰੀਦਕੋਟ ਦੇ ਸ਼ਰੂਤੀ ਅਗਵਾ ਕੇਸ ਵਿੱਚ ਬਾਦਲ ਸਰਕਾਰ ਨੇ ਆਪਣੇ ਚਹੇਤੇ ਗੁੰਡੇ ਨਿਸ਼ਾਨ ਸਿੰਘ ਨੂੰ ਬਚਾਉਣ ਲਈ ਪੂਰਾ ਟਿੱਲ ਲਾ ਦਿੱਤਾ ਸੀ, ਇਹ ਵੱਖਰੀ ਗੱਲ ਹੈ ਕਿ ਬਾਦਲ ਸਰਕਾਰ ਨੂੰ ਆਖਿਰਕਾਰ ਦ੍ਰਿੜ ਲੋਕ ਸੰਘਰਸ਼ ਦੇ ਅੱਗੇ ਝੁਕਣਾ ਪਿਆ ਸੀ, ਅਗਵਾ ਕੀਤੀ ਨਬਾਲਗ ਲੜਕੀ ਉਸਦੇ ਮਾਪਿਆਂ ਨੂੰ ਸੌਂਪਣੀ ਪਈ ਸੀ ਅਤੇ ਅਗਵਾਕਾਰ ਨੂੰ ਜੇਲ੍ਹ ਭੇਜਣਾ ਪਿਆ ਸੀ। ਕਿਰਨਜੀਤ ਕੌਰ ਮਹਿਲ ਕਲਾਂ ਦੇ ਕਾਤਲ ਬਲਾਤਕਾਰੀ ਗੈਂਗ ਨੂੰ ਸਜ਼ਾਵਾਂ ਦਿਵਾਉਣ ਅਤੇ ਕਮੇਟੀ ਦੇ ਆਗੂਆਂ ਉੱਪਰ ਪਾਇਆ ਕਤਲ ਦਾ ਝੂਠਾ ਕੇਸ ਰੱਦ ਕਰਾਉਣ ਲਈ ਸੰਘਰਸ਼ਸ਼ੀਲ ਜਥੇਬੰਦੀਆਂ ਨੂੰ ਕਈ ਸਾਲ ਸਿਰੜੀ ਸੰਘਰਸ਼ ਲੜਨਾ ਪਿਆ ਸੀ। ਮੌਜੂਦਾ ਲੋਕ ਸੰਘਰਸ਼ ਨੇ ਬਹੁਤ ਛੇਤੀਂ ਹੀ ਇਸ ਤਾਨਾਸ਼ਾਹ ਸਰਕਾਰ ਦੀ ਸੁਰਤ ਟਿਕਾਣੇ ਲਿਆ ਦਿੱਤੀ ਹੈ ਜੋ ਹੁਣ ਆਪਣੀ ਰਾਜਸੀ ਵੁੱਕਤ ਬਣਾਈ ਰੱਖਣ ਲਈ ਹੱਥ ਪੈਰ ਮਾਰ ਰਹੀ ਹੈ।

ਪੰਜਾਬ ਦੇ ਲੋਕਾਂ ਨੇ ਝੋਟੇ ਦੇ ਕਤਲ ਨੂੰ ਨਸ਼ਾ ਵਿਰੋਧੀ ਸਮੂਹ ਆਵਾਜ਼ਾਂ ਲਈ ਚੁਣੌਤੀ ਵਜੋਂ ਲਿਆ ਹੈ। ਝੋਟੇ ਦੇ ਪਿਤਾ ਜੀ ਅਤੇ ਪਰਿਵਾਰ ਨੇ ਦਹਿਸ਼ਤਜ਼ਦਾ ਹੋਣ ਦੀ ਬਜਾਏ ਸੰਘਰਸ਼ ਵਿੱਚ ਡੱਟ ਕੇ ਮਿਸਾਲੀ ਹੌਸਲਾ ਦਿਖਾਇਆ ਹੈ। ਲੋਕਾਂ ਨੇ ਇਹ ਸਚਾਈ ਸਮਝ ਲਈ ਹੈ ਕਿ ਨਸ਼ਾ ਤਸਕਰਾਂ-ਪੁਲਿਸ ਅਤੇ ਹਾਕਮ ਜਮਾਤੀ ਸਿਆਸਤਦਾਨਾਂ ਦੇ ਗੱਠਜੋੜ ਵਿਰੁੱਧ ਉਨ੍ਹਾਂ ਨੂੰ ਇਕੱਠੇ ਹੋ ਕੇ ਲੜਨਾ ਪਵੇਗਾ। ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਪਰਿਵਾਰ ਨੂੰ ਇਨਸਾਫ਼ ਦਿਵਾਉਣ ਲਈ ਵਿੱਢਿਆ ਸੰਘਰਸ਼ ਇਸੇ ਚੇਤਨਾ ਦਾ ਪ੍ਰਗਟਾਵਾ ਹੈ। ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ, ਵਿਦਿਆਰਥੀਆਂ ਅਤੇ ਹੋਰ ਸੰਘਰਸ਼ਸ਼ੀਲ ਜਥੇਬੰਦੀਆਂ ਦੀ ਪੁਰਜ਼ੋਰ ਸ਼ਮੂਲੀਅਤ ਨਾਲ ਸੰਘਰਸ਼ ਨੂੰ ਵਿਸ਼ਾਲਤਾ ਅਤੇ ਮਜ਼ਬੂਤੀ ਮਿਲੀ ਹੈ। 15 ਅਕਤੂਬਰ ਦੇ 'ਪੰਜਾਬ ਬੰਦ' ਨੂੰ ਮਿਲੀ ਵਿਆਪਕ ਹਮਾਇਤ ਲੋਕਾਂ ਦੇ ਰੋਹ ਦਾ ਪੁਰਜ਼ੋਰ ਪ੍ਰਗਟਾਵਾ ਸੀ। ਵੱਖ-ਵੱਖ ਇਲਾਕਿਆਂ ਵਿੱਚ ਬਾਜ਼ਾਰ ਅਤੇ ਵਿੱਦਿਅਕ ਅਦਾਰੇ ਬੰਦ ਰਹੇ, ਸੜਕਾਂ ਉੱਪਰ ਵੱਡੇ ਵੱਡੇ ਇਕੱਠ ਹੋਏ। 19 ਅਕਤੂਬਰ ਨੂੰ ਸੱਤਾਧਾਰੀ ਧਿਰ ਦੇ ਮੰਤਰੀਆਂ ਅਤੇ ਵਿਧਾਇਕਾਂ ਦੇ ਘਰਾਂ ਦੇ ਘਿਰਾਓ ਕਰਕੇ ਉੱਥੇ 'ਲਾਹਣਤ ਪੱਤਰ' ਚਿਪਕਾਏ ਗਏ। ਪੂਰੇ ਪੰਜਾਬ ਵਿਚ ਕਮੇਟੀ ਦੇ ਸੱਦੇ 'ਤੇ ਝਾੜੂ ਸਾੜੇ ਗਏ। ਪਰਿਵਾਰ ਅਤੇ ਐਕਸ਼ਨ ਕਮੇਟੀ ਦੀ ਮੰਗ ਹੈ ਕਿ ਮੁੱਖ ਮੰਤਰੀ ਅਤੇ ਡੀ.ਜੀ.ਪੀ. ਅਸਤੀਫ਼ੇ ਦੇਣ ਅਤੇ ਬਾਕੀ ਮੰਗਾਂ ਮੰਨੀਆਂ ਜਾਣ, ਫਿਰ ਹੀ ਲਾਸ਼ ਦਾ ਸੰਸਕਾਰ ਕੀਤਾ ਜਾਵੇਗਾ।

ਸੰਘਰਸ਼ ਦੇ ਦਬਾਅ ਹੇਠ ਭਗਵੰਤ ਮਾਨ ਨੂੰ ਇਹ ਕੇਸ ਸੀ.ਬੀ.ਆਈ. ਨੂੰ ਸੌਂਪਣ ਦਾ ਐਲਾਨ ਕਰਨਾ ਪਿਆ ਅਤੇ ਲੋਕ ਰੋਹ ਨੂੰ ਠੰਢਾ ਕਰਨ ਲਈ ਇਕ ਡੀ.ਐੱਸ.ਪੀ. ਤੇ ਡਰੱਗ ਇੰਸਪੈਕਟਰ ਨੂੰ ਮੁਅੱਤਲ ਕਰਨਾ ਪਿਆ ਹੈ। ਅਮਿਤ ਸ਼ਾਹ ਨੇ ਤਾਂ ਆਪਣੇ ਦੌਰੇ ਸਮੇਂ ਇੱਥੋਂ ਤੱਕ ਕਹਿ ਦਿੱਤਾ ਕਿ ਪੰਜਾਬ ਸਰਕਾਰ ਇਨਸਾਫ਼ ਦਿਵਾਉਣ ਦੇ ਨਾਕਾਬਲ ਹੈ, ਇਸ ਲਈ ਦੂਜੇ ਦੋ ਕੇਸਾਂ ਦੀ ਜਾਂਚ ਵੀ ਸੀ.ਬੀ.ਆਈ. ਨੂੰ ਸੌਂਪ ਦੇਵੇ। ਅਮਿਤ ਸ਼ਾਹ ਦੇ ਇਸ਼ਾਰੇ 'ਤੇ ਉਸੇ ਦਿਨ ਅੱਧੀ ਰਾਤ ਨੂੰ ਸੀ.ਬੀ.ਆਈ. ਦੀ ਟੀਮ ਜਾਂਚ ਕਰਨ ਲਈ ਪਹੁੰਚ ਗਈ। ਸੀ.ਬੀ.ਆਈ. ਆਪਣੇ ਭਗਵਾ ਆਕਾਵਾਂ ਦੇ ਰਾਜਨੀਤਕ ਹਿਤਾਂ ਅਨੁਸਾਰ ਜਾਂਚ ਕਰੇਗੀ ਅਤੇ ਉਹ ਵੱਧ ਤੋਂ ਵੱਧ ਕੁਝ ਹੋਰ ਵਿਅਕਤੀਆਂ ਨੂੰ ਇਸ ਕਤਲ ਕੇਸ ਵਿੱਚ ਨਾਮਜ਼ਦ ਕਰਕੇ ਮੁਕੱਦਮਾ ਚਲਾ ਸਕਦੀ ਹੈ। ਪਰ ਨਾ ਉਹ ਨਸ਼ਿਆਂ ਦੀ ਸਪਲਾਈ ਚੇਨ ਦੀ ਨਿਸ਼ਾਨਦੇਹੀ ਕਰੇਗੀ ਅਤੇ ਨਾ ਨਸ਼ਾ ਤਸਕਰਾਂ-ਪੁਲਿਸ ਤੇ ਹਾਕਮ ਜਮਾਤੀ ਸਿਆਸਤਦਾਨਾਂ ਦੇ ਗੱਠਜੋੜ ਨੂੰ ਕਟਹਿਰੇ 'ਚ ਖੜ੍ਹਾ ਕਰੇਗੀ।

ਪੰਜਾਬ ਦੇ ਭਵਿੱਖ ਲਈ ਨਸ਼ਿਆਂ ਦੇ ਮੁੱਦੇ ਦੀ ਅਹਿਮੀਅਤ ਇਸ ਤੱਥ ਤੋਂ ਪਤਾ ਲੱਗਦੀ ਹੈ ਕਿ ਅਗਲੀਆਂ ਚੋਣਾਂ 'ਚ ਵੀ

ਇਹ ਮੁੱਖ ਮੁੱਦਾ ਬਣਨ ਜਾ ਰਿਹਾ ਹੈ। ਇਸੇ ਲਈ ਅਮਿਤ ਸ਼ਾਹ ਨੇ ਸੰਨ 2029 ਤੱਕ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਰਾਜਨੀਤਕ ਸ਼ੋਸ਼ਾ ਛੱਡਿਆ ਹੈ। ਲੋਕ ਜਥੇਬੰਦੀਆਂ ਨੂੰ ਇਨ੍ਹਾਂ ਦੰਭੀ ਐਲਾਨਾਂ ਬਾਰੇ ਲੋਕਾਂ ਨੂੰ ਚੇਤਨ ਕਰਨ ਉਚੇਚੇ ਯਤਨ ਕਰਨੇ ਹੋਣਗੇ। ਚਾਹੇ ਕੋਈ ਵੀ ਪਾਰਟੀ, ਕੋਈ ਵੀ ਵਾਅਦੇ ਕਰਕੇ ਸੱਤਾ ਵਿੱਚ ਆਵੇ, ਉਹ ਨਸ਼ਿਆਂ ਨੂੰ ਖ਼ਤਮ ਨਹੀਂ ਕਰੇਗੀ। ਸਰਮਾਏਦਾਰਾ-ਸਾਮਰਾਜੀ ਪ੍ਰਬੰਧ ਲਈ ਨਸ਼ਿਆਂ ਦਾ ਧੰਦਾ ਵੱਡੇ ਮੁਨਾਫ਼ੇ ਦੇਣ ਵਾਲਾ ਕਾਰੋਬਾਰ ਹੋਣ ਕਾਰਨ ਇਸਦਾ ਨਾੜੂਆ ਕੌਮਾਂਤਰੀ ਕਾਰਟਲਾਂ, ਕੌਮਾਂਤਰੀ ਮੰਡੀ ਨਾਲ ਜੁੜਿਆ ਹੋਇਆ ਹੈ। ਮੁਨਾਫ਼ਿਆਂ ਦੀ ਖਾਣ ਹੋਣ ਦੇ ਨਾਲ-ਨਾਲ ਇਹ ਨੌਜਵਾਨੀ ਨੂੰ ਨਸ਼ਿਆਂ ਦੀ ਚਾਟ 'ਤੇ ਲਾ ਕੇ ਬਿਹਤਰ ਜ਼ਿੰਦਗੀ ਲਈ ਸੰਘਰਸ਼ ਤੋਂ ਦੂਰ ਰੱਖਣ ਦਾ ਹਾਕਮ ਜਮਾਤੀ ਸੰਦ ਵੀ ਹੈ।

ਹੁਣ ਪੂਰੀ ਦੁਨੀਆ ਨੇ ਦੇਖ ਲਿਆ ਕਿ ਇਹ ਸਰਕਾਰ ਝੂਠ ਬੋਲਣ ਲਈ ਨਿਘਾਰ ਦੀ ਕਿਸ ਹੱਦ ਤੱਕ ਸਕਦੀ ਹੈ। ਭਗਵੰਤ ਮਾਨ ਅਗਲੀਆਂ ਚੋਣਾਂ ਦੀ ਤਿਆਰੀ ਲਈ ਪੂਰੇ ਪੰਜਾਬ ਵਿਚ 'ਲੋਕ ਮਿਲਣੀਆਂ' ਕਰ ਰਿਹਾ ਹੈ ਪਰ ਝੋਟੇ ਦੇ ਪਰਿਵਾਰ ਅਤੇ ਸੰਘਰਸ਼ ਕਮੇਟੀ ਨੂੰ ਮਿਲਕੇ ਉਨ੍ਹਾਂ ਦੇ ਸਵਾਲਾਂ ਦਾ ਜਵਾਬ ਲਈ ਇਸ ਕੋਲ ਸਮਾਂ ਨਹੀਂ ਹੈ। ਜੇ ਇਸ ਵਿਚ ਰੱਤੀ ਭਰ ਵੀ ਜ਼ਮੀਰ ਬਚੀ ਹੈ ਤਾਂ ਇਹ ਮੀਡੀਆ ਦੀ ਹਾਜ਼ਰੀ 'ਚ ਪਰਿਵਾਰ ਤੇ ਸੰਘਰਸ਼ ਕਮੇਟੀ ਦੇ ਸਵਾਲਾਂ ਦਾ ਜਵਾਬ ਦੇਵੇ ਅਤੇ ਦੱਸੇ ਕਿ 'ਯੁੱਧ ਨਸ਼ਿਆਂ ਵਿਰੁੱਧ' ਦੀ ਹੁਣ ਤੱਕ ਨਸ਼ਿਆਂ ਨੂੰ ਰੋਕਣ ਲਈ ਕੀ ਪ੍ਰਾਪਤੀ ਹੈ। ਪੰਜਾਬ ਪੁਲਿਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਇਨਸਾਫ਼ ਮੋਰਚੇ ਨੂੰ ਤੋੜਨ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਹਨ।

ਸੰਘਰਸ਼ ਨੂੰ ਸੱਟ ਮਾਰਨ ਲਈ ਮਾਨਸਾ ਜਾ ਰਹੇ ਲੋਕਾਂ ਨੂੰ ਪੁਲਿਸ ਜਬਰ ਦੇ ਜ਼ੋਰ ਰੋਕਿਆ ਜਾ ਰਿਹਾ ਹੈ। ਝੋਟੇ ਦਾ ਪਰਿਵਾਰ ਅਤੇ ਸੰਘਰਸ਼ ਕਮੇਟੀ ਇਨਸਾਫ਼ ਲੈਣ ਲਈ ਸੜਕਾਂ 'ਤੇ ਬੈਠੇ ਹਨ ਪਰ ਮੁੱਖ ਮੰਤਰੀ ਜਨਮ ਦਿਨ ਮਨਾਉਣ ਲਈ ਫਰਾਂਸ ਚਲਾ ਗਿਆ। ਵਾਪਸ ਆ ਕੇ ਭਗਵੰਤ ਮਾਨ ਨੇ ਇਹ ਝੂਠ ਬੋਲਕੇ ਦੇਸ਼-ਦੁਨੀਆ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਕਿ ਅਸੀਂ ਤਾਂ ਸਾਰੀਆਂ ਮੰਗਾਂ ਮੰਨ ਲਈਆਂ ਹਨ। ਸੰਘਰਸ਼ ਕਮੇਟੀ ਨੇ ਸਪਸ਼ਟ ਕੀਤਾ ਕਿ ਦੋ ਮੰਗਾਂ ਨੂੰ ਛੱਡਕੇ ਵਿਹਾਰਕ ਤੌਰ 'ਤੇ ਹੋਰ ਕਿਸੇ ਵੀ ਮੰਗ ਸੰਬੰਧੀ ਸਰਕਾਰ ਨੇ ਅਧਿਕਾਰਕ ਪੱਤਰ ਸੰਘਰਸ਼ ਕਮੇਟੀ ਜਾਂ ਪਰਿਵਾਰ ਨੂੰ ਨਹੀਂ ਦਿੱਤਾ। ਅਜਿਹਾ ਝੂਠ ਭਗਵੰਤ ਮਾਨ ਦੀ ਲੋਕਾਂ 'ਚ ਭੁਲੇਖੇ ਖੜ੍ਹੇ ਕਰਨ ਦੀ ਚਾਲ ਹੈ ਤਾਂ ਜੋ ਮੋਰਚੇ ਦੀ ਜਨਤਕ ਹਮਾਇਤ ਮੱਠੀ ਪੈ ਜਾਵੇ ਅਤੇ ਸੰਘਰਸ਼ ਕਮੇਟੀ ਮੁੱਖ ਮੰਤਰੀ ਤੇ ਡੀ.ਜੀ.ਪੀ. ਦੇ ਅਸਤੀਫ਼ਿਆਂ ਦੀ ਮੁੱਖ ਮੰਗ ਛੱਡਕੇ ਮੋਰਚਾ ਖ਼ਤਮ ਕਰ ਦੇਵੇ। ਆਉਣ ਵਾਲੇ ਦਿਨਾਂ ਵਿਚ ਸਰਕਾਰ ਮੋਰਚੇ ਨੂੰ ਤਾਰਪੀਡੋ ਕਰਨ ਲਈ ਹੋਰ ਵੀ ਘਿਣਾਉਣੀਆਂ ਚਾਲਾਂ ਚੱਲੇਗੀ।

ਸੰਘਰਸ਼ ਕਮੇਟੀ ਅਤੇ ਪਰਿਵਾਰ ਹਕੂਮਤੀ ਜਬਰ ਦਾ ਹੌਸਲੇ ਨਾਲ ਮੁਕਾਬਲਾ ਕਰ ਰਹੇ ਹਨ। ਭੰਮੇ ਕਲਾਂ ਵਿਚ ਪੁਲਿਸ ਅੰਨ੍ਹਾ ਜਬਰ ਢਾਹਕੇ ਅਤੇ ਗ੍ਰਿਫ਼ਤਾਰੀਆਂ ਕਰਕੇ ਲਾਸ਼ ਖੋਹਕੇ ਲੈ ਗਈ ਤਾਂ ਜੁ ਇਸ ਨਾਲ ਮਾਨਸਾ ਵਿਚ ਚੱਲ ਰਹੇ ਸੰਘਰਸ਼ ਨੂੰ ਹੋਰ ਬਲ ਨਾ ਮਿਲੇ। ਇਸ ਘਿਣਾਉਣੀ ਕਾਰਵਾਈ ਦੇ ਵਿਰੁੱਧ ਮਾਨਸਾ 'ਚ ਰੋਹ ਭਰਿਆ ਇਕੱਠ ਹੋਇਆ। ਬੀ.ਕੇ.ਯੂ. (ਏਕਤਾ-ਉਗਰਾਹਾਂ) ਵੱਲੋਂ ਪੰਜਾਬ ਦੇ 13 ਜ਼ਿਲਿਆਂ ਵਿਚ 40 ਥਾਣਿਆਂ ਅੱਗੇ ਮੁਜ਼ਾਹਰੇ ਕੀਤੇ ਗਏ। ਹੋਰ ਜਨਤਕ-ਸਿਆਸੀ ਧਿਰਾਂ ਵੱਲੋਂ ਵੀ ਆਪੋ ਆਪਣੇ ਪੱਧਰ 'ਤੇ ਜਾਬਰ ਹੱਲੇ ਦਾ ਵਿਰੋਧ ਕੀਤਾ ਜਾ ਰਿਹਾ ਹੈ।

ਮੌਜੂਦਾ ਸੰਘਰਸ਼ ਦਾ ਵੱਡਾ ਹਾਸਲ ਇਹ ਹੈ ਕਿ ਇਸਨੇ ਹੰਕਾਰੀ ਹੋਈ ਸਰਕਾਰ, ਪੁਲਿਸ ਅਤੇ ਨਸ਼ਾ ਤਸਕਰਾਂ ਦੇ ਗੱਠਜੋੜ ਅੱਗੇ ਬੇਵਸ ਮਹਿਸੂਸ ਕਰ ਰਹੀ ਲੋਕਾਈ ਦੀ ਮਾਯੂਸੀ ਨੂੰ ਸਮੂਹਿਕ ਸੰਘਰਸ਼ ਦੀ ਤਾਕਤ ਦੇ ਜ਼ੋਰ ਜਿੱਤ ਦੇ ਭਰੋਸੇ 'ਚ ਬਦਲ ਦਿੱਤਾ ਹੈ। ਇਹ ਸਵਾਲ ਮਾਇਨੇ ਨਹੀਂ ਰੱਖਦਾ ਕਿ ਸੰਘਰਸ਼ ਦੀਆਂ ਕਿੰਨੀਆਂ ਮੰਗਾਂ ਮੰਨੀਆਂ ਜਾਂਦੀਆਂ ਹਨ। ਮਹੱਤਵ ਇਸ ਗੱਲ ਦਾ ਹੋਵੇਗਾ ਕਿ ਦੁਸ਼ਟ ਗੱਠਜੋੜ ਦੀਆਂ ਮਨਮਾਨੀਆਂ ਤੋਂ ਤੰਗ ਆਏ ਲੋਕ ਇਕੱਠੇ ਹੋ ਕੇ ਲੜੇ ਅਤੇ ਸਰਕਾਰ ਦੀਆਂ ਮਨਮਾਨੀਆਂ ਨੂੰ ਠੱਲ੍ਹ ਪਾਈ।

ਪੰਜਾਬ ਦੇ ਲੋਕਾਂ, ਖ਼ਾਸ ਕਰਕੇ ਸੰਘਰਸ਼ਸ਼ੀਲ ਤਾਕਤਾਂ ਨੂੰ ਨਸ਼ਿਆਂ ਨੂੰ ਠੱਲ੍ਹ ਪਾਉਣ ਅਤੇ ਨਸ਼ਾ ਤਸਕਰਾਂ-ਪੁਲਿਸ ਅਤੇ ਹਾਕਮ ਜਮਾਤੀ ਸਿਆਸਤਦਾਨਾਂ ਦੇ ਗੱਠਜੋੜ ਨੂੰ ਤੋੜਨ ਦੇ ਮੁੱਦੇ ਨੂੰ ਆਪਣੇ ਹੋਰ ਬੁਨਿਆਦੀ ਮੁੱਦਿਆਂ ਦੀ ਤਰ੍ਹਾਂ ਲੈ ਕੇ ਰਾਜ ਪ੍ਰਬੰਧ ਵਿਰੁੱਧ ਲੰਮੀ ਲੜਾਈ ਲੜਨ ਦਾ ਰਾਹ ਅਖ਼ਤਿਆਰ ਕਰਨਾ ਪਵੇਗਾ। ਖ਼ਾਸ ਘਟਨਾ ਆਧਾਰਤ ਇਨਸਾਫ਼ ਲਈ ਲੰਮੀਆਂ ਲੜਾਈਆਂ ਦਾ ਆਪਣਾ ਮਹੱਤਵ ਹੈ, ਪਰ ਹਕੂਮਤਾਂ ਨੂੰ ਨਸ਼ਿਆਂ ਨੂੰ ਖ਼ਤਮ ਕਰਨ ਅਤੇ ਅਗਲੀਆਂ ਪੀੜ੍ਹੀਆਂ ਨੂੰ ਬਚਾਉਣ ਲਈ ਠੋਸ ਕਦਮ ਚੁੱਕਣ ਲਈ ਮਜਬੂਰ ਕਰਨ ਖ਼ਾਤਰ ਲੋਕਾਈ ਨੂੰ ਉਚੇਚੇ ਤੌਰ 'ਤੇ ਚੇਤਨ ਕਰਕੇ ਵੱਡੇ ਸੰਘਰਸ਼ ਵਿੱਢਣੇ ਹੋਣਗੇ। ਇਹੀ ਪਰਵਿੰਦਰ ਸਿੰਘ ਝੋਟੇ ਦੀ ਕੁਰਬਾਨੀ ਦਾ ਸਹੀ ਮੁੱਲ ਪਾਉਣਾ ਹੋਵੇਗਾ।

A Class Granite Ltd.
A CLASS GRANITE
PRICED RIGHT AND DONE RIGHT
WWW.ACLASSGRANITE.ORG
CALL FOR A FREE ESTIMATE
MALKIT
778 889 9526
#48,49 13315 115 Ave Surrey
Office: 604.496.6746
m.swaich@aclassgranite.org
www.aclassgraniteltd.com
• KITCHEN COUNTERS • STAIRCASES
• VANITIES • INSTALLATIONS
• FIRE PLACES • REPAIRS

MAROK LAW OFFICE
Always Taking You Forward
• Corporate Law • Real Estate
Wills • Affidavits • Power of Attorney
VIPANDEEP SINGH MAROK
Barrister, Solicitor & Notary Public M.A., LLB
80 Maritime Ontario Blvd, Unit# 60,
Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

EXPERIOR
FINANCIAL GROUP INC
Representing Many financial institutions
SuperVisa,Life Insurance
Disability, Critical Illness, Health
SPECIAL DISCOUNT
FOR VISITORS, TRUCKERS,
WORK PERMIT, REFUGE &
INTERNATIONAL STUDENTS
LOWEST RATES
FREE QUOTE
Call
Protect your family
Call: 416.209.6363
Hardeep Atwal
Sr. Insurance Advisor

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ
ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।
ਪੰਜਾਬੀ ਵਿੱਚ ਗੱਲਬਾਤ ਕਰਨ ਲਈ
ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਸੰਪਰਕ ਕਰੋ
Harman Buttar,
BA, CIRP, LIT, Managing Partner
harmanb@bnadebtsolutions.ca
Simmie Pandher
Senior administrator
Simmiep@bnadebtsolutions.ca
• Licensed Insolvency Trustees • Proposal Administrators
BNA™
Debt Solutions
P: 403-232-6220
F: 403-232-6262
#150, 703-64th Ave. SE
Calgary, AB T2H 2C3
www.bnadebtsolutions.ca

Mandeep Gill
Realtor®
403-408-9333
Calgary, AB
Gillhomesyyc@yahoo.com
eXp REALTY

SPRINGTOWN PAINTING INC.
• RESIDENTIAL • COMMERCIAL • INDUSTRIAL
• Spray Painting • Office Painting
• Dryfall Painting • Drywall Painting
Free Estimate Available 7 Days
212 Bonnieglen Farm blvd, Caledon, ON L7C3Y3
Soecialized in Custom Homes
Bhagwant Aulakh (BOB)
Dir: 416-671-4000
springtownpaintinginc.1@gmail.com

SIDHU GLOBAL IMMIGRATION INC.
SERVICES
• Family/Spousal Sponsorship • Parents/Grand Parents
• Super Visa • Visitor Visa • Study Visa/Work Permits
• Express entry (Federal & Provincial)
• Provincial Nominee Applications
• Citizenship, PR Card, Passport & OCI Forms
VISA
+1 (403) 860-1957
sidhugursharan152@gmail.com | 71 Saddle Land Way NE Calgary AB T3J 5J3
Gursharan Singh Sidhu, RCIC
Membership No. R523973

ELECTRIC
KRAFTSMAN
ELECTRIC LTD.
Residential & Commercial
Licensed, Bonded & Insured
CERTIFIED ELECTRICIAN
BBB ACCREDITED BUSINESS
www.kraftsmanelectric.ca
kelectric17@gmail.com
778-883-1313

SWIFTWRENCH AUTO & DIESEL REPAIR
SWIFTWRENCH AUTO & DIESEL REPAIR
Your Car, Our Care
Mobile Mechanic Services - We Come to You!
SIMRAN GILL
825-760-6111
swiftwrenchservice@gmail.com
swiftwrenchautorepair
Swiftwrench Auto & Diesel Repair
Calgary, Airdrie, Chestermere & Surrounding
Red Seal Certified Reliable On-Time
Oil Changes - Gas & Diesel
Brake Service & Replacement
Battery Testing & Installation
Check Engine Light Diagnosis
Fluid Top-UPS & Inspections
Fleet & Commercial Maintenance
Pre-Purchase Inspections
Suspension Repairs

Advice from someone you trust.
Sun Life
Life's brighter under the sun
Life & Health Insurance · Critical Illness Insurance · Disability Insurance
Employee Benefits · RESP · TFSA· RRSP · Mutual Funds
Harvinder Singh*
587-574-0029
harvinder.h.singh@sunlife.com
*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.

Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

Moga Auto
Repairs Ltd.
MOGA AUTO REPAIRS LTD.
We Repair All Domestic & Imported Cars
Body Work & Painting
Services
- Body Work - Painting - Oil Change
- Shocks - Tires - Breaks - Muffler
- Starters - Electrical - Transmission
- A/C & Heating
Queen st. E.
Kennedy Rd.
Hansen Rd. S
Orenda Rd.
Rutherford Rd. S
Stafford Dr.
#111
Bus : 289-505-9495
Cell : Raj 416-473-0911
Cell : Baljinder 647920-2876
111 Orenda RD. Brampton
Ontario L6W 1V7

S&G APPLIANCE REPAIR
FAST • RELIABLE • PROFESSIONAL
OUR SERVICES
Refrigerator & Freezer
Washer & Dryer
Stove & Oven
Dishwasher & Rangehood
All Built-in Appliances
Repairs & Installation
All Make and Models
+ 1 (647) 946-0042
sgappliance22@gmail.com
www.sgappliance.ca
MAYTAG Electrolux Haier LG FRIGIDAIRE SAMSUNG Whirlpool

Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles,
Tiles on Walls, Kitchen,Washroom or anywhere in Home.
You can upgrade your Kitchen or Washroom
ਵਰਕਰ ਦੀ ਤੁਰੰਤ ਲੋੜ
ਕੈਲਗਰੀ 'ਚ ਪੁਰਾਣੇ ਜਾਂ ਨਵੇਂ ਘਰਾਂ ਵਿਚ
ਟਾਇਲਾਂ, ਮਾਰਬਲ ਲਗਵਾਉਣ ਅਤੇ
ਤਸੱਲੀਬਖਸ਼ ਕੰਮ ਕਰਵਾਉਣ
ਲਈ ਸੰਪਰਕ ਕਰੋ
Harmanjot Dhudike
403-975-0006
Sharmanjot22@gmail.com

BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
ਅੱਖਾਂ ਦੇ ਰੋਗਾਂ ਅਤੇ ਬਰੈਂਡਰ ਐਨਕਾਂ ਲਈ ਮਿਲੋ
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।
Jaswinder S Bains, Ph.D., OD.

ਅਲੀਸ਼ੇਰ ਦੇ ਮਨਰੇਗਾ ਮਜ਼ਦੂਰਾਂ ਦੀ ਦਰਦਨਾਕ ਦਾਸਤਾਨ ਅਤੇ ਲੋਕ ਸੰਘਰਸ਼ ਦੀ ਜਿੱਤ

ਅੱਠ ਮੌਤਾਂ, ਅਨੇਕਾਂ ਪਰਿਵਾਰਾਂ ਦਾ ਉਜਾੜਾ ਅਤੇ ਇਨਸਾਫ਼ ਲਈ ਤਿੰਨ ਦਿਨਾਂ ਦਾ ਇਤਿਹਾਸਕ ਸੰਘਰਸ਼!

ਨਿਰਭੈ ਸਿੰਘ ਖਾਈ
(ਆਗੂ ਕਿਰਤੀ ਕਿਸਾਨ ਯੂਨੀਅਨ)

ਅਕਤੂਬਰ 2026 ਦਾ ਮਹੀਨਾ ਲਹਿਰਾ ਨੇੜਲੇ ਪਿੰਡ ਅਲੀਸ਼ੇਰ ਦੇ ਮਨਰੇਗਾ ਮਜ਼ਦੂਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਅਜਿਹਾ ਦਰਦਨਾਕ ਮੰਜ਼ਰ ਲੈ ਕੇ ਆਇਆ, ਜਿਸ ਨੂੰ ਸ਼ਾਇਦ ਹੀ ਕਦੇ ਭੁਲਾਇਆ ਜਾ ਸਕੇ। ਇਹ ਸਿਰਫ਼ ਇੱਕ ਸੜਕ ਹਾਦਸੇ ਦੀ ਕਹਾਣੀ ਨਹੀਂ, ਸਗੋਂ ਗ਼ਰੀਬੀ ਵਿੱਚ ਜੀਅ ਰਹੇ ਮਿਹਨਤਕਸ਼ ਲੋਕਾਂ ਦੀ ਜ਼ਿੰਦਗੀ, ਉਨ੍ਹਾਂ ਦੇ ਦੁੱਖਾਂ ਅਤੇ ਆਪਣੇ ਹੱਕਾਂ ਲਈ ਲੜੇ ਗਏ ਸੰਘਰਸ਼ ਦੀ ਦਾਸਤਾਨ ਹੈ।

ਪਲ ਵਿੱਚ ਉੱਜੜ ਗਏ ਅੱਠ ਪਰਿਵਾਰ

ਪਿੰਡ ਅਲੀਸ਼ੇਰ ਦੇ ਮਨਰੇਗਾ ਮਜ਼ਦੂਰ ਸੜਕ ਕਿਨਾਰੇ ਕੰਮ ਕਰ ਰਹੇ ਸਨ। ਕੰਮ ਦੌਰਾਨ ਅਰਾਮ ਕਰਨ ਅਤੇ ਚਾਹ-ਪਾਣੀ ਪੀਣ ਲਈ ਉਹ ਇਕੱਠੇ ਬੈਠੇ ਹੋਏ ਸਨ ਕਿ ਅਚਾਨਕ ਜਾਖਲ ਵਾਲੇ ਪਾਸਿਓਂ ਇੱਕ ਤੇਜ਼ ਰਫ਼ਤਾਰ ਗੱਡੀ ਆਈ ਅਤੇ ਮਜ਼ਦੂਰਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ।

ਇਸ ਭਿਆਨਕ ਹਾਦਸੇ ਵਿੱਚ ਅੱਠ ਮਜ਼ਦੂਰਾਂ ਦੀ ਮੌਤ ਹੋ ਗਈ ਅਤੇ ਕਈ ਹੋਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਜਿਹੜੇ ਹੱਥ ਆਪਣੇ ਪਰਿਵਾਰਾਂ ਦਾ ਪੇਟ ਪਾਲਣ ਲਈ ਮਿਹਨਤ ਕਰ ਰਹੇ ਸਨ, ਉਹ ਹਮੇਸ਼ਾ ਲਈ ਖ਼ਾਮੋਸ਼ ਹੋ ਗਏ। ਕਈ ਘਰਾਂ ਦੇ ਚੁੱਲ੍ਹੇ ਬਾਲਣ ਵਾਲੇ ਜੀਅ ਚਲੇ ਗਏ ਅਤੇ ਪਿੱਛੇ ਰਹਿ ਗਏ ਛੋਟੇ-ਛੋਟੇ ਬੱਚੇ, ਬੇਸਹਾਰਾ ਪਰਿਵਾਰ ਅਤੇ ਅਣਗਿਣਤ ਸਵਾਲ।

ਹਾਦਸੇ ਤੋਂ ਬਾਅਦ ਲੋਕ ਮੌਕੇ 'ਤੇ ਇਕੱਠੇ ਹੋਏ ਅਤੇ ਜ਼ਖ਼ਮੀਆਂ ਨੂੰ ਗੱਡੀ ਥੱਲਿਓਂ ਕੱਢਣ ਲਈ ਮਦਦ ਕੀਤੀ। ਪਰ ਦੁੱਖ ਦੀ ਗੱਲ ਇਹ ਰਹੀ ਕਿ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਉਣ ਲਈ ਐਂਬੂਲੈਂਸ ਦੀ ਉਡੀਕ ਕਰਨੀ ਪਈ। ਲੋਕਾਂ ਅਨੁਸਾਰ, ਲਗਭਗ ਤਿੰਨ ਘੰਟਿਆਂ ਤੱਕ ਐਂਬੂਲੈਂਸ ਦੀ ਉਡੀਕ ਰਹੀ ਅਤੇ ਜ਼ਖ਼ਮੀਆਂ ਨੂੰ ਛੋਟੇ ਵਾਹਨਾਂ ਰਾਹੀਂ ਲਿਜਾਣਾ ਪਿਆ। ਬਾਅਦ ਵਿਚ ਐਂਬੂਲੈਂਸਾਂ ਰਾਹੀਂ ਮਿਤਕਾਂ ਦੀਆਂ ਦੇਹਾਂ ਨੂੰ ਲਿਜਾਇਆ ਗਿਆ।

ਇਸ ਘਟਨਾ ਨੇ ਸਾਡੇ ਸਾਹਮਣੇ ਸਿਹਤ ਸਹੂਲਤਾਂ, ਐਮਰਜੈਂਸੀ ਸੇਵਾਵਾਂ ਅਤੇ ਮਿਹਨਤਕਸ਼ ਲੋਕਾਂ ਦੀ ਸੁਰੱਖਿਆ ਨਾਲ ਜੁੜੇ ਗੰਭੀਰ ਸਵਾਲ ਖੜ੍ਹੇ ਕੀਤੇ। ਇਨਸਾਫ਼ ਲਈ ਬਣੀ ਕਮੇਟੀ ਅਤੇ ਤਿੰਨ ਦਿਨਾਂ ਦਾ ਮੋਰਚਾ।

ਇਸ ਦੁਖਾਂਤ ਤੋਂ ਬਾਅਦ ਇਨਸਾਫ਼ ਲਈ ਇੱਕ ਕਮੇਟੀ ਬਣਾਈ ਗਈ। ਇਸ ਕਮੇਟੀ ਵਿੱਚ ਬਿੱਕਰ ਸਿੰਘ ਹਥੋਆ ਮੁੱਖ ਕਨਵੀਨਰ ਵਜੋਂ ਸ਼ਾਮਲ ਸਨ। ਉਨ੍ਹਾਂ ਦੇ ਨਾਲ ਮੁਕੇਸ਼ ਮਲੌਦ, ਜਗਜੀਤ ਸਿੰਘ ਭੁਟਾਲ, ਮੇਘਰਾਜ ਚੋਟੀਆਂ, ਐਡ. ਪ੍ਰੇਮਪਾਲ ਅਲੀਸ਼ੇਰ, ਸੁਰਜੀਤ ਸਿੰਘ ਅਲੀਸ਼ੇਰ, ਲਛਮਣ ਅਲੀਸ਼ੇਰ, ਪੀੜ੍ਹਤ ਪਰਿਵਾਰ, ਪਿੰਡ ਦੇ ਸਰਪੰਚ ਤੇ ਮੋਹਤਬਰ ਅਤੇ ਹੋਰ ਜਨਤਕ ਜਥੇਬੰਦੀਆਂ ਦੇ ਸਾਥੀਆਂ ਨੇ ਇਨਸਾਫ਼ ਲਈ ਸੰਘਰਸ਼ ਦੀ ਰੂਪ ਰੇਖਾ ਉਲੀਕੀ।

ਕਮੇਟੀ ਨੇ ਫ਼ੈਸਲਾ ਕੀਤਾ ਕਿ ਜਦੋਂ ਤੱਕ ਪੀੜਤ ਪਰਿਵਾਰਾਂ ਨੂੰ ਇਨਸਾਫ਼ ਨਹੀਂ ਮਿਲਦਾ, ਉਦੋਂ ਤੱਕ ਮਿਤਕਾਂ ਦੀਆਂ ਦੇਹਾਂ ਦਾ ਸਸਕਾਰ ਨਹੀਂ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਮੋਰਚਰੀ ਵਿੱਚ ਹੀ ਰੱਖਿਆ ਜਾਵੇਗਾ।

ਇਸ ਤਰ੍ਹਾਂ ਇਨਸਾਫ਼ ਦੀ ਮੰਗ ਨੂੰ ਲੈ ਕੇ ਇੱਕ ਵਿਸ਼ਾਲ ਮੋਰਚਾ ਸ਼ੁਰੂ ਹੋਇਆ, ਜਿਹੜਾ ਲਗਾਤਾਰ ਤਿੰਨ ਦਿਨ ਚੱਲਿਆ। ਇਸ ਮੋਰਚੇ ਵਿੱਚ ਵੱਖ-ਵੱਖ ਜਨਤਕ ਜਥੇਬੰਦੀਆਂ ਦੇ ਆਗੂਆਂ, ਕਾਰਕੁਨਾਂ ਅਤੇ ਇਨਸਾਫ਼ਪਸੰਦ ਲੋਕਾਂ ਨੇ ਸ਼ਮੂਲੀਅਤ ਕੀਤੀ।

ਸ਼ੁਰੂ ਵਿੱਚ ਸਰਕਾਰ ਵੱਲੋਂ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਸਿਰਫ਼ ਦੋ-ਦੋ ਲੱਖ ਰੁਪਏ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਗਿਆ ਸੀ। ਪਰ ਲੋਕਾਂ ਦੇ ਦਬਾਅ, ਜਥੇਬੰਦਕ ਏਕਤਾ ਅਤੇ ਲਗਾਤਾਰ ਸੰਘਰਸ਼ ਸਦਕਾ ਸਰਕਾਰ ਨੂੰ ਆਪਣੇ ਐਲਾਨਾਂ ਵਿੱਚ ਵਾਧਾ ਕਰਨਾ ਪਿਆ। ਸੰਘਰਸ਼ ਨੇ ਸਰਕਾਰ ਨੂੰ ਐਲਾਨ ਕਰਨ ਲਈ ਮਜਬੂਰ ਕੀਤਾ। ਤਿੰਨ ਦਿਨਾਂ ਦੇ ਲਗਾਤਾਰ ਮੋਰਚੇ ਤੋਂ ਬਾਅਦ ਸਰਕਾਰ ਵੱਲੋਂ ਹੇਠ ਲਿਖੇ ਐਲਾਨ ਕੀਤੇ ਗਏ:

1. ਮ੍ਰਿਤਕਾਂ ਦੇ ਪਰਿਵਾਰਾਂ ਨੂੰ ਦਸ-ਦਸ ਲੱਖ ਰੁਪਏ ਮੁਆਵਜ਼ਾ; 2. ਮ੍ਰਿਤਕਾਂ ਦੇ ਪਰਿਵਾਰਾਂ ਨੂੰ ਪੰਜ-ਪੰਜ ਮਰਲੇ ਦੇ ਰਿਹਾਇਸ਼ੀ ਪਲਾਟ; 3. ਯੋਗਤਾ ਅਤੇ ਲਾਗੂ ਸ਼ਰਤਾਂ ਅਨੁਸਾਰ ਪਰਿਵਾਰ ਦੇ ਇੱਕ ਜੀਅ ਨੂੰ ਸਰਕਾਰੀ ਨੌਕਰੀ ਦੇਣ ਦਾ ਐਲਾਨ। 4. ਗੰਭੀਰ ਜ਼ਖ਼ਮੀ ਮਜ਼ਦੂਰਾਂ ਨੂੰ ਦਸ-ਦਸ ਲੱਖ ਰੁਪਏ ਮੁਆਵਜ਼ਾ; 5. ਜ਼ਖਮੀ ਮਨਰੇਗਾ ਮਜ਼ਦੂਰਾਂ ਲਈ ਦੋ-ਦੋ ਲੱਖ ਰੁਪਏ ਦੇਣ ਦਾ ਐਲਾਨ; 6. ਮਨਰੇਗਾ ਮਜ਼ਦੂਰਾਂ ਦੇ ਪਰਿਵਾਰਾਂ ਲਈ ਪੰਜ-ਪੰਜ ਮਰਲੇ ਦੇ ਪਲਾਟ ਦੇਣ ਦਾ ਐਲਾਨ।

ਇਹ ਐਲਾਨ ਕੋਈ ਖ਼ੈਰਾਤ ਨਹੀਂ ਸਨ, ਸਗੋਂ ਪੀੜਤ ਪਰਿਵਾਰਾਂ ਦੇ ਦਰਦ ਅਤੇ ਲੋਕਾਂ ਦੇ ਸੰਘਰਸ਼ ਦੇ ਦਬਾਅ ਹੇਠ ਲਏ ਗਏ ਫੈਸਲੇ ਸਨ। ਇਹ ਘਟਨਾ ਮੁੜ ਸਾਬਤ ਕਰਦੀ ਹੈ ਕਿ ਜਦੋਂ ਲੋਕ ਆਪਣੇ ਹੱਕਾਂ ਲਈ ਇਕੱਠੇ ਹੋ ਕੇ ਸੰਘਰਸ਼ ਕਰਦੇ ਹਨ, ਤਾਂ ਉਨ੍ਹਾਂ ਦੀ ਆਵਾਜ਼ ਨੂੰ ਅਣਗੌਲਿਆ ਕਰਨਾ ਸੌਖਾ ਨਹੀਂ ਰਹਿੰਦਾ।

ਹਾਲਾਂਕਿ, ਸਰਕਾਰੀ ਐਲਾਨਾਂ ਦੀ ਅਸਲ ਸਫ਼ਲਤਾ ਇਸ ਗੱਲ ਵਿੱਚ ਹੋਵੇਗੀ ਕਿ ਇਹ ਵਾਅਦੇ ਕਿੰਨੀ ਜਲਦੀ ਅਤੇ ਕਿੰਨੀ ਪਾਰਦਰਸ਼ਤਾ ਨਾਲ ਪੂਰੇ ਕੀਤੇ ਜਾਂਦੇ ਹਨ।

ਅੱਠ ਸਿਵਿਆਂ ਦਾ ਸੇਕ ਅਤੇ ਪਿੰਡ ਦੀਆਂ ਗਲੀਆਂ ਵਿੱਚ ਪਸਰਿਆ ਮਾਤਮ

ਮੋਰਚੇ ਤੋਂ ਬਾਅਦ ਪੋਸਟਮਾਰਟਮ ਦੀ ਕਾਰਵਾਈ ਹੋਈ ਅਤੇ ਅੱਠ ਮ੍ਰਿਤਕਾਂ ਦਾ ਉਨ੍ਹਾਂ ਦੇ ਪਿੰਡ ਵਿੱਚ ਸਸਕਾਰ ਕੀਤਾ ਗਿਆ। ਇੱਕ ਪਿੰਡ ਵਿੱਚ ਅੱਠ ਸਿਵਿਆਂ ਦਾ ਬਲਣਾ ਅਜਿਹਾ ਦਰਦਨਾਕ ਮੰਜ਼ਰ ਸੀ, ਜਿਸ ਨੇ ਹਰ ਸੰਵੇਦਨਸ਼ੀਲ ਇਨਸਾਨ ਦੀ ਰੂਹ ਨੂੰ ਝੰਜੋੜ ਕੇ ਰੱਖ ਦਿੱਤਾ। ਸਸਕਾਰ ਤੋਂ ਬਾਅਦ ਇਨਸਾਫ਼ ਕਮੇਟੀ ਦੇ ਸਾਥੀਆਂ ਨਾਲ ਪਿੰਡ ਅਲੀਸ਼ੇਰ ਦੇ ਵੱਖ-ਵੱਖ ਪੀੜਤ ਪਰਿਵਾਰਾਂ ਦੇ ਘਰਾਂ ਵਿੱਚ ਜਾਣ ਦਾ ਮੌਕਾ ਮਿਲਿਆ।

ਉਥੇ ਜਾ ਕੇ ਅਹਿਸਾਸ ਹੋਇਆ ਕਿ ਇਹ ਪਰਿਵਾਰ ਪਹਿਲਾਂ ਹੀ ਅੱਤ ਦੀ ਗਰੀਬੀ ਵਿੱਚ ਆਪਣੀ ਜ਼ਿੰਦਗੀ ਬਸਰ ਕਰ ਰਹੇ ਸਨ। ਉਨ੍ਹਾਂ ਕੋਲ ਜ਼ਿੰਦਗੀ ਦੀਆਂ ਬੁਨਿਆਦੀ ਸਹੂਲਤਾਂ ਵੀ ਬਹੁਤ ਸੀਮਤ ਸਨ। ਉਪਰੋਂ ਇਸ ਹਾਦਸੇ ਨੇ ਉਨ੍ਹਾਂ ਦੀ ਜ਼ਿੰਦਗੀ ਨੂੰ ਹੋਰ ਵੀ ਮੁਸ਼ਕਲ ਬਣਾ ਦਿੱਤਾ। ਕਿਸੇ ਘਰ ਵਿੱਚ ਬਜ਼ੁਰਗ ਦੀ ਮੌਤ ਹੋ ਗਈ ਸੀ, ਕਿਸੇ ਘਰ ਵਿੱਚ ਮਾਂ ਆਪਣੇ ਛੋਟੇ-ਛੋਟੇ ਬੱਚਿਆਂ ਨੂੰ ਛੱਡ ਕੇ ਦੁਨੀਆ ਤੋਂ ਚਲੀ ਗਈ ਸੀ। ਕਈ ਬੱਚਿਆਂ ਦੇ ਸਿਰ ਤੋਂ ਮਾਂ ਦਾ ਪਿਆਰ ਸਦਾ ਲਈ ਉੱਠ ਗਿਆ ਸੀ।

ਇੱਕ ਪਰਿਵਾਰ ਵਿੱਚ ਛੇ ਸਾਲ, ਤਿੰਨ ਸਾਲ ਅਤੇ ਇੱਕ ਸਾਲ ਦੇ ਮਾਸੂਮ ਬੱਚੇ ਸਨ, ਜਿਨ੍ਹਾਂ ਦੀ ਦੀ ਮਾਂ ਇਸ ਹਾਦਸੇ ਵਿੱਚ ਮੌਤ ਦਾ ਸ਼ਿਕਾਰ ਹੋ ਗਈ ਸੀ। ਇੱਕ ਹੋਰ ਦੁਖਦਾਈ ਗੱਲ ਇਹ ਸਾਹਮਣੇ ਆਈ ਕਿ ਮਰਨ ਵਾਲੀਆਂ ਔਰਤਾਂ ਵਿੱਚ ਇੱਕ ਗਰਭਵਤੀ ਔਰਤ ਵੀ ਸ਼ਾਮਲ ਸੀ। ਇਹ ਸਿਰਫ਼ ਅੱਠ ਮਨੁੱਖਾਂ ਦੀਆਂ ਮੌਤਾਂ ਨਹੀਂ ਸਨ। ਇਨ੍ਹਾਂ ਮੌਤਾਂ ਨੇ ਅਨੇਕਾਂ ਜ਼ਿੰਦਗੀਆਂ ਦੀ ਦਿਸ਼ਾ ਬਦਲ ਦਿੱਤੀ। ਜਿਹੜੇ ਬੱਚੇ ਹਾਲੇ ਜ਼ਿੰਦਗੀ ਨੂੰ ਸਮਝਣਾ ਵੀ ਨਹੀਂ ਸਿੱਖੇ ਸਨ, ਉਨ੍ਹਾਂ ਨੂੰ ਮਾਂ ਦੀ ਮਮਤਾ ਤੋਂ ਵਾਂਝੇ ਹੋਣਾ ਪਿਆ। ਇਨ੍ਹਾਂ ਘਰਾਂ ਵਿੱਚ ਜਾ ਕੇ ਮਹਿਸੂਸ ਹੋਇਆ ਕਿ ਗਰੀਬੀ ਸਿਰਫ਼ ਪੈਸਿਆਂ ਦੀ ਘਾਟ ਦਾ ਨਾਂ ਨਹੀਂ, ਸਗੋਂ ਜਦੋਂ ਜ਼ਿੰਦਗੀ ਦਾ ਸਹਾਰਾ ਹੀ ਖੋਹਿਆ ਜਾਵੇ ਤਾਂ ਦੁੱਖਾਂ ਦਾ ਪਹਾੜ ਕਿਵੇਂ ਟੁੱਟਦਾ ਹੈ, ਇਹ ਇਨ੍ਹਾਂ ਪਰਿਵਾਰਾਂ ਤੋਂ ਵਧ ਕੇ ਹੋਰ ਕੌਣ ਜਾਣ ਸਕਦਾ ਹੈ।

ਜੈਸਮੀਨ ਗਿੱਲ ਦੇ ਕਤਲ 'ਚੋਂ ਉਠਦੇ ਸਵਾਲ: ਇਸ ਅਣਮਨੁੱਖੀ ਵਰਤਾਰੇ ਨੂੰ ਠੱਲ੍ਹ ਕਦੋਂ ਪਵੇਗੀ

ਅਮਰੀਕਾ ਦੇ ਕੈਲੀਫੋਰਨੀਆ ਰਾਜ ਦੇ ਸੈਕਰਾਮੈਂਟੋ ਇਲਾਕੇ ਵਿੱਚੋਂ ਲਾਪਤਾ ਪੰਜਾਬੀ ਨੌਜਵਾਨ ਲੜਕੀ ਜੈਸਮੀਨ ਗਿੱਲ ਨੂੰ ਬੇਰਹਿਮੀ ਨਾਲ ਕਤਲ ਕਰਨ ਦੀ ਬੇਹੱਦ ਦਰਦਨਾਕ ਦਿਲ-ਕੰਬਾਊ ਖ਼ਬਰ ਆਈ ਹੈ। ਇਹ ਲੜਕੀ ਪੰਜਾਬ ਦੇ ਇਕ ਅਗਾਂਹਵਧੂ ਪਰਿਵਾਰ ਦੀ ਧੀ ਹੈ ਅਤੇ ਲੋਕਪੱਖੀ ਕਵੀ ਪਾਸ਼ ਆਜ਼ਾਦ ਦੀ ਭੈਣ ਹੈ। ਉਸਦੇ ਪਿਤਾ ਜਗਤਾਰ ਸਿੰਘ ਜਲਾਜਣ ਪੰਜਾਬ ਸਟੂਡੈਂਟਸ ਯੂਨੀਅਨ 'ਚ ਸਰਗਰਮ ਰਹੇ ਅਤੇ ਜੈਸਮੀਨ ਦੇ ਮਾਤਾ ਜੀ ਸੁਖਵਿੰਦਰ ਕੌਰ ਰਾਣੀ ਨੇ ਡੀ.ਐੱਮ.ਸੀ. ਹਸਪਤਾਲ ਦੀ ਮੈਨੇਜਮੈਂਟ ਦੀਆਂ ਮਨਮਾਨੀਆਂ ਵਿਰੁੱਧ ਚੱਲੇ ਇਤਿਹਾਸਕ ਘੋਲ 'ਚ ਆਗੂ ਭੂਮਿਕਾ ਨਿਭਾਈ ਸੀ।

ਜੈਸਮੀਨ ਗਿੱਲ ਦਾ ਅਜੇ ਢਾਈ ਸਾਲ ਪਹਿਲਾਂ ਹੀ ਮੋਗਾ ਨੇੜੇ ਪਿੰਡ ਡਾਲਾ ਦੇ ਨੌਜਵਾਨ ਗੁਰਿੰਦਰ ਗਿੱਲ ਨਾਲ ਵਿਆਹ ਹੋਇਆ ਸੀ ਅਤੇ ਉਨ੍ਹਾਂ ਦੇ 7 ਕੁ ਮਹੀਨੇ ਦਾ ਬੇਟਾ ਵੀ ਹੈ। 4 ਅਕਤੂਬਰ ਜੈਸਮੀਨ ਦੇ ਇੱਕ ਰਿਸ਼ਤੇਦਾਰ ਨੇ ਉਸਦੇ ਲਾਪਤਾ ਹੋਣ ਦੀ ਸੂਚਨਾ ਦਿੱਤੀ।

ਸ਼ੁਰੂਆਤੀ ਜਾਂਚ ਦੌਰਾਨ ਕਾਤਲ ਗੁਰਿੰਦਰ ਗਿੱਲ ਨੇ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਕਿ ਜੈਸਮੀਨ ਨੂੰ 'ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ' ਦੇ ਅਧਿਕਾਰੀਆਂ ਨੇ ਉਸਦੇ ਘਰੋਂ ਹਿਰਾਸਤ ਵਿੱਚ ਲੈ ਲਿਆ ਹੈ। ਏਜੰਸੀ ਨੇ ਸੰਪਰਕ ਕਰਨ 'ਤੇ ਜਾਂਚ ਅਧਿਕਾਰੀਆਂ ਨੂੰ ਸਪੱਸ਼ਟ ਕੀਤਾ ਕਿ ਉਸ ਘਰ ਵਿੱਚ ਅਜਿਹੀ ਕੋਈ ਕਾਰਵਾਈ ਨਹੀਂ ਕੀਤੀ ਗਈ। ਜਾਂਚ ਦੌਰਾਨ ਜਾਂਚਕਰਤਾਵਾਂ ਨੇ ਨੋਟ ਕੀਤਾ ਕਿ ਗੁਰਿੰਦਰ ਦੇ ਬਿਆਨਾਂ ਵਿੱਚ ਕਈ ਸਵੈ-ਵਿਰੋਧੀ ਗੱਲਾਂ ਹਨ, ਅਤੇ ਜੈਸਮੀਨ ਤੇ ਗੁਰਿੰਦਰ ਵਿਚਕਾਰ ਤਲਾਕ ਤੇ ਬੱਚਿਆਂ ਦੀ ਕਸਟਡੀ (ਸੰਭਾਲ) ਨੂੰ ਲੈ ਕੇ ਵਿਵਾਦ ਚੱਲ ਰਿਹਾ ਸੀ।

1 ਅਕਤੂਬਰ ਨੂੰ, ਐਲ ਡੋਰਾਡੋ ਕਾਉਂਟੀ ਵਿੱਚ ਸੜੇ ਹੋਏ ਮਨੁੱਖੀ ਸਰੀਰ ਦੇ ਅੰਸ਼ ਮਿਲਣ 'ਤੇ ਪੁਸ਼ਟੀ ਹੋਈ ਕਿ ਇਹ ਅੰਸ਼ ਜੈਸਮੀਨ ਗਿੱਲ ਦੇ ਸਨ। ਜਾਂਚਕਰਤਾਵਾਂ ਨੇ ਗੁਰਿੰਦਰ ਨੂੰ ਲੱਭਕੇ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਜੇਲ੍ਹ ਭੇਜ ਦਿੱਤਾ ਹੈ।

ਫ਼ਿਕਰਮੰਦੀ ਇਹ ਹੈ ਕਿ ਬਾਹਰਲੇ ਮੁਲਕਾਂ ਵਿੱਚ ਲਗਾਤਾਰ ਪ੍ਰਵਾਸੀ ਭਾਰਤੀਆਂ ਖ਼ਾਸ ਕਰਕੇ ਨੌਜਵਾਨ ਲੜਕੀਆਂ ਨਾਲ ਘਰੇਲੂ ਹਿੰਸਾ, ਧੱਕੇਸ਼ਾਹੀਆਂ, ਬੇਇਨਸਾਫ਼ੀਆਂ, ਕਤਲਾਂ ਆਦਿ ਦੇ ਅਣਮਨੁੱਖੀ ਵਰਤਾਰੇ ਨੂੰ ਠੱਲ੍ਹ ਨਹੀਂ ਪੈ ਰਹੀ। ਪੰਜਾਬ ਵਿਚ ਇਸਦਾ ਕੋਈ ਨੋਟਿਸ ਹੀ ਨਹੀਂ ਲਿਆ ਜਾ ਰਿਹਾ। ਸਾਨੂੰ ਪੰਜਾਬ ਦੇ ਲੋਕਾਂ ਨੂੰ ਇਸ ਵਰਤਾਰੇ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਅਤੇ ਆਪਣੀ ਪਿਛੜੀ ਹੋਈ ਮਾਨਸਿਕਤਾ ਨੂੰ ਬਦਲਣ ਲਈ ਸੁਚੇਤ ਯਤਨ ਕਰਨੇ ਹੋਣਗੇ। ਸਾਨੂੰ ਸੋਚਣਾ ਹੋਵੇਗਾ ਕਿ ਗ੍ਰਹਿਸਥੀ ਜ਼ਿੰਦਗੀ 'ਚ ਆਖਿਰਕਾਰ ਐਨੀ ਭਿਆਨਕ ਹਿੰਸਾ ਅਤੇ ਕਤਲਾਂ ਦੀ ਨੌਬਤ ਕਿਉਂ ਆਉਂਦੀ ਹੈ। ਡਾਲਾ ਪਿੰਡ ਦੇ ਲੋਕਾਂ ਨੇ ਇਸ ਵਹਿਸ਼ੀ ਕਰਤੂਤ ਦੀ ਨਿਖੇਧੀ ਕਰਨ ਦੀ ਸਹੀ ਪਹਿਲਕਦਮੀਂ ਕੀਤੀ ਹੈ। ਜਾਗਰੂਕ ਹਿੱਸਿਆਂ, ਖ਼ਾਸ ਕਰਕੇ ਸਮੂਹ ਲੋਕਪੱਖੀ ਜਮਹੂਰੀ ਜਥੇਬੰਦੀਆਂ, ਇਨਸਾਫ਼ਪਸੰਦ ਚਿੰਤਕਾਂ, ਲੇਖਕਾਂ ਨੂੰ ਵੀ ਜ਼ੋਰਦਾਰ ਆਵਾਜ਼ ਉਠਾਉਣੀ ਚਾਹੀਦੀ ਹੈ ਅਤੇ ਹਰ ਸੰਭਵ ਮੱਦਦ ਕਰਨੀ ਚਾਹੀਦੀ ਹੈ ਤਾਂ ਜੋ ਜੈਸਮੀਨ ਦੇ ਪਰਿਵਾਰ ਨੂੰ ਇਨਸਾਫ਼ ਮਿਲੇ; ਮੁਜਰਿਮ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਯਕੀਨੀਂ ਬਣੇ; ਅਤੇ ਸਰਕਾਰਾਂ ਉੱਪਰ ਬਾਹਰਲੇ ਮੁਲਕਾਂ ਵਿੱਚ ਪ੍ਰਵਾਸੀ ਭਾਰਤੀ ਔਰਤਾਂ ਵਿਰੁੱਧ ਘਰੇਲੂ ਜੁਰਮਾਂ ਆਦਿ ਨੂੰ ਰੋਕਣ ਤੇ ਔਰਤਾਂ ਦੀ ਜ਼ਿੰਦਗੀ ਦੀ ਸੁਰੱਖਿਆ ਯਕੀਨੀਂ ਬਣਾਉਣ ਲਈ ਲੋੜੀਂਦੇ ਕਦਮ ਚੁੱਕਣ ਲਈ ਦਬਾਅ ਬਣੇ।

-ਬੂਟਾ ਸਿੰਘ ਮਹਿਮੂਦਪੁਰ

ਜਨਤਕ ਅੰਦੋਲਨਾਂ ਨਾਲ ਕੰਬ ਰਹੇ ਸਰਮਾਏਦਾਰੀ ਨਿਜ਼ਾਮ

-ਸਤੇਂਦਰ ਰੰਜਨ
ਅਨੁ.: ਬੂਟਾ ਸਿੰਘ ਮਹਿਮੂਦਪੁਰ

"ਅਸੀਂ ਇਤਿਹਾਸ ਦੇ ਇਕ ਮਹਾਨ ਪਲ ਵਿੱਚੋਂ ਲੰਘ ਰਹੇ ਹਾਂ। ਇਸ ਵੇਲੇ ਦੁਨੀਆ ਦੇ ਹਰ ਕੋਨੇ ਵਿੱਚ ਵਿਦਿਆਰਥੀ ਅੰਦੋਲਨ ਹੋ ਰਹੇ ਹਨ। ਨਵ-ਉਦਾਰਵਾਦ ਨੇ ਹਰ ਥਾਂ ਜਨਤਕ ਸੇਵਾਵਾਂ ਅਤੇ ਕਿਰਤੀਆਂ ਦੀਆਂ ਪ੍ਰਾਪਤੀਆਂ ਨੂੰ ਤਬਾਹ ਕਰ ਦਿੱਤਾ ਹੈ ਅਤੇ ਆਮ ਲੋਕਾਂ ਲਈ ਅਸਹਿਣ ਹਾਲਾਤ ਪੈਦਾ ਕਰ ਦਿੱਤੇ ਹਨ। ਅਜਿਹੇ ਅੰਦੋਲਨ ਉਦੋਂ ਹੁੰਦੇ ਹਨ, ਜਦੋਂ ਦੁਨੀਆ ਭਰ ਦੀ ਆਬਾਦੀ ਦੇ ਵੱਡੇ ਬਹੁਮਤ ਤੋਂ ਆਪਣੇ ਦਮ 'ਤੇ ਕਾਮਯਾਬ ਹੋਣ ਦੀ ਉਮੀਦ ਖੋਹ ਲਈ ਜਾਂਦੀ ਹੈ—ਫਰਾਂਸ ਅਤੇ ਦੁਨੀਆ ਦੇ ਅਨੇਕਾਂ ਦੇਸ਼ਾਂ ਵਿੱਚ ਇਸ ਵੇਲੇ ਨੌਜਵਾਨਾਂ ਅਤੇ ਲੋਕਾਂ ਦੇ ਅੰਦੋਲਨਾਂ ਕਾਰਨ ਮਚੀ ਉਥਲ-ਪੁਥਲ ਦੌਰਾਨ ਇਹ ਟਿੱਪਣੀ ਫਰਾਂਸ ਦੀ ਪ੍ਰਮੁੱਖ ਖੱਬੇਪੱਖੀ ਪਾਰਟੀ 'ਨਾ ਝੁਕਣ ਵਾਲਾ ਫਰਾਂਸ' (La France Insoumise—LFI) ਦੇ ਆਗੂ ਜਾਂ-ਲੁਕ ਮੇਲਾਂਸ਼ੋਂ ਨੇ ਕੀਤੀ।

ਵੱਖ-ਵੱਖ ਮੁਲਕਾਂ ਵਿੱਚ ਚੱਲ ਰਹੇ ਅੰਦੋਲਨਾਂ ਦੌਰਾਨ ਦੁਨੀਆ ਦਾ ਸਭ ਤੋਂ ਵੱਧ ਧਿਆਨ ਫਰਾਂਸ ਉੱਪਰ ਕੇਂਦਰਿਤ ਹੋਇਆ ਹੈ। ਫਰਾਂਸ ਵਿੱਚ ਭੜਕੀ ਲੋਕ ਬੇਚੈਨੀ ਦੇ ਕਾਰਨਾਂ ਦਾ ਜ਼ਿਕਰ ਕਰਦਿਆਂ ਮੇਲਾਂਸ਼ੋਂ ਨੇ ਕਿਹਾ—"ਲੋਕ ਭੁੱਖੇ ਹਨ। ਲੋਕਾਂ ਦੀ ਇੰਨੀ ਸਮਰੱਥਾ ਵੀ ਨਹੀਂ ਬਚੀ ਕਿ ਉਹ ਆਪਣੀ ਕਾਰ ਵਿੱਚ ਘਰ ਪਹੁੰਚਣ ਜੋਗਾ ਤੇਲ ਪੁਆ ਸਕਣ। 90 ਲੱਖ ਲੋਕ ਗ਼ਰੀਬੀ ਵਿੱਚ ਜੀਅ ਰਹੇ ਹਨ। ਵਿਦਿਆਰਥੀਆਂ ਨੂੰ ਇਕ ਯੂਰੋ ਦੇ ਖਾਣੇ ਲਈ ਕਤਾਰਾਂ ਵਿੱਚ ਖੜ੍ਹੇ ਹੋਣਾ ਪੈ ਰਿਹਾ ਹੈ।

ਫਰਾਂਸ ਵਿੱਚ ਸਤੰਬਰ ਤੋਂ ਸ਼ੁਰੂ ਹੋਏ ਅੰਦੋਲਨ ਬਾਰੇ ਪ੍ਰਸਿੱਧ ਅਰਥਸ਼ਾਸਤਰੀ ਥੌਮਸ ਪਿਕਟੀ ਨੇ ਲਿਖਿਆ—"ਨੌਜਵਾਨ ਸਿਰਫ਼ ਇੱਕੋ ਚੀਜ਼ ਮੰਗ ਰਹੇ ਹਨ: ਪੜ੍ਹਾਈ ਤੱਕ ਪਹੁੰਚ ਅਤੇ ਮਿਆਰੀ ਉਚੇਰੀ ਪੜ੍ਹਾਈ ਲਈ ਲੋੜੀਂਦੇ ਵਸੀਲੇ। ਇਹ ਅੰਦੋਲਨ ਸ਼ਾਇਦ ਮੌਜੂਦਾ ਪ੍ਰਸ਼ਾਸਨ ਦੀਆਂ ਸਭ ਤੋਂ ਗੰਭੀਰ ਨਾਕਾਮੀਆਂ ਨੂੰ ਉਜਾਗਰ ਕਰ ਰਿਹਾ ਹੈ। ਭਾਵ, ਉਹ ਤਬਾਹਕੁਨ ਅਤੇ ਬੇਮਿਸਾਲ ਸਥਿਤੀ, ਜਿਸ ਵਿੱਚ 2017 ਤੋਂ ਪ੍ਰਤੀ ਵਿਦਿਆਰਥੀ ਬਜਟ ਵਿੱਚ 20 ਫ਼ੀਸਦੀ ਦੀ ਕਮੀ ਆਈ ਹੈ।

ਪਿਕਟੀ ਨੇ ਲਿਖਿਆ—ਪੜ੍ਹਾਈ ਲਈ ਧਨ ਦੀ ਘਾਟ ਅਤੇ ਪ੍ਰਤੀ ਵਿਦਿਆਰਥੀ ਔਸਤ ਖ਼ਰਚ ਵਿੱਚ ਆਈ ਕਮੀ ਨੂੰ ਜਾਇਜ਼ ਠਹਿਰਾਉਣ ਲਈ ਸਰਕਾਰ ਅਤੇ ਉਸ ਦੇ ਹਮਾਇਤੀ ਇਹ ਦਲੀਲ ਦਿੰਦੇ ਹਨ ਕਿ ਫਰਾਂਸ ਹੁਣ ਹੋਰ ਵੱਧ ਨਿਵੇਸ਼ ਦਾ ਬੋਝ ਨਹੀਂ ਚੁੱਕ ਸਕਦਾ। ਇਸ ਦੇ ਪੱਖ ਵਿੱਚ ਉਹ ਫਰਾਂਸ ਦੀ ਸਰਕਾਰ ਸਿਰ ਵਧੇ ਕਰਜ਼ੇ ਦਾ ਹਵਾਲਾ ਦਿੰਦੇ ਹਨ। ਪਰ ਉਹ ਦੋ ਗੱਲਾਂ ਲੁਕੋ ਜਾਂਦੇ ਹਨ—ਜਨਤਕ ਕਰਜ਼ਾ ਅਸਲ ਵਿੱਚ 1970 ਵਿੱਚ ਕੁੱਲ ਘਰੇਲੂ ਪੈਦਾਵਾਰ ਦੇ 20 ਫ਼ੀਸਦੀ ਤੋਂ ਵਧ ਕੇ ਅੱਜ 120 ਫ਼ੀਸਦੀ ਜ਼ਰੂਰ ਹੋ ਗਿਆ ਹੈ, ਪਰ ਨਾਲ ਹੀ ਨਿੱਜੀ ਸੰਪਤੀ ਵਿੱਚ ਉਸ ਨਾਲੋਂ ਕਿਤੇ ਵੱਧ ਨਾਟਕੀ ਵਾਧਾ ਹੋਇਆ ਹੈ: ਇਹ ਜੀ.ਡੀ.ਪੀ. ਦੇ 300 ਫ਼ੀਸਦੀ ਤੋਂ ਵਧ ਕੇ 600 ਫ਼ੀਸਦੀ ਹੋ ਗਈ ਹੈ, ਜਿਸ ਵਿੱਚ ਸਭ ਤੋਂ ਅਮੀਰ ਲੋਕਾਂ ਦੀਆਂ ਵਿੱਤੀ ਸੰਪਤੀਆਂ ਸਭ ਤੋਂ ਵੱਧ ਵਧੀਆਂ ਹਨ। ਦੂਜੇ ਸ਼ਬਦਾਂ ਵਿੱਚ, ਫਰਾਂਸ ਦੀ ਕੌਮੀ ਜਾਇਦਾਦ, ਭਾਵ ਨਿੱਜੀ ਅਤੇ ਜਨਤਕ ਜਾਇਦਾਦ ਦਾ ਕੁੱਲ ਜੋੜ—ਜਿਸ ਵਿੱਚੋਂ ਨਿੱਜੀ ਅਤੇ ਜਨਤਕ ਕਰਜ਼ੇ ਘਟਾ ਦਿੱਤੇ ਗਏ ਹੋਣ—ਕਦੇ ਵੀ ਓਨੀ ਵੱਧ ਨਹੀਂ ਰਹੀ, ਜਿੰਨੀ ਅੱਜ ਹੈ।

ਭਾਵ ਇਹ ਕਿ ਫਰਾਂਸ ਪਹਿਲਾਂ ਕਦੇ ਇੰਨਾ ਅਮੀਰ ਨਹੀਂ ਰਿਹਾ। ਅਰਥਾਤ ਸਮੱਸਿਆ ਸਿਰਫ਼ ਵੰਡ ਨਾਲ ਸੰਬੰਧਤ ਹੈ। ਪਿਕਟੀ ਅਨੁਸਾਰ 1945 ਵਿੱਚ ਸਥਿਤੀ ਕਿਤੇ ਵੱਧ ਮੁਸ਼ਕਲ ਸੀ, ਜਦੋਂ ਜਨਤਕ ਕਰਜ਼ਾ ਅੱਜ ਦੇ ਮੁਕਾਬਲੇ ਵੀ ਵੱਧ ਸੀ ਅਤੇ ਨਿੱਜੀ ਜਾਇਦਾਦਾਂ ਦੂਜੀ ਆਲਮੀ ਜੰਗ ਕਾਰਨ ਤਬਾਹ ਹੋ ਚੁੱਕੀਆਂ ਸਨ। ਫਿਰ ਵੀ ਉਸ ਵੇਲੇ ਫਰਾਂਸ ਨੇ ਸਭ ਤੋਂ ਧਨਾਢ ਲੋਕਾਂ ਉੱਪਰ ਉੱਚੀ ਦਰ ਨਾਲ ਟੈਕਸ ਲਾਇਆ। ਉਸ ਵੇਲੇ ਕੌਮੀ ਇਕਜੁੱਟਤਾ ਕਰ (ਨੈਸ਼ਨਲ ਸੌਲਿਡੈਰਿਟੀ ਟੈਕਸ) ਲਾਇਆ ਗਿਆ। ਜੇ ਅੱਜ ਉਸ ਨੂੰ ਅਪਣਾਇਆ ਜਾਵੇ, ਤਾਂ ਕਿਤੇ ਵੱਧ ਮਾਲੀਆ ਇਕੱਠਾ ਹੋ ਸਕਦਾ ਹੈ।

ਇਨ੍ਹਾਂ ਵਿਆਖਿਆਵਾਂ ਨੇ ਫਰਾਂਸ ਵਿੱਚ ਚੱਲ ਰਹੇ ਅੰਦੋਲਨ ਦੇ ਕਾਰਨਾਂ ਦੀ ਭਾਲ ਉੱਥੇ ਪਿਛਲੇ ਚਾਰ ਦਹਾਕਿਆਂ ਦੌਰਾਨ ਅਪਣਾਈਆਂ ਗਈਆਂ ਆਰਥਿਕ ਨੀਤੀਆਂ ਵਿੱਚ ਕੀਤੀ ਹੈ। ਪਰ ਦੁਨੀਆ ਭਰ ਦੀਆਂ ਹਾਕਮ ਜਮਾਤਾਂ ਨਹੀਂ ਚਾਹੁੰਦੀਆਂ ਕਿ ਇਹ ਸਮਝ ਦੁਨੀਆ ਵਿੱਚ ਫੈਲੇ। ਇਸ ਲਈ ਤਾਜ਼ਾ ਅੰਦੋਲਨਾਂ ਦੇ ਮਾਮਲੇ ਵਿੱਚ ਵੀ ਉਨ੍ਹਾਂ ਨੇ ਉਹੀ ਤਰੀਕਾ ਅਪਣਾਇਆ, ਜਿਸ ਰਾਹੀਂ ਪਿਛਲੇ ਚਾਰ ਦਹਾਕਿਆਂ ਤੋਂ ਉਨ੍ਹਾਂ ਨੇ ਸਿਆਸੀ ਵਿਚਾਰ-ਚਰਚਾ ਨੂੰ ਆਮ ਲੋਕਾਂ ਦੇ ਅਸਲ ਮੁੱਦਿਆਂ ਉੱਪਰ ਕੇਂਦਰਿਤ ਹੋਣ ਤੋਂ ਰੋਕੀ ਰੱਖਿਆ ਹੈ।

ਅਕਤੂਬਰ ਦੇ ਤੀਜੇ ਹਫ਼ਤੇ 'ਚ ਫਰਾਂਸ ਵਿੱਚ ਤੇਜ਼ੀ ਨਾਲ ਫੈਲੇ ਅੰਦੋਲਨ ਦੌਰਾਨ ਜਦੋਂ ਪੂਰੇ ਮੁਲਕ ਵਿੱਚ ਰੋਸ ਮੁਜ਼ਾਹਰੇ ਅਤੇ ਕੁਝ ਸ਼ਹਿਰਾਂ ਵਿੱਚ ਹਿੰਸਕ ਦੰਗੇ ਹੋਏ, ਤਾਂ ਕੌਮਾਂਤਰੀ ਸੱਜੇਪੱਖੀ ਗਰੁੱਪਾਂ ਨੇ ਇਸ ਦੇ ਮੁਕਾਬਲੇ ਆਪਣੀ ਨਸਲਵਾਦੀ ਕਹਾਣੀ ਘੜ ਲਈ। ਉਨ੍ਹਾਂ ਨੇ ਇਨ੍ਹਾਂ ਮੁਜ਼ਾਹਰਿਆਂ ਨੂੰ ਮੁਸਲਿਮ ਹਮਲਾਵਰਾਂ ਦੀ ਕਰਤੂਤ ਦੱਸਿਆ ਅਤੇ ਕਿਹਾ ਕਿ ਇਸਲਾਮੀ ਜਥੇਬੰਦੀਆਂ ਸੰਗਠਿਤ ਖੱਬੇਪੱਖੀਆਂ ਨਾਲ ਮਿਲ ਕੇ ਮੁਲਕ ਨੂੰ ਅੱਗ ਦੇ ਹਵਾਲੇ ਕਰਨ ਵਿੱਚ ਲੱਗੀਆਂ ਹੋਈਆਂ ਹਨ। ਇਸ ਦੀ ਸ਼ੁਰੂਆਤ ਅਮਰੀਕਾ ਤੋਂ ਹੋਈ ਅਤੇ ਇਸ ਨੂੰ ਪ੍ਰਚਾਰਨ ਵਿੱਚ ਭਾਰਤ ਸਮੇਤ ਤਮਾਮ ਮੁਲਕਾਂ ਦੀਆਂ ਕੱਟੜ ਸੱਜੇਪੱਖੀ, ਫ਼ਿਰਕੂ ਅਤੇ ਨਸਲਵਾਦੀ ਪਾਰਟੀਆਂ, ਆਗੂ ਅਤੇ ਉਨ੍ਹਾਂ ਦੇ ਹਮਾਇਤੀ ਜੁਟ ਗਏ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ—"ਫਰਾਂਸ ਸੜ ਰਿਹਾ ਹੈ! ਬਿਲਕੁਲ ਵੱਖਰੀ ਦੁਨੀਆ ਤੋਂ ਆਏ ਲੋਕਾਂ ਦੇ ਆਵਾਸ ਨੇ, ਅਜਿਹੇ ਲੋਕਾਂ ਦੇ ਆਵਾਸ ਨੇ ਜਿਨ੍ਹਾਂ ਦੇ ਦਿਲਾਂ ਵਿੱਚ ਨਫ਼ਰਤ ਭਰੀ ਹੋਈ ਹੈ, ਉਸ ਮਹਾਨ ਮੁਲਕ ਨੂੰ ਤੋੜ ਕੇ ਰੱਖ ਦਿੱਤਾ ਹੈ। ਹੁਣ ਫਰਾਂਸ ਆਪਣੀਆਂ ਸਰਹੱਦਾਂ ਬੰਦ ਕਰੇ ਅਤੇ ਕੰਟਰੋਲ ਆਪਣੇ ਹੱਥ ਵਿੱਚ ਲਵੇ, ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਵੇ!

ਟਰੰਪ ਪ੍ਰਸ਼ਾਸਨ ਦੇ ਉਪ-ਰਾਸ਼ਟਰਪਤੀ ਜੇਡੀ ਵੇਂਸ ਨੇ ਲਿਖਿਆ—"ਵੰਨ-ਸੁਵੰਨਤਾ ਅਤੇ ਹਮਦਰਦੀ ਦੇ ਨਾਂ 'ਤੇ ਪੱਛਮੀ ਉਦਾਰਵਾਦੀ ਫਰਾਂਸ ਅਤੇ ਹੋਰ ਮੁਲਕਾਂ ਦੇ ਅੰਦਰ ਤੀਜੀ ਦੁਨੀਆ ਨੂੰ ਲੈ ਆਏ ਹਨ।" ਜੇਡੀ ਵੇਂਸ ਨੇ ਲਿਮੋਜ਼ ਟਾਊਨ ਹਾਲ ਦੇ ਘੰਟਾਘਰ ਵਿੱਚ ਲੱਗੀ ਅੱਗ ਦੀ ਵੀਡੀਓ ਉੱਪਰ ਟਿੱਪਣੀ ਕੀਤੀ—"ਮੈਂ ਪ੍ਰਾਰਥਨਾ ਕਰਦਾ ਹਾਂ ਕਿ ਫਰਾਂਸ, ਜੋ ਸ਼ਾਨਦਾਰ ਲੋਕਾਂ ਦਾ ਇਕ ਖ਼ੂਬਸੂਰਤ ਮੁਲਕ ਹੈ, ਹੋਰ ਯਾਦਗਾਰਾਂ ਦੇ ਸੜਨ ਤੋਂ ਪਹਿਲਾਂ ਇਸ ਪਾਗਲਪਣ ਨੂੰ ਰੋਕ ਦੇਵੇ। ਅਤੇ ਮੈਨੂੰ ਉਮੀਦ ਹੈ ਕਿ ਅਮਰੀਕੀ ਲੋਕ ਇਸ ਵੱਲ ਧਿਆਨ ਦੇ ਰਹੇ ਹੋਣਗੇ। ਇਹੀ ਉਹ ਭਵਿੱਖ ਹੈ, ਜੋ ਡੈਮੋਕ੍ਰੈਟਿਕ ਪਾਰਟੀ ਦੇ ਲੋਕ ਤੁਹਾਡੇ ਮੁਲਕ ਲਈ ਚਾਹੁੰਦੇ ਹਨ।

ਇਸ ਤੋਂ ਪਹਿਲਾਂ ਟਰੰਪ ਕਹਿ ਚੁੱਕਾ ਸੀ—"ਫਰਾਂਸ ਵਿੱਚ ਜੋ ਹੋ ਰਿਹਾ ਹੈ, ਉਹ ਬੇਕਾਬੂ ਵੱਡੇ ਪੱਧਰ ਦੇ ਆਵਾਸ ਦੇ ਸਿੱਟੇ ਤੋਂ ਇਲਾਵਾ ਹੋਰ ਕੁਝ ਨਹੀਂ। ਇਹ ਸਕੂਲਾਂ ਦਾ ਮਸਲਾ ਨਹੀਂ ਹੈ, ਇਹ ਇਸਲਾਮ ਵੱਲੋਂ ਕਦੇ ਮਹਾਨ ਰਹੇ ਇਕ ਮੁਲਕ ਉੱਪਰ ਕਬਜ਼ਾ ਕਰਨ ਦੀ ਕੋਸ਼ਿਸ਼ ਦਾ ਮਸਲਾ ਹੈ!" ਟਰੰਪ ਦੇ ਹਮਾਇਤੀ ਕੱਟੜ ਸੱਜੇਪੱਖੀ ਰਿਪਬਲਿਕਨ ਸੈਨੇਟਰ ਟੈੱਡ ਕਰੂਜ਼ ਨੇ ਕਿਹਾ—"ਯੂਰਪ ਨੇ ਆਪਣੀਆਂ ਸਰਹੱਦਾਂ ਖੋਲ੍ਹ ਦਿੱਤੀਆਂ ਅਤੇ ਕੱਟੜਪੰਥੀ ਇਸਲਾਮ ਦਾ ਸਾਹਮਣਾ ਕਰਨ ਵਿੱਚ ਨਾਕਾਮ ਰਿਹਾ। ਏ.ਓ.ਸੀ. (ਅਮਰੀਕਾ ਦੀ ਡੈਮੋਕ੍ਰੈਟ ਆਗੂ ਅਲੈਗਜ਼ੈਂਡਰੀਆ ਓਕਾਸੀਓ ਕੋਰਟੇਜ਼), (ਜ਼ੋਹਰਾਨ) ਮਮਦਾਨੀ, ਅਲ-ਸੱਯਦ ਅਤੇ ਟਾਲਾਰਿਕੋ ਸਾਨੂੰ ਇਸੇ ਦਿਸ਼ਾ ਵੱਲ ਲਿਜਾਣਾ ਚਾਹੁੰਦੇ ਹਨ।

ਭਾਵ, ਫਰਾਂਸ ਦੀਆਂ ਘਟਨਾਵਾਂ ਨੂੰ ਘਰੇਲੂ ਸਿਆਸਤ ਵਿੱਚ ਪਰਵਾਸੀਆਂ ਅਤੇ ਇਸਲਾਮ ਵਿਰੁੱਧ ਨਫ਼ਰਤ ਫੈਲਾ ਕੇ ਸਿਆਸੀ ਲਾਹਾ ਲੈਣ ਲਈ ਵਰਤਿਆ ਗਿਆ। ਭਾਰਤ ਵਿੱਚ ਇਸ ਦੌਰਾਨ ਚੱਲੀਆਂ ਚਰਚਾਵਾਂ ਤੋਂ ਜਾਣੂ ਲੋਕਾਂ ਨੂੰ ਇਹ ਗੱਲ ਆਪਣੇ ਮੁਲਕ ਬਾਰੇ ਵੀ ਓਨੀ ਹੀ ਸੱਚ ਲੱਗੇਗੀ। ਅਮਰੀਕਾ ਅਤੇ ਹੋਰ ਮੁਲਕਾਂ ਵਾਂਗ ਭਾਰਤ ਵਿੱਚ ਵੀ ਭਾਜਪਾ ਅਤੇ ਉਸ ਦੇ ਹਮਾਇਤੀ ਮੀਡੀਆ ਤੰਤਰ ਵਿੱਚ ਲਗਭਗ ਸਾਰੀ ਚਰਚਾ ਇਸਲਾਮ ਅਤੇ ਉਸ ਦੇ ਕਥਿਤ ਹਮਲਾਵਰ ਰੁਖ਼ ਦੇ ਦੁਆਲੇ ਸਮੇਟ ਦਿੱਤੀ ਗਈ। ਭਾਵ, ਟਰੰਪ ਦਾ ਬਿਰਤਾਂਤ ਭਾਰਤ ਵਿੱਚ ਵੀ ਖ਼ੂਬ ਫੈਲਿਆ।

ਪਰ ਇਹ ਕਹਾਣੀ ਅੰਦੋਲਨ ਦੀਆਂ ਅਸਲ ਅਤੇ ਹਰਮਨਪਿਆਰੀਆਂ ਮੰਗਾਂ ਨੂੰ ਪੂਰੀ ਤਰ੍ਹਾਂ ਅਣਡਿੱਠ ਕਰਦੀ ਹੈ। ਦਰਅਸਲ, ਫਰਾਂਸ ਦੇ ਅੰਦੋਲਨਕਾਰੀਆਂ ਦਾ ਮੁੱਖ ਨਿਸ਼ਾਨਾ ਉੱਥੋਂ ਦੇ ਮੌਜੂਦਾ ਰਾਸ਼ਟਰਪਤੀ ਇਮੈਨੂਅਲ ਮੈਕਰੋਨ ਹੈ, ਜੋ ਵਾਜਬ ਵੀ ਹੈ। ਮੈਕਰੋਨ ਆਪਣੇ ਪੂਰੇ ਕਾਰਜਕਾਲ ਦੌਰਾਨ ਅਮਰੀਕਾ ਦੀ ਇਜਾਰੇਦਾਰ ਪੂੰਜੀ ਨਾਲ ਜੁੜੇ ਫਰਾਂਸੀਸੀ ਸਰਮਾਏਦਾਰਾਂ ਦੇ ਹਿੱਤ ਵਿੱਚ ਕੰਮ ਕਰਦੇ ਰਿਹਾ ਹੈ। ਪਰ ਮੈਕਰੋਨ ਨੂੰ ਇਸ ਗੱਲ ਦਾ ਸਿਹਰਾ ਦੇਣਾ ਪਵੇਗਾ ਕਿ ਉਨ੍ਹਾਂ ਨੇ ਇਸ ਅੰਦੋਲਨ ਨੂੰ ਨਸਲਵਾਦੀ ਨਜ਼ਰੀਏ ਤੋਂ ਪੇਸ਼ ਕਰਨ ਦਾ ਸੌਖਾ ਤਰੀਕਾ ਨਹੀਂ ਅਪਣਾਇਆ। ਸਗੋਂ ਟਰੰਪ ਅਤੇ ਹੋਰ ਕੱਟੜ ਸੱਜੇਪੱਖੀ ਤਾਕਤਾਂ ਨੇ ਜੋ ਕਹਾਣੀ ਫੈਲਾਈ, ਉਸ ਨੇ ਉਸ ਦੀ ਆਲੋਚਨਾ ਕੀਤੀ। ਮੈਕਰੋਨ ਨੇ ਕਿਹਾ—"ਬਦੇਸ਼ੀ ਆਗੂ ਫਰਾਂਸ ਵਿੱਚ ਹੋਏ ਦੰਗਿਆਂ ਬਾਰੇ ਝੂਠੀ ਜਾਣਕਾਰੀ ਸਾਂਝੀ ਕਰਕੇ ਫਰਾਂਸ ਦੀਆਂ ਘਟਨਾਵਾਂ ਨੂੰ ਆਪਣੀ ਚੋਣ ਮੁਹਿੰਮ ਲਈ ਵਰਤ ਰਹੇ ਹਨ। ਕੁਝ ਲੋਕ ਫਰਾਂਸ ਦਾ ਅਜਿਹਾ ਗ਼ਲਤ ਅਕਸ ਫੈਲਾ ਰਹੇ ਹਨ, ਜਿਵੇਂ ਉਸ ਉੱਪਰ ਪਰਵਾਸੀਆਂ ਅਤੇ ਇਸਲਾਮੀ ਤਾਕਤਾਂ ਨੇ ਕਬਜ਼ਾ ਕਰ ਲਿਆ ਹੋਵੇ।

ਹਕੀਕਤ ਇਹੀ ਹੈ ਕਿ ਫਰਾਂਸ ਵਿੱਚ ਤੇਜ਼ੀ ਨਾਲ ਵਧਦੇ ਗੁਜ਼ਾਰੇ ਦੇ ਖ਼ਰਚੇ, ਪੜ੍ਹਾਈ ਪ੍ਰਬੰਧ ਦਾ ਡਿੱਗਦਾ ਮਿਆਰ ਅਤੇ ਸਤੰਬਰ ਵਿੱਚ ਸ਼ੁਰੂ ਹੋਏ ਹਾਈ ਸਕੂਲ ਦੇ ਵਿਦਿਆਰਥੀਆਂ ਦੇ ਅੰਦੋਲਨ ਉੱਪਰ ਪੁਲਿਸ ਦੀਆਂ ਹਿੰਸਕ ਕਾਰਵਾਈਆਂ ਉੱਥੇ ਭੜਕੇ ਰੋਹ ਦੇ ਮੁੱਖ ਕਾਰਨ ਹਨ। ਪਰ ਕੱਟੜ ਸੱਜੇਪੱਖੀ ਬਿਰਤਾਂਤਾਂ ਵਿੱਚ ਇਨ੍ਹਾਂ ਮੁੱਦਿਆਂ ਦਾ ਕੋਈ ਜ਼ਿਕਰ ਨਹੀਂ ਹੁੰਦਾ। ਸਗੋਂ ਕਿਹਾ ਜਾ ਸਕਦਾ ਹੈ ਕਿ ਇਕ ਗ਼ਲਤ ਅਤੇ ਹਕੀਕਤ ਤੋਂ ਦੂਰ ਬਿਰਤਾਂਤ ਰਾਹੀਂ ਆਮ ਲੋਕਾਂ ਦੇ ਵਾਜਬ ਅਤੇ ਵਿਸਫੋਟਕ ਰੋਹ ਨੂੰ ਜਾਣ-ਬੁੱਝ ਕੇ ਲੁਕਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਪਰ ਇਸ ਨਾਲ ਇਹ ਹਕੀਕਤ ਨਹੀਂ ਲੁਕ ਸਕਦੀ ਕਿ—ਸਿਰਫ਼ ਪਿਛਲੇ ਦੋ ਮਹੀਨਿਆਂ ਉੱਪਰ ਹੀ ਗ਼ੌਰ ਕਰੀਏ ਤਾਂ ਵੀ—ਅਜਿਹੇ ਮੁਲਕਾਂ ਦੀ ਗਿਣਤੀ ਲਗਾਤਾਰ ਵਧਦੀ ਗਈ ਹੈ, ਜਿਨ੍ਹਾਂ ਦੀਆਂ ਸੜਕਾਂ ਉੱਪਰ ਲੋਕਾਂ, ਖ਼ਾਸ ਕਰਕੇ ਨੌਜਵਾਨਾਂ ਦਾ ਰੋਹ ਉਬਲਦਾ ਨਜ਼ਰ ਆਇਆ ਹੈ।

ਉਂਝ ਉਨ੍ਹਾਂ ਮੁਲਕਾਂ ਵਿੱਚ ਭਾਰਤ ਵੀ ਸ਼ਾਮਲ ਹੈ, ਪਰ ਇੱਥੇ ਕਾਕਰੋਚ ਅਤੇ ਹੋਰ ਅੰਦੋਲਨਾਂ ਦਾ ਓਨਾ ਪਸਾਰ ਨਹੀਂ ਹੋਇਆ ਅਤੇ ਨਾ ਹੀ ਉਨ੍ਹਾਂ ਵਿੱਚ ਓਨਾ ਤਿੱਖਾਪਣ ਦਿਖਾਈ ਦਿੱਤਾ ਹੈ, ਜਿੰਨਾ ਇਸ ਵੇਲੇ ਫਰਾਂਸ ਸਮੇਤ ਕਈ ਮੁਲਕਾਂ ਵਿੱਚ ਦਿਖਾਈ ਦੇ ਰਿਹਾ ਹੈ। ਹੋਰ ਮੁਲਕਾਂ ਵਿੱਚ ਸ਼ਾਮਲ ਹਨ:

ਸਪੇਨ, ਜਿੱਥੇ ਰਿਹਾਇਸ਼ ਦੇ ਸੰਕਟ ਵਿਰੁੱਧ ਨੌਜਵਾਨਾਂ ਅਤੇ ਕਿਰਾਏਦਾਰਾਂ ਦੀਆਂ ਜਥੇਬੰਦੀਆਂ ਨੇ ਵੱਡੇ ਮੁਜ਼ਾਹਰਿਆਂ ਦੀ ਅਗਵਾਈ ਕੀਤੀ। ਇਸ ਨਾਲ ਵਧੇ ਸੰਕਟ ਦੌਰਾਨ ਪ੍ਰਧਾਨ ਮੰਤਰੀ ਪੇਦਰੋ ਸਾਂਚੇਜ਼ ਨੂੰ ਮੱਧਕਾਲੀ ਚੋਣਾਂ ਕਰਾਉਣ ਦਾ ਫ਼ੈਸਲਾ ਲੈਣਾ ਪਿਆ, ਜਿਨ੍ਹਾਂ ਲਈ 29 ਨਵੰਬਰ ਨੂੰ ਵੋਟਾਂ ਪੈਣਗੀਆਂ।

ਪੁਰਤਗਾਲ, ਜਿੱਥੇ ਨੌਜਵਾਨਾਂ ਅਤੇ ਕਿਰਤੀ ਗਰੁੱਪਾਂ ਨੇ ਰਿਹਾਇਸ਼ ਦੇ ਸੰਕਟ ਅਤੇ ਗੁਜ਼ਾਰੇ ਦੇ ਵਧਦੇ ਖ਼ਰਚਿਆਂ ਵਿਰੁੱਧ ਜ਼ੋਰਦਾਰ ਮੁਜ਼ਾਹਰੇ ਕੀਤੇ ਹਨ। ਅਲਬਾਨੀਆ, ਜਿੱਥੇ ਨੌਜਵਾਨਾਂ ਦੇ ਮੁਜ਼ਾਹਰਿਆਂ ਅਤੇ ਵਿਦਿਆਰਥੀਆਂ ਦੀ ਹਮਾਇਤ ਵਾਲੇ ਵਿਰੋਧ ਪ੍ਰਦਰਸ਼ਨਾਂ ਨੇ ਭ੍ਰਿਸ਼ਟਾਚਾਰ, ਸ਼ਾਸਨ ਪ੍ਰਬੰਧ ਅਤੇ ਵਾਤਾਵਰਨ ਨਾਲ ਸੰਬੰਧਤ ਮੁੱਦਿਆਂ ਉੱਪਰ ਤਿੱਖਾ ਰੂਪ ਧਾਰ ਲਿਆ।

ਗ੍ਰੀਸ ਅਤੇ ਇਟਲੀ ਵਿੱਚ ਵੀ ਮਹਿੰਗਾਈ ਅਤੇ ਊਰਜਾ ਸੰਕਟ ਨੂੰ ਲੈ ਕੇ ਨੌਜਵਾਨਾਂ ਦੀ ਵੱਡੀ ਸ਼ਮੂਲੀਅਤ ਵਾਲੇ ਅੰਦੋਲਨ ਚੱਲ ਰਹੇ ਹਨ।

ਸਰਬੀਆ, ਜਿੱਥੇ 2024 ਵਿੱਚ ਇਕ ਰੇਲ ਹਾਦਸੇ ਤੋਂ ਬਾਅਦ ਸ਼ੁਰੂ ਹੋਇਆ ਵਿਦਿਆਰਥੀ ਅੰਦੋਲਨ 2026 ਵਿੱਚ ਵੀ ਜਾਰੀ ਹੈ। ਵਿਦਿਆਰਥੀਆਂ ਨੇ ਭ੍ਰਿਸ਼ਟਾਚਾਰ ਵਿਰੁੱਧ ਕਾਰਵਾਈ, ਜਵਾਬਦੇਹੀ ਅਤੇ ਛੇਤੀ ਚੋਣਾਂ ਦੀ ਮੰਗ ਕੀਤੀ ਹੈ।

ਜਾਪਾਨ ਵਿੱਚ ਅਮਰੀਕੀ ਫ਼ੌਜੀ ਅੱਡਿਆਂ ਦਾ ਵਿਰੋਧ ਇਕ ਅਹਿਮ ਸਿਆਸੀ ਅਤੇ ਸਮਾਜਿਕ ਮੁੱਦਾ ਬਣਿਆ ਹੋਇਆ ਹੈ। ਇਸ ਦੇ ਨਾਲ ਹੀ ਗੁਜ਼ਾਰੇ ਦੇ ਵਧਦੇ ਖ਼ਰਚਿਆਂ, ਤਨਖ਼ਾਹਾਂ ਵਿੱਚ ਵਾਧਾ ਨਾ ਹੋਣ, ਆਰਜ਼ੀ ਰੁਜ਼ਗਾਰ, ਸਮਾਜਿਕ ਨਾਬਰਾਬਰੀ ਅਤੇ ਸਿਆਸੀ ਜਵਾਬਦੇਹੀ ਦੀ ਮੰਗ ਨੂੰ ਲੈ ਕੇ ਵਿਸ਼ਾਲ ਰੋਸ ਮੁਜ਼ਾਹਰੇ ਹੋਏ ਹਨ।

ਇੰਡੋਨੇਸ਼ੀਆ ਵਿੱਚ ਵਿਦਿਆਰਥੀਆਂ ਅਤੇ ਨੌਜਵਾਨਾਂ ਨੇ ਸਰਕਾਰ ਦੀਆਂ ਆਰਥਿਕ ਨੀਤੀਆਂ, ਬਜਟ ਦੀਆਂ ਤਰਜੀਹਾਂ, ਭ੍ਰਿਸ਼ਟਾਚਾਰ ਅਤੇ ਜਮਹੂਰੀ ਸੰਸਥਾਵਾਂ ਦੀ ਖ਼ੁਦਮੁਖ਼ਤਿਆਰੀ ਨਾਲ ਜੁੜੇ ਮੁੱਦਿਆਂ ਉੱਪਰ ਮੁਜ਼ਾਹਰੇ ਕੀਤੇ ਹਨ। ਨੌਜਵਾਨਾਂ ਦੀ ਮੁੱਖ ਸ਼ਿਕਾਇਤ ਹੈ ਕਿ ਉੱਚੀ ਆਰਥਿਕ ਵਿਕਾਸ ਦਰ ਦੇ ਬਾਵਜੂਦ ਰੁਜ਼ਗਾਰ, ਪੜ੍ਹਾਈ ਅਤੇ ਸਮਾਜਿਕ ਸੁਰੱਖਿਆ ਦੇ ਸਵਾਲਾਂ ਨੂੰ ਲੋੜੀਂਦੇ ਢੰਗ ਨਾਲ ਹੱਲ ਨਹੀਂ ਕੀਤਾ ਜਾ ਰਿਹਾ।

ਇਸ ਸੰਕਟ ਨੇ ਖ਼ਾਸ ਕਰਕੇ ਯੂਰਪੀ ਮੁਲਕਾਂ ਦੀ ਜਮਹੂਰੀਅਤ ਪ੍ਰਤੀ ਵਚਨਬੱਧਤਾ ਦੀ ਹਕੀਕਤ ਨੂੰ ਵੀ ਬੇਪਰਦ ਕਰ ਦਿੱਤਾ ਹੈ। ਇਸ ਦੀ ਸਭ ਤੋਂ ਨਿਰਾਲੀ ਮਿਸਾਲ ਫਰਾਂਸ ਹੀ ਹੈ। ਗ਼ੌਰ ਕਰੋ, ਉੱਥੇ ਲੋਕ ਮੁਜ਼ਾਹਰਿਆਂ ਨਾਲ ਨਜਿੱਠਣ ਲਈ ਕੀ ਕਦਮ ਚੁੱਕੇ ਗਏ:

- ਸੱਤਾਧਾਰੀ ਆਗੂਆਂ ਨੇ ਮੁਲਕ ਦੀ ਮੁੱਖ ਵਿਰੋਧੀ ਪਾਰਟੀ (LFI) ਨੂੰ ਭੰਗ ਕਰਨ ਦੀ ਮੰਗ ਕੀਤੀ।
- ਮੁਲਕ ਦੇ ਅੰਦਰ ਪੁਲਿਸ ਦੀਆਂ ਨਿਗਰਾਨੀ ਮੁਹਿੰਮਾਂ ਲਈ ਫ਼ੌਜ ਤਾਇਨਾਤ ਕੀਤੀ ਗਈ।
- ਮੁਲਕ ਦੇ ਪ੍ਰਮੁੱਖ ਸ਼ਹਿਰਾਂ ਵਿੱਚ ਕਰਫ਼ਿਊ ਲਾਏ ਗਏ।
- ਸਰਕਾਰ ਦੀ ਹਮਾਇਤ ਕਰਨ ਵਾਲੇ ਇਕ ਸੰਸਦ ਮੈਂਬਰ ਦੀ ਗੱਲ ਦਾ ਖੰਡਨ ਕਰਨ 'ਤੇ ਇਕ ਟੈਲੀਵਿਜ਼ਨ ਟਿੱਪਣੀਕਾਰ ਨੂੰ ਮੁਅੱਤਲ ਕਰ ਦਿੱਤਾ ਗਿਆ।
- ਸਰਕਾਰ ਨੇ ਮੁੱਖ ਵਿਰੋਧੀ ਪਾਰਟੀ ਸਿਰ ਅਪਰਾਧਿਕ ਜ਼ਿੰਮੇਵਾਰੀ ਮੜ੍ਹਨ ਦੀ ਕੋਸ਼ਿਸ਼ ਕੀਤੀ। ਇਸ ਲਈ ਖ਼ੁਫ਼ੀਆ ਏਜੰਸੀਆਂ ਦੀ ਵਰਤੋਂ ਕੀਤੀ ਗਈ।
- ਪੁਲਿਸ ਨੇ ਇਕ ਰੇਲਵੇ ਸਟੇਸ਼ਨ ਉੱਪਰ ਮੁੱਖ ਵਿਰੋਧੀ ਪਾਰਟੀ ਦੇ ਇਕ ਸੰਸਦ ਮੈਂਬਰ ਨੂੰ ਹਿਰਾਸਤ ਵਿੱਚ ਲੈਣ ਦੀ ਕੋਸ਼ਿਸ਼ ਕੀਤੀ।
- ਫ਼ਲਸਤੀਨ ਦੇ ਹਮਾਇਤੀਆਂ ਨੂੰ ਸੋਸ਼ਲ ਮੀਡੀਆ ਉੱਪਰ ਕੀਤੀਆਂ ਟਿੱਪਣੀਆਂ ਲਈ ਨਿਸ਼ਾਨਾ ਬਣਾਇਆ ਗਿਆ ਅਤੇ ਉਨ੍ਹਾਂ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ ਗਈ।

ਸਪਸ਼ਟ ਹੈ ਕਿ ਅੰਦੋਲਨਾਂ ਦੇ ਇਸ ਦੌਰ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਨਵ-ਉਦਾਰਵਾਦੀ ਨੀਤੀਆਂ ਨੇ ਇੱਥੋਂ ਤੱਕ ਕਿ ਸਭ ਤੋਂ ਧਨਾਢ ਸਮਾਜਾਂ ਨੂੰ ਵੀ ਅੰਦਰੋਂ ਖੋਖਲਾ ਕਰ ਦਿੱਤਾ ਹੈ। ਇਸ ਦੌਰ ਵਿੱਚ ਸਰਕਾਰਾਂ ਨੇ ਲੋਕ ਭਲਾਈ ਉੱਪਰ ਖ਼ਰਚ ਘਟਾਉਣ ਦੀਆਂ ਨੀਤੀਆਂ ਅਪਣਾਈਆਂ ਅਤੇ ਵੱਧ ਤੋਂ ਵੱਧ ਧਨ ਪਹਿਲਾਂ ਹੀ ਧਨਾਢ ਤਬਕਿਆਂ ਦੇ ਹੱਥਾਂ ਵਿੱਚ ਪਹੁੰਚਾਉਣ ਦਾ ਰਾਹ ਪੱਧਰਾ ਕੀਤਾ। ਨਵਾਂ ਪੈਦਾ ਹੋਇਆ ਧਨ ਕੁਝ ਹੱਥਾਂ ਤੱਕ ਸੀਮਤ ਹੋ ਗਿਆ, ਜਿਸ ਨਾਲ ਨਾਬਰਾਬਰੀ ਵਧੀ। ਦੂਜੇ ਪਾਸੇ ਪੜ੍ਹਾਈ, ਸਿਹਤ

ਅਤੇ ਬੁਨਿਆਦੀ ਢਾਂਚੇ ਨਾਲ ਸੰਬੰਧਤ ਖ਼ਰਚਿਆਂ ਵਿੱਚ ਕਟੌਤੀਆਂ ਕਾਰਨ ਆਮ ਲੋਕਾਂ ਦਾ ਜੀਵਨ ਪੱਧਰ ਡਿੱਗਣ ਦਾ ਰੁਝਾਨ ਹੋਰ ਵਧਿਆ। ਹਥਿਆਰ ਸਨਅਤ ਦੇ ਦਬਾਅ ਹੇਠ ਹਾਕਮ ਤਬਕਿਆਂ ਨੇ ਜੰਗੀ ਜਨੂੰਨ ਵਾਲੀਆਂ ਨੀਤੀਆਂ ਅਪਣਾਈਆਂ, ਪਰ ਜੰਗਾਂ ਦੇ ਸਿੱਟੇ ਊਰਜਾ ਸੰਕਟ ਅਤੇ ਤੇਜ਼ੀ ਨਾਲ ਵਧੀ ਮਹਿੰਗਾਈ ਦੇ ਰੂਪ ਵਿੱਚ ਸਾਹਮਣੇ ਆਏ ਹਨ। ਉਨ੍ਹਾਂ ਦਾ ਨਤੀਜਾ ਸੜਕਾਂ ਉੱਪਰ ਦਿਖਾਈ ਦੇ ਰਿਹਾ ਹੈ!

ਖ਼ੈਰ, ਇਹ ਸਵਾਲ ਬਣਿਆ ਹੋਇਆ ਹੈ ਕਿ ਕੀ ਇਨ੍ਹਾਂ ਅੰਦੋਲਨਾਂ ਨਾਲ ਅਸਲ ਤਸਵੀਰ ਬਦਲੇਗੀ? ਜਾਂ ਇਹ ਅੰਦੋਲਨ ਲੋਕਾਂ ਦੇ ਰੋਹ ਦੇ ਪਲ ਭਰ ਦੇ ਪ੍ਰਗਟਾਵੇ ਦਾ ਮੌਕਾ ਬਣ ਕੇ ਰਹਿ ਜਾਣਗੇ? ਫ਼ਿਲਹਾਲ ਸਥਿਤੀ ਇਹ ਹੈ ਕਿ ਫਰਾਂਸ ਤੋਂ ਇਲਾਵਾ ਅੰਦੋਲਨਾਂ ਵਾਲੇ ਕਿਸੇ ਹੋਰ ਮੁਲਕ ਵਿੱਚ ਅਜਿਹਾ ਸਿਆਸੀ ਗਰੁੱਪ ਮਜ਼ਬੂਤ ਹਾਲਤ ਵਿੱਚ ਨਹੀਂ ਹੈ, ਜੋ ਨਵੀਆਂ ਬਣ ਰਹੀਆਂ ਹਾਲਤਾਂ ਨੂੰ ਟਿਕਾਊ ਤਬਦੀਲੀ ਵਿੱਚ ਬਦਲ ਸਕਣ ਦੇ ਸਮਰੱਥ ਹੋਵੇ। ਫਰਾਂਸ ਵਿੱਚ ਵੀ ਬਦਲ ਵਜੋਂ ਮੇਲਾਂਸ਼ੋਂ ਹੀ ਹਨ, ਪਰ ਫਰਾਂਸ ਦੀ ਪੂਰੀ ਹਾਕਮ ਜਮਾਤ ਉਨ੍ਹਾਂ ਦੇ ਵਿਰੁੱਧ ਲਾਮਬੰਦ ਹੋ ਗਈ ਹੈ। ਤਮਾਮ ਸੰਕੇਤ ਹਨ ਕਿ ਉਸ ਨੇ ਕੱਟੜ ਸੱਜੇਪੱਖੀ ਆਗੂ ਮੇਰੀ ਲਾ ਪੇਨ ਉੱਪਰ ਆਪਣਾ ਦਾਅ ਲਾ ਦਿੱਤਾ ਹੈ। ਇਸ ਲਈ ਅਗਲੇ ਸਾਲ ਹੋਣ ਵਾਲੀ ਰਾਸ਼ਟਰਪਤੀ ਦੀ ਚੋਣ ਵਿੱਚ ਮੇਲਾਂਸ਼ੋਂ ਦਾ ਰਾਹ ਸੌਖਾ ਨਹੀਂ ਹੋਵੇਗਾ।

ਖ਼ੈਰ, ਮੇਲਾਂਸ਼ੋਂ ਦੀ ਆਪਣੀ ਸਮਝ ਉੱਪਰ ਵੀ ਗ਼ੌਰ ਕਰਨਾ ਉਚਿਤ ਹੋਵੇਗਾ। ਇਕ ਹਾਲੀਆ ਇੰਟਰਵਿਊ ਵਿੱਚ ਹੋਈ ਗੱਲਬਾਤ ਵੱਲ ਧਿਆਨ ਦਿਓ:

ਸਵਾਲ: ਤੁਹਾਡੇ ਲਈ ਇਨਕਲਾਬ ਦਾ ਕੀ ਅਰਥ ਹੈ? ਕੀ ਜੋ ਕੁਝ ਅਸੀਂ ਹੁਣ ਦੇਖ ਰਹੇ ਹਾਂ, ਉਹ ਇਨਕਲਾਬ ਹੈ ਜਾਂ ਨਹੀਂ?

ਮੇਲਾਂਸ਼ੋਂ: ਨਹੀਂ। ਇਹ ਸਾਨੂੰ ਉਨ੍ਹਾਂ ਬਹਿਸਾਂ ਵੱਲ ਲੈ ਜਾਂਦਾ ਹੈ, ਜੋ ਖੱਬੀ ਧਿਰ ਵਿੱਚ ਦਹਾਕਿਆਂ ਤੋਂ ਚੱਲਦੀਆਂ ਆ ਰਹੀਆਂ ਹਨ। ਮੇਰਾ ਮੰਨਣਾ ਹੈ ਕਿ ਇਹ ਅਜਿਹਾ ਅਮਲ ਹੈ, ਜੋ ਸਮੇਂ ਨਾਲ ਅੱਗੇ ਵਧਦਾ ਹੈ, ਜਿਸ ਵਿੱਚ ਇਕ ਪ੍ਰਬੰਧ ਦੀ ਥਾਂ ਦੂਜਾ ਪ੍ਰਬੰਧ ਲੈ ਲੈਂਦਾ ਹੈ। ਸਾਰਾ ਹੁਨਰ ਉਸ ਤਬਦੀਲੀ ਦੇ ਦੌਰ ਨੂੰ ਸੰਭਾਲਣ ਵਿੱਚ ਹੈ। ਕੁਝ ਲੋਕ ਤਾਕਤ ਦੀ ਵਰਤੋਂ ਕਰਕੇ ਮਾਮਲੇ ਸੁਲਝਾਉਣਾ ਚਾਹੁੰਦੇ ਹਨ। ਮੇਰੀ ਸੋਚ ਇਹ ਨਹੀਂ ਹੈ। ਮੈਂ ਚੋਣਾਂ ਵਿੱਚ ਵਿਸ਼ਵਾਸ ਰੱਖਦਾ ਹਾਂ, ਮੈਂ ਸੰਵਾਦ ਵਿੱਚ ਵਿਸ਼ਵਾਸ ਰੱਖਦਾ ਹਾਂ, ਮੈਂ ਵੋਟਾਂ ਪਾਉਣ ਵਿੱਚ ਵਿਸ਼ਵਾਸ ਰੱਖਦਾ ਹਾਂ। ਇਕ ਬਹੁਮਤ ਹੁੰਦਾ ਹੈ, ਇਕ ਘੱਟਗਿਣਤੀ ਹੁੰਦੀ ਹੈ। ਇਹ ਪ੍ਰਬੰਧ ਇਸੇ ਤਰ੍ਹਾਂ ਕੰਮ ਕਰਦਾ ਹੈ। ਕੁਝ ਹੋਰ ਲੋਕਾਂ ਦਾ ਮੰਨਣਾ ਹੈ ਕਿ ਸਿੱਧੀ ਕਾਰਵਾਈ ਨਾਲ ਤਬਦੀਲੀ ਸੰਭਵ ਹੁੰਦੀ ਹੈ। ਇਸ ਰੂਪ ਵਿੱਚ ਇਹ ਬਹਿਸ ਅੱਜ ਵੀ ਜਾਰੀ ਹੈ। ਅਤੇ ਇੱਥੇ ਮੈਂ ਤੁਹਾਡੇ ਸਾਹਮਣੇ ਬੈਠਾ ਹਾਂ ਅਤੇ ਮੈਨੂੰ ਉਨ੍ਹਾਂ ਕਾਰਵਾਈਆਂ ਅਤੇ ਵਿਹਾਰਾਂ (ਲੋਕ ਮੁਜ਼ਾਹਰਿਆਂ ਦੌਰਾਨ ਹੋਈ ਹਿੰਸਾ ਅਤੇ ਭੰਨਤੋੜ) ਲਈ ਜਵਾਬ ਦੇਣਾ ਪੈ ਰਿਹਾ ਹੈ, ਜਿਨ੍ਹਾਂ ਦੀ ਮੈਂ ਕਦੇ ਹਮਾਇਤ ਨਹੀਂ ਕੀਤੀ ਅਤੇ ਜਿਨ੍ਹਾਂ ਨੂੰ ਮੈਂ ਅੱਜ ਵੀ ਸਵੀਕਾਰ ਨਹੀਂ ਕਰਦਾ।

ਜ਼ਾਹਿਰ ਹੈ, ਮੇਲਾਂਸ਼ੋਂ ਵੀ ਇਸੇ ਪ੍ਰਬੰਧ ਦੇ ਅੰਦਰਲੇ ਆਗੂ ਹਨ। ਫਰਾਂਸ ਵਿੱਚ ਇਕ ਅਜਿਹੇ ਹੀ ਆਗੂ ਫਰਾਂਸਵਾ ਮਿੱਤਰਾਂ ਸਨ, ਜਿਨ੍ਹਾਂ ਨੂੰ ਕਮਿਊਨਿਸਟ ਕਿਹਾ ਜਾਂਦਾ ਸੀ। ਉਹ ਰਾਸ਼ਟਰਪਤੀ ਚੁਣੇ ਗਏ, ਪਰ ਉਸ ਤੋਂ ਬਾਅਦ ਪ੍ਰਬੰਧ ਨੇ ਉਨ੍ਹਾਂ ਨੂੰ ਅਜਿਹਾ ਘੇਰਿਆ ਕਿ ਦੋ ਸਾਲਾਂ ਦੇ ਅੰਦਰ ਉਨ੍ਹਾਂ ਦੇ ਸਾਰੇ ਇਨਕਲਾਬੀ

ਤੇਵਰ ਹਵਾ ਹੋ ਗਏ। ਮੇਲਾਂਸ਼ੋਂ ਦਾ ਭਵਿੱਖ ਵੀ—ਜੇ ਉਹ ਜਿੱਤ ਗਏ ਤਾਂ ਵੀ—ਉਸ ਨਾਲੋਂ ਕੁਝ ਵੱਖਰਾ ਨਹੀਂ ਹੋਵੇਗਾ।

ਪਰ ਇਸ ਨਾਲ ਫਰਾਂਸ ਸਮੇਤ ਤਮਾਮ ਮੁਲਕਾਂ ਦੇ ਤਾਜ਼ਾ ਰੋਸ ਮੁਜ਼ਾਹਰਿਆਂ ਦੀ ਅਹਿਮੀਅਤ ਘੱਟ ਨਹੀਂ ਹੁੰਦੀ। ਇਸ ਘਟਨਾਕ੍ਰਮ ਨੇ ਇਹ ਜ਼ਰੂਰ ਜ਼ਾਹਿਰ ਕੀਤਾ ਹੈ ਕਿ ਸਰਮਾਏਦਾਰੀ ਦੇ ਨਵ-ਉਦਾਰਵਾਦੀ ਰੂਪ ਨੇ ਲੋਕਾਂ ਵਿਚਕਾਰ ਅਜਿਹੀਆਂ ਵੰਡੀਆਂ ਪਾ ਦਿੱਤੀਆਂ ਹਨ, ਜਿਨ੍ਹਾਂ ਦੇ ਸਿੱਟਿਆਂ ਤੋਂ ਹੁਣ ਇਹ ਪ੍ਰਬੰਧ ਬਚ ਨਹੀਂ ਸਕਦਾ। ਫ਼ਿਲਹਾਲ ਇਹ ਸਿੱਟੇ ਉਥਲ-ਪੁਥਲ ਦੇ ਰੂਪ ਵਿੱਚ ਸਾਹਮਣੇ ਆ ਰਹੇ ਹਨ, ਪਰ ਅਜਿਹੇ ਹੀ ਹਾਲਾਤ ਵਿੱਚੋਂ ਕੁਝ ਨਵਾਂ ਬਣਨ ਦੀਆਂ ਸੰਭਾਵਨਾਵਾਂ ਵੀ ਪੈਦਾ ਹੁੰਦੀਆਂ ਹਨ। ਇਸ ਲਈ ਮੌਜੂਦਾ ਘਟਨਾਕ੍ਰਮ ਨੂੰ ਸੰਭਾਵਨਾਵਾਂ ਦੇ ਇਕ ਸਰੋਤ ਵਜੋਂ ਦੇਖਣਾ ਫ਼ਿਲਹਾਲ ਇਕ ਉਚਿਤ ਨਜ਼ਰੀਆ ਹੋਵੇਗਾ।

(ਸਤੇਂਦਰ ਰੰਜਨ ਸੀਨੀਅਰ ਪੱਤਰਕਾਰ ਹਨ।)

ਯੂਏਪੀਏ ਵਿੱਚ ਫ਼ੌਰੀ ਸੁਧਾਰ ਕਿਉਂ ਜ਼ਰੂਰੀ ਹਨ

ਗੌਤਮ ਭਾਟੀਆ
ਪੇਸ਼: ਬੂਟਾ ਸਿੰਘ ਮਹਿਮੂਦਪੁਰ

ਯੂਏਪੀਏ ਦੀਆਂ ਅਸਪੱਸ਼ਟ ਧਾਰਾਵਾਂ, ਜ਼ਮਾਨਤ ਦੀਆਂ ਸਖ਼ਤ ਸ਼ਰਤਾਂ ਅਤੇ ਅਦਾਲਤਾਂ ਦੀਆਂ ਕੁਜੋੜਤਾ ਵਾਲੀਆਂ ਵਿਆਖਿਆਵਾਂ ਨੇ ਕਾਰਕੁਨਾਂ, ਵਿਦਵਾਨਾਂ ਅਤੇ ਪੱਤਰਕਾਰਾਂ ਨੂੰ ਬਿਨਾਂ ਮੁਕੱਦਮਾ ਚਲਾਏ ਲੰਮੇ ਸਮੇਂ ਤੱਕ ਜੇਲ੍ਹ ਵਿੱਚ ਰੱਖਣਾ ਸੰਭਵ ਬਣਾਇਆ ਹੈ। ਪ੍ਰੋਫੈਸਰ ਜੀ.ਐੱਨ. ਸਾਈਬਾਬਾ ਦਾ ਤਜਰਬਾ ਉਸ ਕਾਨੂੰਨੀ ਵਿਵਸਥਾ ਵਿੱਚ ਫ਼ੌਰੀ ਸੁਧਾਰ ਦੀ ਲੋੜ ਨੂੰ ਦਰਸਾਉਂਦਾ ਹੈ, ਜੋ ਨਾਗਰਿਕ ਆਜ਼ਾਦੀਆਂ, ਕਾਨੂੰਨ ਦੀ ਬਣਦੀ ਪ੍ਰਕਿਰਿਆ ਅਤੇ ਕਾਨੂੰਨ ਦੇ ਰਾਜ ਨੂੰ ਕਮਜ਼ੋਰ ਕਰਦੀ ਹੈ।

12 ਅਕਤੂਬਰ ਨੂੰ ਪ੍ਰੋਫੈਸਰ ਜੀ.ਐੱਨ. ਸਾਈਬਾਬਾ ਦੀ ਦੂਜੀ ਬਰਸੀ ਸੀ। ਪ੍ਰੋਫੈਸਰ ਸਾਈਬਾਬਾ ਦਿੱਲੀ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਸਨ ਅਤੇ 90 ਫ਼ੀਸਦੀ ਸਰੀਰਕ ਅਪੰਗਤਾ ਨਾਲ ਜੀਅ ਰਹੇ ਸਨ। ਉਨ੍ਹਾਂ ਨੂੰ ਮਾਓਵਾਦੀਆਂ ਨਾਲ ਸੰਬੰਧਤ ਹੋਣ ਦੇ ਦੋਸ਼ ਲਗਾ ਕੇ 2014 'ਚ ਗ਼ੈਰਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ (ਯੂਏਪੀਏ) ਦੇ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ। ਜ਼ਮਾਨਤ ਨਾ ਮਿਲਣ ਕਾਰਨ ਉਹ ਜੇਲ੍ਹ ਵਿੱਚ ਰਹੇ, ਜਦੋਂ ਤੱਕ 2017 ਵਿੱਚ ਹੇਠਲੀ ਅਦਾਲਤ ਨੇ ਉਨ੍ਹਾਂ ਨੂੰ ਦੋਸ਼ੀ ਕਰਾਰ ਦੇ ਕੇ ਉਮਰ ਕੈਦ ਦੀ ਸਜ਼ਾ ਨਹੀਂ ਸੁਣਾ ਦਿੱਤੀ। ਉਸ ਵੇਲੇ ਇਸ ਲੇਖਕ ਨੇ ਉਸ ਫ਼ੈਸਲੇ ਦੀ ਆਲੋਚਨਾ ਕਰਦਿਆਂ ਕਿਹਾ ਸੀ ਕਿ ਇਹ ਫ਼ੈਸਲਾ ਪੂਰੀ ਤਰ੍ਹਾਂ ਕਿਸੇ ਨਾਲ ਸੰਬੰਧਤ ਹੋਣ ਨੂੰ ਹੀ ਦੋਸ਼ ਦਾ ਆਧਾਰ ਮੰਨਣ ਅਤੇ ਇਸ਼ਾਰਿਆਂ ਰਾਹੀਂ ਦੋਸ਼ ਮੜ੍ਹਨ ਉੱਤੇ ਟਿਕਿਆ ਹੋਇਆ ਹੈ।

ਆਖ਼ਿਰਕਾਰ 2024 'ਚ ਉਨ੍ਹਾਂ ਸਾਰਿਆਂ ਦੀ ਬੇਗੁਨਾਹੀ ਸਾਬਤ ਹੋਈ, ਜਦੋਂ ਬੰਬਈ ਹਾਈ ਕੋਰਟ ਨੇ ਉਨ੍ਹਾਂ ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ। ਉਦੋਂ ਤੱਕ ਪ੍ਰੋਫੈਸਰ ਸਾਈਬਾਬਾ ਜੇਲ੍ਹ ਵਿੱਚ ਇੱਕ ਦਹਾਕਾ ਗੁਜ਼ਾਰ ਚੁੱਕੇ ਸਨ, ਜਿਸ ਦਾ ਵੱਡਾ ਹਿੱਸਾ ਉਨ੍ਹਾਂ ਨੇ ਇਕਾਂਤ ਕੈਦ ਵਿੱਚ ਗੁਜ਼ਾਰਿਆ। ਜੇਲ੍ਹ ਵਿੱਚ ਉਨ੍ਹਾਂ ਦੀ ਸਿਹਤ ਹੋਰ ਵਿਗੜ ਗਈ ਸੀ ਅਤੇ ਰਿਹਾਈ ਤੋਂ ਥੋੜ੍ਹੇ ਸਮੇਂ ਬਾਅਦ ਹੀ ਉਨ੍ਹਾਂ ਦਾ ਦੇਹਾਂਤ ਹੋ ਗਿਆ।

ਅਸਹਿਮਤੀ ਨੂੰ ਸਜ਼ਾ ਦੇਣ ਵਾਲਾ ਕਾਨੂੰਨ : ਪ੍ਰੋਫੈਸਰ ਸਾਈਬਾਬਾ ਦੀ ਬਰਸੀ ਇੱਕ ਅਜਿਹੀ ਕਾਨੂੰਨੀ ਵਿਵਸਥਾ ਬਾਰੇ ਵਿਚਾਰ ਕਰਨ ਦਾ ਮੌਕਾ ਹੈ, ਜੋ ਅਸਹਿਮਤੀ ਨੂੰ—ਬਿਲਕੁਲ ਸ਼ਾਬਦਿਕ ਅਰਥਾਂ ਵਿੱਚ—ਕੈਦ ਕਰਨ ਅਤੇ ਨਿਆਂ ਤੋਂ ਵਾਂਝਾ ਰੱਖਣ ਲਈ ਬਣਾਈ ਗਈ ਹੈ। ਪਿਛਲੇ ਸਾਲਾਂ ਦੌਰਾਨ ਯੂ.ਏ.ਪੀ.ਏ. ਦੀ ਵਰਤੋਂ ਸਿਆਸੀ ਵਿਰੋਧ ਨੂੰ ਅਪਰਾਧ ਬਣਾਉਣ ਲਈ ਕੀਤੀ ਗਈ ਹੈ। 2018 'ਚ ਭੀਮਾ ਕੋਰੇਗਾਓਂ ਦੇ ਯਾਦਗਾਰੀ ਸਮਾਗਮ ਦੌਰਾਨ ਹੋਈ ਹਿੰਸਾ ਮਗਰੋਂ 16 ਵਿਦਵਾਨਾਂ ਅਤੇ ਕਾਰਕੁਨਾਂ ਖ਼ਿਲਾਫ਼ ਯੂ.ਏ.ਪੀ.ਏ. ਦੇ ਤਹਿਤ ਦੋਸ਼ ਲਾਏ ਗਏ ਅਤੇ ਉਨ੍ਹਾਂ ਸਾਰਿਆਂ ਨੂੰ ਜੇਲ੍ਹ ਵਿੱਚ ਸੁੱਟ ਦਿੱਤਾ ਗਿਆ। ਅੱਠ ਸਾਲ ਬਾਅਦ ਵੀ ਮੁਕੱਦਮੇ ਦੀ ਸੁਣਵਾਈ ਸ਼ੁਰੂ ਨਹੀਂ ਹੋਈ ਅਤੇ ਅਦਾਲਤ ਨੇ ਅਜੇ ਤੱਕ ਮੁਲਜ਼ਮਾਂ ਖ਼ਿਲਾਫ਼ ਰਸਮੀ ਤੌਰ 'ਤੇ ਦੋਸ਼ ਵੀ ਤੈਅ ਨਹੀਂ ਕੀਤੇ।

ਇਸ ਦੌਰਾਨ ਸਿਹਤ ਵਿਗੜਨ ਮਗਰੋਂ ਫਾਦਰ ਸਟੈਨ ਸਵਾਮੀ ਦੀ ਹਿਰਾਸਤ ਵਿੱਚ ਮੌਤ ਹੋ ਗਈ। ਬਾਕੀ ਮੁਲਜ਼ਮਾਂ ਵਿੱਚੋਂ 14 ਨੂੰ ਇੱਕ-ਇੱਕ ਕਰਕੇ ਜ਼ਮਾਨਤ ਮਿਲੀ, ਪਰ ਬਿਨਾਂ ਮੁਕੱਦਮਾ ਚੱਲੇ ਕਈ ਸਾਲ ਜੇਲ੍ਹ ਵਿੱਚ ਬਿਤਾਉਣ ਤੋਂ ਬਾਅਦ ਹੀ। ਉਨ੍ਹਾਂ ਦੀਆਂ ਜ਼ਮਾਨਤ ਦੀਆਂ ਸ਼ਰਤਾਂ ਅਜੇ ਵੀ ਬੇਹੱਦ ਸਖ਼ਤ ਅਤੇ ਪਾਬੰਦੀਆਂ ਵਾਲੀਆਂ ਹਨ। ਇਨ੍ਹਾਂ ਵਿੱਚ ਵਾਰ-ਵਾਰ ਹਾਜ਼ਰੀ ਲਗਵਾਉਣ ਦੀਆਂ ਕਈ ਸ਼ਰਤਾਂ ਹਨ, ਸਫ਼ਰ ਕਰਨ ਉੱਤੇ ਰੋਕਾਂ ਹਨ ਅਤੇ ਉਨ੍ਹਾਂ ਦੀ ਜ਼ਿੰਦਗੀ ਉੱਤੇ ਸਖ਼ਤ ਬੰਦਸ਼ਾਂ ਹਨ। 16ਵੇਂ ਕੈਦੀ, ਵਕੀਲ ਸੁਰੇਂਦਰ ਗਾਡਲਿੰਗ ਨੂੰ ਵੀ ਇਸ ਮਾਮਲੇ ਵਿੱਚ ਜ਼ਮਾਨਤ ਮਿਲ ਗਈ ਸੀ, ਪਰ ਇੱਕ ਹੋਰ ਮਾਮਲੇ ਦੇ ਸੰਬੰਧ ਵਿੱਚ ਉਹ ਜੇਲ੍ਹ ਵਿੱਚ ਹੀ ਰਹੇ।

ਇਸੇ ਤਰ੍ਹਾਂ 2020 ਦੇ ਦਿੱਲੀ ਦੰਗਿਆਂ ਮਗਰੋਂ ਕਈ ਵਿਦਿਆਰਥੀ ਆਗੂਆਂ, ਵਿਦਵਾਨਾਂ ਅਤੇ ਕਾਰਕੁਨਾਂ ਖ਼ਿਲਾਫ਼ ਯੂ.ਏ.ਪੀ.ਏ. ਦੇ ਤਹਿਤ ਦੋਸ਼ ਲਾਏ ਗਏ। ਉਨ੍ਹਾਂ ਉੱਤੇ ਦੰਗਿਆਂ ਵਿੱਚ ਹਿੰਸਾ ਲੈਣ ਜਾਂ ਉਨ੍ਹਾਂ ਪਿੱਛੇ ਯੋਜਨਾ ਘੜਨ ਵਾਲੇ ਦਿਮਾਗ਼ ਹੋਣ ਦੇ ਦੋਸ਼ ਲਾਏ ਗਏ। ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਵਿੱਚੋਂ ਕਿਸੇ ਵੀ ਵਿਅਕਤੀ ਖ਼ਿਲਾਫ਼ ਕੋਈ ਸਿੱਧਾ ਸਬੂਤ ਨਹੀਂ ਸੀ, ਸਗੋਂ ਸਾਜ਼ਿਸ਼ ਰਚਣ ਅਤੇ ਦੰਗਿਆਂ ਦੇ "ਬੌਧਿਕ ਯੋਜਨਾਘਾੜੇ" ਹੋਣ ਦੇ ਅਸਪੱਸ਼ਟ ਦੋਸ਼ ਹੀ ਸਨ।

ਭਾਵੇਂ ਇਨ੍ਹਾਂ ਵਿੱਚੋਂ ਕੁਝ ਵਿਅਕਤੀਆਂ ਨੂੰ ਛੇਤੀ ਹੀ ਜ਼ਮਾਨਤ ਮਿਲ ਗਈ ਸੀ, ਪਰ ਬਹੁਤ ਸਾਰੇ ਵਿਦਿਆਰਥੀ ਅਤੇ ਵਿਦਵਾਨ ਸਾਲਾਂ ਤੱਕ ਜੇਲ੍ਹ ਵਿੱਚ ਰਹੇ ਅਤੇ ਨਿਆਂਪਾਲਿਕਾ ਦੇ ਹਰ ਪੱਧਰ 'ਤੇ ਉਨ੍ਹਾਂ ਦੀਆਂ ਜ਼ਮਾਨਤ ਅਰਜ਼ੀਆਂ ਰੱਦ ਹੁੰਦੀਆਂ ਰਹੀਆਂ। 2026 ਦੇ ਸ਼ੁਰੂ 'ਚ ਹੀ, ਪੰਜ ਸਾਲ ਤੋਂ ਵੱਧ ਜੇਲ੍ਹ ਵਿੱਚ ਬਿਤਾਉਣ ਮਗਰੋਂ, ਸੱਤ ਅਪੀਲਕਰਤਾਵਾਂ ਵਿੱਚੋਂ ਪੰਜ ਨੂੰ ਸੁਪਰੀਮ ਕੋਰਟ ਨੇ ਜ਼ਮਾਨਤ ਦਿੱਤੀ। ਪਰ ਸੁਪਰੀਮ ਕੋਰਟ ਨੇ ਬਾਕੀ ਦੋ—ਸ਼ਰਜੀਲ ਇਮਾਮ ਅਤੇ ਉਮਰ ਖ਼ਾਲਿਦ—ਨੂੰ ਇਸ ਆਧਾਰ 'ਤੇ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਉਹ "ਬੌਧਿਕ ਯੋਜਨਾਘਾੜੇ" ਸਨ। "ਬੌਧਿਕ ਯੋਜਨਾਘਾੜਾ" ਸ਼ਬਦ ਦਾ ਕਾਨੂੰਨ ਵਿੱਚ ਕੋਈ ਵਜੂਦ ਨਹੀਂ ਹੈ ਅਤੇ ਇਹ ਪੂਰੀ ਤਰ੍ਹਾਂ ਅਟਕਲਾਂ ਅਤੇ ਅਨੁਮਾਨਾਂ ਉੱਤੇ ਟਿਕਿਆ ਹੋਇਆ ਹੈ। ਅਦਾਲਤ ਨੇ ਅਸਾਧਾਰਨ ਕਦਮ ਚੁੱਕਦਿਆਂ ਅਮਲੀ ਤੌਰ 'ਤੇ ਇਮਾਮ ਅਤੇ ਖ਼ਾਲਿਦ ਨੂੰ ਇੱਕ ਸਾਲ ਲਈ ਜ਼ਮਾਨਤ ਦੀ ਅਰਜ਼ੀ ਦੇਣ ਤੋਂ ਵੀ ਰੋਕ ਦਿੱਤਾ। ਹੁਣ ਉਨ੍ਹਾਂ ਨੂੰ ਬਿਨਾਂ ਮੁਕੱਦਮਾ ਚੱਲੇ ਕੈਦ ਵਿੱਚ ਛੇ ਸਾਲ ਤੋਂ ਵੱਧ ਹੋ ਚੁੱਕੇ ਹਨ—ਇਹ ਇੱਕ ਮਨੁੱਖ ਦੀ ਔਸਤ ਉਮਰ ਦਾ ਲਗਭਗ 10 ਫ਼ੀਸਦੀ ਹੈ। ਇਸ ਦੌਰਾਨ ਖ਼ਾਲਿਦ ਨੇ ਜੇਲ੍ਹ ਵਿੱਚੋਂ ਇੱਕ ਕਿਤਾਬ ਪ੍ਰਕਾਸ਼ਿਤ ਕੀਤੀ ਹੈ, ਜਦਕਿ ਖੋਜ ਸਮੱਗਰੀ ਹਾਸਲ ਕਰਨ ਵਿੱਚ ਵੱਡੀਆਂ ਮੁਸ਼ਕਲਾਂ ਦੇ ਬਾਵਜੂਦ ਇਮਾਮ ਆਪਣੀ ਪੀਐੱਚ.ਡੀ. 'ਤੇ ਕੰਮ ਜਾਰੀ ਰੱਖ ਰਿਹਾ ਹੈ।

ਤੀਜੀ ਮਿਸਾਲ ਵਿੱਚ ਕਸ਼ਮੀਰੀ ਕਾਰਕੁਨ ਅਤੇ ਜੰਮੂ ਐਂਡ ਕਸ਼ਮੀਰ ਕੁਲੀਸ਼ਨ ਆਫ਼ ਸਿਵਲ ਸੁਸਾਇਟੀ (ਜੇ.ਕੇ.ਸੀ.ਸੀ.ਐੱਸ.) ਦੇ ਕੋਆਰਡੀਨੇਟਰ ਖ਼ੁਰਮ ਪਰਵੇਜ਼ ਨੂੰ 2021 'ਚ ਅੱਤਵਾਦ ਲਈ ਵਿੱਤੀ ਸਹਾਇਤਾ ਦੇਣ ਅਤੇ ਵੱਖਵਾਦ ਨੂੰ ਉਤਸ਼ਾਹਿਤ ਕਰਨ ਦੇ ਦੋਸ਼ਾਂ ਲਗਾ ਕੇ ਯੂ.ਏ.ਪੀ.ਏ. ਦੇ ਤਹਿਤ ਗ੍ਰਿਫ਼ਤਾਰ ਕੀਤਾ ਗਿਆ। 20 ਮਾਰਚ 2023 ਨੂੰ ਪੱਤਰਕਾਰ ਇਰਫ਼ਾਨ ਮਹਿਰਾਜ ਨੂੰ ਵੀ ਇਸੇ ਮਾਮਲੇ 'ਚ ਗ੍ਰਿਫ਼ਤਾਰ ਕਰਕੇ ਜੇਲ੍ਹ ਵਿੱਚ ਸੁੱਟ ਦਿੱਤਾ ਗਿਆ। ਆਖ਼ਿਰਕਾਰ ਜੁਲਾਈ 2026 'ਚ ਦੋਵਾਂ ਨੂੰ ਜ਼ਮਾਨਤ ਮਿਲੀ, ਜਦੋਂ ਪਰਵੇਜ਼ ਬਿਨਾਂ ਮੁਕੱਦਮਾ ਚੱਲੇ ਪੰਜ ਸਾਲ ਜੇਲ੍ਹ ਵਿੱਚ ਬਿਤਾ ਚੁੱਕੇ ਸਨ।

ਇਸ ਤਰ੍ਹਾਂ ਯੂ.ਏ.ਪੀ.ਏ. ਦੇ ਤਹਿਤ ਸਾਲਾਂ ਤੱਕ ਜੇਲ੍ਹ ਵਿੱਚ ਰਹਿਣ ਵਾਲਿਆਂ ਦੀ ਸੂਚੀ ਮੁਲਕ ਦੇ ਹਰ ਕੋਨੇ ਤੱਕ ਫੈਲੀ ਹੋਈ ਹੈ। ਇਸ ਵਿੱਚ ਆਦਿਵਾਸੀ ਆਗੂ ਸੋਨੀ ਸੋਰੀ ਵੀ ਸ਼ਾਮਲ ਹੈ, ਜਿਸ ਨੂੰ ਜੇਲ੍ਹ ਵਿੱਚ ਕਥਿਤ ਤੌਰ 'ਤੇ ਤਸੀਹੇ ਦਿੱਤੇ ਗਏ ਅਤੇ ਆਖ਼ਿਰਕਾਰ ਉਸਨੂੰ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਗਿਆ; ਇਸ ਵਿਚ ਅਸਾਮ ਦੇ ਸੀ.ਏ.ਏ.-ਵਿਰੋਧੀ ਕਾਰਕੁਨ ਅਖਿਲ ਗੋਗੋਈ ਵੀ ਸ਼ਾਮਲ ਹਨ; ਅਤੇ ਕੇਰਲ ਦੇ ਪੱਤਰਕਾਰ ਸਿੱਦੀਕ ਕੱਪਨ ਵੀ, ਜਿਨ੍ਹਾਂ ਨੂੰ ਹਾਥਰਸ ਸਮੂਹਿਕ ਬਲਾਤਕਾਰ ਮਾਮਲੇ ਦੀ ਰਿਪੋਰਟਿੰਗ ਕਰਨ ਲਈ ਉੱਤਰ ਪ੍ਰਦੇਸ਼ ਜਾਂਦਿਆਂ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਜਿਸ ਨੇ ਸੁਪਰੀਮ ਕੋਰਟ ਤੋਂ ਆਖ਼ਿਰਕਾਰ ਜ਼ਮਾਨਤ ਮਿਲਣ ਤੋਂ ਪਹਿਲਾਂ ਦੋ ਸਾਲ ਜੇਲ੍ਹ ਵਿੱਚ ਬਿਤਾਏ।

ਇਸ ਸੂਚੀ ਵਿੱਚ ਹੋਰ ਬਹੁਤ ਸਾਰੇ ਅਣਜਾਣ ਲੋਕ ਵੀ ਹਨ, ਜਿਨ੍ਹਾਂ ਨੂੰ ਏਨੀ ਜਨਤਕ ਪਛਾਣ ਹਾਸਲ ਨਹੀਂ ਹੈ, ਪਰ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਮਹੀਨੇ ਅਤੇ ਸਾਲ ਅਜਿਹੇ ਕਾਨੂੰਨ ਦੇ ਤਹਿਤ ਜੇਲ੍ਹ ਵਿੱਚ ਬਿਤਾਏ ਹਨ, ਜੋ ਅਪਰਾਧਾਂ ਨੂੰ ਬੇਹੱਦ ਅਸਪੱਸ਼ਟ ਸ਼ਬਦਾਂ ਵਿੱਚ ਪਰਿਭਾਸ਼ਿਤ ਕਰਦਾ ਹੈ ਅਤੇ ਫਿਰ ਜ਼ਮਾਨਤ ਮਿਲਣਾ ਲਗਭਗ ਅਸੰਭਵ ਬਣਾ ਦਿੰਦਾ ਹੈ।

ਅਸਪੱਸ਼ਟ ਪਰਿਭਾਸ਼ਾਵਾਂ : ਮਿਸਾਲ ਵਜੋਂ ਯੂ.ਏ.ਪੀ.ਏ. ਗ਼ੈਰਕਾਨੂੰਨੀ ਜਥੇਬੰਦੀਆਂ ਦੀ 'ਮੈਂਬਰਸ਼ਿਪ' ਨੂੰ ਅਪਰਾਧ ਬਣਾਉਂਦਾ ਹੈ, ਪਰ ਇਹ ਸਪੱਸ਼ਟ ਨਹੀਂ ਕਰਦਾ ਕਿ 'ਮੈਂਬਰਸ਼ਿਪ' ਸ਼ਬਦ ਦਾ ਮਤਲਬ ਕੀ ਹੈ। ਇਸ ਵਿੱਚ ਇਸੇ ਤਰ੍ਹਾਂ ਦੀਆਂ ਹੋਰ ਕਈ ਧਾਰਾਵਾਂ ਹਨ, ਜਿਨ੍ਹਾਂ ਦੀ ਸ਼ਬਦਾਵਲੀ ਬਹੁਤ ਵਿਆਪਕ ਤੇ ਅਸਪੱਸ਼ਟ ਹੈ ਅਤੇ ਜਿਨ੍ਹਾਂ ਦੀਆਂ ਕਈ ਤਰ੍ਹਾਂ ਦੀਆਂ ਵਿਆਖਿਆਵਾਂ ਕੀਤੀਆਂ ਜਾ ਸਕਦੀਆਂ ਹਨ। ਇਨ੍ਹਾਂ ਦੀ ਸਭ ਤੋਂ ਵੱਧ ਖਿੱਚਕੇ ਵਧਾਈ ਗਈ ਵਿਆਖਿਆ ਵਿੱਚ ਮਹਿਜ਼ ਨਾਅਰੇਬਾਜ਼ੀ ਕਰਨਾ ਜਾਂ ਸਾਹਿਤ ਆਪਣੇ ਕੋਲ ਰੱਖਣਾ ਵੀ ਆ ਸਕਦਾ ਹੈ।

ਅਦਾਲਤਾਂ ਨੇ ਵੀ ਮਦਦ ਨਹੀਂ ਕੀਤੀ : ਦੋ ਮੌਕਿਆਂ ਉੱਤੇ ਜੱਜਾਂ ਨੇ ਯੂ.ਏ.ਪੀ.ਏ. ਦੀਆਂ ਕੁਝ ਵਧੀਕੀਆਂ ਨੂੰ ਰੋਕਣ ਜਾਂ ਘੱਟੋ-ਘੱਟ ਘਟਾਉਣ ਲਈ ਇਸ ਦੀਆਂ ਧਾਰਾਵਾਂ ਨੂੰ ਸਪੱਸ਼ਟ ਕਰਨ ਅਤੇ ਉਨ੍ਹਾਂ ਦਾ ਘੇਰਾ ਸੀਮਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਦੋਵੇਂ ਕੋਸ਼ਿਸ਼ਾਂ ਨੂੰ ਸੁਪਰੀਮ ਕੋਰਟ ਨੇ ਉਲਟਾ ਦਿੱਤਾ। 2011 'ਚ ਅਦਾਲਤ ਦੀ ਇੱਕ ਬੈਂਚ ਨੇ "ਮੈਂਬਰਸ਼ਿਪ" ਸ਼ਬਦ ਨੂੰ "ਸਰਗਰਮ ਮੈਂਬਰਸ਼ਿਪ" ਤੱਕ ਸੀਮਤ ਕਰ ਦਿੱਤਾ ਸੀ ਅਤੇ ਅੱਗੇ ਇਸ ਦਾ ਅਰਥ "ਹਿੰਸਾ ਲਈ ਉਕਸਾਉਣਾ" ਤੈਅ ਕੀਤਾ ਸੀ। ਪਰ 2023 'ਚ ਸੁਪਰੀਮ ਕੋਰਟ ਨੇ ਆਪਣੇ "ਮੁੜ-ਵਿਚਾਰ ਦੇ ਅਧਿਕਾਰ-ਖੇਤਰ—ਜਿਸ ਦਾ ਮਕਸਦ ਸਿਰਫ਼ "ਰਿਕਾਰਡ ਉੱਤੇ ਸਪੱਸ਼ਟ ਦਿਖਾਈ ਦਿੰਦੀਆਂ ਗ਼ਲਤੀਆਂ" ਨੂੰ ਸੁਧਾਰਨਾ ਹੁੰਦਾ ਹੈ—ਦੀ ਵਰਤੋਂ ਕਰਦਿਆਂ ਇਹ ਫ਼ੈਸਲਾ ਉਲਟਾ ਦਿੱਤਾ।

ਇਸੇ ਤਰ੍ਹਾਂ ਦਿੱਲੀ ਦੰਗਿਆਂ ਦੇ ਮਾਮਲਿਆਂ 'ਚ ਜ਼ਮਾਨਤ ਬਾਰੇ ਇੱਕ ਸ਼ੁਰੂਆਤੀ ਫ਼ੈਸਲੇ ਵਿੱਚ ਦਿੱਲੀ ਹਾਈ ਕੋਰਟ ਨੇ ਯੂ.ਏ.ਪੀ.ਏ. ਦੀਆਂ "ਅੱਤਵਾਦ" ਨਾਲ ਸੰਬੰਧਤ ਧਾਰਾਵਾਂ ਦਾ ਵਿਸਥਾਰ ਨਾਲ ਵਿਸ਼ਲੇਸ਼ਣ ਕੀਤਾ ਅਤੇ ਉਨ੍ਹਾਂ ਨੂੰ ਲਾਗੂ ਕਰਨ 'ਚ ਖੁੱਲ੍ਹੀ ਮਨਮਰਜ਼ੀ ਨੂੰ ਰੋਕਣ ਲਈ ਉਨ੍ਹਾਂ ਦੀ ਇੱਕ ਖ਼ਾਸ ਅਤੇ ਠੋਸ ਵਿਆਖਿਆ ਦਿੱਤੀ। ਪਰ ਅਪੀਲ ਦੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਕਿਹਾ ਕਿ ਇਸ ਫ਼ੈਸਲੇ ਨੂੰ "ਨਜ਼ੀਰ ਨਹੀਂ ਮੰਨਿਆ ਜਾਵੇਗਾ, ਜਿਸ ਨਾਲ ਕਾਨੂੰਨ ਦੀ ਵਿਆਖਿਆ ਵਜੋਂ ਇਸ ਦੀ ਅਹਿਮੀਅਤ ਅਮਲੀ ਤੌਰ 'ਤੇ ਖ਼ਤਮ ਹੋ ਗਈ। ਇਸ ਤਰ੍ਹਾਂ ਯੂ.ਏ.ਪੀ.ਏ. ਦੇ ਸ਼ਬਦ ਅਜੇ ਵੀ ਬੇਹੱਦ ਵਿਆਪਕ ਅਤੇ ਅਪਰਿਭਾਸ਼ਿਤ ਹਨ। ਇਸ ਨਾਲ ਰਾਜ ਦੀਆਂ ਅਥਾਰਟੀਆਂ ਨੂੰ ਵੱਡੀ ਖੁੱਲ੍ਹ ਮਿਲ ਜਾਂਦੀ ਹੈ ਕਿ ਉਹ ਲਗਭਗ ਕਿਸੇ ਵੀ ਵਿਹਾਰ ਨੂੰ ਅੱਤਵਾਦ ਜਾਂ ਗ਼ੈਰਕਾਨੂੰਨੀ ਸਰਗਰਮੀ ਨਾਲ ਕਮਜ਼ੋਰ ਜਿਹੇ ਆਧਾਰ 'ਤੇ ਜੋੜ ਕੇ ਇਸ ਕਾਨੂੰਨ ਦੇ ਘੇਰੇ ਵਿੱਚ ਲੈ ਆਉਣ।

ਜ਼ਮਾਨਤ ਦੇ ਰਾਹ ਵਿੱਚ ਰੁਕਾਵਟਾਂ : ਇੱਕ ਵਾਰ ਅਜਿਹਾ ਕਰ ਲਿਆ ਜਾਵੇ ਤਾਂ ਯੂ.ਏ.ਪੀ.ਏ. ਜ਼ਮਾਨਤ ਮਿਲਣ ਨੂੰ ਬਹੁਤ ਮੁਸ਼ਕਲ ਬਣਾ ਦਿੰਦਾ ਹੈ। ਇਹ ਜੱਜ ਲਈ ਲਾਜ਼ਮੀ ਕਰਦਾ ਹੈ ਕਿ ਜੇ ਪੁਲਿਸ ਦੀ ਚਾਰਜਸ਼ੀਟ ਪੜ੍ਹਨ 'ਤੇ ਪਹਿਲੀ ਨਜ਼ਰੇ ਕੇਸ ਬਣਦਾ ਦਿਖਾਈ ਦੇਵੇ ਤਾਂ ਉਹ ਜ਼ਮਾਨਤ ਦੇਣ ਤੋਂ ਇਨਕਾਰ ਕਰੇ। ਇੱਥੇ ਵੀ ਅਦਾਲਤਾਂ ਨੇ ਮਦਦ ਨਹੀਂ ਕੀਤੀ। ਜਿੱਥੇ ਜੱਜਾਂ ਦੇ ਇੱਕ ਸਮੂਹ ਨੇ ਪੁਲਿਸ ਦੀਆਂ ਚਾਰਜਸ਼ੀਟਾਂ ਦੀ ਕੁਝ ਹੱਦ ਤੱਕ ਸਖ਼ਤ ਪੜਤਾਲ ਕੀਤੀ ਹੈ, ਉੱਥੇ ਦੂਜੇ ਸਮੂਹ ਨੇ "ਅੱਖਾਂ ਮੀਟ ਕੇ" ਚੱਲਣ ਵਾਲਾ ਰਵੱਈਆ ਅਪਣਾਇਆ ਹੈ, ਜੋ ਪੁਲਿਸ ਦੇ ਬਿਆਨ ਨੂੰ ਹੱਦੋਂ ਵੱਧ ਮਾਨਤਾ ਦਿੰਦਾ ਹੈ। ਇਸ ਕੁਜੋੜਤਾ ਕਾਰਨ ਯੂ.ਏ.ਪੀ.ਏ. ਦੇ ਤਹਿਤ ਜ਼ਮਾਨਤ ਮਿਲਣਾ ਬਹੁਤ ਜ਼ਿਆਦਾ ਇਸ ਗੱਲ 'ਤੇ ਨਿਰਭਰ ਹੋ ਜਾਂਦਾ ਹੈ ਕਿ ਸੁਣਵਾਈ ਕਿਹੜਾ ਜੱਜ ਕਰ ਰਿਹਾ ਹੈ। ਇਸ ਦੇ ਨਾਲ ਹੀ ਦੇਰੀ ਦੇ ਨਤੀਜਿਆਂ ਬਾਰੇ ਵੀ ਅਦਾਲਤਾਂ ਦਾ ਰਵੱਈਆ ਕੁਜੋੜਤਾ ਵਾਲਾ ਰਿਹਾ ਹੈ। ਮਿਸਾਲ ਵਜੋਂ ਇਮਾਮ ਅਤੇ ਖ਼ਾਲਿਦ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰਦਿਆਂ ਸੁਪਰੀਮ ਕੋਰਟ ਨੂੰ ਇਹ ਨਹੀਂ ਲੱਗਿਆ ਕਿ ਬਿਨਾਂ ਮੁਕੱਦਮਾ ਚੱਲੇ ਪੰਜ ਸਾਲ ਜੇਲ੍ਹ ਵਿੱਚ ਰਹਿਣਾ "ਹੱਦੋਂ ਵੱਧ" ਦੇਰੀ ਹੈ, ਜਦਕਿ ਹੋਰ ਅਦਾਲਤਾਂ ਨੇ ਮੰਨਿਆ ਹੈ ਕਿ ਪੰਜ ਸਾਲ ਵਾਕਈ ਹੱਦੋਂ ਵੱਧ ਦੇਰੀ ਹਨ—ਮਿਸਾਲ ਵਜੋਂ ਖ਼ੁਰਮ ਪਰਵੇਜ਼ ਦੇ ਕੇਸ ਵਿੱਚ।

ਇਹ ਸਭ ਅਜਿਹੀ ਸਥਿਤੀ ਪੈਦਾ ਕਰਦਾ ਹੈ, ਜੋ ਕਾਨੂੰਨ ਦੇ ਰਾਜ ਦੇ ਉਲਟ ਹੈ ਅਤੇ ਕਿਸੇ ਵੀ ਅਜਿਹੀ ਕਾਨੂੰਨੀ ਵਿਵਸਥਾ ਦੇ ਉਲਟ ਹੈ, ਜੋ ਇਸ ਨਾਂ ਦੀ ਹੱਕਦਾਰ ਹੋਵੇ: ਸਖ਼ਤ ਸਜ਼ਾਵਾਂ ਵਾਲਾ ਇੱਕ ਅਸਪੱਸ਼ਟ ਕਾਨੂੰਨ, ਜਿਸ ਦੀ ਵਿਆਖਿਆ ਲਗਾਤਾਰ ਇਸ ਢੰਗ ਨਾਲ ਕੀਤੀ ਜਾ ਰਹੀ ਹੈ ਕਿ ਉਹ ਰਾਜ ਦੀ ਮਨਮਰਜ਼ੀ ਨੂੰ ਸੀਮਤ ਕਰਨ ਦੀ ਬਜਾਏ ਉਸ ਦਾ ਘੇਰਾ ਵਧਾਉਂਦੀ ਹੈ ਅਤੇ ਜਿਸ ਦਾ ਨਤੀਜਾ ਬਿਨਾਂ ਮੁਕੱਦਮਾ ਚੱਲੇ ਸਾਲਾਂਬੱਧੀ ਕੈਦ ਦੇ ਰੂਪ ਵਿੱਚ ਨਿਕਲਦਾ ਹੈ। ਇਸ ਵਿਵਸਥਾ ਦੇ ਸਭ ਤੋਂ ਘੋਰ ਪੀੜਤਾਂ ਵਿੱਚੋਂ ਇੱਕ, ਪ੍ਰੋਫੈਸਰ ਸਾਈਬਾਬਾ ਦੀ ਬਰਸੀ ਸਾਨੂੰ ਇੱਕ ਵਾਰ ਫਿਰ ਯਾਦ ਦਿਵਾਉਂਦੀ ਹੈ ਕਿ ਇਸ ਵਿਵਸਥਾ ਬਾਰੇ ਫ਼ੌਰੀ ਤੌਰ 'ਤੇ ਮੁੜ ਵਿਚਾਰ ਕਰਨਾ ਅਤੇ ਇਸ ਨੂੰ ਨਵੇਂ ਸਿਰਿਓਂ ਤੈਅ ਕਰਨਾ ਜ਼ਰੂਰੀ ਹੈ।

(ਗੌਤਮ ਭਾਟੀਆ ਦਿੱਲੀ-ਅਧਾਰਤ ਵਕੀਲ ਹਨ।)

1984 ਦੇ ਸਿੱਖ ਨਸਲਕੁਸ਼ੀ ਕਾਂਡ ਨੂੰ ਭੁਲਾ ਦੇਣ ਦੀ 41ਵੀਂ ਵਰ੍ਹੇਗੰਢ

ਕਾਤਲਾਂ ਤੇ ਬਲਾਤਕਾਰੀਆਂ ਦੀ ਪਛਾਣ ਅਜੇ ਵੀ ਨਹੀਂ ਹੋਈ !

ਉੱਘੇ ਇਤਿਹਾਸਕਾਰ ਅਤੇ ਵਿਦਵਾਨ ਡਾ. ਸ਼ਮਸੁੱਲ ਇਸਲਾਮ ਵੱਲੋਂ 1984 ਦੇ ਸਿੱਖ ਕਤਲੇਆਮ ਦੀ 41ਵੀਂ ਬਰਸੀ ਮੌਕੇ ਲਿਖਿਆ ਗਿਆ ਲੇਖ ਅੱਜ ਵੀ ਓਨਾ ਹੀ ਪ੍ਰਸੰਗਿਕ ਹੈ । ਇਸਦੇ ਮਹੱਤਵ ਦੇ ਮੱਦੇਨਜ਼ਰ ਇਸਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ । ਸ਼ਮਸੁਲ ਲਿਖਦੇ ਹਨ:ਇਨਸਾਨ ਅਭੀ ਤੱਕ ਜ਼ਿੰਦਾ ਹੈ, ਜ਼ਿੰਦਾ ਹੋਨੇ ਪਰ ਸ਼ਰਮਿੰਦਾ ਹੈ! ਇਹ ਪਾਕਿਸਤਾਨ ਵਿੱਚ ਘੱਟਗਿਣਤੀਆਂ ਉੱਤੇ ਹਮਲਿਆਂ ਬਾਰੇ ਸਿਵਲ ਸੁਸਾਇਟੀ ਦੀ ਚੁੱਪ ਸਬੰਧੀ ਉੱਥੋਂ ਦੇ ਉੱਘੇ ਸੱਭਿਆਚਾਰਕ, ਸਿਆਸੀ ਅਤੇ ਮਨੁੱਖੀ ਹੱਕਾਂ ਦੇ ਕਾਰਕੁਨ ਸ਼ਾਹਿਦ ਨਦੀਮ ਦਾ ਉਰਦੂ ਸ਼ਿਅਰ ਹੈ । ਇਹ ਸਤਰਾਂ ਲਿਖਣ ਅਤੇ ਗਾਉਣ ਬਦਲੇ ਪਾਕਿਸਤਾਨ ਦੀ ਜ਼ਿਆ ਹਕੂਮਤ ਨੇ ਉਸ ਨੂੰ ਚਾਲੀ ਕੋੜੇ ਮਾਰੇ ਸਨ । ਆਰਐੱਸਐੱਸ-ਭਾਜਪਾ ਦੇ ਰਾਜ ਹੇਠ ਅੱਜ ਦੇ ਭਾਰਤ ਵਿੱਚ ਵੀ ਹਾਲਾਤ ਵੱਖਰੇ ਨਹੀਂ ਹਨ ।-ਅਨੁਵਾਦਕ]

ਡਾ. ਸ਼ਮਸੁਲ ਇਸਲਾਮ
ਪੇਸ਼.: ਬੂਟਾ ਸਿੰਘ ਮਹਿਮੂਦਪੁਰ

ਪਿਛਲੇ ਲਗਭਗ ਤਿੰਨ ਦਹਾਕਿਆਂ ਤੋਂ ਇਹ ਲੇਖਕ ਭਾਰਤ ਵਿੱਚ 1984 ਦੀ ਸਿੱਖ ਨਸਲਕੁਸ਼ੀ ਦੀ ਹਰ ਵਰ੍ਹੇਗੰਢ ਮੌਕੇ ਮੁਲਕ ਨੂੰ ਚੇਤੇ ਕਰਾਉਂਦਾ ਆ ਰਿਹਾ ਹੈ ਕਿ ਭਾਰਤੀ ਰਾਜ ਅਤੇ ਨਿਆਂਪਾਲਿਕਾ ਨੇ ਸਾਡੇ ਮੁਲਕ ਦੀ ਦੂਜੀ ਸਭ ਤੋਂ ਵੱਡੀ ਧਾਰਮਿਕ ਘੱਟਗਿਣਤੀ ਦੇ ਬੇਕਸੂਰ ਲੋਕਾਂ ਦੇ ਇਸ ਭਿਆਨਕ ਸਮੂਹਿਕ ਕਤਲੇਆਮ ਦੇ ਦੋਸ਼ੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਸਜ਼ਾਵਾਂ ਦੇਣ ਦੀ ਖੇਚਲ ਹੀ ਨਹੀਂ ਕੀਤੀ। ਹਰ ਵਰ੍ਹੇਗੰਢ ਮੌਕੇ ਲੇਖਕ ਨੇ ਆਸ ਕੀਤੀ ਕਿ ਹੁਣ ਇਨਸਾਫ਼ ਮਿਲੇਗਾ ਅਤੇ ਉਸ ਨੂੰ ਚੇਤੇ ਕਰਾਉਣ ਲਈ ਇਹ ਦਰਦਨਾਕ ਕਹਾਣੀ ਮੁੜ ਨਹੀਂ ਲਿਖਣੀ ਪਵੇਗੀ। ਸੰਨ 2024 'ਚ ਵੀ ਅਜਿਹਾ ਨਹੀਂ ਹੋਇਆ; ਭਾਰਤੀ ਗਣਰਾਜ ਦੀ ਇਸ ਅਪਰਾਧਿਕ ਗ਼ੱਦਾਰੀ ਦੀ ਦਾਸਤਾਨ ਦਾ ਕੋਈ ਅੰਤ ਨਹੀਂ ਹੈ ਅਤੇ ਪੀੜਤਾਂ ਦੇ ਪਰਿਵਾਰ ਬੋਲੇ ਤੇ ਗੂੰਗੇ ਭਾਰਤੀ ਰਾਜ ਅੱਗੇ ਲਗਾਤਾਰ ਦੁਹਾਈਆਂ ਦੇ ਰਹੇ ਹਨ। ਹੈਰਾਨੀ ਦੀ ਗੱਲ ਹੈ ਕਿ ਸਿੱਖ ਨਸਲਕੁਸ਼ੀ ਦੀ 41ਵੀਂ ਵਰ੍ਹੇਗੰਢ ਮੌਕੇ ਭਾਰਤੀ ਰਾਜ ਨੇ ਬੀਤੇ ਸਮੇਂ ਵਾਂਗ ਇਹ ਦਾਅਵਾ ਕਰਨਾ ਵੀ ਛੱਡ ਦਿੱਤਾ ਕਿ ਉਹ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਕੰਮ ਕਰ ਰਿਹਾ ਹੈ!

ਦਿੱਲੀ ਵਿੱਚ ਨਸਲਕੁਸ਼ੀ ਦਾ ਸ਼ਿਕਾਰ ਬਣੇ 2,800 ਅਤੇ ਪੂਰੇ ਮੁਲਕ ਵਿੱਚ 3,350 ਸਿੱਖਾਂ ਨੂੰ ਇਨਸਾਫ਼ ਦਿਵਾਉਣ ਦੀ ਸਥਿਤੀ 41ਵੀਂ ਵਰ੍ਹੇਗੰਢ ਦੀ ਪੂਰਵ-ਸੰਧਿਆ ਮੌਕੇ ਕੀ ਹੈ—ਇਹ ਗਿਣਤੀ ਸਰਕਾਰੀ ਹੈ, ਜਦਕਿ ਆਜ਼ਾਦ ਸਰੋਤ ਮੌਤਾਂ ਦੀ ਗਿਣਤੀ ਲਗਭਗ 8,000-17,000 ਦੱਸਦੇ ਹਨ—ਇਸ ਨੂੰ ਸ਼ੇਖਰ ਸਿੰਘ ਨੇ 'ਦੀ ਟ੍ਰਿਬਿਊਨ' ਵਿੱਚ ਸਪਸ਼ਟ ਕੀਤਾ:

"ਇਕਤਾਲੀ ਸਾਲ ਪਹਿਲਾਂ ਦਿੱਲੀ ਸੜੀ ਸੀ—ਕਿਸੇ ਬਦੇਸ਼ੀ ਦੁਸ਼ਮਣ ਕਾਰਨ ਨਹੀਂ, ਸਗੋਂ ਆਪਣੇ ਹੀ ਅੰਦਰੋਂ ਉੱਠੀ ਅੱਗ ਕਾਰਨ। 31 ਅਕਤੂਬਰ ਤੋਂ 7 ਨਵੰਬਰ, 1984 ਦਰਮਿਆਨ ਭੀੜਾਂ ਸਿੱਖ ਮਰਦਾਂ ਨੂੰ ਲੱਭ-ਲੱਭ ਕੇ ਮਾਰਨ, ਘਰਾਂ ਨੂੰ ਅੱਗਾਂ ਲਾਉਣ ਅਤੇ ਗੁਰਦੁਆਰਿਆਂ ਨੂੰ ਸਾੜਨ ਲਈ ਸੜਕਾਂ 'ਤੇ ਘੁੰਮਦੀਆਂ ਰਹੀਆਂ। ਸਰਕਾਰੀ ਤੌਰ 'ਤੇ ਰਾਜਧਾਨੀ 'ਚ 2,733 ਸਿੱਖ ਮਾਰੇ ਗਏ, ਜਦਕਿ ਬਚੇ ਹੋਏ ਲੋਕ ਇਹ ਗਿਣਤੀ 3,000 ਤੋਂ ਵੱਧ ਦੱਸਦੇ ਹਨ। ਚਾਰ ਦਹਾਕਿਆਂ ਤੋਂ ਵੱਧ ਸਮਾਂ ਬੀਤ ਜਾਣ ਮਗਰੋਂ ਵੀ ਜ਼ਿਆਦਾਤਰ 'ਦੋਸ਼ੀ' ਅੱਜ ਵੀ ਖੁੱਲ੍ਹੇ ਘੁੰਮ ਰਹੇ ਹਨ।

"ਦਰਜ ਕੀਤੇ ਗਏ 650 ਕੇਸਾਂ ਵਿੱਚੋਂ 362 'ਚ ਦੋਸ਼-ਪੱਤਰ ਦਾਖ਼ਲ ਹੋਏ, ਪਰ ਸਿਰਫ਼ 39 'ਚ ਸਜ਼ਾਵਾਂ ਹੋਈਆਂ। ਲਗਭਗ 300 ਕੇਸ ਸਬੂਤਾਂ, ਗਵਾਹਾਂ ਜਾਂ ਪੁਲਿਸ ਦੀ ਇੱਛਾ-ਸ਼ਕਤੀ ਦੀ ਘਾਟ ਕਾਰਨ ਢਹਿ-ਢੇਰੀ ਹੋ ਗਏ। ਹੁਣ ਮਸਾਂ 20 ਕੇਸ ਜਿਉਂਦੇ ਹਨ, ਜੋ ਦਿੱਲੀ ਦੀਆਂ ਹੇਠਲੀਆਂ ਅਦਾਲਤਾਂ 'ਚ ਲਟਕ ਰਹੇ ਹਨ ਜਾਂ ਜਿਨ੍ਹਾਂ ਦੀਆਂ ਅਪੀਲਾਂ ਹਾਈ ਕੋਰਟ 'ਚ ਵਿਚਾਰ ਅਧੀਨ ਹਨ। ਬਾਕੀਆਂ ਨੂੰ ਪ੍ਰਬੰਧ ਦੀ ਚੁੱਪ ਨਿਗਲ ਗਈ ਹੈ।

"ਇਹ ਅੰਕੜੇ ਇਕ ਅਜਿਹੇ ਲੋਕਤੰਤਰ ਦੀ ਕਹਾਣੀ ਦੱਸਦੇ ਹਨ, ਜਿਸ ਨੇ ਆਪਣੇ ਮ੍ਰਿਤਕਾਂ ਨੂੰ ਭੁਲਾ ਦਿੱਤਾ। ਇਸ ਹਫ਼ਤੇ, ਜਦੋਂ ਸ਼ਹਿਰ ਇੰਦਰਾ ਗਾਂਧੀ ਦੇ ਕਤਲ ਅਤੇ ਉਸ ਮਗਰੋਂ ਹੋਈ ਹਿੰਸਾ ਦੀ ਵਰ੍ਹੇਗੰਢ ਮਨਾ ਰਿਹਾ ਹੈ, ਅਦਾਲਤਾਂ ਅਜੇ ਵੀ ਪੀਲੀਆਂ ਪੈ ਚੁੱਕੀਆਂ ਫਾਈਲਾਂ ਅਤੇ ਧੁੰਦਲੀਆਂ ਹੋ ਰਹੀਆਂ ਯਾਦਾਂ ਨੂੰ ਫਰੋਲ ਰਹੀਆਂ ਹਨ—ਇਨਸਾਫ਼ ਦੀ ਅਜਿਹੀ ਪ੍ਰਕਿਰਿਆ, ਜੋ ਖ਼ੁਦ ਸਮੇਂ ਨਾਲੋਂ ਵੀ ਹੌਲੀ ਚੱਲੀ ਹੈ।

('650 ਕੇਸਾਂ ਵਿੱਚ ਸਿਰਫ਼ 39 ਵਿੱਚ ਸਜ਼ਾਵਾਂ, 1984 ਦੇ ਦੰਗਾ ਪੀੜਤਾਂ ਨੂੰ ਅਜੇ ਵੀ ਇਨਸਾਫ਼ ਨਹੀਂ", ਦਿ ਟ੍ਰਿਬਿਊਨ, ਚੰਡੀਗੜ੍ਹ, 31 ਅਕਤੂਬਰ, 2025। ਲਿੰਕ: https://www.tribuneindia.com/news/india/only-CI-convictions-in-FE@-cases-justice-eludes-1984-riot-victims/)

ਦੋ ਤਰ੍ਹਾਂ ਦਾ ਇਨਸਾਫ਼ : ਜਦੋਂ ਵੀ ਮੁਲਕ ਵਿੱਚ ਘੱਟਗਿਣਤੀਆਂ ਅਤੇ ਦਲਿਤਾਂ ਵਿਰੁੱਧ ਵੱਡੇ ਪੱਧਰ 'ਤੇ ਹਿੰਸਾ ਹੁੰਦੀ ਹੈ, ਦੋਸ਼ੀਆਂ ਦੀ ਭਾਲ ਬੇਅੰਤ ਸਮੇਂ ਤੱਕ ਚੱਲਦੀ ਰਹਿੰਦੀ ਹੈ ਅਤੇ ਅਪਰਾਧੀਆਂ ਦੀ ਪਛਾਣ ਜਾਂ ਉਨ੍ਹਾਂ ਨੂੰ ਸਜ਼ਾ ਬਹੁਤ ਘੱਟ ਹੀ ਮਿਲਦੀ ਹੈ। ਘੱਟਗਿਣਤੀਆਂ ਵਿਰੁੱਧ ਹਿੰਸਾ ਦੀਆਂ ਵੱਡੀਆਂ ਘਟਨਾਵਾਂ—ਨੇਲੀ ਕਤਲੇਆਮ (1983), ਸਿੱਖ ਨਸਲਕੁਸ਼ੀ (1984), ਹਾਸ਼ਿਮਪੁਰਾ ਵਿੱਚ ਮੁਸਲਮਾਨ ਨੌਜਵਾਨਾਂ ਦਾ ਹਿਰਾਸਤੀ ਕਤਲੇਆਮ (1987), ਅਯੁੱਧਿਆ ਮਸਜਿਦ ਢਾਹੇ ਜਾਣ ਤੋਂ ਪਹਿਲਾਂ ਅਤੇ ਬਾਅਦ ਮੁਸਲਮਾਨਾਂ ਵਿਰੁੱਧ ਹਿੰਸਾ (1990-92), ਗੁਜਰਾਤ ਕਤਲੇਆਮ (2002), ਕੰਧਮਾਲ ਵਿੱਚ ਇਸਾਈਆਂ ਦਾ ਸਫ਼ਾਇਆ (2008) ਅਤੇ ਮਨੀਪੁਰ ਵਿੱਚ ਕੂਕੀ ਆਦਿਵਾਸੀਆਂ, ਜਿਨ੍ਹਾਂ ਵਿੱਚੋਂ ਬਹੁਤੇ ਇਸਾਈ ਹਨ, ਦਾ ਜਾਰੀ ਖ਼ੂਨ-ਖ਼ਰਾਬਾ—ਇਸ ਹਕੀਕਤ ਦੀ ਗਵਾਹੀ ਭਰਦੀਆਂ ਹਨ।

ਪਰ ਜਦੋਂ ਪੀੜਤ ਦਲਿਤ ਜਾਂ ਘੱਟਗਿਣਤੀਆਂ ਹੁੰਦੀਆਂ ਹਨ ਤਾਂ ਅਜਿਹੀ ਕੋਈ ਤਤਪਰਤਾ ਨਹੀਂ ਦਿਖਾਈ ਜਾਂਦੀ। ਅਜਿਹੇ ਮਾਮਲਿਆਂ 'ਚ ਭਾਰਤੀ ਰਾਜ ਨੂੰ ਕਮਿਸ਼ਨ-ਕਮਿਸ਼ਨ ਖੇਡਣਾ ਬਹੁਤ ਪਸੰਦ ਹੈ। ਜਾਂਚ ਕਮਿਸ਼ਨ ਦਰ ਜਾਂਚ ਕਮਿਸ਼ਨ ਬਣਾਏ ਜਾਂਦੇ ਹਨ ਤਾਂ ਜੋ ਇਹ ਘਿਨਾਉਣੇ ਅਪਰਾਧ ਲੋਕਾਂ ਦੀ ਯਾਦ ਵਿੱਚੋਂ ਮਿਟ ਜਾਣ। 1984 'ਚ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਸਿੱਖਾਂ ਦੀ ਹੋਈ ਭਿਆਨਕ ਨਸਲਕੁਸ਼ੀ ਭਾਰਤੀ ਨਿਆਂ ਪ੍ਰਬੰਧ ਦੇ ਇਸ ਅਪਰਾਧਿਕ ਰਵੱਈਏ ਦੀ ਜਿਉਂਦੀ-ਜਾਗਦੀ ਮਿਸਾਲ ਹੈ। ਇਸ ਨਿਆਂ ਪ੍ਰਬੰਧ ਦਾ ਸੰਸਕ੍ਰਿਤ ਵਿੱਚ ਆਦਰਸ਼-ਵਾਕ ਹੈ: 'ਯਤੋ ਧਰਮਸਤਤੋ ਜਯ?' (ਜਿੱਥੇ ਨੇਕੀ ਅਤੇ ਧਰਮ ਹਨ, ਉੱਥੇ ਜਿੱਤ ਹੈ)। ਨਿਆਂਪਾਲਿਕਾ ਨੂੰ ਸਪਸ਼ਟ ਕਰਨਾ ਚਾਹੀਦਾ ਹੈ ਕਿ ਧਰਮ ਤੋਂ ਉਸ ਦਾ ਕੀ ਭਾਵ ਹੈ। ਕੀ ਇਸ ਵਿੱਚ ਘੱਟਗਿਣਤੀਆਂ ਦੇ ਧਰਮ ਅਤੇ ਦਲਿਤਾਂ ਦੇ ਹੱਕ ਵੀ ਸ਼ਾਮਲ ਹਨ?

ਦਲਿਤ ਵਿਰੋਧੀ ਹਿੰਸਾ ਦੀ ਸਥਿਤੀ ਵੀ ਵੱਖਰੀ ਨਹੀਂ ਹੈ। ਦਲਿਤਾਂ ਉੱਤੇ ਜ਼ੁਲਮ ਅਤੇ ਉਨ੍ਹਾਂ ਦੇ ਕਤਲੇਆਮ ਦੀਆਂ ਵੱਡੀਆਂ ਘਟਨਾਵਾਂ ਵਿੱਚ 1968 ਦਾ ਕਿਲਵੇਨਮਨੀ ਕਤਲੇਆਮ, 1997 ਦਾ ਮੇਲਾਵਲਾਵੂ ਕਤਲੇਆਮ, 2013 ਦੀ ਮਰੱਕਨਮ ਦਲਿਤ ਵਿਰੋਧੀ ਹਿੰਸਾ, 2012 ਦੀ ਧਰਮਪੁਰੀ ਦਲਿਤ ਵਿਰੋਧੀ ਹਿੰਸਾ—ਇਹ ਸਾਰੀਆਂ ਤਾਮਿਲਨਾਡੂ ਵਿੱਚ; 1985 ਦਾ ਕਰਮਚੇਡੂ ਕਤਲੇਆਮ, 1991 ਦਾ ਚੁੰਦੁਰੂ ਕਤਲੇਆਮ—ਦੋਵੇਂ ਆਂਧਰਾ ਪ੍ਰਦੇਸ਼ ਵਿੱਚ; 1996 ਦਾ ਬਥਾਣੀ ਟੋਲਾ ਕਤਲੇਆਮ, 1997 ਦਾ ਲਕਸ਼ਮਣਪੁਰ ਬਾਥੇ ਕਤਲੇਆਮ—ਦੋਵੇਂ ਬਿਹਾਰ ਵਿੱਚ; 1997 ਦਾ ਰਮਾਬਾਈ ਕਤਲੇਆਮ, ਮੁੰਬਈ, 2006 ਦਾ ਖੈਰਲਾਂਜੀ ਕਤਲੇਆਮ, 2014 ਦਾ ਜਵਖੇੜਾ ਹੱਤਿਆਕਾਂਡ—ਇਹ ਸਾਰੀਆਂ ਮਹਾਰਾਸ਼ਟਰ ਵਿੱਚ; 2000 ਦਾ ਜਾਤੀ ਆਧਾਰਿਤ ਜ਼ੁਲਮ, ਕਰਨਾਟਕ ਵਿੱਚ; ਮਰੀ ਹੋਈ ਗਾਂ ਦੀ ਖੱਲ ਲਾਹੁਣ ਕਾਰਨ 2006 ਵਿੱਚ ਪੰਜ ਦਲਿਤਾਂ ਨੂੰ ਕੁੱਟ-ਕੁੱਟ ਕੇ/ਸਾੜ ਕੇ ਮਾਰਨਾ, 2011 ਵਿੱਚ ਮਿਰਚਪੁਰ ਵਿੱਚ ਦਲਿਤਾਂ ਦੀਆਂ ਹੱਤਿਆਵਾਂ—ਦੋਵੇਂ ਹਰਿਆਣਾ ਵਿੱਚ ਅਤੇ 2015 ਵਿੱਚ ਡਾਂਗਾਵਾਸ, ਰਾਜਸਥਾਨ ਵਿੱਚ ਦਲਿਤ ਵਿਰੋਧੀ ਹਿੰਸਾ ਸ਼ਾਮਲ ਹਨ। ਇਹ ਦਲਿਤਾਂ ਉੱਤੇ ਜ਼ੁਲਮ ਦੀਆਂ ਹਜ਼ਾਰਾਂ ਘਟਨਾਵਾਂ ਵਿੱਚੋਂ ਕੁਝ ਕੁ ਹਨ। ਇਨ੍ਹਾਂ ਵਿੱਚੋਂ ਲਗਭਗ ਸਾਰੇ ਮਾਮਲਿਆਂ ਵਿੱਚ ਦੋਸ਼ੀਆਂ ਦੀ ਪਛਾਣ ਅਜੇ ਹੋਣੀ ਬਾਕੀ ਹੈ। ਜਿੱਥੇ ਪਛਾਣ ਹੋਈ ਵੀ, ਉੱਥੇ ਮੁਕੱਦਮਾ ਚਲਾਉਣ ਦੀ ਦਰ ਕਦੇ 20 ਫ਼ੀਸਦੀ ਤੋਂ ਵੱਧ ਨਹੀਂ ਹੋਈ।

ਦੂਜੇ ਪਾਸੇ, ਹਿੰਸਾ ਦੇ ਦਲਿਤ, ਮਜ਼ਦੂਰ ਜਮਾਤ ਅਤੇ ਘੱਟਗਿਣਤੀ 'ਦੋਸ਼ੀਆਂ' ਨੂੰ ਵਿਸ਼ੇਸ਼ ਜਾਂਚ ਟੀਮਾਂ ਬਣਾ ਕੇ ਪੂਰੀ ਮੁਸਤੈਦੀ ਨਾਲ ਮੁਕੱਦਮਿਆਂ ਦੇ ਕਟਹਿਰੇ ਵਿੱਚ ਖੜ੍ਹਾ ਕੀਤਾ ਜਾਂਦਾ ਹੈ ਅਤੇ ਫਾਸਟ-ਟਰੈਕ ਅਦਾਲਤਾਂ ਰਾਹੀਂ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ। 'ਇਨਸਾਫ਼', 'ਕੌਮੀ ਸੁਰੱਖਿਆ' ਅਤੇ 'ਸਮਾਜ ਦੀ ਇੱਛਾ' ਦੀ ਪੂਰਤੀ ਲਈ ਉਨ੍ਹਾਂ ਨੂੰ ਫਾਂਸੀਆਂ ਦਿੱਤੀਆਂ ਜਾਂਦੀਆਂ ਹਨ ਅਤੇ ਜੇਲ੍ਹਾਂ ਵਿੱਚ ਸੁੱਟਿਆ ਜਾਂਦਾ ਹੈ। ਸਮੁੱਚੀ ਹਕੀਕਤ ਇਹ ਹੈ ਕਿ ਜਦੋਂ ਵੀ ਪੀੜਤ ਘੱਟਗਿਣਤੀਆਂ, ਮਜ਼ਦੂਰ ਜਮਾਤ ਅਤੇ ਦਲਿਤ ਹੁੰਦੇ ਹਨ ਤਾਂ ਰਾਜ ਅਤੇ ਨਿਆਂਪਾਲਿਕਾ ਕੌਮਾ ਵਿੱਚ ਚਲੇ ਜਾਂਦੇ ਹਨ।

2014 ਤੱਕ ਦੀਆਂ ਸਰਕਾਰਾਂ ਵੱਲੋਂ ਵਿਸ਼ਵਾਸਘਾਤ : ਕਾਤਲ ਗਰੋਹਾਂ ਨੂੰ ਖੁੱਲ੍ਹੀ ਛੁੱਟੀ ਦੇਣ ਮਗਰੋਂ ਸਰਕਾਰ ਨੇ 1984 ਦੇ 'ਦੰਗਿਆਂ' ਦੇ ਦੋਸ਼ੀਆਂ ਦਾ ਪਤਾ ਲਾਉਣ ਲਈ ਇਕ-ਮੈਂਬਰੀ ਮਾਰਵਾਹ ਕਮਿਸ਼ਨ ਨਿਯੁਕਤ ਕੀਤਾ। ਜਦੋਂ ਇਹ ਕਵਾਇਦ ਪ੍ਰੇਸ਼ਾਨੀ ਸਾਬਤ ਹੋਣ ਲੱਗੀ ਤਾਂ ਇਸ ਦੇ ਗਠਨ ਤੋਂ ਥੋੜ੍ਹੇ ਸਮੇਂ ਬਾਅਦ ਹੀ ਇਸ ਨੂੰ ਆਪਣਾ ਕੰਮ ਸਮੇਟਣ ਲਈ ਕਹਿ ਦਿੱਤਾ ਗਿਆ। ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਰੰਗਨਾਥ ਮਿਸ਼ਰਾ ਨੂੰ 1984 ਦੇ 'ਦੰਗਿਆਂ' ਦੀ ਜਾਂਚ ਕਰਨ ਲਈ ਕਿਹਾ ਗਿਆ, ਜਿਨ੍ਹਾਂ ਨੇ 1987 ਵਿੱਚ ਆਪਣੀ ਰਿਪੋਰਟ ਸੌਂਪੀ। ਹੈਰਾਨੀ ਦੀ ਗੱਲ ਹੈ ਕਿ ਮਿਸ਼ਰਾ ਦੀ ਅਗਵਾਈ ਵਾਲੇ ਇਸ ਤੱਥ-ਖੋਜੀ—ਜਾਂ ਤੱਥ ਲੁਕਾਉਣ ਵਾਲੇ—ਕਮਿਸ਼ਨ ਨੇ ਕਿਹਾ ਕਿ "ਦੰਗੇ, ਜਿਨ੍ਹਾਂ ਦੀ ਸ਼ੁਰੂਆਤ ਆਪਮੁਹਾਰੇ ਹੋਈ ਸੀ, ਬਾਅਦ ਵਿੱਚ ਗੁੰਡਿਆਂ ਦੇ ਹੱਥਾਂ ਵਿੱਚ ਇਕ ਵਿਉਂਤਬੱਧ ਢੰਗ ਅਖ਼ਤਿਆਰ ਕਰ ਗਏ।

ਨਸਲਕੁਸ਼ੀ ਨੂੰ 'ਦੰਗਿਆਂ' ਤੱਕ ਸੁੰਗੇੜ ਦਿੱਤਾ ਗਿਆ, ਜਿਵੇਂ ਸਿੱਖਾਂ ਨੇ ਵੀ ਹਿੰਸਾ ਵਿੱਚ ਬਰਾਬਰ ਹਿੱਸਾ ਲਿਆ ਹੋਵੇ। ਇਹ ਇਕ ਨੰਗਾ-ਚਿੱਟਾ ਝੂਠ ਸੀ। ਆਪਮੁਹਾਰੀ ਹਿੰਸਾ ਦੇ ਸਿਧਾਂਤ ਦੇ ਝੰਡਾਬਰਦਾਰ, 'ਇਨਸਾਫ਼ ਦੇ ਪੈਗੰਬਰ' ਮਿਸ਼ਰਾ ਸੁਭਾਵਿਕ ਹੀ ਇਹ ਪਤਾ ਨਹੀਂ ਲਾ ਸਕੇ ਕਿ ਇਹ ਗੁੰਡੇ ਆਏ ਕਿੱਥੋਂ ਸਨ! ਆਈ ਅਕਿਊਜ਼: ਦਿ ਐਂਟੀ-ਸਿੱਖ ਵਾਇਲੈਂਸ ਆਫ਼ 1984 ਦੇ ਲੇਖਕ ਜਰਨੈਲ ਸਿੰਘ ਅਨੁਸਾਰ, ਰਾਜ ਦੀ ਇਸ ਸੇਵਾ ਬਦਲੇ ਉਨ੍ਹਾਂ ਨੂੰ ਰਾਜ ਸਭਾ ਦੀ ਮੈਂਬਰੀ ਨਾਲ ਨਿਵਾਜਿਆ ਗਿਆ।

ਅਗਲੇ ਦੋ ਦਹਾਕਿਆਂ ਦੌਰਾਨ ਘੱਟੋ-ਘੱਟ ਨੌਂ ਜਾਂਚ ਕਮਿਸ਼ਨ ਬਣਾਏ ਗਏ। ਚੋਣਾਂ ਦੇ ਸਮੇਂ ਵਧਦੇ ਲੋਕ-ਰੋਹ ਨੂੰ ਹੋਰ

ਪਾਸੇ ਮੋੜਨ ਲਈ ਕਿਸੇ ਨਵੇਂ ਕਮਿਸ਼ਨ ਦੇ ਗਠਨ ਜਾਂ ਪੀੜਤ ਪਰਿਵਾਰਾਂ ਲਈ ਕੁਝ ਹੋਰ ਮੁਆਵਜ਼ੇ ਦਾ ਐਲਾਨ ਕਰਨਾ ਭਾਰਤੀ ਰਾਜ ਦੀ ਰੁਟੀਨ ਬਣ ਗਿਆ। ਅਜਿਹੇ ਕਮਿਸ਼ਨਾਂ ਦੇ ਘੱਟਗਿਣਤੀ ਵਿਰੋਧੀ ਪੱਖਪਾਤ ਨੂੰ ਉਜਾਗਰ ਕਰਦਿਆਂ ਉੱਘੇ ਵਕੀਲ ਐੱਚ. ਐੱਸ. ਫੂਲਕਾ ਨੇ ਟਿੱਪਣੀ ਕੀਤੀ ਕਿ ਸਜ਼ਾਵਾਂ ਮਿਲਣ ਦੀ ਥਾਂ ਕਈ ਸਿਆਸੀ ਦੋਸ਼ੀਆਂ ਨੂੰ ਤਰੱਕੀਆਂ ਦੇ ਕੇ ਹਾਕਮ ਬਣਾ ਦਿੱਤਾ ਜਾਂਦਾ ਹੈ।

ਇਸ ਸਿਲਸਿਲੇ ਦੇ ਤਾਜ਼ਾ ਘਟਨਾਕ੍ਰਮ ਵਿੱਚ ਭਾਰਤ ਦੀ ਸੁਪਰੀਮ ਕੋਰਟ ਨੇ 16 ਅਗਸਤ, 2017 ਨੂੰ ਆਪਣੇ ਦੋ ਸਾਬਕਾ ਜੱਜਾਂ ਦਾ ਇਕ ਪੈਨਲ ਬਣਾਉਣ ਦਾ ਹੁਕਮ ਦਿੱਤਾ, ਜਿਸ ਨੇ ਅਗਲੇ ਤਿੰਨ ਮਹੀਨਿਆਂ 'ਚ ਇਹ ਜਾਂਚ ਕਰਨੀ ਸੀ ਕਿ ਐੱਸ.ਆਈ.ਟੀ. (ਸਿੱਟ) ਵੱਲੋਂ ਜਾਂਚੇ ਗਏ 241 ਸਿੱਖ ਵਿਰੋਧੀ ਦੰਗਾ ਕੇਸਾਂ ਨੂੰ ਬੰਦ ਕਰਨਾ ਕਿੰਨਾ ਵਾਜਬ ਸੀ। ਫਿਰ ਸੁਪਰੀਮ ਕੋਰਟ ਨੇ 2018 'ਚ ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ ਐੱਸ. ਐੱਨ. ਧੀਂਗੜਾ ਦੀ ਪ੍ਰਧਾਨਗੀ ਹੇਠ ਇਕ ਹੋਰ ਐੱਸ.ਆਈ.ਟੀ. ਬਣਾਈ, ਤਾਂ ਜੋ ਪਿਛਲੀ ਜਾਂਚ ਟੀਮ ਵੱਲੋਂ ਬੰਦ ਕੀਤੇ ਗਏ ਕੇਸਾਂ ਦੀ ਜਾਂਚ ਕੀਤੀ ਜਾ ਸਕੇ। ਗੁਪਤ ਰਿਪੋਰਟ 30 ਨਵੰਬਰ, 2019 ਨੂੰ ਸੁਪਰੀਮ ਕੋਰਟ ਨੂੰ ਸੌਂਪੀ ਗਈ। ਦੋਸ਼ੀਆਂ ਦੀ ਪਛਾਣ ਅਜੇ ਵੀ ਹੋਣੀ ਬਾਕੀ ਹੈ!

ਮੌਜੂਦਾ ਆਰ.ਐੱਸ.ਐੱਸ./ਭਾਜਪਾ ਹਾਕਮਾਂ ਵੱਲੋਂ ਵਿਸ਼ਵਾਸਘਾਤ : ਆਰ. ਐੱਸ. ਐੱਸ. ਦਾਅਵਾ ਕਰਦਾ ਹੈ ਕਿ ਉਹ ਹਮੇਸ਼ਾ ਹਿੰਦੂ-ਸਿੱਖ ਏਕਤਾ ਦੀ ਹਮਾਇਤੀ ਰਿਹਾ ਹੈ। ਉਹ ਕਦੇ-ਕਦਾਈਂ ਮੁਸਲਮਾਨ ਹਮਲਿਆਂ ਤੋਂ ਹਿੰਦੂ ਧਰਮ ਨੂੰ ਬਚਾਉਣ ਲਈ ਸਿੱਖ ਧਰਮ ਪ੍ਰਤੀ ਆਪਣੀ ਸ਼ੁਕਰਗੁਜ਼ਾਰੀ ਵੀ ਪ੍ਰਗਟਾਉਂਦਾ ਹੈ। ਇੱਥੇ ਇਹ ਜ਼ਿਕਰ ਕਰਨਾ ਬੇਮੌਕਾ ਨਹੀਂ ਹੋਵੇਗਾ ਕਿ ਆਰ.ਐੱਸ.ਐੱਸ. ਜਾਤੀਵਾਦ ਅਤੇ ਬ੍ਰਾਹਮਣਵਾਦੀ ਗ਼ਲਬੇ ਨੂੰ ਰੱਦ ਕਰਨ ਵਾਲੇ ਸਿੱਖ ਧਰਮ ਨੂੰ ਇਕ ਸੁਤੰਤਰ ਧਰਮ ਨਹੀਂ, ਸਗੋਂ ਹਿੰਦੂ ਧਰਮ ਦਾ ਹਿੱਸਾ ਮੰਨਦਾ ਹੈ। ਆਰ.ਐੱਸ.ਐੱਸ./ਭਾਜਪਾ ਦੇ ਆਗੂ ਸਿੱਖ ਵਿਰੋਧੀ ਹਿੰਸਾ ਲਈ ਕਾਂਗਰਸ ਨੂੰ ਦੋਸ਼ੀ ਠਹਿਰਾਉਂਦੇ ਰਹੇ ਹਨ। ਮੋਦੀ ਨੇ ਪਿਛਲੀਆਂ ਸੰਸਦੀ ਚੋਣਾਂ ਦੌਰਾਨ ਝਾਂਸੀ, ਉੱਤਰ ਪ੍ਰਦੇਸ਼ ਵਿੱਚ ਇਕ ਜਨਤਕ ਰੈਲੀ ਨੂੰ ਸੰਬੋਧਨ ਕਰਦਿਆਂ (25 ਅਕਤੂਬਰ, 2013) ਕਾਂਗਰਸੀ ਆਗੂਆਂ ਨੂੰ ਪੁੱਛਿਆ ਸੀ ਕਿ ਉਹ ਦੱਸਣ ਕਿ "1984 'ਚ ਹਜ਼ਾਰਾਂ ਸਿੱਖਾਂ ਨੂੰ ਕਿਸ ਨੇ ਮਾਰਿਆ" ਅਤੇ "ਕੀ ਸਿੱਖ ਨਸਲਕੁਸ਼ੀ ਲਈ ਹੁਣ ਤੱਕ ਕਿਸੇ ਨੂੰ ਸਜ਼ਾ ਹੋਈ ਹੈ?" ਪੰਜਾਬ ਦੀਆਂ ਚੋਣਾਂ ਅਤੇ 2014 ਦੀਆਂ ਆਮ ਚੋਣਾਂ ਦੌਰਾਨ ਮੋਦੀ ਲਗਾਤਾਰ ਸਿੱਖਾਂ ਦੇ 'ਕਤਲ-ਏ-ਆਮ' ਜਾਂ ਨਸਲਕੁਸ਼ੀ ਦਾ ਜ਼ਿਕਰ ਕਰਦਾ ਰਿਹਾ।

ਪ੍ਰਧਾਨ ਮੰਤਰੀ ਬਣਨ ਮਗਰੋਂ ਮੋਦੀ ਨੇ ਇਕ ਸੰਦੇਸ਼ ਵਿੱਚ (31 ਅਕਤੂਬਰ, 2014) ਕਿਹਾ ਕਿ ਇੰਦਰਾ ਗਾਂਧੀ ਦੇ ਕਤਲ ਮਗਰੋਂ ਹੋਏ ਸਿੱਖ ਵਿਰੋਧੀ ਦੰਗੇ ਅਜਿਹੇ ਸਨ, ਜਿਵੇਂ "ਭਾਰਤ ਦੀ ਛਾਤੀ ਵਿੱਚ ਖੰਜਰ ਖੋਭ ਦਿੱਤਾ ਗਿਆ ਹੋਵੇ ਸਾਡੇ ਆਪਣੇ ਲੋਕਾਂ ਦਾ ਕਤਲ ਕੀਤਾ ਗਿਆ; ਇਹ ਹਮਲਾ ਕਿਸੇ ਇਕ ਭਾਈਚਾਰੇ ਉੱਤੇ ਨਹੀਂ, ਸਗੋਂ ਸਮੁੱਚੇ ਮੁਲਕ ਉੱਤੇ ਸੀ।

ਹਿੰਦੂਤਵ ਦੇ ਪ੍ਰਤੀਕ, ਆਰ.ਐੱਸ.ਐੱਸ. ਦੇ ਕੁੱਲਵਕਤੀ ਕਾਰਕੁਨ ਅਤੇ ਪ੍ਰਧਾਨ ਮੰਤਰੀ ਮੋਦੀ ਨੇ ਇਸ ਗੱਲ ਉੱਤੇ ਦੁੱਖ ਪ੍ਰਗਟਾਇਆ ਕਿ ਇਸ ਨਸਲਕੁਸ਼ੀ ਦੇ ਦੋਸ਼ੀਆਂ ਵਿਰੁੱਧ ਅਜੇ ਤੱਕ ਕੇਸ ਦਰਜ ਕਰਕੇ ਮੁਕੱਦਮੇ ਨਹੀਂ ਚਲਾਏ ਗਏ। ਪਰ ਮੋਦੀ ਨੇ ਮੁਲਕ ਨੂੰ ਇਹ ਨਹੀਂ ਦੱਸਿਆ ਕਿ 1998 ਤੋਂ 2004 ਤੱਕ ਦੇਸ਼ ਉੱਤੇ ਰਾਜ ਕਰਨ ਵਾਲੀਆਂ ਐੱਨ.ਡੀ.ਏ. ਸਰਕਾਰਾਂ ਨੇ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਲਈ ਕੀ ਕੀਤਾ ਸੀ। ਮੋਦੀ ਇਹ ਤੱਥ ਸਾਂਝਾ ਕਰਨਾ ਵੀ ਭੁੱਲ ਗਿਆ ਕਿ ਐੱਲ. ਕੇ. ਅਡਵਾਨੀ ਦੀ ਸਵੈ-ਜੀਵਨੀ (ਮਾਈ ਕੰਟਰੀ, ਮਾਈ ਲਾਈਫ਼, 2008, ਸਫ਼ਾ 430) ਅਨੁਸਾਰ, ਉਨ੍ਹਾਂ ਦੀ ਆਪਣੀ ਪਾਰਟੀ ਨੇ ਹੀ ਇੰਦਰਾ ਗਾਂਧੀ ਨੂੰ ਫ਼ੌਜੀ ਕਾਰਵਾਈ ਲਈ ਮਜਬੂਰ ਕੀਤਾ ਸੀ। ਬਦਨਾਮ 'ਆਪ੍ਰੇਸ਼ਨ ਬਲੂ ਸਟਾਰ' ਨਾਂ ਦੀ ਇਸ ਕਾਰਵਾਈ ਵਿੱਚ ਵੱਡੀ ਗਿਣਤੀ ਸਿੱਖ ਸ਼ਰਧਾਲੂ ਮਾਰੇ ਗਏ ਸਨ।

ਉੱਘੇ ਪੱਤਰਕਾਰ ਅਤੇ ਵੈੱਨ ਅਟਰੀ ਸ਼ੁੱਕ ਡੌਲ੍ਹੀ: ਦਿ 1984 ਕਾਰਨੇਜ ਐਂਡ ਇਟਸ ਆਫ਼ਟਰਮੈਥ ਦੇ ਲੇਖਕ ਮਨੋਜ ਮਿੱਟਾ ਸਾਫ਼ ਸ਼ਬਦਾਂ ਵਿੱਚ ਕਹਿੰਦੇ ਹਨ: "ਭਾਜਪਾ ਦਾ ਰਾਜ ਹੋਣ ਦੇ ਬਾਵਜੂਦ ਕਾਂਗਰਸ ਦੇ ਰਾਜ ਹੇਠ ਹੋਏ ਕਤਲੇਆਮਾਂ ਲਈ ਜਵਾਬਦੇਹੀ ਤੈਅ ਕਰਨ ਦੀ ਇੱਛਾ-ਸ਼ਕਤੀ ਲਗਭਗ ਨਜ਼ਰ ਹੀ ਨਹੀਂ ਆਈ। ਇਉਂ ਲੱਗਦਾ ਹੈ ਜਿਵੇਂ 1984 ਅਤੇ 2002 ਦੀ ਪੁਸ਼ਤਪਨਾਹੀ ਕਰਨ ਵਾਲਿਆਂ ਦਰਮਿਆਨ ਕੋਈ ਅਣਕਿਹਾ ਸਮਝੌਤਾ ਹੋਵੇ—2002 ਤੋਂ ਭਾਵ ਗੁਜਰਾਤ ਦੀ ਨਸਲਕੁਸ਼ੀ ਹੈ।

2024 ਦੀਆਂ ਸੰਸਦੀ ਚੋਣਾਂ ਦੌਰਾਨ 1984 ਦੀ ਨਸਲਕੁਸ਼ੀ ਨੂੰ ਪੂਰੀ ਤਰ੍ਹਾਂ ਭੁਲਾ ਦੇਣਾ ਕੋਈ ਭੁੱਲ-ਚੁੱਕ ਨਹੀਂ ਸੀ। ਇਹ ਗੱਲ ਕੋਈ ਬਾਹਰਲੇ ਲੋਕ ਜਾਂ ਆਰ.ਐੱਸ.ਐੱਸ. ਦੇ ਆਲੋਚਕ ਹੀ ਨਹੀਂ ਕਹਿ ਰਹੇ। ਉਸ ਸਮੇਂ ਦੇ ਆਰ.ਐੱਸ.ਐੱਸ. ਦੇ ਦਸਤਾਵੇਜ਼ਾਂ ਨੂੰ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਮੁੱਖ ਜ਼ੋਰ ਸਿੱਖ ਅੱਤਵਾਦ ਦੀ ਨਿੰਦਾ ਕਰਨ, ਇੰਦਰਾ ਗਾਂਧੀ ਦੇ ਸੋਹਲੇ ਗਾਉਣ ਅਤੇ ਨਵੇਂ ਪ੍ਰਧਾਨ ਮੰਤਰੀ ਵਜੋਂ ਰਾਜੀਵ ਗਾਂਧੀ ਦੀ ਤਾਜਪੋਸ਼ੀ ਦਾ ਸਵਾਗਤ ਕਰਨ ਉੱਤੇ ਸੀ।

ਸਿੱਖ ਨਸਲਕੁਸ਼ੀ ਪ੍ਰਤੀ ਆਰ.ਐੱਸ.ਐੱਸ. ਦੇ ਵਿਚਾਰਕ ਨਾਨਾ ਦੇਸ਼ਮੁਖ ਦਾ ਅਣਮਨੁੱਖੀ ਰਵੱਈਆ : ਸਿੱਖਾਂ ਦੀ ਨਸਲਕੁਸ਼ੀ ਪ੍ਰਤੀ ਅਜਿਹੇ ਅਣਮਨੁੱਖੀ ਰਵੱਈਏ ਦਾ ਸਭ ਤੋਂ ਅਹਿਮ ਸਬੂਤ ਆਰ.ਐੱਸ.ਐੱਸ. ਦੇ ਪ੍ਰਮੁੱਖ ਕੁੱਲਵਕਤੀ ਕਾਰਕੁਨ ਅਤੇ ਵਿਚਾਰਕ ਨਾਨਾ ਦੇਸ਼ਮੁਖ (ਹੁਣ ਮਰਹੂਮ) ਦਾ ਲਿਖਿਆ ਦਸਤਾਵੇਜ਼ ਹੈ। 'ਆਤਮ-ਪੜਚੋਲ ਦੇ ਪਲ' ਸਿਰਲੇਖ ਵਾਲਾ ਇਹ ਦਸਤਾਵੇਜ਼ ਦੇਸ਼ਮੁਖ ਨੇ 8 ਨਵੰਬਰ, 1984 ਨੂੰ ਪ੍ਰਕਾਸ਼ਤ ਕੀਤਾ ਸੀ। ਇਹ ਉਨ੍ਹਾਂ ਸਾਰੇ ਅਪਰਾਧੀਆਂ ਦਾ ਪਰਦਾਫ਼ਾਸ਼ ਕਰਨ ਵਿੱਚ ਮਦਦ ਕਰ ਸਕਦਾ ਹੈ, ਜੋ ਉਨ੍ਹਾਂ ਬੇਕਸੂਰ ਸਿੱਖਾਂ ਦੀ ਨਸਲਕੁਸ਼ੀ 'ਚ ਸ਼ਾਮਲ ਸਨ, ਜਿਨ੍ਹਾਂ ਦਾ ਇੰਦਰਾ ਗਾਂਧੀ ਦੇ ਕਤਲ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਇਹ ਦਸਤਾਵੇਜ਼ ਇਸ ਗੱਲ 'ਤੇ ਵੀ ਚਾਨਣਾ ਪਾ ਸਕਦਾ ਹੈ ਕਿ ਸਿੱਖਾਂ ਦੇ ਕਤਲਾਂ ਨੂੰ ਬਹੁਤ ਵਿਉਂਤਬੱਧ ਢੰਗ ਨਾਲ ਜਥੇਬੰਦ ਕਰਨ ਵਾਲੇ ਕਾਰਕੁਨ ਕਿੱਥੋਂ ਆਏ ਸਨ। ਇਸ ਦਸਤਾਵੇਜ਼ ਵਿੱਚ ਨਾਨਾ ਦੇਸ਼ਮੁਖ 1984 'ਚ ਸਿੱਖ ਭਾਈਚਾਰੇ ਦੀ ਨਸਲਕੁਸ਼ੀ ਨੂੰ ਜਾਇਜ਼ ਠਹਿਰਾਉਣ ਦੀ ਦਲੀਲਬਾਜ਼ੀ ਕਰਦਾ ਨਜ਼ਰ ਆਉਂਦਾ ਹੈ।

ਇਹ ਦਸਤਾਵੇਜ਼ ਭਾਰਤ ਦੀਆਂ ਸਾਰੀਆਂ ਘੱਟਗਿਣਤੀਆਂ ਪ੍ਰਤੀ ਆਰ.ਐੱਸ.ਐੱਸ. ਦੇ ਅਸਲ ਨਿੱਘਰੇ ਹੋਏ ਅਤੇ ਫਾਸ਼ੀਵਾਦੀ ਰਵੱਈਏ ਨੂੰ ਵੀ ਦਰਸਾਉਂਦਾ ਹੈ। ਆਰ.ਐੱਸ.ਐੱਸ. ਇਹ ਦਲੀਲ ਦਿੰਦਾ ਰਿਹਾ ਹੈ ਕਿ ਉਹ ਮੁਸਲਮਾਨਾਂ ਅਤੇ ਇਸਾਈਆਂ ਦੇ ਵਿਰੁੱਧ ਇਸ ਲਈ ਹੈ ਕਿਉਂਕਿ ਉਹ ਬਦੇਸ਼ੀ ਧਰਮਾਂ ਦੇ ਪੈਰੋਕਾਰ ਹਨ। ਇੱਥੇ ਅਸੀਂ ਉਸ ਨੂੰ ਸਿੱਖਾਂ ਦੇ ਕਤਲੇਆਮ ਨੂੰ ਜਾਇਜ਼ ਠਹਿਰਾਉਂਦਿਆਂ ਦੇਖਦੇ ਹਾਂ, ਜੋ ਉਸ ਦੇ ਆਪਣੇ ਵਰਗੀਕਰਨ ਅਨੁਸਾਰ ਦੇਸੀ ਧਰਮ ਦੇ ਪੈਰੋਕਾਰ ਸਨ। ਇਸ ਦਸਤਾਵੇਜ਼ ਵਿੱਚ ਅਸੀਂ ਖ਼ੁਦ ਉਸ ਦੇ ਮੂੰਹੋਂ ਸੁਣਾਂਗੇ ਕਿ ਤਤਕਾਲੀ ਕਾਂਗਰਸੀ ਲੀਡਰਸ਼ਿਪ ਵਾਂਗ ਆਰ.ਐੱਸ.ਐੱਸ. ਵੀ ਇਹ ਮੰਨਦਾ ਸੀ ਕਿ ਬੇਕਸੂਰ ਸਿੱਖਾਂ ਦੀ ਨਸਲਕੁਸ਼ੀ ਅਟੱਲ ਸੀ।

ਇਹ ਦਸਤਾਵੇਜ਼ ਜਾਰਜ ਫਰਨਾਂਡਿਜ਼ ਦੀ ਸੰਪਾਦਨਾ ਹੇਠ ਨਿਕਲਦੇ ਹਿੰਦੀ ਹਫ਼ਤਾਵਾਰੀ 'ਪ੍ਰਤਿਪਕਸ਼' ਦੇ 25 ਨਵੰਬਰ, 1984 ਦੇ ਅੰਕ ਵਿੱਚ 'ਇੰਦਰਾ ਕਾਂਗਰਸ-ਆਰ.ਐੱਸ.ਐੱਸ. ਦੀ ਮਿਲੀਭੁਗਤ' ਸਿਰਲੇਖ ਹੇਠ, ਹੇਠ ਲਿਖੀ ਸੰਪਾਦਕੀ ਟਿੱਪਣੀ ਨਾਲ ਛਾਪਿਆ ਗਿਆ ਸੀ। ਜਾਰਜ ਫਰਨਾਂਡਿਜ਼ ਬਾਅਦ ਵਿੱਚ ਐੱਨ.ਡੀ.ਏ. ਸਰਕਾਰ ਵਿੱਚ ਭਾਰਤ ਦਾ ਰੱਖਿਆ ਮੰਤਰੀ ਬਣਿਆ:

"ਹੇਠ ਲਿਖੇ ਦਸਤਾਵੇਜ਼ ਦੇ ਲੇਖਕ ਆਰ.ਐੱਸ.ਐੱਸ. ਦੇ ਵਿਚਾਰਕ ਅਤੇ ਨੀਤੀ-ਘਾੜੇ ਵਜੋਂ ਜਾਣੇ ਜਾਂਦੇ ਹਨ। ਪ੍ਰਧਾਨ ਮੰਤਰੀ [ਇੰਦਰਾ ਗਾਂਧੀ] ਦੇ ਕਤਲ ਮਗਰੋਂ ਉਨ੍ਹਾਂ ਨੇ ਇਹ ਦਸਤਾਵੇਜ਼ ਪ੍ਰਮੁੱਖ ਸਿਆਸੀ ਆਗੂਆਂ ਵਿੱਚ ਵੰਡਿਆ ਸੀ। ਇਸ ਦੀ ਇਤਿਹਾਸਕ ਮਹੱਤਤਾ ਹੈ, ਇਸੇ ਲਈ ਅਸੀਂ ਆਪਣੇ ਹਫ਼ਤਾਵਾਰੀ ਅਖ਼ਬਾਰ ਦੀ ਨੀਤੀ ਤੋਂ ਹਟ ਕੇ ਇਸ ਨੂੰ ਛਾਪਣ ਦਾ ਫ਼ੈਸਲਾ ਕੀਤਾ ਹੈ। ਇਹ ਦਸਤਾਵੇਜ਼ ਇੰਦਰਾ ਕਾਂਗਰਸ ਅਤੇ ਆਰ.ਐੱਸ.ਐੱਸ. ਦਰਮਿਆਨ ਵਿਕਸਿਤ ਹੋ ਰਹੀ ਨਵੀਂ ਨੇੜਤਾ ਨੂੰ ਉਜਾਗਰ ਕਰਦਾ ਹੈ। ਅਸੀਂ ਇੱਥੇ ਇਸ ਦਸਤਾਵੇਜ਼ ਦਾ ਹਿੰਦੀ ਅਨੁਵਾਦ ਪੇਸ਼ ਕਰ ਰਹੇ ਹਾਂ।



(ਜਾਰਜ ਫਰਨਾਂਡਿਜ਼ ਦੀ ਸੰਪਾਦਨਾ ਵਾਲੇ ਹਿੰਦੀ ਹਫ਼ਤਾਵਾਰੀ 'ਪ੍ਰਤਿਪਕਸ਼' ਦੇ ਅਸਲ ਸਫ਼ੇ ਵੀ ਇੱਥੇ ਪੇਸ਼ ਕੀਤੇ ਗਏ ਹਨ।)

ਦੇਸ਼ਮੁਖ ਆਪਣੇ ਦਸਤਾਵੇਜ਼ 'ਆਤਮ-ਪੜਚੋਲ ਦੇ ਪਲ' ਵਿੱਚ 1984 ਦੀ ਸਿੱਖ ਨਸਲਕੁਸ਼ੀ ਨੂੰ ਜਾਇਜ਼ ਠਹਿਰਾਉਣ ਦੀ ਦਲੀਲਬਾਜ਼ੀ ਕਰਦਾ ਸਾਫ਼ ਦਿਸਦਾ ਹੈ। ਕਤਲੇਆਮ ਦੇ ਹੱਕ ਵਿੱਚ ਉਸ ਦੀਆਂ ਦਲੀਲਾਂ ਦਾ ਸਾਰ ਹੇਠ ਲਿਖੇ ਅਨੁਸਾਰ ਹੈ:

ਸਿੱਖਾਂ ਦੀ ਨਸਲਕੁਸ਼ੀ ਕਿਸੇ ਗਰੁੱਪ ਜਾਂ ਸਮਾਜ ਵਿਰੋਧੀ ਅਨਸਰਾਂ ਦਾ ਕਾਰਾ ਨਹੀਂ ਸੀ, ਸਗੋਂ ਗੁੱਸੇ ਦੀ ਇਕ ਅਸਲ ਭਾਵਨਾ ਦਾ ਨਤੀਜਾ ਸੀ।

ਦੇਸ਼ਮੁਖ ਨੇ ਇੰਦਰਾ ਗਾਂਧੀ ਦੇ ਦੋ ਸੁਰੱਖਿਆ ਮੁਲਾਜ਼ਮਾਂ, ਜੋ ਸਿੱਖ ਸਨ, ਦੀ ਕਾਰਵਾਈ ਅਤੇ ਸਮੁੱਚੇ ਸਿੱਖ ਭਾਈਚਾਰੇ ਵਿਚਕਾਰ ਕੋਈ ਫ਼ਰਕ ਨਹੀਂ ਕੀਤਾ। ਉਸ ਦੇ ਦਸਤਾਵੇਜ਼ ਅਨੁਸਾਰ ਇੰਦਰਾ ਗਾਂਧੀ ਦੇ ਕਾਤਲ ਆਪਣੇ ਭਾਈਚਾਰੇ ਵੱਲੋਂ ਮਿਲੇ ਕਿਸੇ ਤਰ੍ਹਾਂ ਦੇ ਆਦੇਸ਼ ਅਧੀਨ ਕੰਮ ਕਰ ਰਹੇ ਸਨ।

ਸਿੱਖਾਂ ਨੇ ਖ਼ੁਦ ਹੀ ਇਨ੍ਹਾਂ ਹਮਲਿਆਂ ਨੂੰ ਸੱਦਾ ਦਿੱਤਾ ਸੀ। ਇਸ ਤਰ੍ਹਾਂ ਉਨ੍ਹਾਂ ਨੇ ਸਿੱਖ ਨਸਲਕੁਸ਼ੀ ਨੂੰ ਜਾਇਜ਼ ਠਹਿਰਾਉਣ ਵਾਲੇ ਕਾਂਗਰਸੀ ਸਿਧਾਂਤ ਨੂੰ ਹੀ ਅੱਗੇ ਵਧਾਇਆ।

ਉਸ ਨੇ ਆਪ੍ਰੇਸ਼ਨ ਬਲੂ ਸਟਾਰ ਦੀ ਵਡਿਆਈ ਕੀਤੀ ਅਤੇ ਇਸ ਦੇ ਕਿਸੇ ਵੀ ਵਿਰੋਧ ਨੂੰ ਮੁਲਕ ਵਿਰੋਧੀ ਦੱਸਿਆ। ਜਦੋਂ ਹਜ਼ਾਰਾਂ ਦੀ ਗਿਣਤੀ 'ਚ ਸਿੱਖ ਮਾਰੇ ਜਾ ਰਹੇ ਸਨ ਤਾਂ ਉਹ ਮੁਲਕ ਨੂੰ ਸਿੱਖ ਅੱਤਵਾਦ ਤੋਂ ਖ਼ਬਰਦਾਰ ਕਰ ਰਿਹਾ ਸੀ ਅਤੇ ਇਸ ਤਰ੍ਹਾਂ ਉਨ੍ਹਾਂ ਕਤਲਾਂ ਦੀ ਵਿਚਾਰਧਾਰਕ ਪੈਰਵੀ ਕਰ ਰਿਹਾ ਸੀ।

ਪੰਜਾਬ ਵਿੱਚ ਹਿੰਸਾ ਲਈ ਸਮੁੱਚਾ ਸਿੱਖ ਭਾਈਚਾਰਾ ਜ਼ਿੰਮੇਵਾਰ ਸੀ।

ਸਿੱਖਾਂ ਨੂੰ ਸਵੈ-ਰੱਖਿਆ ਲਈ ਕੁਝ ਵੀ ਨਹੀਂ ਸੀ ਕਰਨਾ ਚਾਹੀਦਾ, ਸਗੋਂ ਕਾਤਲ ਭੀੜਾਂ ਦੇ ਸਾਹਮਣੇ ਸਬਰ ਅਤੇ ਸਹਿਣਸ਼ੀਲਤਾ ਦਿਖਾਉਣੀ ਚਾਹੀਦੀ ਸੀ।

ਨਸਲਕੁਸ਼ੀ ਲਈ ਕਾਤਲ ਭੀੜਾਂ ਨਹੀਂ, ਸਗੋਂ ਸਿੱਖ ਬੁੱਧੀਜੀਵੀ ਜ਼ਿੰਮੇਵਾਰ ਸਨ। ਉਨ੍ਹਾਂ ਨੇ ਸਿੱਖਾਂ ਨੂੰ ਉਨ੍ਹਾਂ ਦੀਆਂ ਹਿੰਦੂ ਜੜ੍ਹਾਂ ਤੋਂ ਤੋੜ ਕੇ ਇਕ ਖਾੜਕੂ ਭਾਈਚਾਰਾ ਬਣਾ ਦਿੱਤਾ ਸੀ ਅਤੇ ਇਸ ਤਰ੍ਹਾਂ ਰਾਸ਼ਟਰਵਾਦੀ ਭਾਰਤੀਆਂ ਦੇ ਹਮਲਿਆਂ ਨੂੰ ਸੱਦਾ ਦਿੱਤਾ ਸੀ। ਇਸ ਤੋਂ ਇਲਾਵਾ, ਉਸਨੇ ਸਾਰੇ ਸਿੱਖਾਂ ਨੂੰ ਇਕੋ ਗਰੋਹ ਦਾ ਹਿੱਸਾ ਮੰਨਿਆ ਅਤੇ ਉਨ੍ਹਾਂ ਉੱਤੇ ਹਮਲਿਆਂ ਨੂੰ ਰਾਸ਼ਟਰਵਾਦੀ ਹਿੰਦੂਆਂ ਦੀ ਪ੍ਰਤੀਕਰਮ ਦੱਸਿਆ।

ਉਸ ਨੇ ਇੰਦਰਾ ਗਾਂਧੀ ਨੂੰ ਇਕੋ-ਇਕ ਅਜਿਹੀ ਆਗੂ ਦੱਸਿਆ, ਜੋ ਮੁਲਕ ਨੂੰ ਇਕਜੁੱਟ ਰੱਖ ਸਕਦੀ ਸੀ ਅਤੇ ਅਜਿਹੇ ਮਹਾਨ ਆਗੂਆਂ ਦੇ ਕਤਲ ਮਗਰੋਂ ਇਸ ਤਰ੍ਹਾਂ ਦੇ ਕਤਲਾਂ ਨੂੰ ਟਾਲਿਆ ਨਹੀਂ ਜਾ ਸਕਦਾ ਸੀ।

ਸ੍ਰੀਮਤੀ ਗਾਂਧੀ ਮਗਰੋਂ ਪ੍ਰਧਾਨ ਮੰਤਰੀ ਬਣੇ ਰਾਜੀਵ ਗਾਂਧੀ ਨੇ ਇਹ ਕਹਿ ਕੇ ਪੂਰੇ ਮੁਲਕ 'ਚ ਸਿੱਖਾਂ ਦੇ ਕਤਲਾਂ ਨੂੰ ਜਾਇਜ਼ ਠਹਿਰਾਇਆ ਸੀ ਕਿ "ਜਦੋਂ ਕੋਈ ਵੱਡਾ ਦਰੱਖ਼ਤ ਡਿੱਗਦਾ ਹੈ ਤਾਂ ਧਰਤੀ ਹਿੱਲਦੀ ਹੀ ਹੈ।" ਨਾਨਾ ਦੇਸ਼ਮੁਖ ਨੇ ਦਸਤਾਵੇਜ਼ ਦੇ ਅੰਤ ਵਿੱਚ ਉਸ ਦੀ ਸ਼ਲਾਘਾ ਕੀਤੀ ਅਤੇ ਉਸ ਨੂੰ ਅਸ਼ੀਰਵਾਦ ਦਿੱਤਾ।

ਹੈਰਾਨੀ ਦੀ ਗੱਲ ਹੈ ਕਿ ਸਿੱਖਾਂ ਦੀ ਨਸਲਕੁਸ਼ੀ ਦੀ ਤੁਲਨਾ ਗਾਂਧੀ ਜੀ ਦੇ ਕਤਲ ਮਗਰੋਂ ਆਰ.ਐੱਸ.ਐੱਸ. ਕਾਰਕੁਨਾਂ ਉੱਤੇ ਹੋਏ ਹਮਲਿਆਂ ਨਾਲ ਕੀਤੀ ਜਾ ਰਹੀ ਸੀ ਅਤੇ ਦੇਸ਼ਮੁਖ ਸਿੱਖਾਂ ਨੂੰ ਚੁੱਪਚਾਪ ਜ਼ੁਲਮ ਸਹਿਣ ਦੀ ਸਲਾਹ ਦੇ ਰਿਹਾ ਸੀ। ਹਰ ਕੋਈ ਜਾਣਦਾ ਹੈ ਕਿ ਗਾਂਧੀ ਜੀ ਦਾ ਕਤਲ ਆਰ.ਐੱਸ.ਐੱਸ. ਅਤੇ ਹਿੰਦੂਤਵ ਦੀ ਵਿਚਾਰਧਾਰਾ ਤੋਂ ਪ੍ਰੇਰਿਤ ਸੀ, ਜਦਕਿ ਆਮ ਬੇਕਸੂਰ ਸਿੱਖਾਂ ਦਾ ਇੰਦਰਾ ਗਾਂਧੀ ਦੇ ਕਤਲ ਨਾਲ ਕੋਈ ਲੈਣਾ-ਦੇਣਾ ਨਹੀਂ ਸੀ।

ਦੇਸ਼ਮੁਖ ਦੇ ਦਸਤਾਵੇਜ਼ ਵਿੱਚ ਇਕ ਵੀ ਵਾਕ ਅਜਿਹਾ ਨਹੀਂ ਸੀ, ਜਿਸ ਵਿੱਚ ਕੇਂਦਰ ਦੀ ਤਤਕਾਲੀ ਕਾਂਗਰਸ ਸਰਕਾਰ ਜਾਂ ਉਸ ਵੇਲੇ ਦੇ ਗ੍ਰਹਿ ਮੰਤਰੀ ਨਰਸਿਮਹਾ ਰਾਓ ਤੋਂ ਘੱਟਗਿਣਤੀ ਭਾਈਚਾਰੇ ਵਿਰੁੱਧ ਹਿੰਸਾ ਰੋਕਣ ਲਈ ਕਦਮ ਚੁੱਕਣ ਦੀ ਮੰਗ ਕੀਤੀ ਗਈ ਹੋਵੇ। ਨਰਸਿਮਹਾ ਰਾਓ ਆਰ.ਐੱਸ.ਐੱਸ. ਦਾ ਚਹੇਤਾ ਕਾਂਗਰਸੀ ਆਗੂ ਸੀ, ਜਿਸਨੇ ਬਾਅਦ ਵਿੱਚ 1992 'ਚ ਭਾਰਤ ਦਾ ਪ੍ਰਧਾਨ ਮੰਤਰੀ ਹੁੰਦਿਆਂ ਹਿੰਦੂਤਵੀ ਗੁੰਡਿਆਂ ਵੱਲੋਂ ਬਾਬਰੀ ਮਸਜਿਦ ਢਾਹੇ ਜਾਣ ਨੂੰ ਚੁੱਪਚਾਪ ਦੇਖਿਆ। ਧਿਆਨ ਰਹੇ ਕਿ ਦੇਸ਼ਮੁਖ ਨੇ ਇਹ ਦਸਤਾਵੇਜ਼ 8 ਨਵੰਬਰ, 1984 ਨੂੰ ਵੰਡਿਆ ਸੀ ਅਤੇ 31 ਅਕਤੂਬਰ ਤੋਂ ਇਸ ਤਾਰੀਕ ਤੱਕ ਸਿੱਖਾਂ ਨੂੰ ਕਾਤਲ ਗਰੋਹਾਂ ਦਾ ਸਾਹਮਣਾ ਕਰਨ ਲਈ ਇਕੱਲਿਆਂ ਛੱਡ ਦਿੱਤਾ ਗਿਆ ਸੀ। ਦਰਅਸਲ 5 ਤੋਂ 10 ਨਵੰਬਰ ਉਹ ਸਮਾਂ ਸੀ, ਜਦੋਂ ਸਭ ਤੋਂ ਵੱਧ ਸਿੱਖਾਂ ਦੇ ਕਤਲ ਹੋਏ। ਦੇਸ਼ਮੁਖ ਨੂੰ ਇਸ ਸਭ ਦੀ ਕੋਈ ਪਰਵਾਹ ਹੀ ਨਹੀਂ ਸੀ।

ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਇਸ ਨਸਲਕੁਸ਼ੀ ਪਿੱਛੇ ਕਾਂਗਰਸੀ ਕਾਰਕੁਨਾਂ ਦਾ ਹੱਥ ਸੀ। ਇਹ ਸੱਚ ਹੋ ਸਕਦਾ ਹੈ, ਪਰ ਹੋਰ ਤਾਕਤਾਂ ਵੀ ਸਨ, ਜਿਨ੍ਹਾਂ ਨੇ ਇਸ ਨਸਲਕੁਸ਼ੀ ਵਿੱਚ ਸਰਗਰਮ ਹਿੱਸਾ ਲਿਆ ਅਤੇ ਜਿਨ੍ਹਾਂ ਦੀ ਭੂਮਿਕਾ ਦੀ ਕਦੇ ਜਾਂਚ ਨਹੀਂ ਹੋਈ। ਅਸਲ ਦੋਸ਼ੀਆਂ ਦੇ ਅਣਪਛਾਤੇ ਰਹਿਣ ਦਾ ਇਹ ਵੀ ਇਕ ਕਾਰਨ ਹੋ ਸਕਦਾ ਹੈ। ਨਸਲਕੁਸ਼ੀ ਦੇ ਚਸ਼ਮਦੀਦ ਗਵਾਹ ਕਾਤਲ ਅਤੇ ਲੁਟੇਰੇ ਗਰੋਹਾਂ ਦੀ ਤੇਜ਼ੀ ਅਤੇ ਫ਼ੌਜੀ ਕਾਰਵਾਈ ਵਰਗੀ ਸਟੀਕਤਾ ਦੇਖ ਕੇ ਸੁੰਨ ਰਹਿ ਗਏ ਸਨ। ਇਹ ਗਰੋਹ ਬੇਕਸੂਰ ਸਿੱਖਾਂ ਨੂੰ ਧੜਾਧੜ ਸਾੜ ਰਹੇ ਸਨ। ਬਾਅਦ ਵਿੱਚ

ਇਹੋ ਕੁਝ ਬਾਬਰੀ ਮਸਜਿਦ ਢਾਹੇ ਜਾਣ, ਡਾ. ਗ੍ਰਾਹਮ ਸਟੇਨਜ਼ ਅਤੇ ਉਨ੍ਹਾਂ ਦੇ ਦੋ ਪੁੱਤਰਾਂ ਨੂੰ ਜਿਉਂਦੇ ਸਾੜਨ, 2002 'ਚ ਗੁਜਰਾਤ ਵਿੱਚ ਮੁਸਲਮਾਨਾਂ ਦੇ ਕਤਲੇਆਮ ਅਤੇ ਉੜੀਸਾ ਦੇ ਕੁਝ ਹਿੱਸਿਆਂ ਵਿੱਚ ਇਸਾਈਆਂ ਦੀ ਨਸਲਕੁਸ਼ੀ ਦੌਰਾਨ ਵੀ ਦੇਖਿਆ ਗਿਆ। ਯਕੀਨਨ ਇਹ ਕਾਂਗਰਸੀ ਆਗੂਆਂ ਦੀ ਅਗਵਾਈ ਵਾਲੇ ਗੁੰਡਿਆਂ ਦੀ ਸਮਰੱਥਾ ਤੋਂ ਬਾਹਰ ਦੀ ਗੱਲ ਸੀ।

ਇਹ ਹੈਰਾਨ ਕਰਨ ਵਾਲੀ ਗੱਲ ਹੈ ਕਿ ਦੇਸ਼ਮੁਖ ਨੇ 1984 ਦੀ ਸਿੱਖ ਨਸਲਕੁਸ਼ੀ ਨੂੰ ਸਿੱਖਾਂ ਅਤੇ ਹਿੰਦੂਆਂ ਵਿਚਕਾਰਲਾ ਮਸਲਾ ਬਣਾ ਕੇ ਪੇਸ਼ ਕੀਤਾ। ਉਸ ਨੇ ਲਿਖਿਆ: "ਮੈਨੂੰ ਉਨ੍ਹਾਂ ਸਾਰੇ ਹਿੰਦੂ ਗੁਆਂਢੀਆਂ 'ਤੇ ਮਾਣ ਹੈ, ਜਿਨ੍ਹਾਂ ਨੇ ਆਪਣੀਆਂ ਜਾਨਾਂ ਦੀ ਪ੍ਰਵਾਹ ਕੀਤੇ ਬਿਨਾਂ ਮੁਸੀਬਤ ਵਿੱਚ ਘਿਰੇ ਸਿੱਖ ਭਰਾਵਾਂ ਦੀ ਜਾਨ-ਮਾਲ ਦੀ ਰੱਖਿਆ ਕੀਤੀ। ਪੂਰੀ ਦਿੱਲੀ ਵਿੱਚੋਂ ਅਜਿਹੀਆਂ ਗੱਲਾਂ ਸੁਣਨ ਨੂੰ ਮਿਲ ਰਹੀਆਂ ਹਨ। ਇਨ੍ਹਾਂ ਗੱਲਾਂ ਨੇ ਮਨੁੱਖੀ ਸੁਭਾਅ ਦੀ ਕੁਦਰਤੀ ਚੰਗਿਆਈ ਅਤੇ ਖ਼ਾਸ ਕਰਕੇ ਹਿੰਦੂ ਸੁਭਾਅ 'ਚ ਭਰੋਸੇ ਨੂੰ ਅਮਲੀ ਤੌਰ 'ਤੇ ਵਧਾਇਆ ਹੈ।" ਉਸ ਨੇ ਇਸ ਤੱਥ ਵੱਲ ਕੋਈ ਧਿਆਨ ਨਹੀਂ ਦਿੱਤਾ ਕਿ ਸਿੱਖਾਂ ਦੀ ਜਾਨ-ਮਾਲ ਦੀ ਰੱਖਿਆ ਕਰਨ ਵਾਲੇ ਸਿਰਫ਼ ਹਿੰਦੂ ਹੀ ਨਹੀਂ, ਸਗੋਂ ਮੁਸਲਮਾਨ, ਜੈਨ, ਬੋਧੀ, ਇਸਾਈ, ਨਾਸਤਿਕ ਅਤੇ ਕਮਿਊਨਿਸਟ ਵੀ ਸਨ।

ਸਿੱਖ ਨਸਲਕੁਸ਼ੀ ਪ੍ਰਤੀ ਆਰ.ਐੱਸ.ਐੱਸ. ਦਾ ਸ਼ਰਮਨਾਕ ਰਵੱਈਆ : ਦੇਸ਼ਮੁਖ ਦਾ ਦਸਤਾਵੇਜ਼ ਕੋਈ ਨਿਵੇਕਲਾ ਵਰਤਾਰਾ ਨਹੀਂ ਸੀ। ਇਹ 1984 ਦੀ ਸਿੱਖ ਨਸਲਕੁਸ਼ੀ ਪ੍ਰਤੀ ਆਰ.ਐੱਸ.ਐੱਸ. ਦੇ ਅਸਲ ਰਵੱਈਏ ਦੀ ਨੁਮਾਇੰਦਗੀ ਕਰਦਾ ਸੀ। ਇੱਥੇ ਇਹ ਜਾਣਨਾ ਢੁੱਕਵਾਂ ਹੋਵੇਗਾ ਕਿ ਆਰ.ਐੱਸ.ਐੱਸ. ਦੇ ਕਾਰਕੁਨ ਸਿੱਖਾਂ ਦੀ ਰੱਖਿਆ ਲਈ ਅੱਗੇ ਨਹੀਂ ਆਏ। ਆਰ.ਐੱਸ.ਐੱਸ. ਨੂੰ ਪ੍ਰਚਾਰ ਸਮੱਗਰੀ ਵੰਡਣ ਦਾ ਬਹੁਤ ਸ਼ੌਕ ਹੈ, ਖ਼ਾਸ ਕਰਕੇ ਖ਼ਾਕੀ ਨਿੱਕਰਾਂ ਵਾਲੇ ਆਪਣੇ ਕਾਰਕੁਨਾਂ ਦੀਆਂ ਸਮਾਜ ਸੇਵਾ ਕਰਦਿਆਂ ਦੀਆਂ ਤਸਵੀਰਾਂ। 1984 ਦੀ ਹਿੰਸਾ ਬਾਰੇ ਉਨ੍ਹਾਂ ਕੋਲ ਅਜਿਹੀ ਕੋਈ ਤਸਵੀਰ ਨਹੀਂ ਹੈ। ਦਰਅਸਲ, ਦੇਸ਼ਮੁਖ ਦੇ ਲੇਖ ਵਿੱਚ ਵੀ ਹਿੰਸਾ 'ਚ ਘਿਰੇ ਹੋਏ ਸਿੱਖਾਂ ਨੂੰ ਬਚਾਉਣ ਲਈ ਆਰ.ਐੱਸ.ਐੱਸ. ਕਾਰਕੁਨਾਂ ਦੇ ਅੱਗੇ ਆਉਣ ਦਾ ਕੋਈ ਜ਼ਿਕਰ ਨਹੀਂ ਸੀ। ਇਹ ਨਸਲਕੁਸ਼ੀ ਦੌਰਾਨ ਆਰ.ਐੱਸ.ਐੱਸ. ਦੀ ਅਸਲ ਨੀਅਤ ਨੂੰ ਦਰਸਾਉਂਦਾ ਹੈ।

ਆਰ.ਐੱਸ.ਐੱਸ. ਦੇ ਅੰਗਰੇਜ਼ੀ ਮੁੱਖ-ਪੱਤਰ 'ਆਰਗੇਨਾਈਜ਼ਰ' ਦੇ 11 ਅਤੇ 18 ਨਵੰਬਰ, 1984 ਦੇ ਸਾਂਝੇ ਅੰਕ ਵਿੱਚ 'ਸਦਮਾ ਦੇਣ ਵਾਲਾ ਘਾਟਾ' ਸਿਰਲੇਖ ਹੇਠ ਇਕ ਸੰਪਾਦਕੀ ਛਪੀ, ਜਿਸ ਵਿੱਚ ਇੰਦਰਾ ਗਾਂਧੀ ਦੀ ਹੇਠ ਲਿਖੇ ਸ਼ਬਦਾਂ ਵਿੱਚ ਸ਼ਲਾਘਾ ਕੀਤੀ ਗਈ:

"ਇਹ ਵਿਸ਼ਵਾਸ ਕਰਨਾ ਹਮੇਸ਼ਾ ਮੁਸ਼ਕਲ ਰਹੇਗਾ ਕਿ ਇੰਦਰਾ ਗਾਂਧੀ ਹੁਣ ਨਹੀਂ ਰਹੀ। ਇੰਨੇ ਲੰਮੇ ਸਮੇਂ ਤੋਂ ਉਸ ਦੀਆਂ ਅਨੇਕਾਂ ਰੂਪਾਂ ਵਿੱਚ ਗੂੰਜਦੀਆਂ ਆਵਾਜ਼ਾਂ ਸੁਣਨ ਦੀ ਅਜਿਹੀ ਆਦਤ ਪੈ ਗਈ ਸੀ ਕਿ ਉਸ ਤੋਂ ਬਿਨਾਂ ਸਭ ਕੁਝ ਸੁੰਨਾ ਜਾਪਣ ਲੱਗਾ। ਉਸ ਦੀ ਮੌਤ ਦਾ ਹਿੰਸਕ ਢੰਗ ਸਭ ਤੋਂ ਵੱਧ ਸਦਮਾ ਦੇਣ ਵਾਲੀ ਭਿਆਨਕ ਕਹਾਣੀ ਹੈ, ਜਿਸ ਨੇ ਮੁਲਕ ਦੇ ਲੂੰ-ਕੰਡੇ ਖੜ੍ਹੇ ਕਰ ਦਿੱਤੇ ਹਨ ਇਹ ਗੱਦਾਰ ਕੱਟੜਪੰਥੀਆਂ ਵੱਲੋਂ ਭਾਰਤੀ ਨਾਰੀਤਵ ਦੀ ਇਕ ਸ਼ਾਨਦਾਰ ਮਿਸਾਲ ਦਾ ਕਤਲ ਕਰਕੇ ਸਮੁੱਚੇ ਮੁਲਕ ਨੂੰ ਕਲੰਕਿਤ ਕਰਨ ਦਾ ਮਾਮਲਾ ਹੈ ਉਸਨੇ ਆਪਣੀ ਸਮਝ ਅਨੁਸਾਰ ਆਪਣੇ ਖ਼ੂਨ ਦੇ ਆਖ਼ਰੀ ਕਤਰੇ ਤੱਕ ਸੱਚਮੁੱਚ ਭਾਰਤ ਦੀ ਸੇਵਾ ਕੀਤੀ।

ਇਹੋ ਸੰਪਾਦਕੀ ਨਵੇਂ ਬਣੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਹਮਾਇਤ ਕਰਦਿਆਂ ਇਨ੍ਹਾਂ ਸ਼ਬਦਾਂ ਨਾਲ ਖ਼ਤਮ ਹੋਈ ਕਿ ਉਹ "ਹਮਦਰਦੀ ਅਤੇ ਲਿਹਾਜ਼ ਦੇ ਹੱਕਦਾਰ" ਹਨ।

'ਆਰਗੇਨਾਈਜ਼ਰ' ਨੇ ਇਕ ਕਾਲਮ ਵਿੱਚ ਆਰ.ਐੱਸ.ਐੱਸ. ਮੁਖੀ ਬਾਲਾ ਦੇਵਰਸ ਦਾ ਬਿਆਨ ਵੀ ਛਾਪਿਆ, ਜਿਸ ਦਾ ਸਿਰਲੇਖ ਸੀ: 'ਬਾਲਾਸਾਹਿਬ ਵੱਲੋਂ ਹੱਤਿਆ ਅਤੇ ਦਿੱਲੀ ਕਤਲੇਆਮ ਦੀ ਨਿੰਦਾ'। ਉਸ ਨੇ ਕਤਲੇਆਮ ਉੱਤੇ ਦੁੱਖ ਪ੍ਰਗਟਾਇਆ ਅਤੇ ਇਸ ਦੀ ਨਿੰਦਾ ਕੀਤੀ, ਪਰ ਇਕ ਵਾਰ ਵੀ ਇਸ ਤੱਥ ਦਾ ਜ਼ਿਕਰ ਨਹੀਂ ਕੀਤਾ ਕਿ ਸਿੱਖ ਹਮਲਿਆਂ ਦਾ ਸ਼ਿਕਾਰ ਹੋ ਰਹੇ ਸਨ। ਉਨ੍ਹਾਂ ਲਈ ਇਹ "ਹਿੰਦੂ ਸਮਾਜ ਦੀ ਆਪਸੀ ਲੜਾਈ" ਸੀ। ਉਨ੍ਹਾਂ ਨੇ ਇਸ ਤੱਥ ਨੂੰ ਵੀ ਅਣਡਿੱਠ ਕੀਤਾ ਕਿ ਸਿੱਖਾਂ ਨੂੰ ਸਿਰਫ਼ ਦਿੱਲੀ 'ਚ ਹੀ ਨਹੀਂ, ਸਗੋਂ ਭਾਰਤ ਦੇ ਹੋਰ ਅਨੇਕਾਂ ਹਿੱਸਿਆਂ ਵਿੱਚ ਵੀ ਵੱਢਿਆ ਅਤੇ ਸਾੜਿਆ ਗਿਆ ਸੀ। ਇਸ ਬਿਆਨ ਅਨੁਸਾਰ, ਅਮਨ ਬਹਾਲ ਕਰਨ ਅਤੇ ਪੀੜਤਾਂ ਦੇ ਮੁੜ-ਵਸੇਬੇ ਲਈ "ਸੋਇਮ ਸੇਵਕਾਂ ਨੂੰ ਮੁਹੱਲਾ ਸੁਰੱਖਿਆ ਸਮਿਤੀਆਂ ਬਣਾਉਣ ਜਾਂ ਉਨ੍ਹਾਂ ਦੇ ਗਠਨ ਵਿੱਚ ਮਦਦ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ।" ਪਰ ਉਸ ਸਮੇਂ ਦੇ ਆਰ.ਐੱਸ.ਐੱਸ. ਦੇ ਪੁਰਾਲੇਖਾਂ ਵਿੱਚ ਅਜਿਹਾ ਕੋਈ ਦਸਤਾਵੇਜ਼ ਨਹੀਂ ਮਿਲਦਾ, ਜੋ ਦੱਸ ਸਕੇ ਕਿ ਇਨ੍ਹਾਂ ਕਮੇਟੀਆਂ ਨੇ ਕਿਵੇਂ ਕੰਮ ਕੀਤਾ। ਇਹ ਤੱਥ ਹੈ ਕਿ ਆਪਣੇ ਕਾਰਕੁਨਾਂ ਦੀਆਂ ਸਮਾਜ ਸੇਵਾ ਕਰਦਿਆਂ ਦੀਆਂ ਤਸਵੀਰਾਂ ਦਿਖਾਉਣ ਦੇ ਸ਼ੌਕੀਨ ਆਰ.ਐੱਸ.ਐੱਸ. ਨੇ ਇਨ੍ਹਾਂ ਕਮੇਟੀਆਂ ਦੀ ਸਰਗਰਮੀ ਦੀ ਕੋਈ ਤਸਵੀਰ ਨਹੀਂ ਛਾਪੀ।

ਇਸੇ ਬਿਆਨ ਵਿੱਚ ਦੇਵਰਸ ਨੇ ਇੰਦਰਾ ਗਾਂਧੀ ਦੇ ਕਤਲ 'ਤੇ ਪ੍ਰਤੀਕਰਮ ਦਿੰਦਿਆਂ ਕਿਹਾ:

"ਕੁਝ ਕੱਟੜਪੰਥੀ ਅਨਸਰਾਂ ਵੱਲੋਂ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ 'ਤੇ ਉਪਜੀਆਂ ਭਾਵਨਾਵਾਂ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਮੁਸ਼ਕਲ ਹੈ; ਇਹ ਸਦਮਾ ਸ਼ਬਦਾਂ ਤੋਂ ਪਰ੍ਹੇ ਹੈ। ਉਸਨੇ 1966 ਤੋਂ ਲੈ ਕੇ ਮੁਲਕ ਦਾ ਲਗਭਗ ਸਾਰਾ ਬੋਝ ਚੁੱਕਿਆ ਹੋਇਆ ਸੀ। ਉਸ ਨੂੰ ਸਿਰਫ਼ ਇਸ ਮੁਲਕ 'ਚ ਹੀ ਨਹੀਂ, ਸਗੋਂ ਪੂਰੀ ਦੁਨੀਆ ਵਿੱਚ ਪਿਆਰ ਅਤੇ ਸਤਿਕਾਰ ਮਿਲਦਾ ਸੀ। ਇਸ ਨਾਜ਼ੁਕ ਮੋੜ ਉੱਤੇ ਉਸ ਦੇ ਵਿਛੋੜੇ ਨਾਲ ਭਾਰਤ ਅਤੇ ਦੁਨੀਆ ਵਿੱਚ ਵੀ ਇਕ ਖ਼ਲਾਅ ਪੈਦਾ ਹੋਵੇਗਾ।

ਉਪਰੋਕਤ 'ਆਰਗੇਨਾਈਜ਼ਰ' ਅਨੁਸਾਰ: "ਆਰ.ਐੱਸ.ਐੱਸ. ਦੇ ਪ੍ਰਮੁੱਖ ਰਾਜੇਂਦਰ ਸਿੰਘ ਨੇ ਦੇਸ਼ ਦੀਆਂ ਸਾਰੀਆਂ ਸ਼ਾਖਾਵਾਂ ਨੂੰ ਹਦਾਇਤਾਂ ਦਿੱਤੀਆਂ ਕਿ ਪ੍ਰਧਾਨ ਮੰਤਰੀ ਦੇ ਕਾਇਰਾਨਾ ਕਤਲ ਦੀ ਨਿੰਦਾ ਕਰਨ ਅਤੇ ਵਿਛੜੀ ਆਤਮਾ ਨੂੰ ਸ਼ਰਧਾਂਜਲੀ ਦੇਣ ਲਈ ਸ਼ਾਖਾ ਵਿੱਚ ਇਕ ਵਿਸ਼ੇਸ਼ ਮੀਟਿੰਗ ਕੀਤੀ ਜਾਵੇ। ਉਸ ਨੇ ਸੋਗ ਦੇ ਸਮੇਂ ਦੌਰਾਨ ਆਰ.ਐੱਸ.ਐੱਸ. ਵੱਲੋਂ ਕੀਤੇ ਜਾਣ ਵਾਲੇ ਸਾਰੇ ਜਨਤਕ ਸਮਾਗਮ ਰੱਦ ਕਰਨ ਦੀਆਂ ਹਦਾਇਤਾਂ ਵੀ ਦਿੱਤੀਆਂ।

ਨਿਰਸੰਦੇਹ, ਆਰ.ਐੱਸ.ਐੱਸ. ਦੇ ਪੁਰਾਲੇਖਾਂ ਵਿੱਚ ਸਿੱਖ ਪੀੜਤਾਂ ਲਈ ਸੋਗ ਮਨਾਉਣ ਦਾ ਹੁਕਮ ਦਿੰਦੀਆਂ ਆਰ.ਐੱਸ.ਐੱਸ. ਦੀ ਸਿਖਰਲੀ ਲੀਡਰਸ਼ਿਪ ਦੀ ਇਕ ਵੀ ਹਦਾਇਤ ਨਹੀਂ ਮਿਲਦੀ।

1984 ਦੀ ਨਸਲਕੁਸ਼ੀ ਲਈ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਮੁਆਫ਼ੀ ਦੇ ਵਿਰੁੱਧ ਆਰ.ਐੱਸ.ਐੱਸ. : ਆਰ.ਐੱਸ.ਐੱਸ. ਅੱਜ ਵੀ 1984 ਦੀ ਸਿੱਖ ਨਸਲਕੁਸ਼ੀ ਦੀ ਗੰਭੀਰਤਾ ਨੂੰ ਘਟਾ ਕੇ ਪੇਸ਼ ਕਰਦੀ ਹੈ। ਇਹ ਗੱਲ ਪਿਛਲੇ ਜੁਲਾਈ ਵਿੱਚ ਕੌਮੀ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ (NCERT) ਨੂੰ ਸੌਂਪੇ ਗਏ ਮੰਗ-ਪੱਤਰ ਨੂੰ ਪੜ੍ਹਨ ਤੋਂ ਸਪਸ਼ਟ ਹੋ ਜਾਵੇਗੀ। ਆਰ.ਐੱਸ.ਐੱਸ. ਦੇ ਸੀਨੀਅਰ ਸਿਧਾਂਤਘਾੜੇ ਦੀਨਾ ਨਾਥ ਬੱਤਰਾ ਨੇ ਆਰ.ਐੱਸ.ਐੱਸ. ਨਾਲ ਜੁੜੇ ਸਿੱਖਿਆ ਸੰਸਕ੍ਰਿਤੀ ਉੱਥਾਨ ਨਿਆਸ ਵੱਲੋਂ ਸਕੂਲੀ ਪਾਠ-ਪੁਸਤਕਾਂ ਵਿੱਚੋਂ ਹਟਾਈਆਂ ਜਾਣ ਵਾਲੀਆਂ ਗੱਲਾਂ ਦੀ ਪੰਜ ਸਫ਼ਿਆਂ ਦੀ ਸੂਚੀ ਸੌਂਪੀ। ਬੱਤਰਾ ਨੇ ਮੰਗ ਕੀਤੀ ਕਿ ਪਾਠ-ਪੁਸਤਕਾਂ ਵਿੱਚੋਂ ਘੱਟਗਿਣਤੀਆਂ ਵਿਰੁੱਧ ਹਿੰਸਾ ਦਾ ਹਰ ਜ਼ਿਕਰ ਹਟਾਇਆ ਜਾਵੇ। ਇਸ ਵਿੱਚ 1984 ਦੀ ਹਿੰਸਾ ਲਈ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਵੱਲੋਂ ਮੰਗੀ ਗਈ ਸਾਧਾਰਨ ਮੁਆਫ਼ੀ ਦਾ ਹਵਾਲਾ ਵੀ ਸ਼ਾਮਲ ਸੀ। ਧਿਆਨ ਦੇਣ ਵਾਲੀ ਗੱਲ ਹੈ ਕਿ 12 ਅਗਸਤ, 2005 ਨੂੰ ਸੰਸਦ ਵਿੱਚ ਮੁਆਫ਼ੀ ਮੰਗਦਿਆਂ ਭਾਰਤ ਦੇ ਤਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਿਹਾ ਸੀ:

"ਮੈਨੂੰ ਸਿੱਖ ਭਾਈਚਾਰੇ ਤੋਂ ਮੁਆਫ਼ੀ ਮੰਗਣ ਵਿੱਚ ਕੋਈ ਝਿਜਕ ਨਹੀਂ ਹੈ। ਮੈਂ ਸਿਰਫ਼ ਸਿੱਖ ਭਾਈਚਾਰੇ ਤੋਂ ਹੀ ਨਹੀਂ, ਸਗੋਂ ਸਮੁੱਚੇ ਭਾਰਤੀ ਰਾਸ਼ਟਰ ਤੋਂ ਮੁਆਫ਼ੀ ਮੰਗਦਾ ਹਾਂ, ਕਿਉਂਕਿ 1984 'ਚ ਜੋ ਕੁਝ ਹੋਇਆ, ਉਹ ਸਾਡੇ ਸੰਵਿਧਾਨ ਵਿੱਚ ਦਰਜ ਰਾਸ਼ਟਰ ਹੋਣ ਦੀ ਧਾਰਨਾ ਦਾ ਨਿਖੇਧ ਹੈ।

ਇਸ ਤਰ੍ਹਾਂ 1984 ਦੀ ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਲੱਭਣ ਦੀ ਤਲਾਸ਼ ਬੇਅੰਤ ਜਾਰੀ ਹੈ। ਸਿੱਖਾਂ ਦੇ ਹਮ-ਮਜ਼ਹਬ ਹੋਣ ਦਾ ਦਾਅਵਾ ਕਰਨ ਵਾਲੇ ਮੌਜੂਦਾ ਆਰ.ਐੱਸ.ਐੱਸ./ਭਾਜਪਾਈ ਹਾਕਮ ਕਾਂਗਰਸ ਨਾਲੋਂ ਵੱਖਰੇ ਸਾਬਤ ਨਹੀਂ ਹੋਏ। ਇੱਕੋ-ਇੱਕ ਉਮੀਦ ਇਹ ਹੈ ਕਿ ਉਹ ਭਾਰਤੀ ਅੱਗੇ ਆਉਣਗੇ, ਜਿਨ੍ਹਾਂ ਦਾ ਹਿੱਤ ਭਾਰਤ ਦੇ ਜਮਹੂਰੀ ਅਤੇ ਧਰਮਨਿਰਪੱਖ ਰਾਜ-ਪ੍ਰਬੰਧ ਨੂੰ ਕਾਇਮ ਰੱਖਣ ਵਿੱਚ ਹੈ ਅਤੇ ਉਹ ਭਾਰਤੀ ਰਾਜ ਨੂੰ ਕਾਤਲਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਸਜ਼ਾਵਾਂ ਦੇਣ ਲਈ ਮਜਬੂਰ ਕਰਨਗੇ। ਧਾਰਮਿਕ ਹਿੰਸਾ ਦੇ ਅਧਿਐਨ ਨਾਲ ਜੁੜੇ ਵਿਦਵਾਨ ਇਸ ਨਤੀਜੇ ਉੱਤੇ ਇਕਮੱਤ ਹਨ ਕਿ ਜੇ 1984 ਦੀ ਨਸਲਕੁਸ਼ੀ ਨਾ ਹੋਣ ਦਿੱਤੀ ਜਾਂਦੀ ਤਾਂ 1992-93 ਵਿੱਚ ਬਾਬਰੀ ਮਸਜਿਦ ਢਾਹੇ ਜਾਣ ਤੋਂ ਪਹਿਲਾਂ ਅਤੇ ਬਾਅਦ ਮੁਸਲਮਾਨਾਂ ਵਿਰੁੱਧ ਹਿੰਸਾ, 2002 'ਚ ਗੁਜਰਾਤ ਵਿੱਚ ਮੁਸਲਮਾਨਾਂ ਦੀ ਨਸਲਕੁਸ਼ੀ, 2008 'ਚ ਕੰਧਮਾਲ ਵਿੱਚ ਇਸਾਈਆਂ ਦਾ ਸਫ਼ਾਇਆ ਅਤੇ ਭਾਰਤ ਦੀਆਂ ਘੱਟਗਿਣਤੀਆਂ ਦੇ ਹੋਰ ਅਨੇਕਾਂ ਕਤਲੇਆਮ ਨਾ ਵਾਪਰਦੇ। 1984 ਦੀ ਨਸਲਕੁਸ਼ੀ ਹੋਣ ਦੇ ਕੇ ਭਾਰਤੀ ਰਾਜ ਨੇ ਸਾਰੀਆਂ ਬਹੁਗਿਣਤੀਵਾਦੀ ਫਾਸ਼ੀਵਾਦੀ ਜਥੇਬੰਦੀਆਂ ਨੂੰ ਇਹ ਸੁਨੇਹਾ ਦੇ ਦਿੱਤਾ ਕਿ ਅਜਿਹੇ ਅਪਰਾਧਿਕ ਵਰਤਾਰਿਆਂ ਦੌਰਾਨ ਉਹ ਚੁੱਪ ਰਹੇਗਾ!

ਨਾਨਾ ਦੇਸ਼ਮੁਖ ਨੂੰ 'ਭਾਰਤ ਰਤਨ' ਨਾਲ ਨਿਵਾਜਿਆ ਗਿਆ : ਜਿਵੇਂ 1984 ਦੀ ਨਸਲਕੁਸ਼ੀ ਦੇ ਸ਼ਹੀਦਾਂ ਅਤੇ ਬਚੇ ਹੋਏ ਲੋਕਾਂ ਨਾਲ ਏਨਾ ਅਨਿਆਂ ਕਾਫ਼ੀ ਨਾ ਹੋਵੇ, ਗਣਤੰਤਰ ਦਿਵਸ ਦੀ ਪੂਰਵ-ਸੰਧਿਆ (25 ਜਨਵਰੀ, 2019) ਮੌਕੇ ਭਾਰਤ ਦੇ ਆਰ.ਐੱਸ.ਐੱਸ.-ਭਾਜਪਾਈ ਹਾਕਮਾਂ ਨੇ ਨਾਨਾਜੀ ਦੇਸ਼ਮੁਖ ਨੂੰ ਮੁਲਕ ਦਾ ਸਰਵਉੱਚ ਕੌਮੀ ਸਨਮਾਨ 'ਭਾਰਤ ਰਤਨ'—ਭਾਰਤ ਦਾ ਰਤਨ—ਦਿੱਤਾ। ਪ੍ਰਧਾਨ ਮੰਤਰੀ ਮੋਦੀ ਨੇ ਦੇਸ਼ਮੁਖ ਦੀ ਸ਼ਲਾਘਾ ਕਰਦਿਆਂ ਕਿਹਾ: "ਉਹ (ਨਾਨਾ ਦੇਸ਼ਮੁਖ) ਨਿਮਰਤਾ, ਦਇਆ ਅਤੇ ਦੱਬੇ-ਕੁਚਲੇ ਲੋਕਾਂ ਦੀ ਸੇਵਾ ਦਾ ਸਾਕਾਰ ਰੂਪ ਹਨ। ਉਹ ਸਹੀ ਅਰਥਾਂ ਵਿੱਚ ਭਾਰਤ ਰਤਨ ਹਨ।

ਜੇ ਕੋਈ 'ਜ਼ਖ਼ਮਾਂ ਉੱਤੇ ਲੂਣ ਛਿੜਕਣਾ' ਮੁਹਾਵਰੇ ਦਾ ਸਹੀ ਅਰਥ ਸਮਝਣਾ ਚਾਹੁੰਦਾ ਹੈ ਤਾਂ ਦੇਸ਼ਮੁਖ ਨੂੰ ਦਿੱਤਾ ਗਿਆ ਇਹ 'ਭਾਰਤ ਰਤਨ' ਇਸ ਦੀ ਸਭ ਤੋਂ ਢੁੱਕਵੀਂ ਮਿਸਾਲ ਹੈ!

1984 ਦੀ ਨਸਲਕੁਸ਼ੀ ਦੇ ਦੋਸ਼ੀਆਂ ਦਾ ਪਤਾ ਲਾਉਣ ਦੀ ਜ਼ਿੰਮੇਵਾਰੀ ਤੋਂ ਭਾਰਤੀ ਰਾਜ ਦਾ ਅਪਰਾਧਿਕ ਢੰਗ ਨਾਲ ਪਾਸਾ ਵੱਟਣਾ ਜਾਣ-ਬੁੱਝ ਕੇ ਅਤੇ ਪੂਰੀ ਸੂਝ ਨਾਲ ਕੀਤਾ ਗਿਆ ਸੀ, ਹਾਲਾਂਕਿ ਇਸ ਵਿੱਚ ਸ਼ਾਮਲ ਅਪਰਾਧੀਆਂ ਦੀਆਂ ਪਛਾਣਾਂ ਜਨਤਕ ਤੌਰ 'ਤੇ ਸਾਹਮਣੇ ਆ ਚੁੱਕੀਆਂ ਸਨ। ਪ੍ਰਮੁੱਖ ਮਨੁੱਖੀ ਹੱਕ ਜਥੇਬੰਦੀਆਂ—ਪੀਪਲਜ਼ ਯੂਨੀਅਨ ਫਾਰ ਡੈਮੋਕ੍ਰੈਟਿਕ ਰਾਈਟਸ ਅਤੇ ਪੀਪਲਜ਼ ਯੂਨੀਅਨ ਫਾਰ ਸਿਵਲ ਰਾਈਟਸ—ਨੇ ਨਵੰਬਰ 1984 ਦੇ ਅਖ਼ੀਰ ਤੱਕ ਜ਼ਮੀਨੀ ਤੱਥਾਂ ਉੱਤੇ ਆਧਾਰਤ ਇਕ ਰਿਪੋਰਟ ਛਾਪ ਦਿੱਤੀ ਸੀ, ਜਿਸ ਵਿੱਚ ਪੂਰੇ ਸ਼ਹਿਰ ਵਿੱਚ ਵਾਪਰੀਆਂ ਘਟਨਾਵਾਂ ਦੇ ਵਿਆਪਕ ਵੇਰਵੇ ਅਤੇ ਸ਼ਾਮਲ ਅਪਰਾਧੀਆਂ ਦੇ ਨਾਂ ਦਿੱਤੇ ਗਏ ਸਨ। 'ਦੋਸ਼ੀ ਕੌਣ ਹਨ?' ਸਿਰਲੇਖ ਵਾਲੀ ਇਹ ਰਿਪੋਰਟ ਹਿੰਸਾ ਤੋਂ ਜ਼ਿੰਦਾ ਬਚ ਗਏ ਲੋਕਾਂ ਅਤੇ ਵੱਖ-ਵੱਖ ਧਰਮਾਂ ਨਾਲ ਸਬੰਧਤ ਸਿਵਲ ਸੁਸਾਇਟੀ ਦੇ ਉਨ੍ਹਾਂ ਮੈਂਬਰਾਂ ਦੇ ਚਸ਼ਮਦੀਦ ਬਿਆਨਾਂ 'ਤੇ ਆਧਾਰਤ ਸੀ, ਜੋ ਨਸਲਕੁਸ਼ੀ ਦੇ ਵਿਰੁੱਧ ਸਨ ਅਤੇ ਜਿਨ੍ਹਾਂ ਨੇ ਅਨੇਕਾਂ ਥਾਵਾਂ 'ਤੇ ਸਿੱਖਾਂ ਦੀ ਰੱਖਿਆ ਕਰਨ ਅਤੇ ਉਨ੍ਹਾਂ ਨੂੰ ਬਚਾਉਣ ਵਿੱਚ ਵੱਡੀ ਭੂਮਿਕਾ ਨਿਭਾਈ ਸੀ। ਰਾਜ ਨੇ ਇਸ ਰਿਪੋਰਟ ਨੂੰ ਕੂੜੇਦਾਨ ਵਿੱਚ ਸੁੱਟ ਦਿੱਤਾ, ਪਰ ਇਹ ਅੱਜ ਤੱਕ ਉਸ ਨਸਲਕੁਸ਼ੀ ਦਾ ਸਭ ਤੋਂ ਪ੍ਰਮਾਣਿਕ ਦਸਤਾਵੇਜ਼ ਬਣੀ ਹੋਈ ਹੈ।

ਪੂੰਜੀਵਾਦ ਦਾ ਅੰਤਲਾ ਪੜਾਅ ਕੈਨੇਡਾ 'ਚ ਹੈਲੋਵੀਨ ਦਾ ਮਜ਼ਾ ਕਿਰਕਿਰਾ ਕਰ ਰਿਹੈ

-ਸਾਰਾਹ ਸਹੇਜ਼ੀਅਨ

ਅਸੀਂ ਸਾਲ ਦੇ ਉਸ ਦੌਰ ਵਿੱਚ ਦਾਖ਼ਲ ਹੋ ਗਏ ਹਾਂ ਜਿਸ ਨੂੰ ਪੂੰਜੀਵਾਦ ਦਾ ਅੰਤਲਾ ਪੜਾਅ "ਡਰਾਉਣਾ ਮੌਸਮ" ਆਖਦਾ ਹੈ। ਇਹ ਸਤੰਬਰ ਤੋਂ ਪਹਿਲੀ ਨਵੰਬਰ ਤੱਕ ਦਾ ਸਮਾਂ ਹੈ, ਜਿਸ ਨੂੰ ਪਹਿਲਾਂ ਸਿਰਫ਼ "ਪਤਝੜ" ਕਿਹਾ ਜਾਂਦਾ ਸੀ, ਪਰ ਹੁਣ ਇਸ ਦਾ ਸਾਰਾ ਮਕਸਦ ਤੁਹਾਨੂੰ ਵੱਧ ਤੋਂ ਵੱਧ ਟੌਫ਼ੀਆਂ ਅਤੇ ਬੱਚਿਆਂ ਲਈ ਹੈਲੋਵੀਨ ਦੇ ਹੋਰ ਭੇਸ ਵੇਚਣਾ ਬਣ ਗਿਆ ਹੈ, ਜਿੰਨੇ ਐਮਾਜ਼ੋਨ ਤੁਹਾਡੇ ਘਰ ਪਹੁੰਚਾ ਸਕੇ।

ਇੱਕ ਪੀੜ੍ਹੀ ਪਹਿਲਾਂ ਹੈਲੋਵੀਨ ਇੱਕ ਦਿਨ ਦਾ ਮਜ਼ੇਦਾਰ ਤਿਉਹਾਰ ਹੁੰਦਾ ਸੀ। ਸ਼ਾਇਦ ਬੱਚੇ ਘਰੋ-ਘਰੀ ਜਾ ਕੇ ਟੌਫ਼ੀਆਂ ਮੰਗਣ ਵਾਲੇ ਦਿਨ ਸਕੂਲ ਵੀ ਹੈਲੋਵੀਨ ਦੇ ਭੇਸ ਪਾ ਕੇ ਜਾਂਦੇ ਹੋਣ, ਪਰ ਇਹ ਸਾਰਾ ਜਸ਼ਨ ਮਹਿਜ਼ 24 ਘੰਟਿਆਂ ਤੱਕ ਚੱਲਦਾ ਸੀ। ਅੱਜ ਤਿਉਹਾਰਾਂ ਦੇ ਲਗਾਤਾਰ ਪਸਾਰੇ—ਉਹ ਪ੍ਰਕਿਰਿਆ ਜਿਸ ਰਾਹੀਂ ਤਿਉਹਾਰਾਂ ਨਾਲ ਜੁੜੀਆਂ ਸਰਗਰਮੀਆਂ ਅਤੇ ਉਨ੍ਹਾਂ ਦਾ ਜੋਸ਼ ਵਧਦੇ ਜਾਂਦੇ ਹਨ—ਨੇ ਹੈਲੋਵੀਨ ਨੂੰ ਅੱਠ ਹਫ਼ਤਿਆਂ ਦਾ ਅਜਿਹਾ ਜਸ਼ਨ ਬਣਾ ਦਿੱਤਾ ਹੈ ਜੋ ਸਾਡੀਆਂ ਖਾਣ-ਪੀਣ ਦੀਆਂ ਅਲਮਾਰੀਆਂ, ਕੱਪੜਿਆਂ ਦੀਆਂ ਅਲਮਾਰੀਆਂ ਅਤੇ ਘਰਾਂ ਦੀ ਸਜਾਵਟ ਉੱਤੇ ਕਬਜ਼ਾ ਕਰ ਲੈਂਦਾ ਹੈ। ਇੱਕ ਮਾਂ ਅਤੇ ਇੱਕ ਇਨਸਾਨ ਵਜੋਂ ਮੈਂ ਇਸ ਸਭ ਤੋਂ ਬੁਰੀ ਤਰ੍ਹਾਂ ਥੱਕ ਗਈ ਹਾਂ!

ਤਾਂ ਫਿਰ ਇੱਕ ਦਿਨ ਦੇ ਮਜ਼ੇਦਾਰ ਤਿਉਹਾਰ ਨੂੰ ਭੂਤਾਂ-ਪ੍ਰੇਤਾਂ ਵਾਲੀ ਲੰਮੀ ਮੈਰਾਥਨ ਵਿੱਚ ਬਦਲਣ ਦਾ ਫ਼ਾਇਦਾ ਕਿਸ ਨੂੰ ਹੁੰਦਾ ਹੈ? ਇਹ ਮੰਨਣਾ ਪਵੇਗਾ ਕਿ ਮੈਂ ਹੈਲੋਵੀਨ ਦੇ ਕੁਝ ਅਜਿਹੇ ਸ਼ੌਕੀਨਾਂ ਨੂੰ ਜਾਣਦੀ ਹਾਂ ਜੋ ਇਨ੍ਹਾਂ ਲੰਮੇ ਜਸ਼ਨਾਂ ਵਿੱਚ ਹਿੱਸਾ ਲੈ ਕੇ ਬੇਹੱਦ ਖ਼ੁਸ਼ ਹੁੰਦੇ ਹਨ। ਉਨ੍ਹਾਂ ਦੀ ਇਸ ਖ਼ੁਸ਼ੀ ਤੋਂ ਮੈਨੂੰ ਵੀ ਖ਼ੁਸ਼ੀ ਹੁੰਦੀ ਹੈ! ਮੈਨੂੰ ਚੰਗਾ ਲੱਗਦਾ ਹੈ ਕਿ ਹੈਲੋਵੀਨ ਦੇ ਇਹ ਦੀਵਾਨੇ ਪਹਿਲੀ ਸਤੰਬਰ ਨੂੰ ਹੀ ਆਪਣੇ ਘਰ ਪਿੰਜਰਾਂ ਨਾਲ ਸਜਾ ਲੈਂਦੇ ਹਨ ਅਤੇ ਨਵੰਬਰ ਤੱਕ ਡਰਾਉਣੀਆਂ ਫ਼ਿਲਮਾਂ ਦੇਖਦੇ ਰਹਿੰਦੇ ਹਨ। ਜੋ ਗੱਲ ਮੈਨੂੰ ਚੰਗੀ ਨਹੀਂ ਲੱਗਦੀ, ਉਹ ਇਹ ਹੈ ਕਿ ਸਾਡਾ ਖਪਤਕਾਰੀ ਸੱਭਿਆਚਾਰ ਮੇਰੇ ਵਰਗੀ ਇਨਸਾਨ ਉੱਤੇ ਵੀ ਇਹੀ ਕੁਝ ਕਰਨ ਦਾ ਦਬਾਅ ਪਾਉਂਦਾ ਹੈ, ਜਦਕਿ ਮੈਨੂੰ ਹੈਲੋਵੀਨ ਦਾ ਅਜਿਹਾ ਕੋਈ ਜਨੂੰਨ ਨਹੀਂ ਹੈ।

ਇਸ ਮੁਲਕ ਵਿੱਚ ਅਖੌਤੀ "ਡਰ ਦੀ ਆਰਥਿਕਤਾ—ਜਿਸ ਤੋਂ ਭਾਵ ਹੈਲੋਵੀਨ ਨਾਲ ਸਬੰਧਿਤ ਹਰ ਕਿਸਮ ਦਾ ਖ਼ਰਚ ਹੈ—ਦਾ ਆਕਾਰ ਬਹੁਤ ਵੱਡਾ ਹੈ! ਸਟੈਟਿਸਟਿਕਸ ਕੈਨੇਡਾ ਮੁਤਾਬਕ ਕੈਨੇਡਾ ਵਾਸੀਆਂ ਨੇ 2024 ਵਿੱਚ ਹੈਲੋਵੀਨ ਮਨਾਉਣ ਉੱਤੇ 1.8 ਅਰਬ ਡਾਲਰ ਖ਼ਰਚ ਕੀਤੇ। ਦਰਅਸਲ, ਇਸ ਡਰਾਉਣੇ ਮੌਸਮ ਦੌਰਾਨ ਪ੍ਰਤੀ ਵਿਅਕਤੀ ਖ਼ਰਚ ਦੇ ਮਾਮਲੇ ਵਿੱਚ ਹੁਣ ਅਸੀਂ ਕੈਨੇਡਾ ਵਾਸੀ ਅਮਰੀਕੀਆਂ ਤੋਂ ਵੀ ਅੱਗੇ ਨਿਕਲ ਗਏ ਹਾਂ। ਅਸੀਂ ਸੱਚਮੁੱਚ ਬਹੁਤ ਵੱਡੀ ਗਿਣਤੀ ਵਿੱਚ ਭੇਸ, ਟੌਫ਼ੀਆਂ ਅਤੇ ਕੱਦੂ ਖ਼ਰੀਦ ਰਹੇ ਹਾਂ!

ਖ਼ਰਚ ਦੇ ਇਨ੍ਹਾਂ ਅੰਕੜਿਆਂ ਨੂੰ ਅਮਲੀ ਰੂਪ ਵਿੱਚ ਦੇਖਣਾ ਹੋਵੇ ਤਾਂ ਆਪਣੇ ਨੇੜਲੇ ਡੌਲਰਮਾ ਸਟੋਰ ਵਿੱਚ ਜਾ ਕੇ ਦੇਖ ਲਓ। ਸਾਮਾਨ ਵਾਲੀਆਂ ਕਤਾਰਾਂ ਵਿੱਚੋਂ ਲੰਘਦਿਆਂ ਗੌਰ ਕਰੋ ਕਿ ਆਪਣੇ ਘਰ ਦਾ ਅਗਲਾ ਵਰਾਂਡਾ ਸਜਾਉਣ ਲਈ ਤੁਸੀਂ ਕਿੰਨੇ ਤਰ੍ਹਾਂ ਦੇ ਖ਼ੂਨ ਨਾਲ ਲਿੱਬੜੇ ਨਕਲੀ ਹੱਥ ਖ਼ਰੀਦ ਸਕਦੇ ਹੋ ਅਤੇ ਹੈਲੋਵੀਨ ਦੀਆਂ ਟੌਫ਼ੀਆਂ ਦੀ ਚੋਣ ਲਈ ਕਿੰਨੀ ਵੱਡੀ ਭਰਮਾਰ ਮੌਜੂਦ ਹੈ। ਪਾਲਤੂ ਜਾਨਵਰਾਂ ਲਈ ਹੈਲੋਵੀਨ ਦੇ ਸਾਜ਼ੋ-ਸਾਮਾਨ ਨਾਲ ਭਰੀ ਪੂਰੀ ਕੰਧ ਦੇ ਨਾਲ-ਨਾਲ ਤੁਰਦਿਆਂ ਤੁਹਾਨੂੰ ਅਹਿਸਾਸ ਹੋ ਜਾਵੇਗਾ ਕਿ ਹੈਲੋਵੀਨ ਦਾ ਸਮਾਨ ਖ਼ਰੀਦਣ ਦਾ ਜਿੰਨਾ ਸ਼ੌਕ ਕੈਨੇਡਾ ਵਾਸੀਆਂ ਨੂੰ ਹੈ, ਓਨਾ ਹੋਰ ਕਿਸੇ ਨੂੰ ਨਹੀਂ!

ਤਾਂ ਕੀ ਹੈਲੋਵੀਨ ਨਾਲ ਜੁੜਿਆ ਇਹ ਸਾਰਾ ਮਾਲ-ਅਸਬਾਬ ਸੱਚਮੁੱਚ ਜ਼ਰੂਰੀ ਹੈ? ਜਵਾਬ ਹੈ—ਨਹੀਂ ਵੀ ਅਤੇ ਹਾਂ ਵੀ! ਆਪਣੇ ਤਜਰਬੇ ਤੋਂ ਮੈਂ ਦੱਸ ਸਕਦੀ ਹਾਂ ਕਿ ਮੇਰੀ ਬੱਚੀ ਜਦੋਂ ਬਿਲਕੁਲ ਨਿੱਕੀ ਸੀ, ਉਦੋਂ ਤੋਂ ਹੀ ਸਾਡੇ ਭਾਈਚਾਰੇ ਵੱਲੋਂ ਕਰਵਾਈਆਂ ਜਾਂਦੀਆਂ ਟੌਫ਼ੀਆਂ ਮੰਗਣ ਦੀਆਂ "ਵਾਧੂ" ਰਾਤਾਂ ਵਿੱਚ ਹਿੱਸਾ ਲੈਂਦੀ ਆ ਰਹੀ ਹੈ। ਇਸ ਤੋਂ ਇਲਾਵਾ, ਮੇਰੀ ਧੀ ਨੂੰ ਸਕੂਲ, ਫੁੱਟਬਾਲ ਖੇਡਣ, ਪੜ੍ਹਾਈ ਦੇ ਨਾਲ ਚੱਲਣ ਵਾਲੀਆਂ ਨਾਟਕ ਦੀਆਂ ਕਲਾਸਾਂ ਅਤੇ ਟੋਰਾਂਟੋ ਦੇ ਕੇਂਦਰੀ ਇਲਾਕੇ ਵਿੱਚ ਸਾਡੀ ਰਿਹਾਇਸ਼ੀ ਇਮਾਰਤ ਵੱਲੋਂ ਕਰਵਾਈ ਗਈ ਬੱਚਿਆਂ ਦੀ ਪਾਰਟੀ ਵਿੱਚ ਵੀ ਹੈਲੋਵੀਨ ਦਾ ਭੇਸ ਪਾ ਕੇ ਆਉਣ ਲਈ ਕਿਹਾ ਗਿਆ ਹੈ।

ਉਪਨਗਰਾਂ ਵਿੱਚ ਰਹਿੰਦੇ ਸਾਡੇ ਦੋਸਤਾਂ ਲਈ ਤਾਂ ਹੈਲੋਵੀਨ ਹੋਰ ਵੀ ਵੱਧ ਕੁਝ ਕਰਨ ਦੀ ਮੰਗ ਕਰਦਾ ਹੈ! ਹੈਲੋਵੀਨ ਤੋਂ ਪਹਿਲਾਂ ਵਾਲੇ ਹਫ਼ਤੇ ਦੇ ਅਖ਼ੀਰ ਵਿੱਚ ਉਨ੍ਹਾਂ ਨੂੰ "ਟਰੰਕ ਔਰ ਟ੍ਰੀਟ" ਸਮਾਗਮਾਂ ਲਈ ਪਾਰਕਿੰਗ ਵਾਲੀਆਂ ਥਾਵਾਂ 'ਤੇ ਸੱਦਿਆ ਜਾਂਦਾ ਹੈ, ਜਿੱਥੇ ਬੱਚੇ ਸੱਚਮੁੱਚ ਕਿਸੇ ਦੀ ਕਾਰ ਦੀ ਡਿੱਗੀ ਵਿੱਚੋਂ ਟੌਫ਼ੀਆਂ ਚੁੱਕਦੇ ਹਨ। ਹੈਲੋਵੀਨ ਹੁਣ ਇੱਕ ਰਾਤ ਨਾਲੋਂ ਕਿਤੇ ਵੱਡਾ ਜਸ਼ਨ ਬਣ ਗਿਆ ਹੈ ਅਤੇ ਕੈਨੇਡਾ ਦੇ ਖਪਤਕਾਰ ਇਸ ਵਾਧੂ ਜਸ਼ਨ ਦੀਆਂ ਲੋੜਾਂ ਪੂਰੀਆਂ ਕਰਨ ਲਈ ਪੈਸਾ ਖ਼ਰਚ ਰਹੇ ਹਨ!

ਪਿਛਲੇ ਸਾਲ ਮੈਨੂੰ ਆਪਣੀ ਬੱਚੀ ਲਈ ਹੈਲੋਵੀਨ ਦਾ ਦੂਜਾ ਭੇਸ ਖ਼ਰੀਦਣਾ ਪਿਆ, ਕਿਉਂਕਿ ਤਜਰਬੇ ਤੋਂ ਮੈਂ ਜਾਣਦੀ ਹਾਂ ਕਿ ਸਪਿਰਿਟ ਹੈਲੋਵੀਨ ਦੀ ਕਿਸੇ ਆਰਜ਼ੀ ਦੁਕਾਨ ਤੋਂ ਖ਼ਰੀਦਿਆ ਜੈਕ ਸਕੈਲਿੰਗਟਨ ਦਾ ਇੱਕੋ ਪਹਿਰਾਵਾ ਹੈਲੋਵੀਨ ਦੇ ਅੱਧੀ ਦਰਜਨ ਜਸ਼ਨਾਂ ਵਿੱਚ ਪਹਿਨੇ ਜਾਣ ਦੀ ਘਸਾਈ ਨਹੀਂ ਝੱਲ ਸਕਦਾ ਅਤੇ ਬੇਸ਼ੱਕ, ਜੇ ਤੁਹਾਡੇ ਬੱਚਿਆਂ ਦੇ ਦੋਸਤ ਆਪਣੇ ਘਰਾਂ ਵਿੱਚ ਪੈਰਿਸ ਦੀਆਂ ਭੂਮੀਗਤ ਕਬਰਗਾਹਾਂ ਨਾਲੋਂ ਵੀ ਵੱਧ ਮੱਕੜੀ ਦੇ ਜਾਲੇ ਲਾ ਰਹੇ ਹੋਣ, ਤਾਂ ਆਪਣੇ ਲਈ ਵੀ ਤਿਉਹਾਰ ਦੀ ਸਜਾਵਟ ਦਾ ਸਮਾਨ ਖ਼ਰੀਦਣ ਦੇ ਲਾਲਚ ਤੋਂ ਬਚਣਾ ਔਖਾ ਹੋ ਜਾਂਦਾ ਹੈ।

ਪਰ ਇਸ ਵਾਧੂ ਜਸ਼ਨ ਅਤੇ ਵਾਧੂ ਖ਼ਰਚ ਦਾ ਅਸਲ ਫ਼ਾਇਦਾ ਕਿਸ ਨੂੰ ਹੁੰਦਾ ਹੈ? ਬੇਸ਼ੱਕ, ਬੱਚਿਆਂ ਨੂੰ ਕਿਸੇ ਅਣਜਾਣ ਬੰਦੇ ਦੀ ਟੋਯੋਟਾ ਦੀ ਡਿੱਗੀ ਵਿੱਚੋਂ ਮਾਰਸ ਚਾਕਲੇਟ ਕੱਢਣ ਵਿੱਚ ਮਜ਼ਾ ਆਉਂਦਾ ਹੈ, ਪਰ ਕੀ ਇਹ ਉਹੋ ਜਿਹਾ ਜਾਦੂਈ ਤਜਰਬਾ ਹੈ ਜੋ ਬਚਪਨ ਦੀਆਂ ਚਿਰਸਥਾਈ ਯਾਦਾਂ ਬਣਾਉਂਦਾ ਹੈ? ਮੈਨੂੰ ਇਸ ਬਾਰੇ ਸ਼ੱਕ ਹੈ। ਪਰ ਇੱਕ ਗੱਲ ਦਾ ਮੈਨੂੰ ਪੂਰਾ ਯਕੀਨ ਹੈ: ਹੈਲੋਵੀਨ ਦੇ ਇਸ ਲਗਾਤਾਰ ਪਸਾਰੇ ਵਿੱਚ ਆਖ਼ਰੀ ਜਿੱਤ ਖਪਤਕਾਰੀ ਸੱਭਿਆਚਾਰ ਦੀ ਹੁੰਦੀ ਹੈ। ਅਸੀਂ ਹਰ ਸਾਲ ਸਸਤੇ ਭੇਸਾਂ ਅਤੇ ਪਲਾਸਟਿਕ ਦੇ ਕੱਦੂਆਂ ਉੱਤੇ ਵੱਧ ਤੋਂ ਵੱਧ ਪੈਸਾ ਖ਼ਰਚ ਰਹੇ ਹਾਂ, ਜੋ ਯਕੀਨਨ ਆਖ਼ਰ ਕੂੜੇ ਦੇ ਢੇਰਾਂ ਵਿੱਚ ਹੀ ਪਹੁੰਚਣਗੇ, ਕਿਉਂਕਿ ਇਨ੍ਹਾਂ ਵਿੱਚੋਂ ਬਹੁਤੀਆਂ ਚੀਜ਼ਾਂ ਲੰਮਾ ਸਮਾਂ ਚੱਲਣ ਲਈ ਬਣਾਈਆਂ ਹੀ ਨਹੀਂ ਜਾਂਦੀਆਂ! ਬੇਸ਼ੱਕ, ਇਹ ਸਾਰੀ ਖ਼ਰੀਦਦਾਰੀ ਹੈਲੋਵੀਨ ਨੂੰ ਮਜ਼ੇਦਾਰ ਬਣਾਉਣ ਦੇ ਨਾਂ ਉੱਤੇ ਹੁੰਦੀ ਹੈ, ਪਰ ਇਹ ਹੱਦੋਂ ਵੱਧ ਅਤੇ ਬੇਹੂਦਾ ਵੀ ਹੈ।

ਇਸ ਡਰਾਉਣੇ ਮੌਸਮ ਦੇ ਮਾਮਲੇ ਵਿੱਚ, ਕਹਾਵਤ ਵਾਲੀ ਬਿਜਲੀ ਨੂੰ ਮੁੜ ਬੋਤਲ ਵਿੱਚ ਕਿਵੇਂ ਬੰਦ ਕੀਤਾ ਜਾਵੇ—ਭਾਵ, ਇਸ ਬੇਕਾਬੂ ਪਸਾਰੇ ਨੂੰ ਵਾਪਸ ਕਿਵੇਂ ਸਮੇਟਿਆ ਜਾਵੇ—ਇਸ ਬਾਰੇ ਮੈਨੂੰ ਪੱਕਾ ਪਤਾ ਨਹੀਂ। ਪਰ ਮੇਰਾ ਅੰਦਰੋਂ ਪੱਕਾ ਵਿਸ਼ਵਾਸ ਹੈ ਕਿ ਇਹ ਦਿਨ ਉਦੋਂ ਵੱਧ ਖ਼ਾਸ ਹੁੰਦਾ ਸੀ ਜਦੋਂ ਇਹ ਸੱਚਮੁੱਚ ਸਿਰਫ਼ ਇੱਕ ਦਿਨ ਹੁੰਦਾ ਸੀ। ਇੱਕੋ ਦਿਨ, ਜਦੋਂ ਦੁਨੀਆ ਥੋੜ੍ਹੀ ਜਿਹੀ ਡਰਾਉਣੀ ਲੱਗਦੀ ਸੀ—ਮਜ਼ੇਦਾਰ ਢੰਗ ਨਾਲ—ਅਤੇ ਬੱਚੇ ਨਿੱਕੇ ਸੁਪਰਹੀਰੋ ਅਤੇ ਪਰੀ-ਕਥਾਵਾਂ ਦੇ ਪਾਤਰ ਬਣ ਕੇ ਸਿਰਫ਼ ਇੱਕ ਰਾਤ ਲਈ ਗਲੀਆਂ ਵਿੱਚ ਘੁੰਮਦੇ ਸਨ।

ਆਓ, ਕੈਲੰਡਰ ਉੱਤੇ ਆਪਣਾ ਅਖ਼ਤਿਆਰ ਮੁੜ ਹਾਸਲ ਕਰੀਏ ਅਤੇ ਹੈਲੋਵੀਨ ਨੂੰ ਫਿਰ ਉਹੀ ਥੋੜ੍ਹੇ ਸਮੇਂ ਦਾ ਤਿਉਹਾਰ ਬਣਾਈਏ, ਜਿਹੋ ਜਿਹਾ ਇਹ ਸ਼ੁਰੂ ਤੋਂ ਹੋਣਾ ਚਾਹੀਦਾ ਸੀ। ਇਨ੍ਹਾਂ ਸਾਰੀਆਂ ਵਾਧੂ ਚੀਜ਼ਾਂ ਨੂੰ ਨਾਂਹ ਕਹੋ—ਆਖ਼ਰ ਇਨ੍ਹਾਂ ਨੇ ਤੁਹਾਡੇ ਇਲਾਕੇ ਦੇ ਕੂੜੇ ਦੇ ਢੇਰ ਵਿੱਚ ਹੀ ਪਹੁੰਚਣਾ ਹੈ!

ਮੌਤ ਦੀਆਂ ਸਜ਼ਾਵਾਂ ਨਾਲ ਮਜ਼ਲੂਮਾਂ ਦੀ ਆਵਾਜ਼ ਨੂੰ ਦਬਾ ਨਹੀਂ ਸਕਣਗੇ ਭਾਰਤੀ ਹੁਕਮਰਾਨ

-ਬੂਟਾ ਸਿੰਘ ਮਹਿਮੂਦਪੁਰ

ਪਿਛਲੇ ਦਿਨੀਂ 16 ਸਤੰਬਰ ਨੂੰ ਜਗਦਲਪੁਰ (ਛੱਤੀਸਗੜ੍ਹ) ਦੀ ਐੱਨ.ਆਈ.ਏ. ਅਦਾਲਤ ਵੱਲੋਂ 2013 ਦੇ ਝੀਰਮ ਘਾਟੀ ਹਮਲੇ ਦੇ ਕੇਸ ਵਿੱਚ 10 ਵਿਅਕਤੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਹੈ। 'ਮੁੱਖਧਾਰਾ' ਸੰਤੁਸ਼ਟ ਹੈ ਕਿ ਫਾਂਸੀ ਦੀ ਸਜ਼ਾ ਦੇ ਕੇ ਅਦਾਲਤ ਨੇ ਨਿਆਂ ਕੀਤਾ ਹੈ ਕਿਉਂਕਿ ਕਰੂਰ ਕਤਲੇਆਮ ਕਰਨ ਵਾਲਿਆਂ ਨੂੰ ਮਿਸਾਲੀ ਸਜ਼ਾ ਮਿਲਣੀ ਹੀ ਚਾਹੀਦੀ ਸੀ! ਲਹੂ ਤਿਹਾਈ ਜ਼ਿਹਨੀਅਤ ਵਾਲੇ ਕੁਝ 'ਮੁੱਖਧਾਰਾ' ਹਿੱਸੇ ਅਜਿਹੇ ਵੀ ਹੋਣਗੇ ਜਿਨ੍ਹਾਂ ਦੀ ਇਸ ਸਜ਼ਾ ਨਾਲ ਵੀ ਸੰਤੁਸ਼ਟੀ ਨਹੀਂ ਹੋਈ ਹੋਵੇਗੀ। ਜੇਕਰ ਭਾਰਤੀ 'ਨਿਆਂ ਪ੍ਰਣਾਲੀ' ਵਿਚ ਇਸ ਤੋਂ ਜ਼ਿਆਦਾ ਕਰੂਰ ਸਜ਼ਾ ਦੀ ਵਿਵਸਥਾ ਹੁੰਦੀ ਤਾਂ ਫਾਂਸੀ ਦੇਣ ਦੀ ਬਜਾਏ ਉਹ ਵਧੇਰੇ ਕਰੂਰ ਸਜ਼ਾ ਦੇਣ ਦੀ ਮੰਗ ਜ਼ਰੂਰ ਉੱਠਣੀ ਸੀ। ਜਦੋਂ ਦੁਨੀਆ ਭਰ 'ਚ ਲੰਮੇ ਸਮੇਂ ਤੋਂ ਇਹ ਗੰਭੀਰ ਬਹਿਸ ਹੋ ਰਹੀ ਹੈ ਕਿ ਜੁਰਮਾਂ ਨੂੰ ਰੋਕਣ 'ਚ ਮੌਤ ਦੀ ਸਜ਼ਾ ਦੀ ਕੋਈ ਭੂਮਿਕਾ ਨਹੀਂ ਹੈ ਅਤੇ ਫਾਂਸੀ ਦੀ ਸਜ਼ਾ ਤਾਂ ਕਈ ਮੁਲਕਾਂ ਵਿਚ ਪਹਿਲਾਂ ਹੀ ਖ਼ਤਮ ਕੀਤੀ ਜਾ ਚੁੱਕੀ ਹੈ, ਅਤੇ ਭਾਰਤ ਵਿਚ ਵੀ ਮਨੁੱਖੀ ਤੇ ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਮੌਤ ਦੀ ਸਜ਼ਾ ਨੂੰ ਖ਼ਤਮ ਕਰਨ ਲਈ ਆਵਾਜ਼ ਉਠਾ ਰਹੀਆਂ ਹਨ, ਤਾਂ ਉਸ ਮੁਲਕ ਵਿਚ ਇਸਦੇ ਬਿਲਕੁਲ ਉਲਟ ਵਾਪਰ ਰਿਹਾ ਹੈ ਜਿਸਦੇ ਹਾਕਮ ਦਾਅਵੇ ਕਰਦੇ ਹਨ ਕਿ ਸਾਡੇ ਤਾਂ ਡੀ.ਐੱਨ.ਏ. ਵਿਚ ਲੋਕਤੰਤਰ ਹੈ। ਇੱਥੇ ਜਦੋਂ ਵੀ ਕੋਈ ਘਿਣਾਉਣਾ ਜੁਰਮ ਹੁੰਦਾ ਹੈ ਤਾਂ ਮਸਲੇ ਨੂੰ ਉਸਦੇ ਬੁਨਿਆਦੀ ਕਾਰਨਾਂ ਅਤੇ ਹਾਲਾਤਾਂ ਵਿਚ ਰੱਖਕੇ ਸਮਝਣ ਦੀ ਬਜਾਏ ਸੁੱਤੇ ਸਿੱਧ ਹੀ ਭੀੜ ਮਾਨਸਿਕਤਾ ਕਥਿਤ ਦੋਸ਼ੀਆਂ ਨੂੰ ਫਾਹੇ ਲਾਓ ਦੀ ਮੰਗ ਕਰਦਿਆਂ ਉਬਾਲ਼ੇ ਮਾਰਨ ਲੱਗ ਜਾਂਦੀ ਹੈ। 1947 ਤੋਂ ਲੈ ਕੇ ਹੁਣ ਤੱਕ ਭਾਰਤੀ ਰਾਜ ਵੱਲੋਂ ਸੈਂਕੜੇ ਲੋਕਾਂ ਨੂੰ ਫਾਹੇ ਲਾਇਆ ਗਿਆ ਹੈ। ਸੁਪਰੀਮ ਕੋਰਟ ਆਬਜ਼ਰਬਰ ਅਨੁਸਾਰ 2025 ਦੇ ਅੰਤ 'ਚ ਭਾਰਤ ਵਿਚ 574 ਵਿਅਕਤੀ ਮੌਤ ਦੀ ਸਜ਼ਾ ਦੀ ਕਤਾਰ 'ਚ ਸਨ। ਮੌਤ ਦੀ ਸਜ਼ਾ ਸਮਾਜ ਨੂੰ ਜੁਰਮ ਮੁਕਤ ਨਹੀਂ ਬਣਾਉਂਦੀ। ਇਹ ਦਰਅਸਲ ਹਾਕਮ ਜਮਾਤ ਦੀ ਸੱਤਾ ਦੇ ਵਿਰੋਧੀਆਂ ਨੂੰ ਖ਼ਤਮ ਕਰਨ ਅਤੇ ਇਸਨੂੰ ਕਾਨੂੰਨੀ ਰੂਪ ਦੇਣ ਦੀ ਵਿਵਸਥਾ ਹੈ। ਇਸ ਕੇਸ ਵਿਚ ਵੀ ਸਜ਼ਾ ਸੁਣਾਉਣ ਵਾਲੇ ਜੱਜ ਨੂੰ ਉਮਰ ਕੈਦ ਦੀ ਸਜ਼ਾ ਕਾਫ਼ੀ ਨਹੀਂ ਜਾਪੀ ਅਤੇ ਉਸਨੇ ਬਿਨਾਂ ਦੋਸ਼ ਸਾਬਤ ਹੋਏ ਮਜ਼ਲੂਮ ਆਦਿਵਾਸੀਆਂ ਨੂੰ ਉਸ ਕਤਲ ਕਾਂਡ ਲਈ ਫਾਹੇ ਲਾਉਣ ਦੀ ਸਜ਼ਾ ਦੇਣੀ ਜ਼ਰੂਰੀ ਸਮਝੀ ਜੋ ਭਾਰਤੀ ਰਾਜ ਦੀਆਂ ਨੀਤੀਗਤ ਨਾਕਾਮੀਆਂ ਦਾ ਨਤੀਜਾ ਸੀ।

ਝੀਰਮ ਘਾਟੀ ਕੇਸ ਵਿੱਚ ਜਿਨ੍ਹਾਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ ਹੈ, ਉਹ ਸਾਰੇ ਮੁਲਕ ਦੇ ਸਭ ਤੋਂ ਪਛੜੇ ਇਲਾਕੇ ਦੇ, ਸਭ ਤੋਂ ਪਛੜੇ ਤਬਕੇ ਦੇ ਸਭ ਤੋਂ ਗ਼ਰੀਬ ਆਦਿਵਾਸੀ ਹਨ। ਇਨ੍ਹਾਂ ਦਸ ਵਿੱਚ ਦੋ ਔਰਤਾਂ ਵੀ ਹਨ। ਇਨ੍ਹਾਂ ਦੇ ਨਾਂ ਹਨ: ਪ੍ਰਮਿਲਾ ਮੋੜੀਅਮ, ਸੁਮਿੱਤਰਾ ਪੂਨਮ ਮੋੜਿਅਮ (ਦੋਵੇਂ ਔਰਤਾਂ), ਚੈਤੂ ਲੇਕਾਮ, ਮੁੱਕਾ ਮੰਡਾਵੀ, ਕਵਾਸੀ ਕੋਸਾ, ਆਯਤਾ ਮਰਕਾਮ, ਮੜਕਾਮੀ ਦੇਵਾ, ਜੋਗਾ ਮੜਕਮ, ਬੰਜਾਮੀ ਸੱਨਾ ਅਤੇ ਮਹਾਦੇਵ ਨਾਗ। ਇਨ੍ਹਾਂ ਨੂੰ ਫਾਂਸੀ ਦੀ ਸਜ਼ਾ ਸੁਣਾਉਣ ਵਾਲੇ ਜੱਜ ਦਾ ਨਾਂ ਅਜੈ ਸਿੰਘ ਰਾਜਪੂਤ ਹੈ ਅਤੇ ਅਦਾਲਤ ਵਿੱਚ ਇਸ ਮੁਕੱਦਮੇ ਦੀ ਪੈਰਵੀ ਕਰਨ ਵਾਲੀ ਏਜੰਸੀ ਐੱਨ.ਆਈ.ਏ. ਹੈ। ਇਸ ਮੁਕੱਦਮੇ ਬਾਰੇ ਇੰਨੇ ਕੁ ਤੱਥ ਹੀ ਬਹੁਤ ਕੁਝ ਬਿਆਨ ਕਰ ਦਿੰਦੇ ਹਨ। ਹਕੂਮਤ ਦੀ ਕਠਪੁਤਲੀ ਐੱਨ.ਆਈ.ਏ. ਤੋਂ ਨਿਰਪੱਖ ਜਾਂਚ ਦੀ ਉਮੀਦ ਕੀਤੀ ਹੀ ਨਹੀਂ ਜਾ ਸਕਦੀ।

ਤਾਕਤਵਰ ਧਨਾਢ ਵਿਅਕਤੀ ਧਨ ਅਤੇ ਤਾਕਤ ਦੇ ਜ਼ੋਰ ਜੁਰਮ ਦੇ ਸਬੂਤ ਘੜ ਅਤੇ ਮਿਟਾ ਸਕਦਾ ਹੈ। ਉਹ ਵਕੀਲ ਹੀ ਨਹੀਂ, ਜੱਜ ਨੂੰ ਵੀ ਖ਼ਰੀਦ ਸਕਦਾ ਹੈ, ਜੱਜ ਉੱਪਰ ਦਬਾਅ ਪਾ ਸਕਦਾ ਹੈ। ਜਦੋਂ ਇੱਕ ਧਿਰ ਖ਼ੁਦ ਸੱਤਾ 'ਚ ਹੋਵੇ ਅਤੇ ਉਹ ਕਿਸੇ ਵੀ ਕੀਮਤ 'ਤੇ ਹਾਸ਼ੀਏ 'ਤੇ ਧੱਕੇ ਆਦਿਵਾਸੀਆਂ ਦਾ ਸਫ਼ਾਇਆ ਕਰਨ ਅਤੇ ਉਨ੍ਹਾਂ ਦੇ ਜੀਵਨ-ਗੁਜ਼ਾਰੇ ਦੇ ਵਸੀਲੇ ਖੋਹਣ 'ਤੇ ਤੁਲੀ ਹੋਵੇ, ਤਾਂ ਉਸ ਦੀਆਂ ਸਜ਼ਾ ਦੀਆਂ ਤਰਜੀਹਾਂ ਨੂੰ ਸਮਝਣਾ ਮੁਸ਼ਕਲ ਨਹੀਂ ਹੈ। ਅਜਿਹੀ ਨਿਆਂ ਪ੍ਰਣਾਲੀ ਵਿੱਚ ਮੌਤ ਦੀ ਸਜ਼ਾ ਨੂੰ ਮਾਨਤਾ ਦੇ ਕੇ ਉਸ ਨੂੰ ਕਾਇਮ ਰੱਖਣਾ ਕਮਜ਼ੋਰ ਅਤੇ ਗ਼ਰੀਬ ਲੋਕਾਂ ਨੂੰ ਸੌਖਿਆਂ ਹੀ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਅੱਗੇ ਮੌਤ ਦੀ ਸਜ਼ਾ ਤੱਕ ਪਹੁੰਚਾ ਦਿੰਦਾ ਹੈ। ਨੈਸ਼ਨਲ ਲਾਅ ਯੂਨੀਵਰਸਿਟੀ, ਦਿੱਲੀ ਦੀ 'ਡੈੱਥ ਪੈਨਲਟੀ ਇੰਡੀਆ ਰਿਪੋਰਟ' ਅਨੁਸਾਰ ਮੌਤ ਦੀ ਸਜ਼ਾ ਪਾਉਣ ਵਾਲੇ 74.1 ਫ਼ੀਸਦੀ ਲੋਕ ਆਰਥਕ ਤੌਰ ਉੱਤੇ ਕਮਜ਼ੋਰ ਵਰਗਾਂ ਵਿੱਚੋਂ ਆਉਂਦੇ ਹਨ। ਭਾਰਤ ਦੇ ਬ੍ਰਾਹਮਣਵਾਦੀ, ਹਿੰਦੂਤਵਵਾਦੀ, ਫਾਸ਼ੀਵਾਦੀ ਕਿਰਦਾਰ ਕਾਰਨ ਜਿਹੜੇ ਬਾਕੀ ਬਚਦੇ ਹਨ, ਉਹ ਜਾਂ ਤਾਂ ਮੁਸਲਮਾਨ ਹਨ ਜਾਂ ਦਲਿਤ ਜਾਂ ਆਦਿਵਾਸੀ।

ਝੀਰਮ ਘਾਟੀ ਕਾਂਡ 25 ਮਈ 2013 ਨੂੰ ਵਾਪਰਿਆ ਸੀ। ਸਖ਼ਤ ਸੁਰੱਖਿਆ ਪ੍ਰਬੰਧਾਂ ਦੇ ਤਹਿਤ ਕਾਂਗਰਸ ਦੇ ਵੱਡੇ ਆਗੂਆਂ ਦਾ 20 ਗੱਡੀਆਂ ਦਾ ਕਾਫ਼ਲਾ ਵਿਧਾਨ-ਸਭਾ ਚੋਣਾਂ ਤੋਂ ਪਹਿਲਾਂ ਕੀਤੀ ਜਾ ਰਹੀ "ਪਰਿਵਰਤਨ ਯਾਤਰਾ" ਦੇ ਤਹਿਤ ਮਾਓਵਾਦੀ ਗੜ੍ਹ ਸੁਕਮਾ-ਬਸਤਰ ਦੇ ਅੰਦਰ ਚੋਣ ਮੁਹਿੰਮ ਚਲਾ ਰਿਹਾ ਸੀ ਜਦੋਂ ਸੈਂਕੜੇ ਮਾਓਵਾਦੀ ਛਾਪਾਮਾਰਾਂ ਨੇ ਘਾਤ ਲਾ ਕੇ ਕੀਤੇ ਇਸ ਹਮਲੇ 'ਚ ਇਸ ਵੱਡੇ ਕਤਲ ਕਾਂਡ ਨੂੰ ਅੰਜਾਮ ਦਿੱਤਾ। ਹਮਲੇ ਵਿਚ ਛੱਤੀਸਗੜ੍ਹ ਦੇ ਕਾਂਗਰਸ ਮੁਖੀ ਨੰਦ ਕਿਸ਼ੋਰ ਪਟੇਲ, ਸਾਬਕਾ ਗ੍ਰਹਿ ਮੰਤਰੀ ਅਤੇ ਸਲਵਾ ਜੁਡਮ ਦਾ ਬਾਨੀ ਮਹੇਂਦਰ ਕਰਮਾ, ਸਾਬਕਾ ਕੇਂਦਰੀ ਮੰਤਰੀ ਵਿਦਿਆ ਚਰਨ ਸ਼ੁਕਲਾ ਸਮੇਤ 29 ਵਿਅਕਤੀ ਮਾਰੇ ਗਏ ਸਨ। ਮਹੇਂਦਰ ਕਰਮਾ ਉਹ ਬੇਹੱਦ ਬਦਨਾਮ ਸ਼ਖ਼ਸ ਸੀ ਜਿਸਨੇ ਮਾਓਵਾਦੀ ਜ਼ੋਰ ਵਾਲੇ ਇਲਾਕਿਆਂ ਵਿੱਚੋਂ ਆਦਿਵਾਸੀਆਂ ਨੂੰ ਉਜਾੜਕੇ ਕਾਰਪੋਰੇਟ ਪ੍ਰੋਜੈਕਟਾਂ ਦਾ ਰਾਹ ਸਾਫ਼ ਕਰਨ ਲਈ ਭਾਜਪਾ ਸਰਕਾਰ ਦੀ ਰਾਜਕੀ ਸਰਪ੍ਰਸਤੀ ਹੇਠ ਸਲਵਾ ਜੁਡਮ ਮੁਹਿੰਮ ਦੀ ਅਗਵਾਈ ਕੀਤੀ ਸੀ। ਸਲਵਾ ਜੁਡਮ ਦੌਰਾਨ 650 ਆਦਿਵਾਸੀ ਪਿੰਡ ਸਾੜ ਕੇ ਸਵਾਹ ਕਰ ਦਿੱਤੇ ਗਏ ਸਨ ਅਤੇ ਬਲਾਤਕਾਰ ਨੂੰ ਹਥਿਆਰ ਬਣਾ ਕੇ ਆਦਿਵਾਸੀ ਔਰਤਾਂ ਉੱਪਰ ਗਿਣ-ਮਿੱਥਕੇ ਵਿਆਪਕ ਪੈਮਾਨੇ 'ਤੇ ਜਿਨਸੀ ਜ਼ੁਲਮ ਕੀਤੇ ਗਏ ਸਨ। 2005-07 ਦੇ ਅਰਸੇ 'ਚ ਇਸ ਕਥਿਤ ਸ਼ਾਂਤੀ ਮੁਹਿੰਮ ਨੇ ਬਸਤਰ ਖੇਤਰ ਵਿਚ ਕਤਲੇਆਮ, ਸਾੜਫੂਕ ਅਤੇ ਸਮੂਹਿਕ ਬਲਾਤਕਾਰਾਂ ਰਾਹੀਂ ਐਨੀ ਭਿਆਨਕ ਤਬਾਹੀ ਮਚਾਈ ਸੀ ਕਿ 2011 'ਚ ਸੁਪਰੀਮ ਕੋਰਟ ਨੇ ਇਸ ਗ਼ੈਰਕਾਨੂੰਨੀ ਗਰੋਹ ਨੂੰ ਤੋੜਨ ਦਾ ਆਦੇਸ਼ ਦਿੰਦੇ ਹੋਏ ਪੁਲਿਸ ਤੇ ਸੱਤਾ ਦੀ ਮਿਲੀਭੁਗਤ ਬਾਰੇ ਸਖ਼ਤ ਟਿੱਪਣੀਆਂ ਕੀਤੀਆਂ ਸਨ। ਇਹ ਵੱਖਰਾ ਸਵਾਲ ਹੈ ਕਿ ਹੁਕਮਰਾਨਾਂ, ਚਾਹੇ ਉਹ ਕਾਗਰਸੀ ਸਨ ਜਾਂ ਭਾਜਪਾਈ, ਨੇ ਅਦਾਲਤੀ ਆਦੇਸ਼ ਦੀ ਪ੍ਰਵਾਹ ਨਹੀਂ ਕੀਤੀ ਸਗੋਂ ਇਨ੍ਹਾਂ ਮੁਜਰਿਮਾਂ ਨੂੰ ਐੱਸ.ਪੀ.ਓ. ਦਾ ਕਾਨੂੰਨੀ ਨਾਂ ਦੇ ਕੇ ਬਰਕਰਾਰ ਰੱਖਿਆ।

ਇਹ ਕਾਂਡ ਰਾਤ ਵੇਲੇ ਵਾਪਰਿਆ ਸੀ ਅਤੇ 250-300 ਛਾਪਾਮਾਰਾਂ ਨੇ ਰਾਤ ਦੇ ਹਨੇਰੇ ਵਿੱਚ ਹਮਲਾ ਕੀਤਾ ਸੀ। ਜਿਵੇਂ ਪੁਲਿਸ ਅਕਸਰ ਹੀ ਬੌਖਲਾ ਕੇ ਆਲੇ ਦੁਆਲੇ ਛਾਪੇ ਮਾਰਕੇ ਗ੍ਰਿਫ਼ਤਾਰੀਆਂ ਕਰਦੀ ਹੈ, ਇੱਥੇ ਵੀ ਘਟਨਾ ਤੋਂ ਬਾਅਦ ਪੁਲਿਸ ਨੇ ਡੀ.ਆਰ.ਜੀ. ਵਾਲਿਆਂ ਦੇ ਕਹਿਣ ਉੱਤੇ ਆਲੇ-ਦੁਆਲੇ ਦੇ ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਡੀ.ਆਰ.ਜੀ. ਆਤਮ-ਸਮਰਪਣ ਕਰ ਚੁੱਕੇ ਨਕਸਲੀਆਂ ਨੂੰ ਲੈ ਕੇ ਬਣਾਈ ਵਿਸ਼ੇਸ਼ ਫੋਰਸ ਹੈ ਜਿਸਨੂੰ ਬਸਤਰ ਵਿਚ ਮਾਓਵਾਦੀਆਂ ਅਤੇ ਉਨ੍ਹਾਂ ਦੇ ਹਮਾਇਤੀਆਂ ਨੂੰ ਚੁਣ-ਚੁਣ ਕੇ ਮਾਰਨ ਲਈ ਵਰਤਿਆ ਗਿਆ। ਉੱਘੀ ਕਾਰਕੁਨ ਬੇਲਾ ਭਾਟੀਆ ਅਨੁਸਾਰ ਗ੍ਰਿਫ਼ਤਾਰ ਕੀਤੇ ਲੋਕਾਂ ਵਿੱਚੋਂ ਇੱਕ ਔਰਤ ਆਪਣੇ ਬਚਪਨ ਵਿੱਚ 'ਚੇਤਨਾ ਨਾਟਯ ਮੰਡਲੀ' ਨਾਲ ਜੁੜੀ ਹੋਈ ਸੀ, ਇਸ ਲਈ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇੱਕ ਨੌਜਵਾਨ ਮੁੰਡਾ ਉਸ ਪਿੰਡ ਵਿੱਚ ਵਿਆਹ ਵਿੱਚ ਸ਼ਾਮਲ ਹੋਣ ਆਇਆ ਸੀ, ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇੱਕ ਸਾਬਕਾ ਸਰਪੰਚ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਬਸਤਰ ਵਿੱਚ ਆਦਿਵਾਸੀਆਂ ਦੀਆਂ 99 ਫ਼ੀਸਦੀ ਗ੍ਰਿਫ਼ਤਾਰੀਆਂ ਇਸੇ ਤਰ੍ਹਾਂ ਫ਼ਰਜ਼ੀ ਹੁੰਦੀਆਂ ਹਨ ਅਤੇ ਆਪਣੇ ਉੱਪਰ ਪਾਏ ਕੇਸਾਂ ਦੀ ਕਾਨੂੰਨੀ ਪੈਰਵਾਈ ਕਰਨਾ ਤਾਂ ਦੂਰ ਰਿਹਾ, ਉਹ ਤਾਂ ਇਹ ਵੀ ਸਮਝ ਨਹੀਂ ਸਮਝ ਸਕਦੇ ਕਿ ਉਨ੍ਹਾਂ ਦੇ ਵਿਰੁੱਧ ਕੇਸ ਕੀ ਹੈ। ਉਹ ਬਿਨਾਂ ਕਾਨੂੰਨੀ ਸਹਾਇਤਾ ਦੇ ਕਈ-ਕਈ ਸਾਲ ਜੇਲ੍ਹਾਂ ਵਿੱਚ ਸੜਦੇ ਰਹਿੰਦੇ ਹਨ।

ਇਸ ਹਮਲੇ ਦੀ ਸਾਜ਼ਿਸ਼ ਇਨ੍ਹਾਂ 10 ਕਥਿਤ ਦੋਸ਼ੀਆਂ ਨੇ ਹੀ ਰਚੀ ਸੀ, ਮੁਕੱਦਮੇ ਦੌਰਾਨ ਇਹ ਵੀ ਸਿੱਧ ਨਹੀਂ ਹੋਇਆ ਕਿਉਂਕਿ ਰਾਤ ਦੇ ਹਨੇਰੇ ਵਿਚ ਹੋਏ ਹਮਲੇ ਦਾ ਕੋਈ ਚਸ਼ਮਦੀਦ ਗਵਾਹ ਹੀ ਨਹੀਂ ਸੀ। ਆਲੇ-ਦੁਆਲਿਓਂ ਜੋ ਪੁਲਿਸ ਦੇ ਕਾਬੂ ਆ ਗਏ, ਉਨ੍ਹਾਂ ਨੂੰ ਫੜ੍ਹਕੇ ਜੇਲ੍ਹ ਵਿਚ ਰੱਖਕੇ ਮੁਕੱਦਮਾ ਚਲਾਇਆ ਗਿਆ। ਇਸਦੀ ਜਾਂਚ ਐੱਨ.ਆਈ.ਏ. ਨੂੰ ਸੌਂਪੀ ਗਈ। ਏਜੰਸੀ ਵੱਲੋਂ ਵੱਡੇ ਮਾਓਵਾਦੀ ਆਗੂਆਂ ਦੇਵ ਜੀ ਅਤੇ ਬਰਸੇ ਦੇਵਾ ਸਮੇਤ 39 ਵਿਅਕਤੀਆਂ ਵਿਰੁੱਧ ਚਾਰਜਸ਼ੀਟ ਦਾਖ਼ਲ ਕਰਕੇ ਵਿਸ਼ੇਸ਼ ਅਦਾਲਤ ਵਿਚ ਮੁਕੱਦਮਾ ਚਲਾਇਆ ਗਿਆ। ਗ੍ਰਿਫ਼ਤਾਰ ਕੀਤੇ ਗਏ ਇਨ੍ਹਾਂ ਆਦਿਵਾਸੀਆਂ ਨੂੰ ਮੌਤ ਦੀ ਸਜ਼ਾ ਦਿੱਤੇ ਜਾਣ ਤੋਂ ਪਹਿਲਾਂ ਹੀ ਜ਼ਮਾਨਤ ਦੇ ਹੱਕ ਤੋਂ ਵੀ ਵਾਂਝੇ ਰੱਖਕੇ 13 ਸਾਲ ਤੋਂ ਜੇਲ੍ਹ ਵਿੱਚ ਬੰਦ ਰੱਖਿਆ ਗਿਆ। ਅਗਲੇ ਸਾਲ ਉਹ ਮੌਤ ਦੀ ਸਜ਼ਾ ਦੇ ਦਬਾਅ ਦੇ ਮਾਨਸਿਕ ਤਸੀਹਿਆਂ ਦੇ ਤਹਿਤ ਬਿਤਾਉਣਗੇ। ਇਹ ਭਾਰਤੀ ਰਾਜ ਵੱਲੋਂ ਆਪਣੇ ਆਪ ਵਿੱਚ ਹੀ ਉਨ੍ਹਾਂ ਵਿਰੁੱਧ ਕੀਤਾ ਜਾ ਰਿਹਾ ਘੋਰ ਮਾਨਵਤਾ ਵਿਰੋਧੀ ਜੁਰਮ ਹੈ।

ਇਸ ਜਾਂ ਅਜਿਹੇ ਹੋਰ ਕੇਸਾਂ ਵਿਚ ਸਿਤਮ-ਜ਼ਰੀਫ਼ੀ ਆਤਮ-ਸਮਰਪਣ ਕਰਨ ਵਾਲਿਆਂ ਅਤੇ ਜੇਲ੍ਹਾਂ ਵਿਚ ਡੱਕੇ ਕਥਿਤ ਮਾਓਵਾਦੀਆਂ ਪ੍ਰਤੀ ਸਟੇਟ ਦੇ ਦੋਹਰੇ ਮਿਆਰਾਂ ਦੀ ਹੈ। ਦੇਵ ਜੀ ਵਰਗੇ ਚੋਟੀ ਦੇ ਮਾਓਵਾਦੀ ਆਗੂਆਂ ਸਮੇਤ ਸੈਂਕੜੇ ਮਾਓਵਾਦੀ ਛਾਪਾਮਾਰਾਂ ਵੱਲੋਂ ਪਿਛਲੇ ਸਾਲ ਆਤਮ-ਸਮਰਪਣ ਕਰ ਦਿੱਤੇ ਗਏ। ਕੇਂਦਰ ਦੀ ਭਾਜਪਾ ਸਰਕਾਰ ਦੀ 'ਆਤਮ-ਸਮਰਪਣ ਕਰ ਦਿਓ ਜਾਂ ਝੂਠੇ ਮੁਕਾਬਲਿਆਂ ਵਿਚ ਮਾਰ ਦਿੱਤੇ ਜਾਓਗੇ' ਰਾਹੀਂ ਭਾਰਤ ਨੂੰ 'ਨਕਸਲ-ਮੁਕਤ' ਬਣਾਉਣ ਦੀ ਬਾਕਾਇਦਾ ਨੀਤੀ ਦੇ ਤਹਿਤ ਆਤਮ-ਸਮਰਪਣ ਕਰਨ ਵਾਲਿਆਂ ਦੇ 'ਜੁਰਮ' ਰਾਜਨੀਤਕ ਤੌਰ 'ਤੇ ਨਜਿੱਠੇ ਗਏ। ਜੋ ਮਾਓਵਾਦੀ ਆਗੂ, ਕਾਰਕੁਨ ਜਾਂ ਆਮ ਆਦਿਵਾਸੀ ਜੇਲ੍ਹਾਂ ਵਿਚ ਬੰਦ ਹਨ, ਉਨ੍ਹਾਂ ਵਿਰੁੱਧ ਮੁਕੱਦਮੇ, ਸਜ਼ਾਵਾਂ ਅਤੇ ਜੇਲ੍ਹਬੰਦੀ ਉਸੇ ਤਰ੍ਹਾਂ ਬਰਕਰਾਰ ਹੈ। ਨਕਸਲਵਾਦ ਦੇ ਦੋਸ਼ਾਂ ਤਹਿਤ ਚਾਰ ਹਜ਼ਾਰ ਦੇ ਕਰੀਬ ਆਦਿਵਾਸੀ ਬਸਤਰ ਖੇਤਰ ਦੀਆਂ ਜੇਲ੍ਹਾਂ ਵਿਚ ਬੰਦ ਹਨ। ਜੇਕਰ ਛੱਤੀਸਗੜ੍ਹ ਦੇ ਮੁੱਖ ਮੰਤਰੀ ਵਿਸ਼ਨੂ ਦੇਓ ਸਾਈ ਦੇ ਸ਼ਬਦਾਂ 'ਚ ਭਾਰਤ 'ਨਰਿੰਦਰ ਮੋਦੀ ਦੇ ਫੌਲਾਦੀ ਇਰਾਦੇ ਅਤੇ ਮਜ਼ਬੂਤ ਅਗਵਾਈ ਹੇਠ ਨਕਸਲ ਮੁਕਤ' ਹੋ ਗਿਆ ਹੈ ਅਤੇ 'ਬਸਤਰ ਸ਼ਾਂਤੀ, ਭਰੋਸੇ ਅਤੇ ਵਿਕਾਸ ਦੇ ਨਵੇਂ ਯੁਗ' ਵੱਲ ਵਧ ਰਿਹਾ ਹੈ, ਜਦੋਂ ਮੋਦੀ ਅਨੁਸਾਰ ਮੁਲਕ ਵਿਚ ਖ਼ਤਰੇ ਦੇ ਰੂਪ 'ਚ ਸਿਰਫ਼ 'ਦਿਮਾਗੀ ਨਕਸਲੀ'/'ਸ਼ਹਿਰੀ ਨਕਸਲੀ' ਹੀ ਬਚੇ ਹਨ, ਫਿਰ ਤਾਂ ਜੇਲ੍ਹਾਂ ਵਿਚ ਡੱਕੇ ਮਾਓਵਾਦੀਆਂ ਨੂੰ ਵੀ ਆਮ ਮਾਫ਼ੀ ਦੇ ਦੇਣੀ ਚਾਹੀਦੀ ਹੈ। ਇਹ ਵੀ ਗ਼ੌਰ ਤਲਬ ਹੈ ਕਿ ਸੋਨੂੰ, ਦੇਵ ਜੀ ਅਤੇ ਹੋਰ ਚੋਟੀ ਦੇ ਆਤਮਸਮਰਪਣ ਕਰਨ ਵਾਲੇ ਮਾਓਵਾਦੀ ਆਗੂਆਂ ਨੇ ਹਥਿਆਰਬੰਦ ਸੰਘਰਸ਼ ਦਾ ਰਾਹ ਛੱਡਕੇ ਸੰਵਿਧਾਨ ਦੇ ਦਾਇਰੇ ਵਿਚ ਲੋਕਤੰਤਰੀ ਤਰੀਕਿਆਂ ਨਾਲ ਲੋਕਾਂ ਦੇ ਹੱਕਾਂ ਲਈ ਸੰਘਰਸ਼ ਕਰਨ ਦੇ ਐਲਾਨ ਕੀਤੇ ਸਨ। ਉਹ ਵੀ ਅਜਿਹੀਆਂ ਬਦਲਾਲਊ ਸਜ਼ਾਵਾਂ ਵਿਰੁੱਧ ਅਤੇ ਜੇਲ੍ਹੀਂ ਡੱਕੇ ਆਦਿਵਾਸੀਆਂ ਅਤੇ ਆਪਣੇ ਸਾਥੀਆਂ ਦੀ ਰਿਹਾਈ ਲਈ ਕੋਈ ਆਵਾਜ਼ ਨਹੀਂ ਉਠਾ ਰਹੇ।

ਕਾਂਗਰਸ ਦੀ ਲੀਡਰਸ਼ਿੱਪ ਸਭ ਕੁਝ ਜਾਣਦੇ ਹੋਏ ਵੀ ਭਾਜਪਾ ਨੂੰ ਰਾਜਨੀਤਕ ਤੌਰ 'ਤੇ ਘੇਰਨ ਲਈ ਇਹ ਮੁੱਦਾ ਉਭਾਰ ਰਹੀ ਹੈ ਕਿ ਕਾਂਗਰਸੀ ਆਗੂਆਂ ਦਾ ਮਾਰੇ ਜਾਣਾ 'ਰਾਜਨੀਤਕ ਸਾਜ਼ਿਸ਼' ਸੀ ਜਿਸ ਨੂੰ ਬੇਪਰਦ ਕਰਨ ਲਈ ਆਤਮ-ਸਮਰਪਣ ਕਰ ਚੁੱਕੇ ਚੋਟੀ ਦੇ ਮਾਓਵਾਦੀ ਆਗੂਆਂ ਦੀ ਤਫ਼ਤੀਸ਼ ਕੀਤੀ ਜਾਣੀ ਚਾਹੀਦੀ ਹੈ। ਕਾਂਗਰਸ ਦੀ ਲੀਡਰਸ਼ਿੱਪ 'ਰਾਜਨੀਤਕ ਸਾਜ਼ਿਸ਼' ਦਾ ਹੋ-ਹੱਲਾ ਮਚਾ ਕੇ ਇਸ ਹਕੀਕਤ ਨੂੰ ਲੁਕੋਣਾ ਚਾਹੁੰਦੀ ਹੈ ਕਿ ਇਹ ਕੇਂਦਰ ਵਿਚ ਕਾਂਗਰਸ ਦੀ ਅਗਵਾਈ ਹੇਠਲੀ ਯੂ.ਪੀ.ਏ. ਅਤੇ ਛੱਤੀਸਗੜ੍ਹ ਵਿਚ ਭਾਜਪਾ ਦੀ ਸਰਕਾਰ ਸੀ ਜਿਨ੍ਹਾਂ ਨੇ ਮਿਲਕੇ ਆਦਿਵਾਸੀ ਇਲਾਕਿਆਂ, ਖ਼ਾਸ ਕੇ ਬਸਤਰ ਵਿਚ ਕਥਿਤ ਵਿਕਾਸ ਦੇ ਨਾਂ ਹੇਠ ਧਾੜਵੀ ਕਾਰਪੋਰੇਟ ਪ੍ਰੋਜੈਕਟ ਥੋਪਣ ਲਈ ਨੰਗੇ-ਚਿੱਟੇ ਹਕੂਮਤੀ ਦਹਿਸ਼ਤਵਾਦ ਦਾ ਸਹਾਰਾ ਲਿਆ। ਆਦਿਵਾਸੀਆਂ ਦੇ ਸੰਵਿਧਾਨਕ ਹੱਕ ਰਾਜ ਮਸ਼ੀਨਰੀ ਨੇ ਸੱਤਾ ਦੀ ਕਰੂਰ ਤਾਕਤ ਦੇ ਜ਼ੋਰ ਕੁਚਲ ਦਿੱਤੇ। ਪੁਲਿਸ ਅਤੇ ਗ਼ੈਰਕਾਨੂੰਨੀ ਗਰੋਹਾਂ ਵੱਲੋਂ ਕੀਤੇ ਅਕਹਿ ਜ਼ੁਲਮ ਆਦਿਵਾਸੀਆਂ ਨੂੰ ਆਪਣੀ ਜੰਗਲਾਂ-ਪਹਾੜਾਂ ਦੀ ਰਾਖੀ ਲਈ ਹਥਿਆਰਬੰਦ ਟਾਕਰੇ ਵੱਲ ਵਧੇਰੇ ਤੋਂ ਵਧੇਰੇ ਧੱਕਦੇ ਗਏ। ਜੇਕਰ ਬਸਤਰ ਅਤੇ ਹੋਰ ਜੰਗਲੀ-ਪਹਾੜੀ ਪੱਟੀ ਵਿਚ ਸਟੇਟ ਅਤੇ ਮਾਓਵਾਦੀ ਲਹਿਰ ਦਰਮਿਆਨ ਹਥਿਆਰਬੰਦ ਟਕਰਾਅ ਤਿੱਖਾ ਹੁੰਦਾ ਗਿਆ ਹੈ ਤਾਂ ਇਸ ਲਈ ਭਾਰਤੀ ਹਾਕਮ ਜਮਾਤ ਦੀਆਂ ਨਿਰੋਲ ਕਾਰਪੋਰੇਟ ਹਿਤੈਸ਼ੀ ਨੀਤੀਆਂ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ। ਸਵਾਲ ਤਾਂ ਇਹ ਵੀ ਹੈ ਕਿ ਛੱਤੀਸਗੜ੍ਹ ਵਿਚ ਪੰਜ ਸਾਲ ਕਾਂਗਰਸ ਦੀ ਸਰਕਾਰ ਰਹੀ ਹੈ, ਓਦੋਂ ਇਸਨੇ 'ਰਾਜਨੀਤਕ ਸਾਜ਼ਿਸ਼' ਦੀ ਜਾਂਚ ਕਿਉਂ ਨਹੀਂ ਕਰਾਈ?

ਘੋਰ ਆਰਥਕ-ਸਮਾਜਿਕ ਨਬਰਾਬਰੀ ਅਤੇ ਨੰਗੇ ਸਮਾਜਿਕ ਅਨਿਆਂ 'ਤੇ ਉੱਸਰੀ ਬਸਤੀਵਾਦੀ ਵਿਰਾਸਤ ਵਾਲੀ ਨਿਆਂ ਪ੍ਰਣਾਲੀ ਗ਼ਰੀਬ ਅਤੇ ਹਾਸ਼ੀਏ 'ਤੇ ਧੱਕੇ ਮਜ਼ਲੂਮ ਹਿੱਸਿਆਂ ਪ੍ਰਤੀ ਜਮਾਂਦਰੂ ਤੌਰ 'ਤੇ ਪੱਖਪਾਤੀ ਹੈ। ਜਿਉਂ-ਜਿਉਂ ਨਿਆਂ ਪ੍ਰਣਾਲੀ ਵਿਚ ਭ੍ਰਿਸ਼ਟਾਚਾਰ ਡੂੰਘਾ ਹੁੰਦਾ ਗਿਆ ਹੈ, ਨਿਆਂਇਕ ਪ੍ਰਕਿਰਿਆ ਵਿਚਲੀਆਂ ਮਨੁੱਖੀ ਭੁੱਲਾਂ ਸੋਚੀਆਂ-ਸਮਝੀਆਂ ਸਾਜ਼ਿਸ਼ਾਂ 'ਚ ਬਦਲਦੀਆਂ ਗਈਆਂ। ਆਰ.ਐੱਸ.ਐੱਸ.-ਭਾਜਪਾ ਦੇ ਕੇਂਦਰੀ ਸੱਤਾ ਉੱਪਰ ਕਾਬਜ਼ ਨਾਲ ਨਿਆਂ ਪ੍ਰਣਾਲੀ ਦਾ ਹੋਰ ਵੀ ਜ਼ਿਆਦਾ ਨਿਘਾਰ ਹੋਣ ਨਾਲ ਇਸ ਦੀ ਨਾਮਨਿਹਾਦ ਨਿਰਪੱਖਤਾ ਅਤੇ ਪਾਰਦਰਸ਼ਤਾ ਵੀ ਖ਼ਤਮ ਹੋ ਗਈ। ਹਿੰਦੂ ਰਾਸ਼ਟਰਵਾਦੀ ਜ਼ਿਹਨੀਅਤ ਵਾਲੇ ਜੱਜਾਂ ਦੀ ਗਿਣਤੀ ਦਿਨੋ-ਦਿਨ ਵਧਦੀ ਜਾ ਰਹੀ ਹੈ। ਉਨ੍ਹਾਂ ਦਾ ਗ਼ਰੀਬ ਵਿਰੋਧੀ, ਦੱਬੀਆਂ-ਕੁਚਲੀਆਂ ਕੌਮੀਅਤਾਂ, ਧਾਰਮਿਕ ਘੱਟਗਿਣਤੀਆਂ, ਆਦਿਵਾਸੀਆਂ, ਦਲਿਤਾਂ ਅਤੇ ਔਰਤਾਂ ਵਿਰੋਧੀ ਤੁਅੱਸਬੀ ਨਜ਼ਰੀਆ ਨਿਆਂਇਕ ਫ਼ੈਸਲਿਆਂ ਨੂੰ ਡੂੰਘੇ ਰੂਪ 'ਚ ਪ੍ਰਭਾਵਿਤ ਕਰ ਰਿਹਾ ਹੈ। ਸੁਪਰੀਮ ਕੋਰਟ ਅਤੇ ਕਈ ਹਾਈ ਕੋਰਟ ਬੈਂਚਾਂ ਵੱਲੋਂ ਪਿਛਲੇ ਇਕ ਦਹਾਕੇ 'ਚ ਬਹੁਤ ਹੀ ਮਹੱਤਵਪੂਰਨ ਕੇਸਾਂ ਵਿਚ ਦਿੱਤੇ ਫ਼ੈਸਲੇ ਇਸਦੇ ਗਵਾਹ ਹਨ। ਦਹਿਸ਼ਤਵਾਦ ਵਿਰੋਧੀ ਵਿਸ਼ੇਸ਼ ਕਾਨੂੰਨ ਯੂ.ਏ.ਪੀ.ਏ. ਲਗਾ ਕੇ ਛੇ ਸਾਲ ਤੋਂ ਜੇਲ੍ਹ ਵਿਚ ਡੱਕੇ ਉਮਰ ਖ਼ਾਲਿਦ, ਸ਼ਰਜੀਲ ਇਮਾਮ ਵਰਗੇ ਨਿਆਂਪਸੰਦ ਕਾਰਕੁਨਾਂ ਦੀ ਜ਼ਮਾਨਤ ਦੀ ਆਰਜ਼ੀ ਵਾਰ-ਵਾਰ ਰੱਦ ਕੀਤੀ ਜਾ ਰਹੀ ਹੈ। ਕਥਿਤ ਨਕਸਲੀ ਸੰਬੰਧਾਂ ਦੇ ਕੇਸਾਂ 'ਚ ਫਸਾਏ ਲੋਕਾਂ ਨੂੰ ਨਿਆਂ ਦਿਵਾਉਣ ਵਾਲੇ ਐਡਵੋਕੇਟ ਸੁਰਿੰਦਰ ਗਾਡਲਿੰਗ ਨੂੰ ਬਿਨਾਂ ਜ਼ਮਾਨਤ ਅੱਠ ਸਾਲ ਤੋਂ ਜੇਲ੍ਹ ਵਿਚ ਡੱਕਿਆ ਹੋਇਆ ਹੈ। ਜਦਕਿ ਗੁਰਮੀਤ ਰਾਮ ਰਹੀਮ ਵਰਗੇ ਕਤਲ ਤੇ ਬਲਾਤਕਾਰ ਦੇ ਕੇਸਾਂ ਵਿਚ ਸਜ਼ਾਯਾਫ਼ਤਾ ਮੁਜਰਿਮਾਂ ਅਤੇ ਹਿੰਦੂਤਵੀ ਦਹਿਸ਼ਤਗਰਦਾਂ ਨੂੰ ਅਦਾਲਤਾਂ ਵਾਰ-ਵਾਰ ਪੈਰੋਲ ਵੀ ਦੇ ਰਹੀਆਂ ਹਨ ਅਤੇ ਉਨ੍ਹਾਂ ਦੀਆਂ ਸਜ਼ਾਵਾਂ ਵੀ ਮਾਫ਼ ਕੀਤੀਆਂ ਜਾ ਰਹੀਆਂ ਹਨ।

ਗੜ੍ਹਚਿਰੌਲੀ ਸਾਜ਼ਿਸ਼ ਕੇਸ ਵਿਚ ਜੱਜ ਨੇ ਆਪਣੇ ਫ਼ੈਸਲੇ ਵਿਚ ਸੂਰਜਗੜ੍ਹ ਪ੍ਰੋਜੈਕਟ ਦਾ 17 ਵਾਰ ਜ਼ਿਕਰ ਕਰਦਿਆਂ ਪ੍ਰੋਫੈਸਰ ਸਾਈਬਾਬਾ ਤੇ ਸਾਥੀਆਂ ਨੂੰ 'ਵਿਕਾਸ ਵਿਚ ਅੜਿੱਕਾ ਪਾਉਣ' ਵਾਲੇ ਕਰਾਰ ਦੇ ਕੇ ਉਮਰ ਕੈਦ ਦੀ ਸਜ਼ਾ ਸੁਣਾਈ। ਝੀਰਮ ਘਾਟੀ ਕੇਸ ਵਿਚ ਵੀ ਵਿਸ਼ੇਸ਼ ਅਦਾਲਤ ਦੇ ਜੱਜ ਨੇ ਮਜ਼ਲੂਮ ਆਦਿਵਾਸੀਆਂ ਨੂੰ ਸਬੂਤ ਨਾਂ ਹੋਣ ਦੇ ਬਾਵਜੂਦ ਮੁਜਰਿਮ ਇਸ ਕਰਕੇ ਮੰਨਿਆ ਕਿਉਂਕਿ ਬਸਤਰ ਨੂੰ 'ਨਕਸਲ ਮੁਕਤ' ਕਰਨ ਦੇ ਦਾਅਵਿਆਂ ਦੇ ਬਾਵਜੂਦ ਆਦਿਵਾਸੀ ਆਪਣੇ ਜੰਗਲਾਂ-ਪਹਾੜਾਂ ਨੂੰ ਕਾਰਪੋਰੇਟ ਗਿਰਝਾਂ ਤੋਂ ਬਚਾਉਣ ਲਈ ਸੰਘਰਸ਼ ਕਰ ਰਹੇ ਹਨ। ਉਨ੍ਹਾਂ ਨੂੰ ਸਟੇਟ ਦੀ ਕਰੂਰਤਾ ਨਾਲ ਖ਼ੌਫ਼ਜ਼ਦਾ ਕਰਨ ਲਈ ਇਸ ਕੇਸ ਨੂੰ ਮਿਸਾਲ ਬਣਾਇਆ ਗਿਆ ਹੈ। ਇਸੇ ਤਰ੍ਹਾਂ, ਫਰਵਰੀ 2010 'ਚ ਪੱਛਮੀ ਬੰਗਾਲ ਵਿਚ ਮਾਓਵਾਦੀ ਲਹਿਰ ਦੀ ਚੜ੍ਹਤ ਦੌਰਾਨ ਸਿਲਦਾ ਵਿਚ ਮਾਓਵਾਦੀ ਛਾਪਾਮਾਰਾਂ ਵੱਲੋਂ ਈਸਟਰਨ ਫਰੰਟੀਅਰ ਰਾਈਫ਼ਲ ਦੇ ਕੈਂਪ ਉੱਪਰ ਜੋ ਹਮਲਾ ਕੀਤਾ ਗਿਆ ਸੀ, ਉਸ ਕੇਸ ਵਿਚ 23 ਵਿਅਕਤੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ।

ਇਸ ਫ਼ੈਸਲੇ ਨਾਲ ਪਹਿਲਾਂ ਹੀ ਹਾਸ਼ੀਆਗ੍ਰਸਤ ਅਤੇ ਮਜ਼ਲੂਮਾਂ ਦੀ ਅਦਾਲਤਾਂ ਤੋਂ ਨਿਆਂ ਦੀ ਨਾਉਮੀਦੀ ਹੋਰ ਵੀ ਜ਼ਿਆਦਾ ਡੂੰਘੀ ਹੋ ਗਈ ਹੈ। ਮਜ਼ਲੂਮਾਂ ਦੇ ਲਹੂ ਦੀ ਤਿਹਾਈ ਅਤੇ ਬਦਲਾਖ਼ੋਰ ਇਸ ਸਜ਼ਾ ਦਾ ਡੱਟ ਕੇ ਵਿਰੋਧ ਕਰਨਾ ਅਤੇ ਇਸ ਪਿੱਛੇ ਕੰਮ ਕਰਦੇ ਸਟੇਟ ਦੇ ਕਾਰਪੋਰੇਟ ਪੱਖੀ ਹਕੂਮਤੀ ਦਹਿਸ਼ਤਵਾਦੀ ਏਜੰਡੇ ਨੂੰ ਬੇਪਰਦ ਕਰਨਾ ਜ਼ਰੂਰੀ ਹੈ।

ਪੰਜਾਬ ਨੂੰ ਵਿਕਾਸ ਦੀ ਲੋੜ ਹੈ, ਮੁਫ਼ਤ ਸਹੂਲਤਾਂ ਦੀ ਨਹੀਂ

ਪ੍ਰੋ. ਲਖਵਿੰਦਰ ਸਿੰਘ,
ਸਹਾਇਕ ਪ੍ਰੋ. ਦੀਪਰਤਨ ਸਿੰਘ ਖਾਰਾ
ਅਨੁ.: ਬੂਟਾ ਸਿੰਘ ਮਹਿਮੂਦਪੁਰ

ਪੰਜਾਬ ਦੀ ਮੌਜੂਦਾ ਸਰਕਾਰ ਦਾ ਕਾਰਜਕਾਲ ਹੁਣ ਪੰਜ ਮਹੀਨਿਆਂ ਤੋਂ ਵੀ ਘੱਟ ਸਮੇਂ ਵਿੱਚ ਮੁੱਕਣ ਵਾਲਾ ਹੈ ਅਤੇ 17ਵੀਂ ਵਿਧਾਨ ਸਭਾ ਦੀਆਂ ਚੋਣਾਂ ਦੀਆਂ ਤਿਆਰੀਆਂ ਪੂਰੇ ਜ਼ੋਰਾਂ 'ਤੇ ਹਨ। ਸੰਨ 1992 ਤੋਂ ਲੈ ਕੇ ਹੁਣ ਤੱਕ ਸੱਤਾ ਵਿੱਚ ਰਹੀਆਂ ਵੱਖ-ਵੱਖ ਸਿਆਸੀ ਸਰਕਾਰਾਂ ਦੀ ਕਾਰਗੁਜ਼ਾਰੀ ਦਰਸਾਉਂਦੀ ਹੈ ਕਿ ਸੂਬੇ ਦੇ ਆਰਥਿਕ ਸੂਚਕ ਵਿਗੜਦੇ ਗਏ ਹਨ।

ਵੋਟਰਾਂ ਅੱਗੇ ਸਵਾਲ ਇਹ ਹੈ ਕਿ ਵਾਰੋ-ਵਾਰੀ ਆਈਆਂ ਸਰਕਾਰਾਂ ਪੰਜਾਬ ਦੀ ਤਕਦੀਰ ਕਿਉਂ ਨਹੀਂ ਬਦਲ ਸਕੀਆਂ। ਸੰਨ 2012 ਵਿੱਚ ਅਕਾਲੀ ਦਲ-ਭਾਜਪਾ ਗੱਠਜੋੜ ਨੂੰ ਮੁੜ ਚੁਣਨ ਤੋਂ ਇਲਾਵਾ, ਉਨ੍ਹਾਂ ਨੇ ਵਾਰ-ਵਾਰ ਵੱਖਰੀ ਸਰਕਾਰ ਚੁਣੀ ਹੈ, ਪਰ ਇਨ੍ਹਾਂ ਤਬਦੀਲੀਆਂ ਤੋਂ ਕੀਤੀਆਂ ਉਮੀਦਾਂ ਅਧੂਰੀਆਂ ਹੀ ਰਹੀਆਂ ਹਨ। ਸਿਆਸੀ ਪਾਰਟੀਆਂ ਦੇ ਚੋਣ ਮਨੋਰਥ ਪੱਤਰ ਵਿਕਾਸ ਦਾ ਵਾਅਦਾ ਕਰਦੇ ਹਨ, ਪਰ ਸਰਕਾਰਾਂ ਸਬਸਿਡੀਆਂ ਅਤੇ ਮੁਫ਼ਤ ਸਹੂਲਤਾਂ ਦਿੰਦੀਆਂ ਹਨ।

ਪੰਜਾਬ ਦੇ ਆਪਣੇ ਇਤਿਹਾਸ ਦੇ ਪ੍ਰਸੰਗ ਵਿੱਚ ਇਹ ਗੁੱਥੀ ਹੋਰ ਵੀ ਗੁੰਝਲਦਾਰ ਹੋ ਜਾਂਦੀ ਹੈ। ਸੂਬਾ ਕਦੇ ਇਸ ਤੋਂ ਕਿਤੇ ਵੱਡੇ ਨੁਕਸਾਨ 'ਚੋਂ ਬਾਹਰ ਆਇਆ ਸੀ। ਵੰਡ ਨੇ ਸੂਬੇ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਅਤੇ ਲੱਖਾਂ ਲੋਕਾਂ ਨੂੰ ਉਜਾੜ ਦਿੱਤਾ। ਦੋ ਦਹਾਕਿਆਂ ਦੇ ਅੰਦਰ ਹੀ ਪੰਜਾਬ ਨੇ ਹਰੇ ਇਨਕਲਾਬ ਦੀ ਅਗਵਾਈ ਕੀਤੀ ਅਤੇ ਸਭ ਤੋਂ ਖ਼ੁਸ਼ਹਾਲ ਸੂਬਿਆਂ ਵਿੱਚੋਂ ਇੱਕ ਬਣ ਗਿਆ। ਜਾਪਾਨ ਨੇ ਵੀ ਦੂਜੀ ਆਲਮੀ ਜੰਗ ਦੀ ਤਬਾਹੀ ਤੋਂ ਬਾਅਦ ਇੱਕ ਪੀੜ੍ਹੀ ਦੇ ਅੰਦਰ ਆਪਣੀ ਆਰਥਿਕਤਾ ਮੁੜ ਉਸਾਰ ਲਈ ਸੀ।

ਮੁੜ ਉੱਭਰਨ ਦੀਆਂ ਇਹ ਮਿਸਾਲਾਂ ਪੰਜਾਬ ਦੇ ਹਾਲੀਆ ਸਫ਼ਰ ਬਾਰੇ ਇੱਕ ਸਵਾਲ ਖੜ੍ਹਾ ਕਰਦੀਆਂ ਹਨ। ਸੰਨ 1980ਵਿਆਂ ਦੀ ਉਥਲ-ਪੁਥਲ ਤੋਂ ਬਾਅਦ ਸੂਬੇ ਨੂੰ ਇਸੇ ਤਰ੍ਹਾਂ ਦੀ ਆਰਥਿਕ ਮੁੜ-ਸੁਰਜੀਤੀ ਹਾਸਲ ਕਰਨ ਤੋਂ ਕਿਸ ਚੀਜ਼ ਨੇ ਰੋਕਿਆ ਹੈ? ਇਸ ਦਾ ਜਵਾਬ ਉਸ ਚੀਜ਼ ਤੋਂ ਸ਼ੁਰੂ ਹੁੰਦਾ ਹੈ, ਜਿਸ ਨੂੰ "ਹੋਂਦ ਬਚਾਉਣ ਲਈ ਸਹਿਮਤੀ" ਕਿਹਾ ਜਾ ਸਕਦਾ ਹੈ। ਜੰਗ ਤੋਂ ਬਾਅਦ ਜਾਪਾਨ ਨੇ ਸਰਕਾਰੀ ਨੀਤੀ ਅਤੇ ਨਿੱਜੀ ਨਿਵੇਸ਼ ਵਿੱਚ ਤਾਲਮੇਲ ਬਿਠਾਉਂਦਿਆਂ ਆਰਥਿਕ ਮੁੜ-ਉਸਾਰੀ ਨੂੰ ਤਰਜੀਹ ਦਿੱਤੀ।

ਉਸ ਦੀ 1960 ਦੀ 'ਆਮਦਨ ਦੁੱਗਣੀ ਕਰਨ ਦੀ ਯੋਜਨਾ' ਦਾ ਟੀਚਾ ਦਸ ਸਾਲਾਂ ਦੇ ਅੰਦਰ ਅਸਲ ਕੌਮੀ ਆਮਦਨ ਦੁੱਗਣੀ ਕਰਨਾ ਸੀ ਅਤੇ ਉਸ ਨੇ ਇਹ ਟੀਚਾ ਸੱਤ ਸਾਲਾਂ ਵਿੱਚ ਹੀ ਹਾਸਲ ਕਰ ਲਿਆ। ਵੰਡ ਤੋਂ ਬਾਅਦ ਪੰਜਾਬ ਨੇ ਸਿੰਜਾਈ, ਖੇਤੀ ਖੋਜ, ਨਿਯਮਤ ਮੰਡੀਆਂ ਅਤੇ ਪੇਂਡੂ ਸੜਕਾਂ ਰਾਹੀਂ ਇਸੇ ਤਰ੍ਹਾਂ ਦੀ ਨੀਂਹ ਰੱਖੀ। ਕਿਸਾਨਾਂ ਅਤੇ ਕਾਰੋਬਾਰੀ ਅਦਾਰਿਆਂ ਨੇ ਇਨ੍ਹਾਂ ਮੌਕਿਆਂ ਦਾ ਲਾਹਾ ਲਿਆ। ਮੁੜ ਉੱਭਰਨ ਲਈ ਸਾਂਝੀ ਵਚਨਬੱਧਤਾ ਨੇ ਜਨਤਕ ਨਿਵੇਸ਼ ਅਤੇ ਨਿੱਜੀ ਯਤਨਾਂ ਨੂੰ ਇੱਕ ਸਾਂਝੀ ਦਿਸ਼ਾ ਦਿੱਤੀ।

ਸਮਾਂ ਬੀਤਣ ਨਾਲ ਇਹ ਸਹਿਮਤੀ ਕਮਜ਼ੋਰ ਪੈ ਗਈ ਅਤੇ ਚੋਣ ਮੁਕਾਬਲਾ ਵੱਧ ਤੋਂ ਵੱਧ ਵੋਟਰਾਂ ਨੂੰ ਦਿੱਤੇ ਜਾਣ ਵਾਲੇ ਲਾਭਾਂ ਦੁਆਲੇ ਕੇਂਦਰਿਤ ਹੁੰਦਾ ਗਿਆ। ਸੰਨ 1991 ਤੋਂ ਬਾਅਦ ਉਦਾਰੀਕਰਨ ਨੇ ਰਾਜ ਦੀ ਭੂਮਿਕਾ ਨੂੰ ਮੰਡੀਆਂ ਲਈ ਸਹੂਲਤ ਦੇਣ ਵਾਲੇ ਵਜੋਂ ਨਵਾਂ ਰੂਪ ਦਿੱਤਾ। ਸਾਰੀਆਂ ਪਾਰਟੀਆਂ ਨੇ ਨਵੀਂ ਨੀਤੀ ਵਿਵਸਥਾ ਨੂੰ ਸਵੀਕਾਰ ਕਰ ਲਿਆ, ਜਦਕਿ ਚੋਣ ਮੁਕਾਬਲਾ ਵੱਧ ਤੋਂ ਵੱਧ ਵੋਟਰਾਂ ਨਾਲ ਕੀਤੇ ਜਾਂਦੇ ਲਾਭਾਂ ਦੇ ਵਾਅਦਿਆਂ ਦੁਆਲੇ ਕੇਂਦਰਿਤ ਹੁੰਦਾ ਗਿਆ। ਸਬਸਿਡੀਆਂ, ਨਕਦ ਰਕਮਾਂ ਦੇ ਤਬਾਦਲਿਆਂ, ਮੁਫ਼ਤ ਸੇਵਾਵਾਂ ਅਤੇ ਰਿਆਇਤਾਂ ਨੇ ਸੂਬੇ ਦੀ ਆਮਦਨ ਉੱਤੇ ਲਗਾਤਾਰ ਖ਼ਰਚ ਦੀਆਂ ਜ਼ਿੰਮੇਵਾਰੀਆਂ ਪਾ ਦਿੱਤੀਆਂ ਅਤੇ ਇਨ੍ਹਾਂ ਨੂੰ ਵਾਪਸ ਲੈਣਾ ਸਿਆਸੀ ਤੌਰ 'ਤੇ ਮੁਸ਼ਕਲ ਹੋ ਗਿਆ।

ਇਹ ਮੁਕਾਬਲੇਬਾਜ਼ ਲੋਕ-ਲੁਭਾਊ ਸਿਆਸਤ ਦੀ ਵਿੱਤੀ ਦੁਬਿਧਾ ਹੈ। ਹਰ ਪਾਰਟੀ ਵੱਧ ਦੇਣ ਦੇ ਵਾਅਦੇ ਕਰਕੇ ਲਾਭ ਖੱਟਦੀ ਹੈ, ਜਦਕਿ ਬਾਅਦ ਵਿੱਚ ਆਉਣ ਵਾਲੀਆਂ ਸਰਕਾਰਾਂ ਨੂੰ ਇਸ ਦਾ ਖ਼ਰਚ ਵਿਰਾਸਤ ਵਿੱਚ ਮਿਲਦਾ ਹੈ। ਇਸ ਨਾਲ ਨਿਵੇਸ਼ ਅਤੇ ਜ਼ਰੂਰੀ ਜਨਤਕ ਸੇਵਾਵਾਂ ਲਈ ਗੁੰਜਾਇਸ਼ ਘਟ ਜਾਂਦੀ ਹੈ।

ਪੰਜਾਬ ਨੂੰ ਆਰਥਿਕ ਮੁੜ-ਸੁਰਜੀਤੀ ਬਾਰੇ ਨਵੀਂ ਸਹਿਮਤੀ ਦੀ ਲੋੜ ਹੈ। ਭੂ-ਸਿਆਸੀ ਟਕਰਾਅ ਅਤੇ ਅਨਿਸ਼ਚਿਤਤਾ ਨੇ ਸਨਅਤੀ ਨੀਤੀ ਨੂੰ ਮੁੜ ਕੇਂਦਰ ਵਿੱਚ ਲਿਆ ਦਿੱਤਾ ਹੈ, ਜਿਸ ਨਾਲ ਜਨਤਕ ਨਿਵੇਸ਼ ਅਤੇ ਨਿੱਜੀ ਉੱਦਮ ਦੇ ਮਿਲ ਕੇ ਕੰਮ ਕਰਨ ਦੀ ਲੋੜ ਹੋਰ ਮਜ਼ਬੂਤ ਹੋਈ ਹੈ।

ਰੌਬਰਟ ਈ. ਹਾਲ ਅਤੇ ਮਾਈਕਲ ਵੁੱਡਫੋਰਡ ਨੂੰ ਦਿੱਤਾ ਗਿਆ ਆਰਥਿਕ ਵਿਗਿਆਨ ਦਾ 2026 ਦਾ ਨੋਬੇਲ ਪੁਰਸਕਾਰ ਸਮਝਾਉਂਦਾ ਹੈ ਕਿ ਅਜਿਹੀ ਸਹਿਮਤੀ ਕਿਉਂ ਮਹੱਤਵ ਰੱਖਦੀ ਹੈ। ਆਉਣ ਵਾਲੇ ਕੱਲ੍ਹ ਬਾਰੇ ਉਮੀਦਾਂ ਅੱਜ ਦੇ ਫ਼ੈਸਲਿਆਂ ਨੂੰ ਆਕਾਰ ਦਿੰਦੀਆਂ ਹਨ। ਪਰਿਵਾਰ ਭਵਿੱਖ ਦੀਆਂ ਸੰਭਾਵਨਾਵਾਂ ਦੇ ਭਰੋਸੇ ਕਰਜ਼ੇ ਲੈਂਦੇ ਹਨ ਅਤੇ ਕਾਰੋਬਾਰੀ ਨਿਵੇਸ਼ ਕਰਦੇ ਹਨ। ਚੋਣ ਮਨੋਰਥ ਪੱਤਰ ਇਨ੍ਹਾਂ ਉਮੀਦਾਂ ਨੂੰ ਆਕਾਰ ਦੇਣ ਦਾ ਵਾਅਦਾ ਕਰਦੇ ਹਨ। ਅਜਿਹੇ ਵਾਅਦਿਆਂ ਉੱਤੇ ਭਰੋਸਾ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਰਾਜ ਕੋਲ ਉਨ੍ਹਾਂ ਨੂੰ ਪੂਰਾ ਕਰਨ ਲਈ ਸਾਧਨ ਹਨ ਜਾਂ ਨਹੀਂ।

ਪੰਜਾਬ ਦੀ ਅਗਲੀ ਸਰਕਾਰ ਨੂੰ ਵਿਰਾਸਤ ਵਿੱਚ ਅਜਿਹੀ ਆਰਥਿਕਤਾ ਮਿਲੇਗੀ, ਜਿਸ ਨੂੰ ਨਿਵੇਸ਼ ਦੀ ਲੋੜ ਹੈ, ਅਤੇ ਅਜਿਹਾ ਬਜਟ ਮਿਲੇਗਾ, ਜੋ ਪਹਿਲਾਂ ਹੀ ਦੇਣਦਾਰੀਆਂ ਦੇ ਬੋਝ ਹੇਠ ਹੈ। ਚੋਣ ਤੈਅ ਕਰੇਗੀ ਕਿ ਰਾਜ ਕੌਣ ਕਰੇਗਾ। ਪਿਛਲੀਆਂ ਸੂਬਾ ਸਰਕਾਰਾਂ ਵੱਲੋਂ ਕੀਤੀਆਂ ਵਿੱਤੀ ਵਚਨਬੱਧਤਾਵਾਂ ਇਹ ਤੈਅ ਕਰਨਗੀਆਂ ਕਿ ਨਵੀਂ ਸਰਕਾਰ ਕੋਲ ਨਵੀਆਂ ਤਰਜੀਹਾਂ ਲਈ ਕਿੰਨਾ ਪੈਸਾ ਬਚਦਾ ਹੈ। ਪੰਜ ਫਾਊਂਡੇਸ਼ਨ ਵੱਲੋਂ ਹਾਲ ਹੀ ਵਿੱਚ ਜਾਰੀ ਕੀਤੀ ਗਈ ਰਿਪੋਰਟ ਪੰਜਾਬ ਦੀ ਸਥਿਤੀ: 15 ਸਾਲਾਂ ਦੇ ਅੰਕੜਿਆਂ ਦੀ ਕਹਾਣੀ (The State of Punjab: Data Story of AE Years) ਇਹ ਪੜਤਾਲ ਕਰਦੀ ਹੈ ਕਿ ਪਿਛਲੀਆਂ ਨੀਤੀਗਤ ਚੋਣਾਂ ਨੇ ਇਨ੍ਹਾਂ ਵਿੱਤੀ ਦਬਾਵਾਂ ਅਤੇ ਸੂਬੇ ਦੇ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਕਿਵੇਂ ਆਕਾਰ ਦਿੱਤਾ ਹੈ।

ਵਿੱਤ ਉੱਤੇ ਦਬਾਅ ਪੰਜਾਬ ਦੀ ਰੋਜ਼ਾਨਾ ਦੀਆਂ ਅਦਾਇਗੀਆਂ ਪੂਰੀਆਂ ਕਰਨ ਲਈ ਥੋੜ੍ਹੇ ਸਮੇਂ ਦੇ ਕਰਜ਼ਿਆਂ ਉੱਤੇ ਨਿਰਭਰਤਾ ਤੋਂ ਸਪੱਸ਼ਟ ਹੁੰਦਾ ਹੈ। ਸੰਨ 2023-24 ਵਿੱਚ ਸੂਬੇ ਨੇ ਭਾਰਤੀ ਰਿਜ਼ਰਵ ਬੈਂਕ ਦੀਆਂ ਥੋੜ੍ਹੇ ਸਮੇਂ ਦੇ ਕਰਜ਼ੇ ਦੀਆਂ ਸਹੂਲਤਾਂ ਦੀ ਵਰਤੋਂ 323 ਦਿਨ ਕੀਤੀ, ਜਦਕਿ 2012-13 ਤੋਂ ਬਾਅਦ ਦੀ ਸਾਲਾਨਾ ਔਸਤ 241 ਦਿਨ ਸੀ। ਜਦੋਂ ਆਮਦਨ ਪ੍ਰਾਪਤ ਹੋਣ ਤੋਂ ਪਹਿਲਾਂ ਅਦਾਇਗੀਆਂ ਦਾ ਸਮਾਂ ਆ ਜਾਂਦਾ ਹੈ, ਤਾਂ ਇਹ ਕਰਜ਼ੇ ਉਸ ਅਸਥਾਈ ਘਾਟ ਨੂੰ ਪੂਰਾ ਕਰਦੇ ਹਨ। ਅਜਿਹਾ ਕਰਜ਼ਾ ਲੈਣ ਦਾ ਮਤਲਬ ਦੀਵਾਲੀਆ ਹੋਣਾ ਨਹੀਂ ਹੈ, ਪਰ ਇਸ ਦੀ ਵਾਰ-ਵਾਰ ਵਰਤੋਂ ਦਰਸਾਉਂਦੀ ਹੈ ਕਿ ਉਪਲਬਧ ਰਕਮ ਨਾਲ ਅਦਾਇਗੀ ਦੀਆਂ ਜ਼ਿੰਮੇਵਾਰੀਆਂ ਪੂਰੀਆਂ ਕਰਨ ਵਿੱਚ ਲਗਾਤਾਰ ਮੁਸ਼ਕਲ ਆ ਰਹੀ ਹੈ।

ਰੋਜ਼ਾਨਾ ਦੀਆਂ ਅਦਾਇਗੀਆਂ ਦੇ ਇਨ੍ਹਾਂ ਦਬਾਵਾਂ ਦੇ ਨਾਲ-ਨਾਲ ਪੰਜਾਬ ਉੱਤੇ ਕਰਜ਼ੇ ਦਾ ਵੀ ਵੱਡਾ ਬੋਝ ਹੈ, ਜਿਸ ਦੇ ਮਾਰਚ 2026 ਤੱਕ ਚਾਰ ਲੱਖ ਕਰੋੜ ਰੁਪਏ ਤੋਂ ਵੱਧ ਹੋ ਜਾਣ ਦਾ ਬਜਟੀ ਅਨੁਮਾਨ ਹੈ। ਸੰਨ 2026-27 ਦੇ ਬਜਟ ਵਿੱਚ ਇਕੱਲੇ ਵਿਆਜ ਦੀਆਂ ਅਦਾਇਗੀਆਂ ਲਈ 28,755 ਕਰੋੜ ਰੁਪਏ ਰੱਖੇ ਗਏ ਹਨ, ਯਾਨੀ ਰੋਜ਼ਾਨਾ ਲਗਭਗ 79 ਕਰੋੜ ਰੁਪਏ। ਪਿਛਲੇ ਕਰਜ਼ਿਆਂ ਦੀ ਇਹ ਲਾਗਤ ਚੁਕਾਉਣ ਤੋਂ ਬਾਅਦ ਸਿੱਖਿਆ, ਸਿਹਤ ਅਤੇ ਹੋਰ ਜਨਤਕ ਸੇਵਾਵਾਂ ਲਈ ਘੱਟ ਪੈਸਾ ਬਚਦਾ ਹੈ। ਕਰਜ਼ੇ ਦੀ ਹਾਲਤ ਇੰਨੀ ਮਾੜੀ ਹੈ ਕਿ ਸਰਕਾਰ ਆਪਣੀਆਂ ਖ਼ਰਚ ਦੀਆਂ ਜ਼ਿੰਮੇਵਾਰੀਆਂ ਪੂਰੀਆਂ ਕਰਨ ਲਈ ਕਰਜ਼ਾ ਨਹੀਂ ਚੁੱਕ ਸਕੀ ਅਤੇ ਇਸ ਲਈ ਉਸ ਨੇ ਕਰਜ਼ੇ ਜੁਟਾਉਣ ਵਾਸਤੇ ਨਿੱਜੀ ਏਜੰਸੀਆਂ ਨਾਲ ਠੇਕੇ ਕਰਨੇ ਸ਼ੁਰੂ ਕਰ ਦਿੱਤੇ।

ਪੰਜਾਬ ਦਾ ਕਰਜ਼ਾ ਲਗਾਤਾਰ ਆਈਆਂ ਸਰਕਾਰਾਂ ਦੌਰਾਨ ਵਧਿਆ ਹੈ। ਮਾਰਚ 2012 ਵਿੱਚ ਇਹ ਲਗਭਗ 82,900 ਕਰੋੜ ਰੁਪਏ ਸੀ, ਜੋ ਮਾਰਚ 2017 ਵਿੱਚ ਵਧ ਕੇ 1.83 ਲੱਖ ਕਰੋੜ ਰੁਪਏ, ਮਾਰਚ 2022 ਵਿੱਚ 2.85 ਲੱਖ ਕਰੋੜ ਰੁਪਏ ਅਤੇ ਮਾਰਚ 2026 ਤੱਕ ਬਜਟੀ ਅਨੁਮਾਨ ਅਨੁਸਾਰ 4.14 ਲੱਖ ਕਰੋੜ ਰੁਪਏ ਹੋ ਗਿਆ। ਆਰਥਿਕਤਾ ਦੇ ਆਕਾਰ ਦੇ ਮੁਕਾਬਲੇ ਵੀ ਇਹ ਬੋਝ ਵਧਿਆ ਹੈ। ਸੰਨ 2012-13 ਵਿੱਚ ਇਹ ਕੁੱਲ ਸੂਬਾਈ ਘਰੇਲੂ ਉਤਪਾਦ (GSDP) ਦਾ ਲਗਭਗ 31 ਫ਼ੀਸਦੀ ਸੀ, ਜਦਕਿ 2025-26 ਦੇ ਸੋਧੇ ਹੋਏ ਅਨੁਮਾਨ ਅਨੁਸਾਰ ਇਹ 45.2 ਫ਼ੀਸਦੀ ਹੋ ਗਿਆ।

ਭਾਵੇਂ ਇਹ ਦੇਣਦਾਰੀਆਂ ਪਿਛਲੇ ਕੰਮਕਾਜ ਤੋਂ ਪੈਦਾ ਹੋਈਆਂ ਸਨ, ਪਰ ਇਨ੍ਹਾਂ ਦੀ ਵਾਪਸੀ ਭਵਿੱਖ ਦੇ ਬਜਟਾਂ ਉੱਤੇ ਬੋਝ ਬਣ ਗਈ। ਜਿਉਂ-ਜਿਉਂ ਕਰਜ਼ਾ ਇਕੱਠਾ ਹੁੰਦਾ ਗਿਆ, ਇਸ ਦੀ ਬਣਤਰ ਵੀ ਬਦਲਦੀ ਗਈ। ਪੰਜਾਬ ਨੇ ਬਾਂਡਾਂ ਰਾਹੀਂ ਚੁੱਕੇ ਜਾਣ ਵਾਲੇ ਬਾਜ਼ਾਰੀ ਕਰਜ਼ਿਆਂ ਉੱਤੇ ਵੱਧ ਤੋਂ ਵੱਧ ਨਿਰਭਰ ਕਰਨਾ ਸ਼ੁਰੂ ਕਰ ਦਿੱਤਾ। ਬਜਟੀ ਅਨੁਮਾਨ ਅਨੁਸਾਰ ਮਾਰਚ 2026 ਤੱਕ ਸੂਬੇ ਦੇ ਕੁੱਲ ਕਰਜ਼ੇ ਵਿੱਚ ਇਨ੍ਹਾਂ ਦਾ ਹਿੱਸਾ 73.5 ਫ਼ੀਸਦੀ ਹੋਣਾ ਸੀ, ਜਦਕਿ ਮਾਰਚ 2012 ਵਿੱਚ ਇਹ 41 ਫ਼ੀਸਦੀ ਸੀ। ਬਾਂਡਾਂ ਦੀ ਅਦਾਇਗੀ ਦੀਆਂ ਤਾਰੀਕਾਂ ਤੈਅ ਹੁੰਦੀਆਂ ਹਨ, ਜਿਸ ਕਾਰਨ ਮਿਆਦ ਪੂਰੀ ਕਰ ਰਹੇ ਕਰਜ਼ਿਆਂ ਨੂੰ ਚੁਕਾਉਣ ਲਈ ਮੁੜ ਕਰਜ਼ਾ ਜੁਟਾਉਣ ਦਾ ਦਬਾਅ ਲਗਾਤਾਰ ਬਣਿਆ ਰਹਿੰਦਾ ਹੈ। ਸੰਨ 2025-26 ਵਿੱਚ ਪੰਜਾਬ ਨੇ ਬਾਜ਼ਾਰ ਤੋਂ 44,348 ਕਰੋੜ ਰੁਪਏ ਦਾ ਕਰਜ਼ਾ ਚੁੱਕਿਆ ਅਤੇ ਪਹਿਲਾਂ ਲਏ ਬਾਜ਼ਾਰੀ ਕਰਜ਼ਿਆਂ ਵਿੱਚੋਂ 13,540 ਕਰੋੜ ਰੁਪਏ ਵਾਪਸ ਕੀਤੇ। ਇਹ ਰਕਮ ਨਵੇਂ ਚੁੱਕੇ ਕਰਜ਼ੇ ਦੇ ਲਗਭਗ 31 ਫ਼ੀਸਦੀ ਦੇ ਬਰਾਬਰ ਸੀ। ਇਸ ਤਰ੍ਹਾਂ ਨਵੇਂ ਕਰਜ਼ੇ ਦਾ ਇੱਕ ਹਿੱਸਾ ਪੁਰਾਣੀਆਂ ਦੇਣਦਾਰੀਆਂ ਚੁਕਾਉਣ ਉੱਤੇ ਲੱਗ ਜਾਂਦਾ ਹੈ, ਜਿਸ ਨਾਲ ਮੌਜੂਦਾ ਤਰਜੀਹਾਂ ਅਤੇ ਨਿਵੇਸ਼ ਲਈ ਉਪਲਬਧ ਰਕਮ ਸੀਮਤ ਹੋ ਜਾਂਦੀ ਹੈ।

ਧੀਮੇ ਵਿਕਾਸ ਤੋਂ ਤੇਜ਼ ਵਿਕਾਸ ਵੱਲ ਤਬਦੀਲੀ ਲਈ ਵਿੱਤੀ ਸਾਧਨ ਜੁਟਾਉਣ ਵਾਸਤੇ ਬਜਟ ਵਿੱਚ ਗੁੰਜਾਇਸ਼ ਹੋਣੀ ਚਾਹੀਦੀ ਹੈ। ਸਿਰਫ਼ ਟੈਕਸਾਂ ਦੀ ਵਧੇਰੇ ਉਗਰਾਹੀ ਇਸ ਦਬਾਅ ਨੂੰ ਦੂਰ ਨਹੀਂ ਕਰ ਸਕਦੀ। ਪੰਜਾਬ ਦੇ ਆਪਣੇ ਟੈਕਸਾਂ ਤੋਂ ਔਸਤਨ ਸੂਬੇ ਦੇ ਹਰ 100 ਰੁਪਏ ਦੇ ਉਤਪਾਦਨ ਪਿੱਛੇ ਲਗਭਗ 6.50 ਰੁਪਏ ਮਿਲਦੇ ਸਨ, ਜੋ ਸਾਰੇ ਸੂਬਿਆਂ ਦੀ ਔਸਤ ਦੇ ਨੇੜੇ ਹੈ। ਵਿੱਤੀ ਸੰਘਵਾਦ ਦਬਾਅ ਹੇਠ ਹੈ। ਕੇਂਦਰ ਵੱਲੋਂ ਵੰਡੇ ਜਾਣ ਵਾਲੇ ਟੈਕਸਾਂ ਦੇ ਸਾਂਝੇ ਪੂਲ ਤੋਂ ਬਾਹਰ ਸੈੱਸ ਅਤੇ ਸਰਚਾਰਜ ਲਾਉਣ ਨਾਲ ਸੂਬਿਆਂ ਨੂੰ ਮਿਲਣ ਵਾਲੀ ਆਮਦਨ ਸੀਮਤ ਹੋ ਜਾਂਦੀ ਹੈ।

ਕੇਂਦਰ ਵੱਲੋਂ ਪ੍ਰਾਯੋਜਿਤ ਯੋਜਨਾਵਾਂ ਵਿੱਚ ਵੀ ਸੂਬਿਆਂ ਨੂੰ ਨਿਰਧਾਰਤ ਹਿੱਸਾ ਪਾਉਣਾ ਪੈਂਦਾ ਹੈ ਅਤੇ ਇਨ੍ਹਾਂ ਵਿੱਚ ਸਥਾਨਕ ਤਰਜੀਹਾਂ ਨੂੰ ਥਾਂ ਦੇਣ ਲਈ ਅਕਸਰ ਬਹੁਤ ਘੱਟ ਲਚਕ ਹੁੰਦੀ ਹੈ। ਇਹ ਪਾਬੰਦੀਆਂ ਕਰਜ਼ੇ ਨੂੰ ਰੋਜ਼ਮੱਰਾ ਦੀਆਂ ਵਚਨਬੱਧਤਾਵਾਂ ਪੂਰੀਆਂ ਕਰਨ ਲਈ ਆਖ਼ਰੀ ਸਹਾਰੇ ਦੀ ਥਾਂ ਪਹਿਲਾ ਸਹਾਰਾ ਬਣਾਉਣ ਵੱਲ ਧੱਕਦੀਆਂ ਹਨ।

ਖ਼ਰਚ ਦੀਆਂ ਲੋੜਾਂ ਪੂਰੀਆਂ ਕਰਨ ਲਈ ਪੰਜਾਬ ਸਰਕਾਰ ਨੂੰ ਕੀ ਕਰਨਾ ਚਾਹੀਦਾ ਹੈ? ਸਰਕਾਰ ਨੂੰ ਸਬਸਿਡੀਆਂ ਬਾਰੇ ਤਰਕਸੰਗਤ ਪਹੁੰਚ ਅਪਣਾਉਣੀ ਚਾਹੀਦੀ ਹੈ ਅਤੇ ਮੁਫ਼ਤ ਸਹੂਲਤਾਂ ਵੰਡਣ ਦੇ ਅਮਲ ਨੂੰ ਰੋਕਣਾ ਚਾਹੀਦਾ ਹੈ। ਦਰਅਸਲ, ਮੁਫ਼ਤ ਸਹੂਲਤਾਂ ਪੰਜਾਬੀਆਂ ਦੇ ਸਾਂਝੇ ਸੱਭਿਆਚਾਰ ਦੇ ਉਲਟ ਹਨ। ਸਬਸਿਡੀਆਂ ਸਰਕਾਰੀ ਖ਼ਰਚ ਦਾ ਹਿੱਸਾ ਹੁੰਦੀਆਂ ਹਨ ਅਤੇ ਇਨ੍ਹਾਂ ਨੂੰ ਇਸ ਆਧਾਰ ਉੱਤੇ ਪਰਖਿਆ ਜਾਣਾ ਚਾਹੀਦਾ ਹੈ ਕਿ ਇਹ ਅੱਜ ਕਿੰਨੀ ਰਾਹਤ ਦਿੰਦੀਆਂ ਹਨ ਅਤੇ ਭਲਕੇ ਆਮਦਨ ਪੈਦਾ ਕਰਨ ਵਿੱਚ ਕਿੰਨੀ ਮਦਦ ਕਰਦੀਆਂ ਹਨ। ਸਬਸਿਡੀਆਂ ਘਰੇਲੂ ਖ਼ਰਚਿਆਂ ਦਾ ਬੋਝ ਘਟਾ ਸਕਦੀਆਂ ਹਨ ਅਤੇ ਕੰਮ ਤੱਕ ਪਹੁੰਚ ਬਿਹਤਰ ਬਣਾ ਸਕਦੀਆਂ ਹਨ, ਪਰ ਲਗਾਤਾਰ ਚੱਲਣ ਵਾਲੀਆਂ ਵਚਨਬੱਧਤਾਵਾਂ ਲਈ ਆਮਦਨ ਦਾ ਭਰੋਸੇਯੋਗ ਸਰੋਤ ਵੀ ਚਾਹੀਦਾ ਹੈ। ਜੇ ਇਹ ਵਚਨਬੱਧਤਾਵਾਂ ਸਰਕਾਰ ਦੀ ਆਮਦਨ ਨਾਲੋਂ ਤੇਜ਼ੀ ਨਾਲ ਵਧਦੀਆਂ ਹਨ, ਤਾਂ ਇਸ ਘਾਟ ਨੂੰ ਕਰਜ਼ਾ ਪੂਰਾ ਕਰਦਾ ਹੈ ਅਤੇ ਵਿਆਜ ਭਵਿੱਖ ਦੇ ਬਜਟਾਂ ਦਾ ਹੋਰ ਵੱਡਾ ਹਿੱਸਾ ਖਾ ਜਾਂਦਾ ਹੈ।

ਅਗਲੀ ਸਰਕਾਰ ਕੋਲ ਵਿਕਾਸ ਦੀ ਥਾਂ ਮੁਫ਼ਤ ਸਹੂਲਤਾਂ ਚੁਣਨ ਦੀ ਖੁੱਲ੍ਹ ਨਹੀਂ ਹੋਵੇਗੀ। ਉਸ ਦੀਆਂ ਚੋਣਾਂ ਪੰਜਾਬ ਦੇ ਭਵਿੱਖ ਦੀਆਂ ਸੰਭਾਵਨਾਵਾਂ ਨੂੰ ਆਕਾਰ ਦੇਣਗੀਆਂ।

(ਦੀ ਟ੍ਰਿਬਿਊਨ 16 ਅਕਤੂਬਰ 2026 ਦੇ ਧੰਨਵਾਦ ਸਹਿਤ)

ਸਾਹਿਤਕਾਰ ਸੁਰਜੀਤ ਕੌਰ ਧਾਲੀਵਾਲ ਨੇ ਆਪਣੇ ਜਨਮ ਦਿਨ 'ਤੇ ਕਰਵਾਇਆ ਕਵੀ ਦਰਬਾਰ

ਐਡਮਿੰਟਨ : ਕੈਨੇਡਾ ਦੇ ਖ਼ੂਬਸੂਰਤ ਹੋਟਲ ਮੂਨਲਾਈਟ ਵਿਖੇ ਸਾਹਿਤਕਾਰ ਸੁਰਜੀਤ ਕੌਰ ਧਾਲੀਵਾਲ ਨੇ ਆਪਣੇ ਜਨਮਦਿਨ 'ਤੇ ਕਵੀ ਦਰਬਾਰ ਕਰਵਾਇਆ। ਇਸ ਮੌਕੇ ਵਿਸ਼ਵ ਪੰਜਾਬੀ ਸਭਾ ਇਕਾਈ ਐਡਮਿੰਟਨ ਦੇ ਅਧਿਕਾਰੀ ਸ਼ਾਮਲ ਹੋਏ। ਮੌਜੂਦਾ ਐੱਮ.ਐੱਲ.ਏ. ਜਸਵੀਰ ਸਿੰਘ ਦਿਓਲ ਮੁੱਖ ਮਹਿਮਾਨ ਵਜੋਂ ਵਿਸ਼ੇਸ਼ ਤੌਰ 'ਤੇ ਤਸ਼ਰੀਫ਼ ਲਿਆਏ। ।

ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਬੋਲਦੇ ਹੋਏ ਸੁਰਜੀਤ ਕੌਰ ਧਾਲੀਵਾਲ ਦੀ ਅਤੀਤ, ਵਰਤਮਾਨ ਅਤੇ ਭਵਿੱਖ ਸ਼ੈਲੀ ਅਤੇ ਸਾਹਿਤਕ ਯਾਤਰਾ ਉੱਪਰ ਵਿਚਾਰ ਰੱਖੇ। ਬਲਵਿੰਦਰ ਬਾਲਮ ਅਤੇ ਦਲਬੀਰ ਸਿੰਘ ਰਿਆੜ ਨੇ ਕਿਹਾ ਕਿ ਸੁਰਜੀਤ ਕੌਰ ਧਾਲੀਵਾਲ ਦੀ ਲੇਖਣੀ ਵਿੱਚ ਵਰਤਮਾਨ ਅਤੇ ਅਤੀਤ ਦੀਆਂ ਘਟਨਾਵਾਂ ਤੋਂ ਲੈ ਕੇ ਮਨੁੱਖੀ ਕਦਰਾਂ-ਕੀਮਤਾਂ ਦੀ ਖ਼ੁਸ਼ਬੂ ਵੇਖਣ ਨੂੰ ਮਿਲਦੀ ਹੈ।

ਐਡਮਿੰਟਨ ਵਰਗੇ ਵਿਦੇਸ਼ੀ ਸ਼ਹਿਰ ਵਿੱਚ ਰਹਿ ਕੇ ਪੰਜਾਬੀ ਸੱਭਿਆਚਾਰ ਨੂੰ ਜ਼ਿੰਦਾ ਰੱਖਣ ਦੇ ਉਪਰਾਲੇ ਸ਼ਲਾਘਾਯੋਗ ਹਨ। ਖ਼ਾਸ ਤੌਰ 'ਤੇ ਪੰਜਾਬੀ ਔਰਤਾਂ ਦੇ ਸੱਭਿਆਚਾਰਕ ਮੇਲੇ ਕਰਵਾਉਣਾ, ਖੇਡ ਕਿਰਿਆਵਾਂ ਕਰਵਾਉਣਾ, ਕਿਸ਼ੋਰ ਉਮਰ ਦੀਆਂ ਲੜਕੀਆਂ ਤੋਂ ਲੈ ਕੇ 75 ਸਾਲ ਦੀ ਉਮਰ ਤੱਕ ਦੀਆਂ ਮਹਿਲਾਵਾਂ ਦੇ ਖੇਡ ਮੁਕਾਬਲੇ ਕਰਵਾਉਣਾ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਪੰਜਾਬੀਆਂ ਦਾ ਇਕੱਠ ਕਰਨਾ ਸੁਰਜੀਤ ਕੌਰ ਧਾਲੀਵਾਲ ਦੇ ਹਿੱਸੇ ਹੀ ਆਉਂਦਾ ਹੈ।

ਸੱਭਿਆਚਾਰਕ ਕਿਰਿਆਵਾਂ ਵਿੱਚ ਸੁਰਜੀਤ ਕੌਰ ਧਾਲੀਵਾਲ ਐਡਮਿੰਟਨ ਦੀ ਕਾਫ਼ੀ ਨਾਮਵਰ ਹਸਤੀ ਹੈ। ਭਵਿੱਖ ਵਿੱਚ ਵੀ ਪੰਜਾਬੀ ਮਾਂ-ਬੋਲੀ, ਪੰਜਾਬੀ ਸੱਭਿਆਚਾਰ ਅਤੇ ਪੰਜਾਬੀਆਂ ਦੇ ਝੰਡੇ ਬੁਲੰਦ ਕਰਦੇ ਰਹਿਣਗੇ। ਸਾਡਾ ਇਨ੍ਹਾਂ ਨੂੰ ਹਮੇਸ਼ਾ ਹੀ ਸਹਿਯੋਗ ਰਹੇਗਾ।

ਜਸਵੀਰ ਸਿੰਘ ਦਿਓਲ ਐੱਮ.ਐੱਲ.ਏ. ਨੇ ਸ਼ੁਭਕਾਮਨਾਵਾਂ ਦਿੰਦੇ ਹੋਏ ਸਭਨਾਂ ਦਾ ਧੰਨਵਾਦ ਕੀਤਾ। ਸੁਰਜੀਤ ਕੌਰ ਧਾਲੀਵਾਲ ਨੇ ਵੀ ਸਭਨਾਂ ਦਾ ਪਹੁੰਚਣ 'ਤੇ ਧੰਨਵਾਦ ਕਰਦੇ ਹੋਏ ਕੁਝ ਕਵਿਤਾਵਾਂ ਸੁਣਾਈਆਂ।

ਕਵੀ ਦਰਬਾਰ ਵਿੱਚ ਦਲਬੀਰ ਸਿੰਘ ਰਿਆੜ, ਬਲਵਿੰਦਰ ਬਾਲਮ, ਕੁਲਵਿੰਦਰ ਫੁੱਲ, ਦੀਪਾ ਬੰਡਾਲਾ, ਦਰਸ਼ਨ ਅਣਜਾਣ, ਅਮ੍ਰਿਤਪਾਲ ਸਿੰਘ ਅਮ੍ਰਿਤ, ਮੈਨੇਜਰ ਨਰਿੰਦਰ ਸਿੰਘ ਲੁਬਾਣਾ, ਤੇਜਿੰਦਰਪਾਲ ਸਿੰਘ ਰਿਆੜ, ਸਤਨਾਮ ਸਿੰਘ ਗਾਹਲੇ, ਕਾਰਜ ਸਿੰਘ ਔਲਖ, ਮਾਸਟਰ ਅਜੀਤ ਸਿੰਘ ਖੰਗੂੜਾ, ਗੁਰਨਾਮ ਸਿੰਘ ਅਟਵਾਲ ਅਤੇ ਪਾਰਸ ਮਹੀਨੀਆਂ ਨੇ ਕਵਿਤਾਵਾਂ ਸੁਣਾ ਕੇ ਖ਼ੂਬ ਰੰਗ ਭਰਿਆ।

ਬਲਵਿੰਦਰ ਬਾਲਮ
(ਗੁਰਦਾਸਪੁਰ) ਐਡਮਿੰਟਨ

ਪੰਜਾਬੀ ਕਲਮਾਂ ਦਾ ਕਾਫ਼ਲਾ ਵਲੋਂ ਉਂਕਾਰਪ੍ਰੀਤ ਦੀ ਵਾਰਤਕ ਪੁਸਤਕ 'ਕਣ-ਕਣ ਕਥਾ' ਤੇ ਗੋਸ਼ਟੀ ਸਮਾਗਮ

ਟਰਾਂਟੋ, (ਸਰੋਕਾਰਾਂ ਦੀ ਆਵਾਜ਼ ਬਿਊਰੋ) : ਪੰਜਾਬੀ ਕਲਮਾਂ ਦਾ ਕਾਫਲਾ ਵਲੋਂ 27 ਸਤੰਬਰ 2026 ਨੂੰ ਵਿਸ਼ਵ ਪੰਜਾਬੀ ਭਵਨ ਬਰੈਂਪਟਨ ਵਿਖੇ ਇੱਕ ਭਾਵਪੂਰਤ ਸਾਹਿਤਕ ਗੋਸ਼ਟੀ ਸਮਾਗਮ ਰਚਾਇਆ ਗਿਆ। ਇਸ ਸਮਾਗਮ ਵਿੱਚ ਉਂਕਾਰਪ੍ਰੀਤ ਦੀ ਨਵ-ਪ੍ਰਕਾਸ਼ਤ ਕਾਵਿ-ਵਾਰਤਕ ਪੁਸਤਕ 'ਕਣ-ਕਣ ਕਥਾ' ਬਾਰੇ ਵੱਖ ਵੱਖ ਵਿਦਵਾਨ ਵਿਚਾਰਵਾਨਾਂ ਵਲੋਂ ਅਪਣੇ ਪਰਚੇ ਪੜ੍ਹੇ ਗਏ ਅਤੇ ਉਹਨਾਂ ਉੱਤੇ ਭਰਪੂਰ ਸੰਵਾਦ ਰਚਾਇਆ ਗਿਆ।

ਪੰਜਾਬੀ ਕਹਾਣੀ, ਵਾਰਤਕ ਅਤੇ ਕਵਿਤਾ ਦੇ ਸਿਰਮੌਰ ਸਾਹਿਤਕਾਰ ਡਾਕਟਰ ਵਰਿਆਮ ਸਿੰਘ ਸੰਧੂ ਹੁਰਾਂ ਦੀ ਪ੍ਰਧਾਨਗੀ 'ਚ ਹੋਏ ਸਮਾਗਮ ਵਿੱਚ ਉੱਘੇ ਕਵੀ ਅਤੇ ਨਾਟਕਕਾਰ ਸ੍ਰੀ ਕੁਲਵਿੰਦਰ ਖ਼ਹਿਰਾ, ਉੱਘੀ ਗਲਪਕਾਰ ਰਾਜਵੰਤ ਕੌਰ ਸੰਧੂ, ਉੱਘੀ ਸਾਇਰਾ ਪਰਮਜੀਤ ਦਿਓਲ ਅਤੇ ਸੁਰਜੀਤ ਕੌਰ, ਉੱਘੇ ਕਵੀ ਮਲਵਿੰਦਰ ਸਿੰਘ, ਉੱਘੀ ਲੇਖਿਕਾ ਸੁਰਿੰਦਰਜੀਤ ਕੌਰ ਉਘੇ ਮੀਡੀਆਕਾਰ ਡਾਕਟਰ ਬਲਵਿੰਦਰ ਸਿੰਘ ਹੁਰਾਂ ਨੇ ਆਪੋ ਅਪਣੇ ਪਰਚੇ ਪੜ੍ਹੇ।

ਇਸ ਗੋਸ਼ਟੀ ਸਮਾਗਮ ਦੇ ਮੰਚ ਤੇ ਡਾਕਟਰ ਵਰਿਆਮ ਸਿੰਘ ਸੰਧੂ ਹੁਰਾਂ ਦੇ ਨਾਲ ਪ੍ਰਧਾਨਗੀ ਮੰਡਲ 'ਚ ਉਘੇ ਆਵਾਮੀ ਪੰਜਾਬੀ ਕਵੀ ਬਾਬਾ ਨਜਮੀਂ, ਉਘੇ ਪੰਜਾਬੀ ਸਾਹਿਤ ਸਮਾਜੀ ਕਾਰਕੁੰਨ ਸ੍ਰੀ ਦਲਬੀਰ ਕਥੂਰੀਆ ਅਤੇ ਪੁਸਤਕ ਲੇਖਕ ਉਂਕਾਰਪ੍ਰੀਤ ਸੁਸ਼ੋਬਤ ਸਨ।

ਗੋਸ਼ਟੀ ਸਮਾਗਮ ਦਾ ਆਰੰਭ ਮੰਚ ਸੰਚਾਲਕ ਭੁਪਿੰਦਰ ਦੁਲੇ ਹੁਰਾਂ ਨੇ ਇਸ ਮੌਕੇ ਪ੍ਰਾਪਤ ਹੋਏ ਵਿਸੇਸ਼ ਸੁਨੇਹਿਆਂ ਨਾਲ ਕੀਤਾ। ਨਿਊਯਾਰਕ ਤੋਂ ਉਘੇ ਕਵੀ ਅਤੇ ਨਾਵਲਕਾਰ ਸ੍ਰੀ ਸੁਰਿੰਦਰ ਸੋਹਲ, ਅਮਰੀਕਾ ਤੋਂ ਉਘੇ ਸਾਇਰ ਰਵਿੰਦਰ ਸਹਿਰਾ ਅਤੇ ਭਾਰਤ ਤੋਂ ਉਘੇ ਕਵੀ ਬਲਵਿੰਦਰ ਸੰਧੂ ਹੁਰਾਂ ਦੇ ਸੰਦੇਸ਼ ਕ੍ਰਮਵਾਰ ਆਰਟਿਸਟ ਅਤੇ ਕਵੀ ਪ੍ਰਤੀਕ ਸਿੰਘ, ਚੇਤਨਾ ਪ੍ਰਕਾਸ਼ਨ ਤੋਂ ਪ੍ਰਕਾਸ਼ਕ ਅਤੇ ਕਵੀ ਸਤੀਸ਼ ਗੁਲਾਟੀ ਅਤੇ ਉਘੀ ਗਾਇਕਾ ਰਿੰਟੂ ਭਾਟੀਆ ਹੁਰਾਂ ਨੇ ਸਟੇਜ ਤੋਂ ਸਾਂਝੇ ਕੀਤੇ।

ਪੁਸਤਕ ਬਾਰੇ ਬੋਲਦਿਆਂ ਸ੍ਰੀ ਕੁਲਵਿੰਦਰ ਖ਼ਹਿਰਾ ਹੁਰਾਂ ਨੇ ਅਪਣੇ ਪੇਪਰ ਵਿੱਚ ਕਿਹਾ ਕਿ, 'ਕਣ-ਕਣ ਕਥਾ' ਇੱਕ ਅਜਿਹੀ ਕਿਤਾਬ ਹੈ ਜਿਸਦੀ ਸਿਨਫ਼ ਨੂੰ ਨਿਰਧਾਰਤ ਕਰਨਾ ਵੀ ਇੱਕ ਪੇਚੀਦਾ ਮਸਲਾ ਹੈ ਕਿਉਂਕਿ ਇਹ ਨਿਰੋਲ ਕਿਤਾਬ-ਪੜਚੋਲ਼ ਦੇ ਲੇਖਾਂ ਦਾ ਸਮੂਹ ਹੀ ਨਹੀਂ ਬਲਕਿ ਬਹੁਤ ਸਾਰੀਆਂ ਕਿਤਾਬਾਂ ਦੇ ਹਵਾਲਿਆਂ ਦੀ ਮਦਦ ਨਾਲ਼ ਲੇਖਕ ਵੱਲੋਂ ਆਪਣੇ ਮਨ ਦੀ ਗੱਲ ਕਹਿਣ ਜਾਂ ਸਾਹਿਤ ਨੂੰ ਪਰਿਭਾਸ਼ਤ ਕਰਨ ਦਾ ਇੱਕ ਵਿਲੱਖਣ ਯਤਨ ਕੀਤਾ ਗਿਆ ਹੈ। ਇਸ ਕਿਤਾਬ 'ਚੋਂ ਤੁਹਾਨੂੰ ਸਿਰਫ ਵਿਚਾਰੀਆਂ ਗਈਆਂ ਕਿਤਾਬਾਂ ਦਾ ਸੰਖੇਪ ਜਿਹਾ ਝਲਕਾਰਾ ਹੀ ਨਹੀਂ ਮਿਲ਼ਦਾ ਸਗੋਂ ਆਲੋਚਕ ਦਾ ਗਿਆਨ-ਭੰਡਾਰ, ਪੜ੍ਹੇ ਹੋਏ ਸਾਹਿਤ ਦਾ ਭੰਡਾਰ ਤੇ ਪੜ੍ਹੇ ਹੋਏ ਸਾਹਿਤ ਦੀ ਰੈਲੀਵੈਂਸੀ ਜਾਂ ਢੁਕਵੀਂ ਤੁਲਨਾ ਕਰ ਸਕਣ ਦੀ ਕਲਾ ਦਾ ਵੀ ਪਤਾ ਲੱਗਦਾ ਹੈ।

ਇਸ ਕਿਤਾਬ ਦੀ ਖ਼ੂਬਸੂਰਤੀ ਇਹ ਹੈ ਕਿ ਸ਼ਾਇਦ ਇਹ ਗਿਣਤੀ ਦੀਆਂ ਆਲੋਚਤਾਮਿਕ ਅਧਿਐਨ ਦੀਆਂ ਕਿਤਾਬਾਂ 'ਚੋਂ ਇੱਕ ਹੈ ਜਿਸ 'ਤੇ ਵੱਡੀ ਪੱਧਰ 'ਤੇ ਗੱਲ ਹੋ ਰਹੀ ਹੈ ਜਿਸਦਾ ਵੱਡਾ ਕਾਰਨ ਉਂਕਾਰਪ੍ਰੀਤ ਵੱਲੋਂ ਵਰਤੀ ਗਈ ਸ਼ੈਲੀ ਹੈ। ਉਹ ਸ਼ੈਲੀ ਜੋ ਵਾਰਤਿਕ ਹੁੰਦਿਆਂ ਹੋਇਆਂ ਵੀ ਕਾਵਿਕ ਮੱਸ ਵਿੱਚ ਪਰੁੱਤੀ ਹੋਈ ਸ਼ੈਲੀ ਹੈ। ਇਹ ਕਿਤਾਬ ਰਚਦਿਆਂ ਉਂਕਾਰ ਜੋ ਵਿਧਾ ਅਪਣਾਉਂਦਾ ਹੈ ਉਸਨੂੰ 'ਮੈਂ ਨਾਲ਼ ਮੈਂ ਦਾ ਸੰਵਾਦ' ਹੀ ਕਿਹਾ ਜਾ ਸਕਦਾ ਹੈ। ਉਂਕਾਰ ਭਾਵੇਂ ਬਹੁਤ ਥਾਈਂ ਆਪਣੀ ਕਹੀ ਗੱਲ, ਵਰਤੇ ਗਏ ਔਖੇ ਸ਼ਬਦਾਂ ਜਾਂ ਕਿਸੇ ਟੂਕ ਦੇ ਗੁੰਝਲਦਾਰ ਭੇਦਾਂ ਨੂੰ ਸੁਲਝਾਉਣ ਦਾ ਯਤਨ ਕਰਦਾ ਹੈ ਪਰ ਉਹ ਨਾਲ਼ ਦੀ ਨਾਲ਼ ਪਾਠਕ ਨੂੰ ਕੁਝ ਸੋਚਣ ਲਈ, ਕੁਝ ਖੋਜਣ ਲਈ ਮਜਬੂਰ ਵੀ ਕਰਦਾ ਹੈ।

ਉੱਘੀ ਗਲਪਕਾਰਾ ਸਤਿਕਾਰਯੋਗ ਰਾਜਵੰਤ ਕੌਰ ਸੰਧੂ ਹੁਰਾਂ ਨੇ 'ਕਣ-ਕਣ ਕਥਾ' ਨੂੰ ਸਿਰਜਣਾਤਮਕ ਆਲੋਚਨਾ ਦੇ ਨਵੇਂ ਕਾਂਡ ਵਜੋ ਵਾਚਦਿਆਂ ਆਖਿਆ ਕਿ ਉਕਾਰਪ੍ਰੀਤ 'ਨਾ ਕਾਹੂੰ ਸੇ ਦੋਸਤੀ ਨਾ ਕਾਹੂੰ ਸੇ ਬੈਰ' ਦੀ ਭਾਵਨਾ ਵਾਲਾ ਪਾਰਖ਼ੂ ਤੇ ਸੁਹਿਰਦ ਆਲੋਚਕ ਹੈ। ਉਹਦੀ ਆਲੋਚਨਾ ਵਿਧੀ ਦਾ ਵੱਖਰਾਪਨ ਇਹ ਹੈ ਕਿ ਉਹ ਰਚਨਾ ਦਾ ਲੇਖਾ-ਜੋਖਾ ਚਲੰਤ ਜਿਹਾ ਲੇਖ ਲਿਖ ਕੇ ਨਹੀਂ ਕਰਦਾ। ਨਾਟਕਕਾਰ ਹੋਣ ਕਰ ਕੇ ਰਚਨਾ ਨੂੰ ਨਾਟਕੀ ਵਿਧੀ ਨਾਲ ਸਮਝਣ ਸਮਝਾਉਣ ਦਾ ਯਤਨ ਕਰਦਾ ਹੈ। ਨਾਟਕ ਵਿੱਚ ਵਾਰਤਾਲਾਪ ਨਾਲ ਵਾਰਤਾਲਾਪ ਟਕਰਾਉਂਦਾ ਹੈ। ਇਸ ਟਕਰਾਅ ਵਿੱਚੋਂ ਹੀ ਅਰਥ ਲਿਸ਼ਕਦੇ ਹਨ। ਇਸ ਆਲੋਚਨਾ ਵਿਧੀ ਵਿੱਚ ਇਕੱਲ੍ਹਾ ਆਲੋਚਕ ਨਹੀਂ ਹੁੰਦਾ, ਸਗੋਂ ਪਾਠਕ, ਕਵੀ, ਆਲੋਚਕ ਤੇ ਦਾਰਸ਼ਨਿਕ ਜੁੜਵੇਂ ਰੂਪ ਵਿੱਚ ਕਵਿਤਾ ਦੀ ਸਿਰਜਣਾ ਦੇ ਧੁਰ ਅੰਦਰ ਪਹੁੰਚਣ ਦਾ ਯਤਨ ਕਰਦੇ ਹਨ।

ਉਂਕਾਰਪ੍ਰੀਤ ਦੀ 'ਕਣ ਕਣ ਕਥਾ' ਪੜ੍ਹਦਿਆਂ ਇਹ ਅਹਿਸਾਸ ਪੱਕਾ ਹੋ ਜਾਂਦਾ ਹੈ ਕਿ ਉਹ ਸਿਰਫ਼ ਕਵਿਤਾ ਦਾ ਪਾਠਕ ਨਹੀਂ, ਕਵਿਤਾ ਦਾ ਵਾਸੀ ਹੈ। ਉਹ ਕਵੀਆਂ ਦੀ ਕਵਿਤਾ ਨੂੰ ਨਹੀਂ, ਕਵਿਤਾ ਦੇ ਧੁਰ ਅੰਦਰ ਵੱਸਦੇ ਮਨੁੱਖ ਨੂੰ ਪੜ੍ਹਦਾ ਹੈ। ਮਿੱਪਲ ਦੀ ਛਾਂ ਹੇਠਾਂ ਬੈਠ ਕੇ ਉਹ ਜਿਹੜੇ ਸੰਵਾਦ ਰਚਾਉਂਦਾ ਹੈ, ਉਹ ਅਸਲ ਵਿੱਚ ਸਾਡੇ ਅੰਦਰਲੇ ਪਾਠਕ, ਕਵੀ, ਜਗਿਆਸੂ ਅਤੇ ਦਾਰਸ਼ਨਿਕ ਨੂੰ ਜਗਾਉਂਦੇ ਹਨ। ਉਸਦੀ ਆਲੋਚਨਾ ਵਿਧੀ ਪੰਜਾਬੀ ਆਲੋਚਨਾ ਨੂੰ ਨਵਾਂ ਰਾਹ ਦਿੰਦੀ ਹੈ— ਜਿੱਥੇ ਕਵਿਤਾ ਕਿਤਾਬਾਂ ਦੇ ਸਫ਼ਿਆਂ 'ਤੇ ਨਹੀਂ, ਬ੍ਰਹਿਮੰਡ ਦੇ ਕਣ-ਕਣ ਵਿੱਚ ਵੱਸਦੀ ਹੈ। ਇੰਝ ਇਹ ਆਲੋਚਨਾ ਵਿਧੀ ਪੰਜਾਬੀ ਆਲੋਚਨਾ ਦੇ ਇਤਿਹਾਸ ਵਿੱਚ ਵੱਡੀ ਪਹਿਲਕਦਮੀ ਹੈ ਤੇ ਇਸਦਾ ਭਰਪੂਰ ਸੁਆਗਤ ਕਰਨਾ ਬਣਦਾ ਹੈ।

ਉਘੇ ਕਵੀ ਅਤੇ ਚਿੰਤਕ ਮਲਵਿੰਦਰ ਸਿੰਘ ਹੁਰਾਂ ਨੇ ਅਪਣੇ ਪਰਚੇ ਵਿੱਚ ਪੁਸਤਕ 'ਕਣ-ਕਣ ਕਥਾ' ਵਿਚਲੀ ਵਾਰਤਕ ਨੂੰ ਵੱਖਰੀ ਵਾਰਤਕ ਦੱਸਦਿਆਂ ਕਿਹਾ ਕਿ ਉਪਰੀ ਨਜ਼ਰੇ ਇਹ ਕੁਝ ਕਾਵਿ-ਸੰਗ੍ਰਹਿਆਂ ਦੇ ਰਿਵੀਊ ਹਨ। ਪਰ ਨੀਝ ਨਾਲ਼ ਪੜ੍ਹਿਆਂ ਇਸ ਵਿਚੋਂ ਬੜਾ ਕੁਝ ਲੱਭਦਾ ਹੈ। ਕਾਵਿ-ਸੰਗ੍ਰਹਿਆਂ ਦੀ ਚੋਣ ਤੁਹਾਡੇ ਅੰਦਰ ਜਗਿਆਸਾ ਜਗਾਉਂਦੀ ਹੈ। ਇੱਕ ਪਾਤਰ 'ਬਾਬਾ ਮਿੱਪਲ' ਇਸ ਜਗਿਆਸਾ ਨੂੰ ਦਾਰਸ਼ਨਿਕ ਬਣਾਉਂਦਾ ਹੈ। ਬਾਬਾ ਮਿੱਪਲ ਉਂਕਾਰਪ੍ਰੀਤ ਦੇ ਅੰਦਰ ਪਈ ਜਗਿਆਸਾ ਦੀ ਦਾਰਸ਼ਨਿਕਤਾ ਹੈ। ਲੇਖਕ ਦਾ ਬਾਬਾ ਮਿੱਪਲ ਨਾਲ਼ ਰਚਾਇਆ ਸੰਵਾਦ ਕਾਵਿ-ਸਮੀਖਿਆ ਦੀ ਨਵੀਂ ਵਿਧਾ ਨੂੰ ਉਜਾਗਰ ਕਰਦਾ ਹੈ।

ਨਾਟਕ ਦੀ ਵਿਧਾ ਨੂੰ ਪ੍ਰਣਾਇਆ ਹੋਣ ਕਰਕੇ ਉਸ ਨੇ ਅੰਤਰਰਾਸ਼ਟਰੀ ਨਾਟਕਕਾਰਾਂ ਨੂੰ ਵੀ ਪੜ੍ਹਿਆ ਹੈ। ਵਿਸ਼ਵ ਦੇ ਦਾਰਸ਼ਨਿਕਾਂ ਦੀਆਂ ਲਿਖਤਾਂ ਵੀ ਉਸਦੇ ਚੇਤਿਆਂ ਵਿੱਚ ਤਾਜ਼ਾ ਹਨ। ਕਵਿਤਾ ਦੀ ਸਮਝ ਤਾਂ ਉਸ ਕੋਲ਼ ਹੈ ਈ ।ਬਾਬਾ ਮਿੱਪਲ ਦੀ ਪਾਤਰ ਉਸਾਰੀ ਇਸ ਵਾਰਤਕ ਨੂੰ ਦਿਲਚਸਪ ਤੇ ਭਾਵਪੂਰਤ ਬਣਾਉਂਦੀ ਹੈ। ਪਾਤਰ ਮੈਂ ਅਤੇ ਬਾਬਾ ਮਿੱਪਲ ਦਰਮਿਆਨ ਰਚਾਇਆ ਸੰਵਾਦ ਇਸ ਸਮੀਖਿਆ ਨੂੰ ਦਾਰਸ਼ਨਿਕਤਾ ਪ੍ਰਦਾਨ ਕਰਦੇ ਹਨ। ਇਹ ਸਭ ਕੁਝ ਦੀ ਭਿਣਖ ਕਣ-ਕਣ ਕਥਾ ਨੂੰ ਪੜ੍ਹਦਿਆਂ ਪੈਂਦੀ ਹੈ। ਇਸੇ ਕਰਕੇ ਇਹ ਪੁਸਤਕ ਵੱਖਰੀ ਹੈ।

ਉੱਘੀ ਸਾਇਰਾ ਅਤੇ ਰੰਗਮੰਚ ਅਦਾਕਾਰਾ ਪਰਮਜੀਤ ਦਿਓਲ ਨੇ ਅਪਣੇ ਪਰਚੇ 'ਕਣ-ਕਣ ਕਥਾ ਬਾਰੇ ਸਾਹਿਤ ਚਿੰਤਨ' ਵਿੱਚ ਪੁਸਤਕ ਬਾਰੇ ਕਈ ਅਹਿਮ ਨੁਕਤਿਆਂ ਨੂੰ ਉਭਾਰਿਆ। ਉਹਨਾਂ ਕਿਹਾ ਕਿ ਪੁਸਤਕ ਵਿੱਚ ਇੱਕ ਕਵੀ ਆਪਣੇ ਆਪ ਨਾਲ ਅਤੇ 'ਬਾਬਾ ਮਿੱਪਲ' ਨਾਲ ਨਿਰੰਤਰ ਸੰਵਾਦ ਰਚਾਉਂਦਾ ਹੈ, ਜੋ ਪਾਠਕ ਨੂੰ ਵੀ ਸੋਚਣ ਲਈ ਮਜਬੂਰ ਕਰਦਾ ਹੈ। ਬਾਬਾ ਮਿੱਪਲ ਅਤੇ 'ਮੈਂ' ਦੇ ਪਾਤਰਾਂ ਰਾਹੀਂ ਸੰਵਾਦ ਰਚਾ ਕੇ ਸਮਕਾਲੀ ਪੰਜਾਬੀ ਸਾਹਿਤ ਦਾ ਲੇਖਕ ਵੱਲੋਂ ਅਕਾਦਮਿਕ ਮੁਲਾਂਕਣ ਕੀਤਾ ਗਿਆ ਹੈ। ਵਾਰਤਾਕਾਰ ਨੇ ਇਸ ਕਿਤਾਬ ਵਿੱਚ ਰੁੱਖਾਂ, ਖ਼ਾਸਕਰ ਮਿੱਪਲ ਦੇ ਰੁੱਖ ਨੂੰ ਮਨੁੱਖੀ ਚੇਤਨਾ ਅਤੇ ਆਤਮਾ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਹੈ। ਉਂਕਾਰ ਪ੍ਰੀਤ ਨੇ ਅਤੇ ਬਾਬੇ ਮਿੱਪਲ ਨੇ ਰਲ ਕੇ ਇੱਕ ਵੱਖਰੀ ਤਰ੍ਹਾਂ ਨਾਲ ਸੰਵਾਦ ਰਚਾਇਆ ਹੈ, ਸੋ ਇਸ ਨਾਲ ਅਲੋਚਨਾ ਪੜ੍ਹਨ ਵਾਲੇ ਨੂੰ ਨਾਲ ਜੋੜਦੀ ਹੈ ਅਤੇ ਰਵਾਇਤੀ ਆਲੋਚਨਾ ਤੋਂ ਉਲਟ ਪਾਠਕ 'ਤੇ ਭਾਰੂ ਨਹੀਂ ਪੈਂਦੀ। ਪੁਸਤਕ ਵਿੱਚ ਮਨੁੱਖ ਦੀ ਕੁਦਰਤ ਨਾਲ ਅਭੇਦ ਹੋਣ ਦੀ ਭਾਵਨਾ ਅਤੇ ਆਤਮਕ ਸੁੰਦਰਤਾ ਨੂੰ ਬਹੁਤ ਹੀ ਖ਼ੂਬਸੂਰਤ ਢੰਗ ਨਾਲ ਬਿਆਨ ਕੀਤਾ ਗਿਆ ਹੈ।

ਲੇਖਕ ਅਤੇ ਬਾਬਾ ਮਿੱਪਲ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਭਾਵੇਂ ਸਮੇਂ ਦੇ ਹਾਲਾਤ ਕਿੰਨੇ ਵੀ ਮੁਸ਼ਕਲ ਹੋਣ, ਮਨੁੱਖ ਨੂੰ ਆਜ਼ਾਦ ਰੂਹ ਅਤੇ ਸੱਚੇ ਲੋਕ-ਦਰਦ ਨਾਲ ਜੁੜੇ ਰਹਿਣਾ ਚਾਹੀਦਾ ਹੈ। ਕਵਿਤਾ ਅਤੇ ਕਲਾ ਦਾ ਅਸਲੀ ਮਕਸਦ ਮਨੁੱਖ ਨੂੰ ਉਸਦੀ ਚੇਤਨਾ ਵਿੱਚ ਜਾਗਰੂਕ ਕਰਨਾ ਅਤੇ ਹਨ੍ਹੇਰੇ ਵਿੱਚ ਰੌਸ਼ਨੀ ਦਾ ਕਾਫ਼ਲਾ ਬਣਨਾ ਹੈ।

ਚਿੰਤਨਸੀਲ ਨਾਮਵਰ ਸਾਇਰਾ ਸੁਰਜੀਤ ਕੌਰ ਹੁਰਾਂ ਨੇ ਇਸ ਮੌਕੇ ਉਘੇ ਸਾਇਰ ਪਿਆਰਾ ਸਿੰਘ ਕੁੱਦੋਵਾਲ ਦੇ ਪਰਚੇ ਦੇ ਅਧਾਰ ਤੇ ਅਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਕਣ-ਕਣ ਕਥਾ ਵਿੱਚ ਲੇਖਕ ਪੰਜਾਬ ਦਾ ਪਿੱਪਲ ਜਾਂ ਸੱਥ ਸਭਿਆਚਾਰ ਅਤੇ ਕਨੇਡਾ ਆ ਕੇ ਕਨੇਡੀਅਨ ਪੰਜਾਬੀਆਂ ਨੇ ਪੈਦਾ ਕੀਤਾ ਮਿੱਪਲ ਸਭਿਆਚਾਰ ਦਾ ਵਿਸ਼ਲੇਸ਼ਣ ਕਰਦਾ ਹੈ ਜੋ ਇਸ ਕਿਤਾਬ ਦਾ ਖਾਸ ਪਰਿਪੇਖ ਹੈ। ਜਿਸ ਵਿੱਚ ਦੋਹਾਂ ਸਭਿਆਤਾਵਾਂ ਦੀਆਂ ਚੰਗਿਆਈਆਂ ਤੇ ਊਣਤਾਈਆਂ ਬਾਰੇ ਪ੍ਰਤੀਕਾਤਮਕ ਗੱਲਾਂ ਕੀਤੀਆਂ ਗਈਆਂ ਹਨ। ਇੰਝ ਦੋ ਵੱਖਰੀਆਂ ਸਭਿਅਤਾਵਾਂ ਨੂੰ ਇਕ ਧਰਾਤਲ ਲਿਆ ਕੇ ਖੜਾ ਕਰਨ ਵਿੱਚ ਲੇਖਕ ਸਫ਼ਲ ਹੋਇਆ ਹੈ।

ਕਵੀ ਓਂਕਾਰਪ੍ਰੀਤ ਅਤੇ ਬਾਬਾ ਮਿੱਪਲ ਇੱਕ ਦੂਜੇ ਦੇ ਅੰਦਰ ਵੀ ਹਨ ਅਤੇ ਬਾਹਰ ਵੀ। ਉਹ ਸਨਮੁਖ ਹੋ ਕੇ ਸੰਵਾਦ ਰਚਾਉਂਦੇ ਹੋਏ ਮਨੁੱਖੀ ਮਨ ਦੀਆਂ ਉਹਨਾਂ ਪਰਤਾਂ ਨੂੰ ਖੋਲਦੇ ਹਨ ਜੋ ਆਮ ਤੌਰ ਸੁੱਤੀਆਂ ਰਹਿੰਦੀਆਂ ਹਨ। ਫਿਰ ਉਹ ਕਿਸੇ ਲੇਖਕ ਦੀ ਕਾਵਿ ਪੁਸਤਕ ਬਾਰੇ ਗੱਲਬਾਤ ਕਰਨ ਲਈ ਇਕ ਤੀਜੀ ਧਿਰ ਖੜੀ ਕਰਦਾ ਹੈ। ਇਉਂ ਤੀਜੀ ਧਿਰ ਦੀ ਲਿਖਣ ਕਲਾ ਅਤੇ ਵਿਚਾਰਧਾਰਾ ਨੂੰ ਲੈ ਕੇ, ਉਹ ਇਕ ਵਿਚਾਰ ਮੂਲਕ ਪਰਿਸਥਿਤੀ ਪੈਦਾ ਕਰਦਾ ਹੈ ਜਿਸ ਨਾਲ ਇਕ ਗੋਸ਼ਟੀ ਦਾ ਆਰੰਭ ਹੰਦਾ ਹੈ।

ਇਸ ਗੋਸ਼ਟੀ ਵਿੱਚ ਤੀਜੀ ਧਿਰ ਪੁਸਤਕ ਦੀ ਵੀ ਗੱਲ ਹੋ ਜਾਂਦੀ ਹੈ ਅਤੇ ਗਿਆਨ ਦਾ ਇਕ ਵੱਡਾ ਭੰਡਾਰ ਪਾਠਕ ਦੇ ਸਾਹਮਣੇ ਖੁੱਲ ਜਾਂਦਾ ਹੈ। ਨਾਲ ਹੀ ਕਵਿਤਾ ਦੇ ਅੰਦਰ ਅਤੇ ਪਿਛੋਕੜ ਵਿਚ ਛੁਪੀਆਂ ਕਈ ਪਰਤਾਂ ਖੁੱਲ ਜਾਂਦੀਆਂ ਹਨ। ਇਕ ਕਵੀ ਦੇ ਬਹਾਨੇ ਕਿੰਨੇ ਹੋਰ ਸ਼ਾਇਰ ਨਾਲ ਆ ਕੇ ਬਹਿ ਜਾਂਦੇ ਹਨ ਜਿਹਨਾਂ ਦਾ ਜਿਕਰ ਵੀ ਤੁਲਨਾਤਮਕ ਪੱਧਰ ਤੇ ਕੀਤਾ ਗਿਆ ਹੈ। ਕਵਿਤਾ ਅਤੇ ਗ਼ਜ਼ਲ ਲਿਖਣ ਦੀ ਤਕਨੀਕ, ਛੰਦ ਪ੍ਰਬੰਧ, ਇਸ ਦਾ ਪਿਛੋਕੜ, ਛੰਦਾਂ ਦੇ ਪਰਕਾਰ, ਇਤਿਹਾਸ, ਰਾਜਨੀਤੀ, ਸਮਾਜ ਵਿਚਲੀ ਕਾਣੀ ਵੰਡ, ਔਰਤ ਦਾ ਸਮਾਜ ਵਿੱਚ ਸਥਾਨ, ਪਰਵਾਸੀਆਂ ਦਾ ਸੰਘਰਸ਼, ਦੇਸ ਅਤੇ ਪਰਦੇਸ ਵਿਚਲੇ ਸੰਘਰਸ਼ਾਂ ਦਾ ਵਰਤਮਾਨ ਸਮੇਂ ਅਤੇ ਸਥਾਨ ਦਾ ਆਪਸੀ ਸਬੰਧ ਅਤੇ ਵੱਖਰਤਾ, ਸਭ ਪਾਠਕ ਦੇ ਸਾਹਮਣੇ ਖੁੱਲ ਜਾਂਦੇ ਹਨ। ਮਨ ਗਦ-ਗਦ ਵੀ ਹੋ ਉਠਦਾ ਹੈ ਅਤੇ ਦਿਮਾਗ ਗਿਆਨਵਾਨ ਬਣ ਜਾਂਦਾ ਹੈ। ਇਹ ਗੋਸ਼ਟੀ ਇਕ ਕਾਵਿਕ ਨਾਟਕੀ ਰੂਪ ਧਾਰ ਲੈਂਦੀ ਹੈ। ਇਸ ਕਰਕੇ ਵਾਰਤਕ ਦੇ ਚਾਰ ਰੂਪਾਂ ਨੂੰ ਉਲੰਘ ਕੇ ਓਂਕਾਰਪ੍ਰੀਤ ਪੰਜਵੀਂ ਤਰਾਂ ਦਾ ਵਾਰਤਕ ਰੂਪ ਸਿਰਜ ਰਿਹਾ ਹੈ, ਜਿਸਨੂੰ "ਕਾਵਿ-ਨਾਟਕੀ ਅਲੋਚਨਾਤਮਕ ਵਾਰਤਕ ਰੂਪ" ਕਿਹਾ ਜਾ ਸਕਦਾ ਹੈ।

ਉੱਘੀ ਸਮਾਜਿਕ ਕਾਰਕੁੰਨ ਅਤੇ ਬਹੁਵਿਧਾਵੀ ਲੇਖਿਕਾ ਸੁਰਿੰਦਰਜੀਤ ਕੌਰ ਹੁਰਾਂ ਨੇ ਵਾਰਤਕ ਪੁਸਤਕ ਕਣ ਕਣ ਕਥਾ ਨੂੰ ਬੌਧਿਕ ਚੇਤਨਾ, ਚਿੰਤਾ ਤੇ ਚਿੰਤਨ ਦਾ ਪ੍ਰਗਟਾਅ ਦੱਸਿਆ। ਉਹਨਾਂ ਕਿਹਾ ਕਿ ਕਣ ਕਣ ਕਥਾ, ਭਾਵ ਅਨਹਦ ਨਾਦ ਦੀ ਇਹ ਪੁਸਤਕ ਕਾਦਰ, ਕੁਦਰਤ ਤੇ ਜੀਵਨ ਦਰਸ਼ਨ ਭਰੀ ਚੇਤਨਾ ਦਾ ਰੰਗ ਸਿਰਜਦੀ ਹੈ। ਇਸ ਪੁਸਤਕ ਵਿੱਚ ਲੇਖਕ ਦੀ ਸੰਵੇਦਨਸ਼ੀਲਤਾ ਆਪਣੇ ਪਸੰਦੀਦਾ ਸਾਇਰਾਂ ਨੂੰ ਪੜ੍ਹਦੇ ਸਮੇਂ ਉਹਨਾਂ ਦੀ ਰੂਹ ਦੀ ਹਰ ਨੁੱਕਰ ਤੀਕ ਪਹੁੰਚਦੀ ਹੋਈ ਸੰਵਾਦ ਰਚਾਉਂਦੀ ਹੈ। ਉਹ ਇਹਨਾਂ ਕਵੀਆਂ ਦੀਆਂ ਕਾਵਿ ਪੁਸਤਕਾਂ ਉੱਪਰ ਗੋਸ਼ਟੀ ਰਚਾਉਣ ਲਈ ਬਾਬੇ ਮਿੱਪਲ ਨੂੰ ਦਾਰਸ਼ਨਿਕ ਦੇ ਰੂਪ ਵਿੱਚ ਸੱਦਾ ਦਿੰਦਾ ਹੈ ਕਿਉਂਕਿ ਇਸ ਤੋਂ ਬਿਹਤਰ ਸਿਆਣਾ ਉਸਦੀਆਂ ਨਜ਼ਰਾਂ ਵਿੱਚ ਹੋਰ ਕੋਈ ਨਹੀਂ ਹੈ। ਇਹ ਬਾਬਾ ਮਿੱਪਲ, ਮੇਪਲ ਤੇ ਪਿੱਪਲ ਦੀ ਏਕਤਾ ਦੀ ਸਾਂਝ ਦਾ ਪ੍ਰਤੀਕ ਹੈ ਜੋ ਬਾਬਾ ਮਿੱਪਲ ਬਣ ਗਿਆ ਹੈ। ਕਥਾਕਾਰ ਜਿਸ ਕਿਤਾਬ ਦੀ ਗੱਲ ਕਰਦਾ ਹੈ ਉਹਦੇ ਨਾਮ ਵਿੱਚ ਆਪਾ ਘੋਲ ਦਿੰਦਾ ਹੈ ਤੇ ਗੋਸ਼ਟੀ ਕਰਦਾ ਕਰਦਾ ਕੁਦਰਤ ਨਾਲ ਤੇ ਉਹਦੀ ਤੈਹ ਦਰ ਤੈਹ ਵਿਚਲੇ ਰੰਗਾਂ ਵਿੱਚ ਰੰਗਿਆ ਜਾਂਦਾ ਹੈ। ਕਿਤਾਬਾਂ ਬਾਰੇ ਲੇਖਕਾਂ ਤੋਂ ਵੀ ਅੱਗੇ ਨਿਕਲਦਾ ਉਸਦਾ ਆਪਣਾ ਨਜ਼ਰੀਆ ਹੋਰ ਕਥਾਵਾ ਨਾਲ ਜੋੜੀ ਜਾਂਦਾ ਹੈ। ਪੁਸਤਕ ਵਿਚਲੀ ਕਥਾ ਲੇਖਕ ਦੀ ਆਪਣੀ ਕਾਵਿਕ ਅਵਸਥਾ ਹੈ ਜੋ ਕਿਸੇ ਦੂਜੇ ਦੀ ਰਚਨਾ ਨਾਲ ਇਕਮਿਕ ਹੋ ਕੇ ਬਾਬੇ ਮਿੱਪਲ ਦੇ ਮੂੰਹੋਂ ਉਚਾਰੇ ਬੋਲਾਂ ਰਾਹੀਂ ਪ੍ਰਗਟ ਹੁੰਦੀ ਹੈ।

ਉਘੇ ਮੀਡੀਆਕਾਰ ਅਤੇ ਚਿੰਤਕ ਡਾਕਟਰ ਬਲਵਿੰਦਰ ਹੁਰਾਂ ਨੇ ਇਸ ਮੌਕੇ ਅਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਪੁਸਤਕ ਕਣ-ਕਣ ਕਥਾ ਵਿੱਚ ਉਂਕਾਰਪ੍ਰੀਤ ਬੜੇ ਦਿਲਚਸਪ ਤਰੀਕੇ ਨਾਲ ਕਵਿਤਾ ਨੂੰ ਪ੍ਰਭਾਸ਼ਿਤ ਕਰਦਾ ਹੈ, ਤਾਂ ਕਿ ਜੋ ਕੁਝ ਓਹ ਕਹਿਣਾ ਚਾਹੁੰਦਾ ਹੈ, ਓਹਨੂੰ ਮਿੱਪਲ ਰਾਹੀਂ ਪਾਠਕਾਂ ਤੱਕ ਪੁੱਜਦਾ ਕਰ ਸਕੇ। ਉਹ ਬਹੁਤ ਸੁਹਣੇ ਢੰਗ ਨਾਲ ਮੌਜੂਦਾ ਕਾਵਿ-ਰਚਨਾ ਦੇ ਸੰਦਰਭ ਵਿੱਚ ਮੰਡੀ ਵਿੱਚ ਵਿਕ ਰਹੀ ਕਾਲਖ਼ ਬਾਰੇ ਮਿੱਪਲ ਰਾਹੀਂ ਇਹ ਕਹਿੰਦਾ ਹੈ ਕਿ ਅੱਜ ਦੇ ਕਵੀਆਂ ਨੂੰ ਇਸ ਬਾਰੇ ਲਿਖਣਾ ਚਾਹੀਦੈ। ਇਸ ਕਾਲਖ ਦੀ ਮੰਡੀ ਦੇ ਚਿਹਰੇ ਤੋਂ ਲੋਕਤੰਤਰ ਦਾ ਮਖੌਟਾ ਕਲਮਾਂ ਨਾਲ ਹੀ ਚੀਰਿਆ ਜਾਣਾ ਹੈ। ਜਦੋਂ ਉਹ ਮਿੱਪਲ ਵਗਦੇ ਦਰਿਆ ਨੂੰ ਸੱਭਿਅਤਾ ਦਾ ਮਾਂ-ਪਿਓ ਗਰਦਾਨਦੇ ਹੋਏ ... ਏਸ ਨੂੰ "ਜ਼ਿੰਦਗੀ ਦੀ ਕਵਿਤਾ" ਦੇ ਹਵਾਲੇ ਨਾਲ ਪੰਜਾਬ ਦੇ ਪੁਰਾਤਨ ਨਾਮ ਪੰਚ-ਨਦ ਦਾ ਵੇਰਵਾ ਦੇ ਕੇ ਹਜ਼ਾਰਾਂ ਸਾਲ ਪੁਰਾਣੇ ਇਤਿਹਾਸਿਕ ਪਿਛੋਕੜ ਬਾਰੇ ਦੱਸਦੈ... ਤਾਂ ਇੰਝ ਪ੍ਰਤੀਤ ਹੁੰਦੈ ਕਿ ਜਿਵੇਂ ਉਹ ਪਾਠਕਾਂ ਨੂੰ ਆਪਣੇ ਇਤਿਹਾਸਿਕ ਗਿਆਨ ਤੋਂ ਵੀ ਜਾਣੂੰ ਕਰਵਾ ਰਿਹਾ ਹੋਵੇ। ਇੰਜ ਨਿਰੋਲ ਕਵਿਤਾ ਲਿਖਣ ਅਤੇ ਓਹਦੀ ਪੜਚੋਲ ਜਾਂ ਅਲੋਚਨਾ ਕਰਨ ਨਾਲੋਂ ਬਿੱਲਕੁੱਲ ਵੱਖਰੀ ਕਿਸਮ ਦੀ ਜਾਣਕਾਰੀ ਮਿਲਦੀ ਹੈ। ਮੈਂ ਸਮਝਦਾਂ ਕਿ 'ਕਣ ਕਣ ਕਥਾ' ਦੀ ਇਹ ਪ੍ਰਾਪਤੀ ਹੈ ਕਿ ਜਿੱਥੇ ਪਾਠਕ ਨਾਮਵਰ ਕਵੀਆਂ ਦੀਆਂ ਕਿਤਾਬਾਂ ਵਿੱਚੋਂ ਲਈਆਂ ਗਈਆਂ ਸਤਰਾਂ ਜਾਂ ਸ਼ਿਅਰਾਂ ਨੂੰ ਪੜ੍ਹ ਲੈਂਦਾ, ਓਥੇ ਉਂਕਾਰਪ੍ਰੀਤ ਦੇ ਗੂੜ੍ਹੇ ਗਿਆਨ ਦਾ ਵੀ ਲਾਹਾ ਲੈਣ ਵਿੱਚ ਸਫ਼ਲ ਹੁੰਦੈ ਕ਼ੁੱਲ ਮਿਲਾ ਕੇ 'ਕਣ-ਕਣ ਕਥਾ' ਪਾਠਕ ਨੂੰ ਆਪਣੇ ਨਾਲ ਪੂਰੀ ਤਰ੍ਹਾਂ ਬੰਨ੍ਹੀ ਰੱਖਦੀ ਹੈ।

ਉਘੇ ਕਹਾਣੀਕਾਰ ਜਰਨੈਲ ਸਿੰਘ ਹੁਰਾਂ ਨੇ ਇਸ ਮੌਕੇ ਬੋਲਦਿਆਂ ਕਣ-ਕਣ ਕਥਾ ਨੂੰ ਪੰਜਾਬੀ ਸਾਹਿਤ ਵਿੱਚ ਇਕ ਨਿਵੇਕਲੀ ਆਲੋਚਨਾਤਮਿਕ ਵਿਧਾ ਵਾਲੀ ਪੁਸਤਕ ਦੱਸਦਿਆਂ ਇਸ ਦੀ ਵਿਲੱਖਣ ਅਹਿਮੀਅਤ ਨੂੰ ਭਾਵਪੂਰਤ ਸ਼ਬਦਾਂ 'ਚ ਉਜਾਗਰ ਕੀਤਾ।

ਗੋਸ਼ਟੀ ਦੇ ਅੰਤ ਤੇ ਡਾਕਟਰ ਵਰਿਆਮ ਸਿੰਘ ਸੰਧੂ ਹੁਰਾਂ ਨੇ ਅਪਣੇ ਕੁੰਜੀਵਤ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਕਣ-ਕਣ ਕਥਾ ਦੀ ਆਲੋਚਨਾ ਵਿਧੀ ਬਿਲਕੁਲ ਹੀ ਆਪਣੇ ਆਪ ਵਿੱਚ ਵਿਲੱਖਣ ਆਲੋਚਨਾ ਵਿਧੀ ਹੈ। ਇਹ ਇੱਕ ਨਾਟਕੀ ਅੰਦਾਜ਼ ਦੇ ਵਿੱਚ ਗੱਲਬਾਤੀ ਅੰਦਾਜ਼ ਦੇ ਵਿੱਚ ਸਾਰੇ ਕਵੀਆਂ ਦੀ ਕਵਿਤਾ ਬਾਰੇ ਗੱਲ ਕਰਦੀ ਹੈ ਔਰ ਉਹ ਬੇਹੱਦ ਸਹਿਜ ਹੈ ਦਿਲ ਨੂੰ ਟੁੰਬਣ ਵਾਲੀ ਹੈ। ਨਾਟਕੀ ਅੰਦਾਜ਼ ਵਿੱਚ ਇਸ ਵਾਰਤਕ ਵਿੱਚ ਵਾਰਤਾਲਾਪ ਨਾਲ ਵਾਰਤਾਲਾਪ ਭਿੜਦੇ ਨੇ। ਉਹ ਭਾਵੇਂ ਇੱਕ ਵਿਅਕਤੀ ਹੈ ਇੱਕ ਜਗਿਆਸੂ ਹੈ ਇੱਕ ਸ਼ਾਇਰ ਹੈ ਇੱਕ ਦਾਰਸ਼ਨਿਕ ਹੈ ਉਹ ਸਾਰੇ ਇੱਕ ਦੂਜੇ ਦੇ ਨਾਲ ਆਪਸ ਵਿੱਚ ਅੰਤਰ ਸੰਬੰਧਿਤ ਨੇ। ਇਹਦੇ ਅੰਦਰ ਆਲੋਚਕ ਵੀ ਬੈਠਾ ਹੈ ਜਗਿਆਸੂ ਵੀ ਬੈਠਾ ਹੈ ਪਾਠਕ ਵੀ ਹੈ ਪ੍ਰੰਸਕ ਵੀ ਅਤੇ ਦਾਰਸ਼ਨਿਕ ਵੀ ਇਹਦੇ ਅੰਦਰੇ ਬੈਠਾ ਹੈ। ਇਸ ਤਰੀਕੇ ਦੇ ਨਾਲ ਇਹ ਵਾਰਤਕ, ਕਵਿਤਾ ਦੀਆਂ ਵੱਖ-ਵੱਖ ਪਰਤਾਂ ਸਾਡੇ ਸਾਹਮਣੇ ਰੁਸ਼ਨਾਸ਼ ਕਰਾਉਂਦੀ ਹੈ। ਇਹ ਆਪਣੇ ਆਪ ਦੇ ਵਿੱਚ ਹੀ ਇੱਕ ਅਲੋਕਾਰੀ ਤੇ ਵਿਲੱਖਣ ਵਿਧੀ ਹੈ ਜਿਹਦੀ ਸਾਰਿਆਂ ਪਰਚਾਕਾਰਾਂ ਨੇ ਤਾਰੀਫ਼ ਕੀਤੀ ਹੈ।

ਮੈਂ ਵੀ ਇਹਦੀ ਭਰਪੂਰ ਤਾਰੀਫ਼ ਕਰਦਾ ਹਾਂ ਕਿ ਕਵਿਤਾ ਨੂੰ ਸਮਝਣ ਦਾ ਸਮਝਾਉਣ ਦਾ ਇਹ ਇੱਕ ਅਸਲੋਂ ਹੀ ਵੱਖਰਾ ਤੇ ਨਵੇਕਲਾ ਅੰਦਾਜ਼ ਹੈ। ਤੇ ਜਿਵੇਂ ਇੱਥੇ ਕੁਝ ਇੱਕ ਨੇ ਕਿਹਾ ਹੈ ਕਿ ਇਹ ਤੇ ਆਪਣੇ ਆਪ ਦੇ ਵਿੱਚ ਇੱਕ ਇਤਿਹਾਸਕ ਪ੍ਰਾਪਤੀ ਹੈ ਪੰਜਾਬੀ ਆਲੋਚਨਾ ਦੇ ਇਤਿਹਾਸ ਵਿੱਚ ਜਿਹੜੀ ਵਿਧੀ ਓਂਕਾਰਪ੍ਰੀਤ ਨੇ ਸਿਰਜੀ ਹੈ।

ਇਹਦੇ ਕੋਲ ਜਿਹੜੀ ਦ੍ਰਿਸ਼ਟੀ ਹੈ ਉਹ ਬ੍ਰਹਿਮੰਡਕ ਦ੍ਰਿਸ਼ਟੀ ਹੈ ਵਿਸ਼ਵ ਦ੍ਰਿਸ਼ਟੀ ਹੈ ਤੇ ਸਤਹ ਤੋਂ ਉੱਪਰ ਉੱਠ ਕੇ ਸਾਰੇ ਸੰਸਾਰ ਨੂੰ ਜਿਵੇਂ ਬਾਬੇ ਨੇ ਕਿਹਾ ਸੀ ਕਿ 'ਜਲਤੀ ਸਭ ਪ੍ਰਿਥਵੀ ਦਿਸ ਆਈ'। ਇਹ ਸਾਰੀ ਜਲਤੀ ਹੋਈ ਪ੍ਰਿਥਵੀ ਨੂੰ ਦੇਖਣ ਦਾ ਚਾਰਾ ਕਰ ਰਿਹਾ ਹੈ ਸਤਹ ਤੋਂ ਉੱਪਰ ਉੱਠ ਕੇ। ਔਰ ਜਦੋਂ ਇਹ ਚਾਰਾ ਕਰ ਰਿਹਾ ਹੈ ਤੇ ਫਿਰ ਇਹਨੂੰ ਵਿਚਾਰਧਾਰਕ ਤੌਰ ਤੇ ਉਹ ਕਵੀ ਚੰਗੇ ਲੱਗਦੇ ਨੇ ਜਿਹੜੇ ਕਵੀ ਜ਼ਿੰਦਗੀ ਦੀ ਗੱਲ ਕਰਦੇ ਨੇ ਮੁਹੱਬਤ ਦੀ ਗੱਲ ਕਰਦੇ ਨੇ ਪ੍ਰਕਿਰਤੀ ਦੀ ਗੱਲ ਕਰਦੇ ਨੇ।

ਸਮਾਗਮ ਦੇ ਅੰਤ ਤੇ ਉਂਕਾਰਪ੍ਰੀਤ ਨੇ ਸਭ ਪਰਚਾਕਾਰਾਂ ਅਤੇ ਵਿਚਾਰਵਾਨਾਂ ਦਾ ਅਪਣੇ ਵਲੋਂ ਹਾਰਦਿਕ ਧੰਨਵਾਦ ਕਰਦਿਆਂ ਪੁਸਤਕ ਬਾਰੇ ਮਿਲੇ ਸਭ ਸੁਝਾਵਾਂ ਅਤੇ ਨਵੇਂ ਨੁਕਤਿਆਂ ਨੂੰ ਅਗਲੇ ਐਡੀਸ਼ਨ 'ਚ ਸ਼ਾਮਿਲ ਕਰ ਕੇ ਪੁਸਤਕ ਨੂੰ ਹੋਰ ਬੇਹਤਰ ਬਣਾਉਣ ਦਾ ਵਾਅਦਾ ਕੀਤਾ। ਤਕਰੀਬਨ ਚਾਰ ਘੰਟੇ ਚੱਲੇ ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਜਤਿੰਦਰ ਰੰਧਾਵਾ, ਕੰਵਲਜੀਤ ਢਿੱਲੋਂ, ਬਲਜੀਤ ਧਾਲੀਵਾਲ, ਬਲਦੇਵ ਰਹਿਪਾ, ਸੁਖਚਰਨਜੀਤ ਗਿੱਲ, ਪਰਵਿੰਦਰ ਗੋਗੀ, ਅਵਤਾਰ ਜੰਡੂ, ਗੁਰਦੇਵ ਮਾਨ, ਗਗਨਦੀਪ ਸੋਹਲ, ਸੰਤੋਖ ਸਿੰਘ, ਇਕਬਾਲ ਬਰਾੜ, ਰਾਵੀ ਕੌਰ, ਮਾਹੀ ਸਿੰਘ, ਮੀਰ ਸਿੰਘ, ਸੁਰਿੰਦਰ ਮਿਨਹਾਸ, ਸੁਰਿੰਦਰ ਖ਼ਹਿਰਾ ਅਤੇ ਜਸਪਾਲ ਢਿੱਲੋਂ ਖਾਸ ਤੌਰ 'ਤੇ ਸਾਮਿਲ ਹੋਏ।

ਦੱਸ ਪੰਜਾਬਾ !

ਕੀ ਹੋਇਆ ਤੈਨੂੰ ਦੱਸ ਪੰਜਾਬਾ
ਕਿੱਧਰ ਗਈਆਂ ਛਾਵਾਂ
ਕਿਸ ਜ਼ਾਲਮ ਨੇ ਜਹਿਰ ਘੋਲੀ ਵਿੱਚ
ਤੇਰੇ ਪੰਜ ਦਰਿਆਵਾਂ।
ਕੀ ਹੋਇਆ ਤੈਨੂੰ.....

ਕਿੱਧਰ ਗਏ ਭੰਗੜੇ-ਗਿੱਧੇ
ਨਾ ਹੁਣ ਦਿੱਸਣ ਤੀਆਂ
ਬੰਬ-ਬੰਦੂਕਾਂ ਖਾ ਗਈਆਂ ਨੇ
ਤੇਰੇ ਪੁੱਤਰ-ਧੀਆਂ।
ਕੀ ਹੋਇਆ ਤੈਨੂੰ....

ਨਾ ਉਹ ਪੁੰਨੂ ਨਾ ਉਹ ਰਾਂਝੇ
ਨਾ ਸੱਸੀਆਂ ਨਾ ਹੀਰਾਂ
ਕਿਹੜੀ ਗੱਲੋਂ ਦੱਸ ਪੰਜਾਬਾ
ਰੁੱਸ ਗਈਆਂ ਤਕਦੀਰਾਂ।
ਕੀ ਹੋਇਆ ਤੈਨੂੰ....

ਨਾ ਉਹ ਪਿੱਪਲ, ਬੋਹੜ-ਬਰੋਟੇ
ਨਾ ਉਹ ਮੌਜ-ਬਹਾਰਾਂ
ਪੀਂਘ ਝੂਟਣਾ ਭੁੱਲ ਗਈਆਂ ਅੱਜ
ਤੇਰੀਆਂ ਉਹ ਮੁਟਿਆਰਾਂ।
ਕੀ ਹੋਇਆ ਤੈਨੂੰ...

ਨਾ ਉਹ ਕੌਡੀ ਨਾ ਉਹ ਧੁੰਮਾਂ
ਨਾ ਉਹ ਘੋਲ ਪੁਰਾਣੇ
ਜਦੋਂ ਪੰਜਾਬਾ ਤੇਰਾ ਲੋਹਾ
ਮੰਨਦੇ ਸੀ ਜਰਵਾਣੇ।
ਕੀ ਹੋਇਆ ਤੈਨੂੰ.....

ਪਹਿਲਾਂ ਵਾਲੇ ਖੇਤ ਨਾ ਦਿਸਦੇ
ਨਾ ਹੁਣ ਦਿੱਸਣ ਲਹਿਰਾਂ
ਹਰ ਪਾਸੇ ਹੀ ਅੱਗ ਬਲਦੀ ਏ
ਫੁੱਟ ਪਈਆਂ ਨੇ ਜ਼ਹਿਰਾਂ।
ਕੀ ਹੋਇਆ ਤੈਨੂੰ....

ਕੌਣ ਕੁਲੱਛਣਾ ਸੇਹ ਦੇ ਤੱਕਲੇ
ਗੱਡ ਗਿਆ ਤੇਰੇ ਵੇਹੜੇ
ਅੱਜ ਭਾਈਆਂ ਦੇ ਭਾਈ ਵੈਰੀ
ਕੌਣ ਨਬੇੜੇ ਝੇੜੇ।
ਕੀ ਹੋਇਆ ਤੈਨੂੰ....

ਘਰ ਘਰ ਦੇ ਵਿੱਚ ਸੱਥਰ ਪੈਗੇ
ਘਰ ਘਰ ਆਉਣ ਮਕਾਣਾਂ
ਖੇੜਿਆਂ ਤੇ ਖੁਸ਼ੀਆਂ ਦੀ ਥਾਂ 'ਤੇ
ਰੋਣਾ ਤੇ ਕੁਰਲਾਣਾ।
ਕੀ ਹੋਇਆ ਤੈਨੂੰ.....

ਅੱਜ ਪਥਰਾਏ ਨੈਣ ਮਾਵਾਂ ਦੇ
ਅੱਜ ਧੀਆਂ ਕੁਮਲਾਈਆਂ
ਅੱਜ ਅਲੂੰਏ ਬੋਟ ਘੁੱਗੀ ਦੇ
ਕੋਹ ਨੇ ਸੁੱਟੇ ਕਸਾਈਆਂ।
ਕੀ ਹੋਇਆ ਤੈਨੂੰ.....

ਅੱਜ ਦਾ ਸੂਰਜ ਠਰਿਆ-ਠਰਿਆ
ਅੱਜ ਦੀਆਂ ਬਲੀਆਂ ਰਾਤਾਂ
ਅੱਜ ਪਿਆਰ ਦੀ ਝੋਲੀ ਹੰਝੂ
ਪਾ ਗਿਆ ਕੋਈ ਸੁਗਾਤਾਂ।
ਕੀ ਹੋਇਆ ਤੈਨੂੰ.....

ਹਿੰਦੂ, ਸਿੱਖ ਜਾਂ ਮੁਸਲਿਮ ਬਣਗੇ
ਭੋਲੇ-ਭਾਲੇ ਬੰਦੇ
ਚੋਰ-ਉਚੱਕੇ ਬਣੇ ਚੌਧਰੀ
ਰਾਜੇ ਲੁੱਚੇ-ਲੰਡੇ।
ਕੀ ਹੋਇਆ ਤੈਨੂੰ.....

ਕਦੇ ਜਨੂੰਨੀ ਟੋਲ਼ੇ ਬਣ ਕੇ
ਜਾਂ ਬਣ ਪੁਲਸੀ ਧਾੜਾਂ
ਸ਼ੇਰਾਂ ਵਰਗੇ ਪੁੱਤਰ ਤੇਰੇ
ਖਾ ਗਈਆਂ ਸਰਕਾਰਾਂ।
ਕੀ ਹੋਇਆ ਤੈਨੂੰ.....

ਪਰ ਪੰਜਾਬਾ ਕਾਹਤੋਂ ਝੂਰੇਂ
ਕਿਉਂ ਹੈ ਚੁੱਪ ਖਾਮੋਸ਼ੀ
ਤੇਰੇ ਪੁੱਤਰਾਂ ਸੌਂਹ ਖਾਧੀ ਹੈ
ਲੱਭ ਲੈਣਗੇ ਦੋਸ਼ੀ।
ਕੀ ਹੋਇਆ ਤੈਨੂੰ.....

ਕਿਸ ਜ਼ਾਲਮ ਨੇ ਚੱਲੀਆਂ ਚਾਲ਼ਾਂ
ਕਿਸ ਦੀ ਹੈ ਹੁਸ਼ਿਆਰੀ
ਕੌਣ ਕਸਾਈ ਪਾੜ ਕੇ ਸਾਨੂੰ
ਕਰਦਾ ਹੈ ਸਰਦਾਰੀ।
ਕੀ ਹੋਇਆ ਤੈਨੂੰ.....

ਆਓ ਪੰਜਾਬੀਓ ਰਲ ਮਿਲ ਸਾਰੇ
ਕੋਈ ਤਦਬੀਰ ਬਣਾਈਏ
ਪੰਜ-ਆਬਾਂ ਦੀ ਧਰਤ ਨੂੰ ਲੋਕੋ
ਸੜਨ ਤੋਂ ਅੱਜ ਬਚਾਈਏ।
ਕੀ ਹੋਇਆ ਤੈਨੂੰ......

ਨਹੀਂ ਤਾਂ ਵਕਤ ਖੁੰਝਾ ਕੇ ਸਾਨੂੰ
ਪੈ ਜਾਣਾ ਪਛਤਾਉਣਾ
ਇਹ ਪੰਜਾਬ ਹੈ ਫੁੱਲ ਗੁਲਾਬੀ
ਹੱਥ ਨਾ ਮੁੜ ਕੇ ਆਉਣਾ।
ਕੀ ਹੋਇਆ ਤੈਨੂੰ....

-ਨਵਕਿਰਨ
ਪੇਸ਼ਕਸ਼ : ਯਸ਼ ਪਾਲ
(98145 35005)

ਬਹੁ-ਗਿਣਤੀ ਬਨਾਮ ਘੱਟ ਗਿਣਤੀ

ਭੀੜਾਂ ਬਹੁਤ ਹਨ,
ਸਮੁੰਦਰਾਂ ਨਾਲੋਂ ਕਿਤੇ ਵੱਧ ਵਿਸ਼ਾਲ!
ਲੋਕ ਹੀ ਲੋਕ ਦਿਖਦੇ ਨੇ
ਕੀੜੀਆਂ ਵਾਂਗ ਤੁਰੇ ਜਾਂਦੇ
ਲੰਬੀਆਂ ਕਤਾਰਾਂ ਵਿੱਚ.
ਗਿਣਤੀ ਬਹੁਤ ਹੈ
ਘੱਟ ਗਿਣਤੀ ਤਾਂ,
ਕੋਈ ਲੱਗਦਾ ਹੀ ਨਹੀਂ
ਕੋਈ ਵਰਗ,
ਵੰਨਗੀ ਲੈ ਲਵੋ,
ਗਿਣਤੀ ਪੱਖੋਂ ਕੋਈ ਘੱਟ ਨਹੀਂ.
ਤੀਰਥਾਂ, ਧਾਰਮਿਕ ਥਾਵਾਂ,
ਮਜ਼ਾਰਾਂ, ਮੇਲੇ,
ਕਿਸੇ ਵੱਲ ਵੀ ਨਜ਼ਰ ਮਾਰੋ ਕੋਈ ਥਾਂ
ਤਿਲ ਸੁੱਟਣ ਨੂੰ ਵੀ ਨਹੀਂ ਮਿਲੇਗੀ।
ਪ੍ਰਵਚਨ, ਸ਼ਬਦ, ਸ਼ਲੋਕ, ਆਇਤਾਂ
ਸੁੰਦਰ ਕਾਵਿਕ ਪੰਕਤੀਆਂ,
ਉੱਚੇ ਸੰਦੇਸ਼,
ਬ੍ਰਹਮ ਗਿਆਨ ਦੀਆਂ ਬਾਤਾਂ
ਸੋਹਣਾ ਚਰਿੱਤਰ, ਨਿਰਮਲ ਮਨੁੱਖ
ਬਣਾਉਣ ਦੀਆਂ ਮੱਤਾਂ.
ਮਾਰਗ ਦਰਸ਼ਨ ਦੀਆਂ ਗੱਲਾਂ
ਉਚੇ ਮਾਰਗਾਂ ਦੇ ਰਾਹ,
ਚੰਗੇ ਕਰਮਾਂ ਨਾਲ
ਸਵਰਗ ਪ੍ਰਾਪਤੀ ਦਾ ਸੁਖ,
'ਤੇ ਮਾੜਿਆਂ ਨਾਲ
ਦੋਜ਼ਖਾਂ ਦੀ ਅੱਗ ਦੇ ਡਰਾਵੇ।
ਸੱਚੇ ਦੀ ਭਾਲ ਵਿਚ ਭਟਕਦੇ,
ਇਸ ਵਿਸ਼ਾਲ ਜਨ-ਸਮੂਹ ਨੂੰ
ਤੀਰਥਾਂ ਤੇ
ਲੈ ਜਾਣ ਵਾਸਤੇ,
ਸੱਚੇ ਨਾਲ ਜੋੜਣ ਲਈ
ਪੱਬਾਂ ਭਰ ਹੋਈਆਂ
ਧਰਮੀ ਸਰਕਾਰਾਂ
ਵੱਲੋਂ ਤੀਰਥ ਯਾਤਰਾਵਾਂ ਦੇ ਮੁਫ਼ਤ ਪ੍ਰਬੰਧ.
ਜੇ ਤੀਰਥ ਫੇਰ ਵੀ ਦੂਰ ਪੈਂਦੇ ਨੇ,
ਕਿਸੇ ਕਾਰਨ
ਨਾ ਜਾਇਆ ਜਾ ਸਕੇ
ਤਾਂ ਇੰਤਜ਼ਾਮ
ਘਰਾਂ ਦੇ ਨੇੜੇ ਵੀ
ਕਰਕੇ ਦਿਤੇ ਗਏ ਹਨ!
ਸੰਗਤ, ਡੇਰਾ, ਧਿਆਨ
ਸਤਸੰਗ ਅਤੇ ਸੇਵਾ ਵਾਸਤੇ
ਕਿਤੇ ਦੂਰ ਨਹੀਂ ਜਾਣਾ ਪੈਂਦਾ
ਜੇ ਘਰੋਂ ਬਾਹਰ ਜਾਣ ਵਿੱਚ ਕੋਈ ਖੇਚਲ ਹੈ
ਤਾਂ ਵੀ ਕੋਈ ਮਸਲਾ ਨਹੀਂ.
ਕੁਰਸੀ ਤੇ ਬੈਠਿਆਂ,
ਮੰਜੇ ਤੇ ਪਿਆ ,
ਨਹਾਉਂਦੇ ਹੋਏ ਜਾ
ਕੁੱਝ 'ਹੋਰ' ਵੀ ਕਰਦੇ ਹੋਏ
ਇਹ ਗਿਆਨ ਦੀ ਗੰਗਾ
ਸਪੀਕਰਾਂ ਨਾਲ ਵਹਿੰਦੀ ਹੋਈ
ਤੁਹਾਡੇ ਤੱਕ ਪਹੁੰਚਦੀ ਕਰ ਦਿੱਤੀ ਗਈ ਹੈ।
ਐਨੀ ਵੱਡੀ ਗਿਣਤੀ
ਐਨੀ ਚੰਗੇ ਬੋਲ
ਕੰਨੀ ਪੈਣ ਦੀ ਸਹੂਲਤ!!
ਪਰ ਝੱਟ ਹੀ ਇਹ ਬਹੁ-ਗਿਣਤੀ
ਨਿਗੂਣੀ ਜਿਹੀ
ਘੱਟ ਗਿਣਤੀ ਵਿੱਚ ਤਬਦੀਲ ਹੋ ਜਾਂਦੀ ਹੈ।
ਜਦੋਂ ਚੰਗੇ ਬੋਲ, ਉਜਲੇ ਕਿਰਦਾਰ,
ਮਿਹਨਤ ਦੀ ਨੇਕ ਕਮਾਈ,
ਸਾਂਝੀਵਾਲਤਾ,
ਸਾਫ ਸੁਥਰਾ ਆਲਾ ਦੁਆਲਾ,
ਪ੍ਰਦੂਸ਼ਣ ਦੀ ਮਾਰ ਤੋਂ ਮੁਕਤ,
ਸੋਹਣੀ ਕੁਦਰਤ,
ਸਾਫ਼ ਵਗਦੇ ਪਾਣੀ ਸਾਬਿਤ ਕਦਮੀ,
ਇਕਸੁਰਤਾ ਵਿੱਚ,
ਅੱਗੇ ਵੱਧਦੀ ਮਾਨਵਤਾ
ਵੱਲ ਦੇਖਣ ਦੀ ਗੁਸਤਾਖੀ ਕਰ ਬੈਠਦਾ ਹਾਂ।
ਚੁੱਪ ਗੜੁੱਪ,
ਗੁਮਸੁਮ ਹੋ ਜਾਂਦਾ ਮਨ
ਇਸ ਘੱਟ ਗਿਣਤੀ ਨੂੰ,
ਬਹੁ-ਗਿਣਤੀ ਦੇ ਪੈਰ ਹੇਠ
ਮਧੋਲੇ ਜਾਂਦੇ ਹੋਏ ਦੇਖਦਿਆਂ.

-ਰਮਨਜੀਤ ਸਿੰਘ ਸਿੱਧੂ

ਇਹ ਕਿਹੋ ਜਿਹੀ ਹਵਾ ਵਗ ਰਹੀ ਹੈ !

ਹੇ ਪ੍ਰਭੂ!
ਇਹ ਕਿਹੋ ਜਿਹੀ
ਹਵਾ ਵਗ ਰਹੀ ਹੈ
ਜਿਸ ਨਾਲ
ਡੋਲ ਰਿਹਾ ਹੈ
ਸਿੰਘਾਸਨ ਮੇਰਾ
ਟੁੱਟ ਰਿਹਾ ਹੈ
ਤਿਲਿਸਮ ਮੇਰਾ

ਨਹੀਂ ਸੁਝ ਰਿਹਾ ਕਿ
'ਮਨ ਕੀ ਬਾਤ'
ਕਿਸਨੂੰ ਸੁਣਾਵਾਂ
ਕਿਵੇਂ ਸੁਣਾਵਾਂ...

ਮੇਰੇ ਆਸ਼ਿਆਨੇ ਨੂੰ
ਲੱਗ ਰਹੀ ਹੈ ਅੱਗ
ਜਿਨ੍ਹਾਂ ਪੱਤਿਆਂ 'ਤੇ
ਰੱਖਿਆ ਸੀ ਤਕੀਆ
ਉਹ ਵੀ
ਦੇਣ ਲੱਗੇ ਨੇ ਹਵਾ

ਪ੍ਰਭੂ!
ਮੈਂ ਕਿਹਾ-
ਤਾੜੀਆਂ ਬਜਾਉ
ਥਾਲੀਆਂ ਖੜਕਾਉ

ਮੁਲਕ ਸਾਰਾ
ਗੂੰਜ ਉੱਠਿਆ ਸੀ
ਤਾੜੀਆਂ ਦੀ
ਗੜਗੜਾਹਟ ਨਾਲ
ਥਾਲੀਆਂ ਦੀ
ਖੜਖੜਾਹਟ ਨਾਲ

ਮੈਂ ਕਿਹਾ-
ਕੱਢ ਦਿਉ ਕਿਤਾਬਾਂ 'ਚੋਂ
ਧਰਮ-ਨਿਰਲੇਪ ਪਾਠ
ਭਰ ਦਿਉ ਅੰਧਵਿਸ਼ਵਾਸ

ਨਸ-ਨਸ 'ਚ
ਭਰ ਦਿਉ ਜਨੂੰਨ
ਹਿੰਦੂਤਵ ਨੂੰ ਹੀ
ਸਮਝੋ ਵਿਕਾਸ

ਜਨਤਾ
ਨਤਮਸਤਕ ਹੁੰਦੀ ਰਹੀ
ਮੇਰੀ ਜੈ ਜੈ ਕਾਰ
ਕਰਦੀ ਰਹੀ

ਹੇ ਪ੍ਰਭੂ!
ਪਰ ਹੁਣ
ਇਹ ਕਿਹੋ ਜਿਹੀ
ਵਗੀ ਹੈ ਹਵਾ
ਚੀਰ ਰਹੀ ਹੈ
ਮੇਰੇ ਸੀਨੇ ਨੂੰ
ਆਰੀ ਵਾਂਗ

ਮੇਰੇ ਦਿਲੋ-ਦਿਮਾਗ਼ 'ਤੇ
ਛਾਅ ਰਹੇ ਨੇ ਅੰਦੋਲਨ
ਤੇ ਬੇਖ਼ੌਫ਼ ਗਰਜਦੇ
ਨੌਜਵਾਨਾਂ ਦੇ ਕਾਫ਼ਲੇ

ਹੈਰਾਨ ਹਾਂ ਮੈਂ-
ਮੋਟੇ-ਮੋਟੇ ਚਸ਼ਮਿਆਂ ਵਾਲੀਆਂ
ਮੋਢਿਆਂ 'ਤੇ ਬੈਗ ਟੰਗੀਂ
ਭੁੱਖੀਆਂ-ਤਿਹਾਈਆਂ
ਰਾਜਮਾਰਗ ਵੱਲ
ਬੇਖ਼ੌਫ਼ ਅੱਗੇ ਵਧਦੀਆਂ
ਇਨ੍ਹਾਂ ਮਾੜਚੂ ਜਿਹੀਆਂ
ਕੁੜੀਆਂ 'ਤੇ

ਕਿਵੇਂ ਕਰਦੀਆਂ ਨੇ ਇਹ
ਸੱਤਾ 'ਤੇ ਤਿੱਖੇ-ਤਿੱਖੇ ਸਵਾਲ

ਕਿਵੇਂ ਰੋਕਦੀਆਂ ਨੇ ਇਹ
ਖਾਲੀ ਹੱਥ ਹੀ
ਵਰਦੀ-ਧਾਰੀਆਂ ਦੇ ਵਾਰ
ਕਿਵੇਂ ਗਰਜਦੀਆਂ ਨੇ
ਸ਼ੇਰਨੀ ਵਾਂਗ

ਕਿਸਨੇ ਭਰਿਆ ਹੈ
ਉਨ੍ਹਾਂ ਅੰਦਰ ਇਹ ਜਜ਼ਬਾ
ਆਪਣੇ ਸਾਥੀਆਂ ਨੂੰ
ਬਚਾਉਣ ਦਾ
ਕਿਵੇਂ ਮੇਟ ਦਿਤੀਆਂ ਨੇ
ਇਨ੍ਹਾਂ ਨੇ
ਤੇਰ-ਮੇਰ ਦੀਆਂ ਲੀਕਾਂ

ਪ੍ਰਭੂ!
ਨਹੀਂ ਰੁਕ ਰਿਹਾ
ਇਹ ਗੁੱਸਾ

ਕਿਵੇਂ ਬਚੇਗਾ
ਇਹ ਤਿਲਿਸਮ ਮੇਰਾ
ਕਿਵੇਂ ਬਣੀ ਰਹੇਗੀ
ਇਹ ਸਲਤਨਤ ਮੇਰੀ

ਕੋਈ ਤਾਂ
ਤੰਤਰ-ਮੰਤਰ ਦਿਉ
ਕੋਈ ਤਾਂ
ਬ੍ਰਹਮ-ਅਸਤਰ ਦਿਉ
ਪ੍ਰਭੂ!

ਜੋਗਿੰਦਰ ਆਜ਼ਾਦ (ਹਿੰਦੀ)
ਅਨੁਵਾਦ ਯਸ਼ਪਾਲ

ਚਲੋ ਖੋਤੇ ਬਣੀਏ

ਹੈਂਅ
ਅਸੀਂ ਖੋਤੇ ਕਿਉਂ ਬਣੀਏ
ਅਸੀਂ ਤਾਂ ਸ਼ੇਰ ਹਾਂ
ਸਾਡੀ ਤਾਂ ਸਾਰੀ ਬਰਾਦਰੀ ਸ਼ੇਰਾਂ ਦੀ ਹੈ
ਅਸੀਂ ਤਾਂ ਜੰਮਦੇ ਸ਼ੇਰ ਹਾਂ
ਜਿਉਂਦੇ ਵੀ ਸ਼ੇਰ ਵਾਂਗ ਹਾਂ
'ਤੇ ਮਰੇ ਵੀ ਸ਼ੇਰ ਹਾਂ
ਪਰ ਪਰ
ਸ਼ੇਰ ਤਾਂ ਦਹਿਸ਼ਤ ਦਾ
ਦੂਸਰਾ ਰੂਪ ਆ
ਉਹ ਤਾਂ

ਸਿਰਫ਼ ਆਪਣੇ ਲਈ ਜੀਂਦਾ ਹੈ
ਉਹਨੂੰ ਤਾਂ ਜੰਗਲ ਦਾ ਰਾਜਾ
ਕਹਿਣਾ ਵੀ ਗਲਤ ਹੈ
ਕਿਉਂਕਿ ਉਹ ਰਾਜਾ ਨਹੀਂ ਹੋ ਸਕਦਾ
ਜੋ ਢਿੱਡ ਭਰਨ ਲਈ ਆਪਣੀ ਜੰਨਤਾ
ਨੂੰ ਮਾਰ ਕੇ ਖਾ ਜਾਵੇ
ਉਹ ਤਾਂ ਮਾਸਾਹਾਰੀ ਬਦਮਾਸ਼ ਆ
ਖੁਦਗਰਜ਼ ਆ
ਆਲਸੀ ਵੀ ਆ
ਘਮੰਡੀ ਵੀ ਆ
ਹਾਂ ਖਤਰਨਾਕ ਇੰਨਾ ਕਿ
ਮਾਲਕ ਨੂੰ ਖਾ ਜਾਵੇ
ਹੈਂਅ

ਫੇਰ ਤਾਂ ਖੋਤਾ ਚੰਗਾ ਹੈ
ਦਹਿਸ਼ਤ ਤੋਂ ਲੈਕੇ
ਖਤਰਨਾਕ ਤੱਕ ਕੁਝ ਵੀ ਨਹੀਂ ਹੁੰਦਾ
ਹਾਂ ਮਾਲਕ ਦਾ ਵਫ਼ਾਦਾਰ ਹੈ
ਸਹਿਜ ਵਿਚ ਰਹਿੰਦਾ
ਸਾਰਾ ਦਿਨ ਭਾਰ ਢੋਹਕੇ
ਘਾਹ ਵੀ ਨਾ ਮਿਲੇ ਤਾਂ ਭਾਣਾ ਮੰਨ ਲੈਂਦਾ
ਹੋਰ ਵੀ ਬਹੁਤ ਗੁਣ ਨੇ
ਅਣਖ਼ੀ ਵੀ ਹੈ
ਜਿੱਦ ਪਗਾਉਣੀ ਹੋਵੇ ਤਾਂ
ਡਾਗਾਂ ਖਾਕੇ ਵੀ ਪੈਰ ਅੱਗੇ ਨਹੀਂ ਪੁੱਟਦਾ

ਪਰ
ਨਿਕੰਮਾ, ਵੇਹਲੜ, ਸੁਸਤ
ਵੀਹ ਕਿੱਲੋਂ ਮਾਸ ਖਾਣਾ ਸ਼ੇਰ
ਮਾਲਕ ਦੇ ਚਾਬੁੰਕ ਤੇ ਨਾਚ ਕਰਦਾ ਹੈ
ਇਸ ਤੋਂ ਵੱਡੀ ਗੱਲ
ਦੋਹਾਂ ਦੀ ਜਾਤੀ ਜਾਨਵਰ ਹੈ
ਹੈਂਅ
ਸਭ ਸੱਚ ਹੈ
ਕੀ ਅਸੀਂ ਭੁਲੇਖੇ ਵਿਚ ਸੀ
ਚਲੋ ਖੋਤੇ ਬਣੀਏ

ਬਲਜਿੰਦਰ ਸੰਘਾ
403-680-3212

ਮਿਹਨਤਸ਼ਾਂ ਨੂੰ ਵੰਗਾਰ

ਜਾਗੋ ਉਠੋ ਓਏ ਪੰਜਾਬੀਓ,
ਧੋਖਾ ਖਾਇਓ ਨਾ ਪੰਜਾਬੀਓ
ਆਈ ਲੈਂਡ ਪੂਲਿੰਗ ਦੀ ਨੀਤੀ,
ਜਿਹਨੇ ਜੱਗੋਂ ਤੇਰਵੀਂ ਕੀਤੀ
ਅੰਦਰ ਇਹ ਦੇ ਜੋ ਬਦਨੀਤੀ,
ਰੁੜ ਜਾਣੀ ਕਮਾਈ ਕੀਤੀ
ਜਾਗੋ ਉਠੋ ਓਏ ਪੰਜਾਬੀਓ,

ਪੰਡ ਕਰਜੇ ਦੀ ਭਾਰੀ,
ਜੀਹਦੀ ਜਾਵੇ ਕਿਸ਼ਤ ਨਾ ਤਾਰੀ
ਉਤੋਂ ਲਾਤੀ ਚੰਦਰੀ ਬੀਮਾਰੀ,
ਖੁਰ ਜਾਣੀ ਪੂੰਜੀ ਸਾਰੀ
ਓਏ ਪੰਜਾਬੀਓ,
ਉਠੋ ਜਾਗੋ ਓਏ ਪੰਜਾਬੀਓ

ਉੱਤੋਂ ਦਿਸਦੀ ਜੋ ਅਣਭੋਲੀ,
ਵਿਚੋਂ ਨਿਰੀ ਜ਼ਹਿਰ ਦੀ ਗੋਲੀ
ਖੇਡੂ ਖੂਨ ਸਾਡੇ ਦੀ ਹੌਲੀ,
ਓਏ ਪੰਜਾਬੀਓ,
ਉਠੋ ਜਾਗੋ ਓਏ ਪੰਜਾਬੀਓ

ਛੱਡ ਜ਼ਮੀਨਾਂ ਕਰਨਾ ਕਿਹੜਾ ਧੰਦਾ,
ਸਾਰੇ ਪਾਸੇ ਮੰਦਾ ਹੀ ਮੰਦਾ।
ਕਿਸੇ ਕੰਮ ਨਹੀਂ ਆਉਣਾ ਬੰਦਾ
ਓਏ ਪੰਜਾਬੀਓ,
ਧੋਖਾ ਖਾ ਨਾ ਜਾਇਓ ਓਏ ਪੰਜਾਬੀਓ

ਫਸਲਾਂ ਨਸਲਾਂ ਦਾ ਕਰੇ ਉਜਾੜਾ,
ਇਹ ਕੰਮ ਸਿਰੇ ਦਾ ਮਾੜਾ
ਨਾ ਪੱਲੇ ਰਹਿਣਾ ਉੜਾ ਆੜਾ।
ਉਠੋ ਜਾਗੋ ਓਏ ਪੰਜਾਬੀਓ,
ਧੋਖਾ ਖਾਇਓ ਨਾ ਪੰਜਾਬੀਓ

ਇੱਕ ਵਾਰੀ ਉੱਜੜ ਜਾਣਾ,
ਰਹਿਣਾ ਕੋਈ ਨਹੀਂ ਟਿਕਾਣਾ
ਪਿੱਛੋਂ ਫੇਰ ਪਊ ਪਛਤਾਣਾ,
ਜਾਗੋ ਉਠੋ ਓਏ ਪੰਜਾਬੀਓ,
ਧੋਖਾ ਖਾਇਓ ਨਾ ਪੰਜਾਬੀਓ

ਧਰਤੀ ਅੰਨ ਹੈ ਪੈਦਾ ਕਰਦੀ,
ਢਿੱਡ ਟੱਬਰ ਸਾਰੇ ਦਾ ਭਰਦੀ
ਔਖੇ ਵੇਲੇ ਵੀ ਧੋਖਾ ਨਾ ਕਰਦੀ,
ਓਏ ਪੰਜਾਬੀਓ

ਆਓ ਲਾਜ ਮਿੱਟੀ ਦੀ ਰਖੀਏ,
ਕਿਉਂ ਬੱਚੇ ਵਿਦੇਸ਼ੀ ਧੱਕੀਏ
ਲੜਾਈ ਹੱਕਾਂ ਦੀ ਲੜਦੇ ਨਾ ਥੱਕੀਏ,
ਓਏ ਪੰਜਾਬੀਓ
ਜਾਗੋ ਉਠੋ ਓਏ ਪੰਜਾਬੀਓ,
ਧੋਖਾ ਖਾਇਓ ਨਾ ਪੰਜਾਬੀਓ

ਜੰਗਲ ਪੱਥਰਾਂ ਦੇ ਜਾਣ ਉਸਾਰੇ,
ਕਿਰਤੀ ਫਿਰਨਗੇ ਮਾਰੇ ਮਾਰੇ
ਦੁੱਖ ਕਾਰਪੋਰੇਟਾਂ ਦੇ ਭਾਰੇ ਓਏ ਪੰਜਾਬੀਓ।
ਉਠੋ ਜਾਗੋ ਓਏ ਪੰਜਾਬੀਓ
ਧੋਖਾ ਖਾਇਓ ਨਾ ਪੰਜਾਬੀਓ

ਇਕੱਲੀ ਕਿਸਾਨੀ ਦਾ ਨਹੀਂ ਹੈ ਮਸਲਾ,
ਮਾਰ ਹੇਠ ਆਉਣੀਆਂ ਨਸਲਾਂ
ਨਹੀਂ ਬਚਣੀਆਂ ਕਦੇ ਵੀ
ਫਸਲਾਂ ਓਏ ਪੰਜਾਬੀਓ

ਉਠੋ ਜਾਗੋ ਓਏ ਪੰਜਾਬੀਓ
ਮਾਰ ਖਾਓ ਨਾ ਪੰਜਾਬੀਓ
ਧਰਤੀ ਪੁਕਾਰੇ ਓਏ ਪੰਜਾਬੀਓ
ਕਾਹਨੂੰ ਥੱਕੇ ਹਾਰੇ ਓਏ ਓ ਪੰਜਾਬੀਓ।

- ਡਾ. ਅਜੀਤਪਾਲ ਸਿੰਘ

ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ ਇਨਕਲਾਬੀ, ਤਰਕਸ਼ੀਲ, ਵਿਗਿਆਨਕ, ਕਵਿਤਾਵਾਂ,
ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ ਸਿੰਘ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

ਡਿਜ਼ੀਟਲ ਲਾਈਫ ਸਰਟੀਫਿਕੇਟ ਬਣਾਉਣ ਲਈ ਕਨੇਡਾ ਦੇ ਸਹਿਰਾਂ ਵਿੱਚ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ

ਕੋਆਰਡੀਨੇਟਰ ਗੋਪਾਲ ਸਿੰਘ ਕਾਉਂਕੇ +14039703588 ਕੈਲਗਰੀ
ਦਵਿੰਦਰ ਸਿੰਘ ਤੂਰ +1 (416) 902-9372
ਬਲਵਿੰਦਰ ਸਿੰਘ +16475338980 ਐਬਟਸਫੋਰਡ
ਸੂਬਾ ਸਿੰਘ ਬਾਜਵਾ +1 416-666-4959
ਸਰੀ, ਵੈਨਕੂਵਰ ਵਿੱਚ ਪਰਮਜੀਤ ਸਿੰਘ ਸਿੱਧੂ 7788635911
ਕਰਮਜੀਤ ਸਿੰਘ ਪੁਰਬਾ 6047632435 ਵੈਨਕੂਵਰ
ਹਰਦਿਆਲ ਸਿੰਘ +17785526422 ਐਬਟਸਫੋਰਡ
ਲਵਪ੍ਰੀਤ ਸਿੰਘ +1 (204) 999-0418 ਵਿੰਨੀਪੈਗ

Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.

We can Also Arrange
Decoration
Party Rentals
Customer satisfaction is our pride!

Video	Photography	Music
Video film with single, double & multiple camera system (Broadcast Quality)	Digital Photography (Coloured, black and white) digital enhancement	DJ, Lighting, screen Projector live sound etc.

403-835-2762 or 29 DREAM (37326)
Special Packages Available For All Occasions in Calgary

Hiring Drivers/Owners/Operators
GALAXY Frightline inc.

We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time

We Require:
* 2 Years Experience
* Clean Current Abstract
* Ability to Cross Border
* Positive, Professional Attitude

For:
* GTA
* ON-QC
* ON-MB-AB-BC
* USA

SAFETY : PHONE 416-644-8881 ext# 111
CELL : 437-429-1300
FAX: 416-644-8882
EMAIL: dispatch@galaxyfreightline.com
www.galaxyfreightline.com
* 1580 Britannia Road East * Mississauga * ON * L4W 1J2

DM TRANSPORT
ace ACI US & Canada Bonded
Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8
Email : bob@dmtransport.ca
Web : www.dmtransport.ca

Hiring AZ drivers and owner operator

Description
We're currently hiring AZ drivers and O/O for Long haul to California and Midwest (Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

ਬੱਬਰ ਅਕਾਲੀ ਲਹਿਰ ਨੂੰ ਸਮਰਪਿਤ ਕੀਤਾ ਗਿਆ ਕਰਨਲ ਜੇ ਐਸ ਬਰਾੜ ਦਾ ਤੀਜਾ ਸ਼ਰਧਾਂਜਲੀ ਸਮਾਗਮ

ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) : ਸ਼ਹੀਦ ਬਾਬਾ ਭਾਨ ਸਿੰਘ ਗਦਰ ਮੈਮੋਰੀਅਲ ਟਰੱਸਟ ਅਤੇ ਮਹਾਂ ਸਭਾ ਲੁਧਿਆਣਾ ਦੇ ਬਾਨੀ ਪ੍ਰਧਾਨ ਕਰਨਲ ਜੇ ਐਸ ਬਰਾੜ, ਜਿਨ੍ਹਾਂ ਨੇ ਜੁਆਨੀ ਵਿੱਚ ਦੇਸ਼ ਦੇ ਬਾਰਡਰਾਂ ਦੀ ਰਾਖੀ ਅਤੇ ਸੇਵਾ ਮੁਕਤੀ ਉਪਰੰਤ ਦੇਸ਼ ਵਿੱਚ ਫੈਲੇ ਭ੍ਰਿਸ਼ਟਾਚਾਰ ਅਤੇ ਗੁੰਡਾ ਅਨਸਰਾਂ ਖਿਲਾਫ ਅੰਤ ਸਮੇਂ ਤੱਕ ਸੰਘਰਸ਼ੀ ਜ਼ਿੰਦਗੀ ਬਿਤਾਈ। ਉਹ ਭਾਵੇਂ ਸਰੀਰਕ ਤੌਰ ਤੇ ਤਿੰਨ ਸਾਲ ਪਹਿਲਾਂ ਵਿਛੋੜਾ ਦੇ ਗਏ ਪਰ ਉਹਨਾਂ ਵੱਲੋਂ ਸਮਾਜ ਲਈ ਕੀਤੇ ਕੰਮਾਂ ਨੂੰ ਵੱਖ ਵੱਖ ਰੂਪਾਂ ਵਿੱਚ ਲੋਕ ਚੇਤਨਾ ਪੈਦਾ ਕਰਨ ਲਈ ਸ਼ਰਧਾਂਜਲੀ ਸਮਾਗਮ ਕੀਤਾ ਜਾਂਦਾ ਹੈ। ਸਮਾਗਮ ਦੀ ਸ਼ੁਰੂਆਤ ਤੋਂ ਪਹਿਲਾਂ ਗਦਰੀ ਯਾਦਗਾਰ ਉੱਪਰ ਝੰਡਾ ਚੜ੍ਹਾਉਣ ਦੀ ਰਸਮ ਕੀਤੀ ਗਈ।

ਇਸ ਵਾਰ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਵਿਖੇ ਉਹਨਾਂ ਦੀ ਯਾਦ ਵਿੱਚ ਕੀਤੇ ਸੈਮੀਨਾਰ ਦਾ ਵਿਸ਼ਾ 'ਬੱਬਰ ਅਕਾਲੀ ਲਹਿਰ ਦੀ ਇਤਿਹਾਸਿਕ ਮਹੱਤਤਾ' ਰੱਖਿਆ ਗਿਆ ਜਿਸ ਦੇ ਮੁੱਖ ਬੁਲਾਰੇ ਵਜੋਂ ਉੱਘੇ ਇਤਿਹਾਸਕਾਰ ਪ੍ਰੋ. ਸੀਤਾ ਰਾਮ ਬਾਂਸਲ ਵਿਸ਼ੇਸ਼ ਤੌਰ 'ਤੇ ਪੁੱਜੇ। ਪ੍ਰੋ. ਜਗਮੋਹਨ ਸਿੰਘ, ਹਰਚਰਨਜੀਤ ਸਿੰਘ, ਮੀਨਾਖਸ਼ੀ ਉਰਫ ਮੀਨੂੰ ਦੀ ਪ੍ਰਧਾਨਗੀ ਹੇਠ ਇਸ ਸਮਾਗਮ ਦੌਰਾਨ ਬੱਬਰ ਅਕਾਲੀ ਲਹਿਰ ਦੇ ਇਤਿਹਾਸ ਬਾਰੇ ਬੋਲਦਿਆਂ ਪ੍ਰੋ. ਬਾਂਸਲ ਨੇ ਭਾਰਤ ਵਿੱਚੋਂ ਅੰਗਰੇਜ਼ ਹਕੂਮਤ ਦਾ ਰਾਜ ਖਤਮ ਕਰਕੇ ਦੇਸ਼ ਵਿੱਚ ਸਾਂਝੀਵਾਲਤਾ ਸਥਾਪਤ ਕਰਨ ਲਈ ਕੀਤੀਆਂ ਬੱਬਰਾਂ ਦੀਆਂ ਕੁਰਬਾਨੀਆਂ ਬਾਰੇ ਵਿਆਖਿਆ ਕੀਤੀ। ਉਹਨਾਂ ਮਹਾਰਾਜਾ ਰਣਜੀਤ ਸਿੰਘ ਰਾਜ ਦੇ ਅੰਤ ਤੋਂ ਬਾਅਦ ਸਿਰਫ 10 ਹਜਾਰ ਅੰਗਰੇਜ਼ਾਂ ਵੱਲੋਂ 30 ਕਰੋੜ ਭਾਰਤੀਆਂ ਨੂੰ ਗੁਲਾਮ ਬਣਾਉਣ ਦੀ ਘਟਨਾ ਤੋਂ ਸਾਨੂੰ ਸਬਕ ਸਿੱਖਣ ਦਾ ਸੰਦੇਸ ਦਿੱਤਾ। ਸ. ਮੋਤਾ ਸਿੰਘ ਜਿਹਨਾਂ ਨੂੰ ਬੱਬਰ ਲਹਿਰ ਦੇ ਜਨਮ ਦਾਤਾ ਵਜੋਂ ਜਾਣਿਆ ਜਾਂਦਾ ਹੈ, ਨੇ ਹੋਰ ਸਾਥੀਆਂ ਧੰਨਾ ਸਿੰਘ ਬਹਿਬਲਪੁਰ, ਕਿਸ਼ਨ ਸਿੰਘ ਗੜਗੱਜ ਸਮੇਤ ਰੂਸ ਦੇ ਇਨਕਲਾਬ ਤੋਂ ਪ੍ਰਭਾਵਤ ਹੋ ਕੇ ਬਸਤੀਵਾਦੀ ਰਾਜ ਖਤਮ ਕਰਕੇ ਸਾਂਝੀਵਾਲਤਾ ਵਾਲਾ ਰਾਜ ਪ੍ਰਬੰਧ ਚਲਾਉਣ ਲਈ ਬੀੜਾ ਚੁੱਕਿਆ। ਅੰਗਰੇਜ਼ਾਂ ਖਿਲਾਫ ਗੁਰੂ ਕੇ ਬਾਗ ਅਤੇ ਨਨਕਾਣਾ ਸਾਹਿਬ ਮੋਰਚਿਆਂ ਅਤੇ ਰੋਲਟ ਐਕਟ ਵਰਗੀਆਂ ਇਤਿਹਾਸਿਕ ਘਟਨਾਵਾਂ ਦੇ ਹਵਾਲੇ ਨਾਲ ਦੱਸਿਆ ਕਿ ਕਿੰਨੇ ਹੀ ਸੂਰਬੀਰ ਬੱਬਰ ਅਕਾਲੀ ਇਹਨਾਂ ਵਿੱਚ ਅੰਗਰੇਜ਼ ਹਕੂਮਤ ਵੱਲੋਂ ਸ਼ਹੀਦ ਕੀਤੇ ਗਏ। ਲਛਮਣ ਸਿੰਘ ਬੱਬਰ ਸਮੇਤ ਕੁੱਲ 169 ਬੱਬਰ ਜੋ ਅੰਗਰੇਜ਼ ਹਕੂਮਤ ਵੱਲੋਂ ਬਹੁਤ ਬੇ ਰਹਿਮੀ ਨਾਲ ਸ਼ਹੀਦ ਕੀਤੇ ਗਏ, ਦੀਆਂ ਕੁਰਬਾਨੀਆਂ ਬਾਰੇ ਸਾਨੂੰ ਨੌਜਵਾਨਾਂ ਦੀ ਸਮਝ ਦਾ ਹਿੱਸਾ ਬਣਾਉਣ ਦੀ ਲੋੜ ਹੈ। ਕਿੰਨੇ ਹੀ ਬੱਬਰ ਜ਼ਿਹਨਾਂ ਨੂੰ ਜੰਡ ਦੇ ਦਰੱਖਤ ਉੱਪਰ ਪੁੱਠੇ ਲਟਕਾ ਕੇ ਜਿਉਂਦੇ ਸਾੜਿਆ ਗਿਆ ਦੀਆਂ ਸ਼ਹਾਦਤਾਂ ਮਨੁੱਖ ਦੇ ਲੂੰ ਕੰਡੇ ਖੜ੍ਹੇ ਕਰਨ ਵਾਲੀਆਂ ਹਨ, ਜੋ ਜਾਲਮ ਸਰਕਾਰਾਂ ਦੇ ਮਨੁੱਖ ਦੋਖੀ ਕਿਰਦਾਰ ਨੂੰ ਨੰਗਾ ਕਰਦੀਆਂ ਹਨ। ਉਹਨਾਂ ਉਸ ਵੇਲੇ ਕਾਂਗਰਸ ਅਤੇ ਅਕਾਲੀ ਪਾਰਟੀਆਂ ਵਿੱਚੋਂ ਵੀ ਕਈ ਯੋਧੇ ਬੱਬਰਾਂ ਵਿੱਚ ਸ਼ਾਮਲ ਹੋਣ ਦੀ ਪੁਸ਼ਟੀ ਕੀਤੀ, ਪਰ ਬਹੁਤੇ ਅਕਾਲੀਆਂ ਨੇ ਸਾਥ ਨਹੀਂ ਦਿੱਤਾ। ਦਰਸ਼ਕਾਂ ਦੇ ਸਵਾਲਾਂ ਦੇ ਜਵਾਬ ਵੀ ਪ੍ਰੋ. ਬਾਂਸਲ ਵੱਲੋਂ ਦਿੱਤੇ ਗਏ। ਸਟੇਜ ਸੰਚਾਲਨ ਜਸਵੰਤ ਜ਼ੀਰਖ ਨੇ ਨਿਭਾਇਆ। ਮੌਕ 'ਤੇ ਪ੍ਰੋ. ਸੀਤਾ ਰਾਮ ਬਾਂਸਲ ਦਾ ਸਨਮਾਨ ਕਰਦਿਆਂ ਉਹਨਾਂ ਨੂੰ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਦੀ ਫੋਟੋ ਅਤੇ ਜੀਵਨ ਦੇ ਸੰਘਰਸ਼ ਸਬੰਧੀ ਕਿਤਾਬ ਭੇਂਟ ਕੀਤੀ ਗਈ। ਅੰਤ ਵਿੱਚ ਪ੍ਰੋ. ਜਗਮੋਹਨ ਸਿੰਘ ਵੱਲੋਂ ਸਭ ਦਾ ਧੰਨਵਾਦ ਕੀਤਾ। ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਨੇ ਸਮੁੱਚੇ ਪ੍ਰਬੰਧ ਲਈ ਮੁੱਖ ਭੂਮਿਕਾ ਨਿਭਾਈ। ਹੋਰ ਸ਼ਾਮਲ ਜੱਥੇਬੰਦੀਆਂ ਵੱਲੋਂ ਬੀ ਕੇ ਯੂ ਉਗਰਾਹਾਂ, ਤਰਕਸ਼ੀਲ ਸੁਸਾਇਟੀ, ਜਮਹੂਰੀ ਅਧਿਕਾਰ ਸਭਾ, ਇਨਕਲਾਬੀ ਮਜ਼ਦੂਰ ਕੇਂਦਰ, ਯੂਨੀਵਰਸਲ ਹਿਊਮਨ ਰਾਈਟਸ ਆਰਗੇਨਾਈਜੇਸਨ, ਦੇ ਕਾਰਕੁੰਨ ਚਰਨ ਨੂਰਪੁਰਾ, ਡਾ. ਹਰਬੰਸ ਗਰੇਵਾਲ, ਗੁਰਮੇਲ ਗਿੱਲ , ਬਲਵਿੰਦਰ ਸਿੰਘ, ਐਡਵੋਕੇਟ ਹਰਪ੍ਰੀਤ, ਅਜਮੇਰ ਦਾਖਾ, ਸਤੀਸ਼ ਸੱਚਦੇਵਾ, ਮਾ. ਰੁਪਿੰਦਰਪਾਲ ਸਿੰਘ, ਰਾਕੇਸ਼ ਆਜ਼ਾਦ, ਅਰੁਣ ਕੁਮਾਰ, ਪ੍ਰਤਾਪ ਸਿੰਘ, ਮਹੇਸ਼ ਕੁਮਾਰ, ਸਵਰਨ ਜੀਤ ਸਿੰਘ, ਕਾ. ਸੁਰਿੰਦਰ, ਡਾ. ਮੋਹਨ, ਸੁਰਜੀਤ ਜਵੰਦਾ, ਪਰਮਜੀਤ ਸਿੰਘ, ਕਸਤੂਰੀ ਲਾਲ, ਪ੍ਰਮਜੀਤ ਪਨੇਸਰ, ਜਗਜੀਤ ਸਿੰਘ, ਜਗਧੀਰਜ ਸਿੰਘ, ਸਤਨਾਮ ਸਿੰਘ ਧਾਲੀਵਾਲ, ਤਜਿੰਦਰ ਕੁਮਾਰ, ਮੈਡਮ ਮਧੂ, ਕਲਪਨਾ ਸਮੇਤ ਹੋਰ ਕਾਰਕੁੰਨ ਸ਼ਾਮਲ ਸਨ।

ਟਰੰਪ ਤੋਂ ਬਾਅਦ ਵੀ ਜਾਰੀ ਰਹਿ ਸਕਦੀਆਂ ਹਨ ਅਮਰੀਕਾ ਦੀਆਂ ਪਰਵਾਸ ਪਾਬੰਦੀਆਂ

ਅਭਿਸ਼ੇਕ ਕਡਿਆਲਾ
ਪੇਸ਼.: ਬੂਟਾ ਸਿੰਘ ਮਹਿਮੂਦਪੁਰ

ਆਪਣੇ ਦੂਜੇ ਕਾਰਜਕਾਲ ਵਿਚ ਡੋਨਾਲਡ ਟਰੰਪ ਪ੍ਰਸ਼ਾਸਨ ਅਮਰੀਕਾ ਵਿਚ ਕਾਨੂੰਨੀ ਪਰਵਾਸ ਨੂੰ ਸੀਮਤ ਕਰਨ ਲਈ ਸਰਗਰਮ ਰਿਹਾ ਹੈ। ਕੁਝ ਨਵੀਆਂ ਐੱਚ-1ਬੀ ਅਰਜ਼ੀਆਂ ਉੱਪਰ 1,00,000 ਡਾਲਰ ਦੀ ਅਦਾਇਗੀ ਲਾਜ਼ਮੀ ਕਰਨ ਦੀ ਪ੍ਰਸ਼ਾਸਨ ਦੀ ਕੋਸ਼ਿਸ਼, ਵੀਜ਼ਾ ਨਵਿਆਉਣ ਦੀਆਂ ਪ੍ਰਕਿਰਿਆਵਾਂ ਵਿਚ ਤਬਦੀਲੀਆਂ, ਤਨਖ਼ਾਹ ਨੂੰ ਵੱਧ ਤਰਜੀਹ ਦੇਣ ਵਾਲੀ ਚੋਣ ਪ੍ਰਣਾਲੀ ਦੀ ਸ਼ੁਰੂਆਤ ਅਤੇ ਹਾਲ ਹੀ ਵਿਚ ਪ੍ਰੋਗਰਾਮ ਇਲੈਕਟ੍ਰਾਨਿਕ ਰੀਵਿਊ ਮੈਨੇਜਮੈਂਟ (ਪੀਈਆਰਐੱਮ) ਪ੍ਰਕਿਰਿਆ ਉੱਪਰ ਲਾਈਆਂ ਰੋਕਾਂ ਇਸ ਦੀਆਂ ਮਿਸਾਲਾਂ ਹਨ। ਇਨ੍ਹਾਂ ਦਾ ਭਾਰਤੀ ਪਰਵਾਸੀਆਂ ਅਤੇ ਕੰਪਨੀਆਂ ਉੱਪਰ ਹੋਰਨਾਂ ਦੇ ਮੁਕਾਬਲੇ ਵੱਧ ਅਸਰ ਪੈ ਰਿਹਾ ਹੈ।

ਇਨ੍ਹਾਂ ਘਟਨਾਕ੍ਰਮਾਂ ਨੂੰ ਸਿਰਫ਼ ਟਰੰਪ ਪ੍ਰਸ਼ਾਸਨ ਦੀ ਦੇਣ ਸਮਝ ਲੈਣਾ ਸੌਖਾ ਹੈ, ਪਰ ਇਹ ਵਧੇਰੇ ਡੂੰਘੇ ਸਿਆਸੀ ਹਿੱਤਾਂ ਨੂੰ ਦਰਸਾਉਂਦੇ ਹਨ, ਜਿਨ੍ਹਾਂ ਦੇ ਟਰੰਪ ਤੋਂ ਬਾਅਦ ਵੀ ਬਰਕਰਾਰ ਰਹਿਣ ਦੀ ਸੰਭਾਵਨਾ ਹੈ। ਮਨਜ਼ੂਰ ਹੋਣ ਵਾਲੇ ਐੱਚ-1ਬੀ ਵੀਜ਼ਿਆਂ ਵਿਚ ਭਾਰਤੀ ਨਾਗਰਿਕਾਂ ਦਾ ਹਿੱਸਾ 70 ਫ਼ੀਸਦੀ ਹੈ ਅਤੇ ਕੁੱਲ ਵੀਜ਼ਿਆਂ ਦਾ ਪੰਜਵਾਂ ਹਿੱਸਾ ਭਾਰਤੀ ਮੂਲ ਦੀਆਂ ਕੰਪਨੀਆਂ ਦੇ ਮੁਲਾਜ਼ਮਾਂ ਨੂੰ ਮਿਲਦਾ ਹੈ। ਇਸ ਦਾ ਮਤਲਬ ਹੈ ਕਿ ਪਰਵਾਸ ਸੁਧਾਰਾਂ ਉੱਪਰ ਦੋਵਾਂ ਪਾਰਟੀਆਂ ਦਾ ਧਿਆਨ ਬਣਿਆ ਰਹਿਣ ਕਾਰਨ ਇਹ ਮੁੱਦਾ ਭਾਰਤ-ਅਮਰੀਕਾ ਸਬੰਧਾਂ ਵਿਚ ਤਣਾਅ ਦਾ ਕਾਰਨ ਬਣਿਆ ਰਹਿ ਸਕਦਾ ਹੈ।

ਡੈਮੋਕ੍ਰੈਟਾਂ ਅਤੇ ਰਿਪਬਲਿਕਨਾਂ ਦੇ ਨਜ਼ਰੀਏ

ਨਵੰਬਰ ਵਿਚ ਹੋਣ ਵਾਲੀਆਂ ਆਗਾਮੀ ਮੱਧਕਾਲੀ ਚੋਣਾਂ ਵਿਚ ਡੈਮੋਕ੍ਰੈਟਾਂ ਦੇ ਹਾਵੀ ਰਹਿਣ ਦੀ ਉਮੀਦ ਹੈ। ਉਹ ਪਰਵਾਸ ਨੂੰ ਹੱਕਾਂ ਦੇ ਨਜ਼ਰੀਏ ਤੋਂ ਦੇਖਦੇ ਹਨ ਅਤੇ ਉਨ੍ਹਾਂ ਦੇ ਵੋਟਰ ਕਾਨੂੰਨੀ ਪਰਵਾਸ ਦੇ ਨਾਲ-ਨਾਲ ਬਿਨਾਂ ਦਸਤਾਵੇਜ਼ਾਂ ਵਾਲੇ ਵੱਧ ਪਰਵਾਸੀਆਂ ਨੂੰ ਕਾਨੂੰਨੀ ਦਰਜਾ ਦੇਣ ਦੀ ਹਮਾਇਤ ਕਰਦੇ ਹਨ। ਲਗਭਗ 75 ਫ਼ੀਸਦੀ ਡੈਮੋਕ੍ਰੈਟ ਹੁਨਰਮੰਦ ਲੋਕਾਂ ਦੇ ਪਰਵਾਸ ਨੂੰ ਅਮਰੀਕਾ ਲਈ ਚੰਗਾ ਮੰਨਦੇ ਹਨ, ਜਦਕਿ ਰਿਪਬਲਿਕਨਾਂ ਵਿਚ ਇਹ ਅੰਕੜਾ 54 ਫ਼ੀਸਦੀ ਹੈ। ਮੌਜੂਦਾ ਪ੍ਰਸ਼ਾਸਨ ਦੇ ਕਾਰਜਕਾਲ ਦੌਰਾਨ ਵੀ ਡੈਮੋਕ੍ਰੈਟਾਂ ਨੇ ਐੱਫ-1 ਵਿਦਿਆਰਥੀ ਵੀਜ਼ੇ ਦੀਆਂ ਸ਼ਰਤਾਂ ਨਰਮ ਕਰਨ ਲਈ ਜ਼ੋਰ ਪਾਇਆ ਹੈ। ਰਵਾਇਤੀ ਤੌਰ 'ਤੇ ਉਨ੍ਹਾਂ ਨੂੰ ਅਮਰੀਕਾ ਵਿਚ ਵਸਦੇ ਪਰਵਾਸੀ ਭਾਈਚਾਰਿਆਂ, ਜਿਨ੍ਹਾਂ ਵਿਚ ਭਾਰਤੀ ਪਰਵਾਸੀ ਵੀ ਸ਼ਾਮਲ ਹਨ, ਦੀ ਹਮਾਇਤ ਮਿਲਦੀ ਰਹੀ ਹੈ।

ਪਰ ਡਿਕ ਡਰਬਿਨ ਅਤੇ ਰਿਚਰਡ ਬਲੂਮੈਂਥਲ ਵਰਗੇ ਪ੍ਰਮੁੱਖ ਡੈਮੋਕ੍ਰੈਟ ਸੈਨੇਟਰਾਂ ਅਤੇ ਬਰਨੀ ਸੈਂਡਰਜ਼ ਵਰਗੇ ਅਗਾਂਹਵਧੂ ਆਜ਼ਾਦ ਸੈਨੇਟਰਾਂ ਨੇ ਵੀ ਐੱਚ-1ਬੀ ਪ੍ਰਣਾਲੀ ਵਿਚ ਸੁਧਾਰਾਂ ਦੀ ਮੰਗ ਕਰਨ ਵਾਲੇ ਬਿੱਲਾਂ ਲਈ ਜ਼ੋਰ ਪਾਇਆ ਹੈ। ਡੈਮੋਕ੍ਰੈਟ ਐੱਚ-1ਬੀ ਵੀਜ਼ਾ ਪ੍ਰਣਾਲੀ ਵਿਚ ਕਥਿਤ ਧੋਖਾਧੜੀ ਨੂੰ ਇਕ ਗੰਭੀਰ ਚੁਣੌਤੀ ਮੰਨਦੇ ਹਨ, ਜਿਸ ਨੂੰ ਹੱਲ ਕਰਨਾ ਜ਼ਰੂਰੀ ਹੈ। ਇਸੇ ਤਰ੍ਹਾਂ ਡੈਮੋਕ੍ਰੈਟਿਕ ਪਾਰਟੀ ਦਾ ਮਜ਼ਦੂਰ ਵਿੰਗ ਐੱਚ-1ਬੀ ਵੀਜ਼ਾ ਪ੍ਰੋਗਰਾਮ ਨੂੰ ਦੇਸ਼ ਦੇ ਅੰਦਰ ਮਜ਼ਦੂਰਾਂ ਦੀ ਸੁਰੱਖਿਆ ਦੇ ਪ੍ਰਬੰਧਾਂ ਅਤੇ ਕਾਮਿਆਂ ਦੇ ਹੱਕਾਂ ਲਈ ਸੰਭਾਵੀ ਖ਼ਤਰੇ ਵਜੋਂ ਦੇਖਦਾ ਹੈ। ਡੈਮੋਕ੍ਰੈਟਾਂ ਦਾ ਪਰਵਾਸੀ ਵੋਟਰ ਆਧਾਰ, ਐੱਚ-1ਬੀ ਵੀਜ਼ਾ ਫ਼ੀਸਾਂ ਵਿਚ ਵਾਧੇ ਦਾ ਉਨ੍ਹਾਂ ਵੱਲੋਂ ਖੁੱਲ੍ਹਾ ਵਿਰੋਧ ਅਤੇ ਕਾਰੋਬਾਰੀ ਅਦਾਰਿਆਂ ਤੇ ਟਰੇਡ ਯੂਨੀਅਨਾਂ ਵੱਲੋਂ ਇਨ੍ਹਾਂ ਪਾਬੰਦੀਆਂ ਦਾ ਵਿਰੋਧ ਸੰਕੇਤ ਦਿੰਦੇ ਹਨ ਕਿ ਡੈਮੋਕ੍ਰੈਟਾਂ ਦੇ ਕੰਟਰੋਲ ਵਾਲੀ ਕਾਂਗਰਸ ਕਾਰਜਪਾਲਿਕਾ ਦੇ ਸਭ ਤੋਂ ਸਖ਼ਤ ਕਦਮਾਂ ਨੂੰ ਨਰਮ ਕਰ ਸਕਦੀ ਹੈ ਅਤੇ ਬਿਆਨਬਾਜ਼ੀ ਦੀ ਤਿੱਖ ਘਟਾ ਸਕਦੀ ਹੈ। ਫਿਰ ਵੀ ਵੀਜ਼ਾ ਧੋਖਾਧੜੀ ਅਤੇ ਕਾਮਿਆਂ ਦੀ ਸੁਰੱਖਿਆ ਬਾਰੇ ਚਿੰਤਾਵਾਂ ਕਾਰਨ ਡੈਮੋਕ੍ਰੈਟਾਂ ਵੱਲੋਂ ਆਊਟਸੋਰਸਿੰਗ ਮਾਡਲ ਉੱਪਰ ਦਬਾਅ ਬਣਾਈ ਰੱਖਣ ਅਤੇ ਐੱਚ-1ਬੀ ਸੁਧਾਰਾਂ ਲਈ ਜ਼ੋਰ ਪਾਉਂਦੇ ਰਹਿਣ ਦੀ ਸੰਭਾਵਨਾ ਹੈ।

ਭਾਵੇਂ ਰਿਪਬਲਿਕਨਾਂ ਵਿਚ ਸਭ ਤੋਂ ਵੱਡਾ ਹਿੱਸਾ ਕਾਨੂੰਨੀ ਪਰਵਾਸ ਉੱਪਰ ਪਾਬੰਦੀਆਂ ਦੀ ਹਮਾਇਤ ਕਰਦਾ ਹੈ, ਪਰ 2025 ਤੋਂ ਬਾਅਦ ਇਸ ਹਮਾਇਤ ਵਿਚ ਕਾਫ਼ੀ ਕਮੀ ਆਈ ਹੈ। ਰਿਪਬਲਿਕਨ ਲੀਡਰਸ਼ਿਪ ਵਿਚ ਪਰਵਾਸ ਵਿਰੋਧੀ ਰਾਸ਼ਟਰਵਾਦੀਆਂ ਅਤੇ ਪਰਵਾਸ ਪੱਖੀ ਕਾਰੋਬਾਰੀ ਹਿੱਤਾਂ ਵਿਚਾਲੇ ਵੰਡ ਸਪਸ਼ਟ ਦਿਖਾਈ ਦਿੰਦੀ ਹੈ। ਟਰੰਪ ਪ੍ਰਸ਼ਾਸਨ ਵੱਲੋਂ ਐੱਚ-1ਬੀ ਵੀਜ਼ਾ ਫ਼ੀਸ ਵਿਚ ਵਾਧਾ ਇਸ ਟਕਰਾਅ ਦੀ ਇਕ ਮਿਸਾਲ ਹੈ। ਪ੍ਰਸ਼ਾਸਨ ਨੇ ਇਸ ਪ੍ਰੋਗਰਾਮ ਦੀ ਖੁੱਲ੍ਹ ਕੇ ਆਲੋਚਨਾ ਕੀਤੀ ਅਤੇ ਫ਼ੀਸ ਵਧਾਉਣ ਲਈ ਹਮਲਾਵਰ ਢੰਗ ਨਾਲ ਜ਼ੋਰ ਪਾਇਆ, ਪਰ ਬਾਅਦ ਵਿਚ ਕਾਰੋਬਾਰੀ ਅਦਾਰਿਆਂ ਅਤੇ ਯੂਨੀਵਰਸਿਟੀਆਂ ਦੇ ਦਬਾਅ ਹੇਠ ਅਮਰੀਕੀ ਯੂਨੀਵਰਸਿਟੀਆਂ ਤੋਂ ਗ੍ਰੈਜੂਏਸ਼ਨ ਕਰਨ ਵਾਲਿਆਂ ਅਤੇ ਮੌਜੂਦਾ ਵੀਜ਼ਾ ਧਾਰਕਾਂ ਨੂੰ ਛੋਟਾਂ ਦੇ ਕੇ ਇਸ ਕਦਮ ਦੀ ਸਖ਼ਤੀ ਘਟਾ ਦਿੱਤੀ।

ਕਾਰੋਬਾਰੀ ਜਗਤ ਵਿਚ ਵੰਡ

ਐੱਚ-1ਬੀ ਵੀਜ਼ਿਆਂ ਲਈ ਤਨਖ਼ਾਹ ਨੂੰ ਤਰਜੀਹ ਦੇਣ ਵਾਲੀ ਚੋਣ ਅਤੇ ਲਾਟਰੀ ਪ੍ਰਣਾਲੀ ਵਿਚਾਲੇ ਬਹਿਸ ਅਮਰੀਕੀ ਕਾਰੋਬਾਰੀ ਭਾਈਚਾਰੇ ਅੰਦਰ ਪਰਵਾਸ ਸਬੰਧੀ ਵਿਚਾਰ-ਵਟਾਂਦਰੇ ਉੱਪਰ ਹਾਵੀ ਰਹੀ ਹੈ। ਇਸ ਬਹਿਸ ਵਿਚ ਮੋਟੇ ਤੌਰ 'ਤੇ ਤਿੰਨ ਪ੍ਰਣਾਲੀਆਂ ਸ਼ਾਮਲ ਹਨ। ਪਹਿਲੀ ਬੇਤਰਤੀਬ ਲਾਟਰੀ ਪ੍ਰਣਾਲੀ ਹੈ, ਜੋ 2026 ਤੱਕ ਲਾਗੂ ਸੀ ਅਤੇ ਜਿਸ ਦਾ ਫ਼ਾਇਦਾ ਆਊਟਸੋਰਸਿੰਗ ਕੰਪਨੀਆਂ ਅਤੇ ਸਟਾਰਟਅੱਪ ਨੂੰ ਮਿਲਦਾ ਸੀ। ਦੂਜੀ ਤਨਖ਼ਾਹ ਨੂੰ ਤਰਜੀਹ ਦੇਣ ਵਾਲੀ ਲਾਟਰੀ ਪ੍ਰਣਾਲੀ ਹੈ, ਜੋ ਫ਼ਰਵਰੀ 2026 ਵਿਚ ਆਈ। ਇਹ ਤਜਰਬੇ, ਕੰਮ ਦੀ ਭੂਮਿਕਾ ਅਤੇ ਸਥਾਨ ਦੇ ਆਧਾਰ 'ਤੇ ਤਨਖ਼ਾਹ ਦੇ ਪੱਧਰ ਦਾ ਅਨੁਮਾਨ ਲਾਉਂਦੀ ਹੈ ਅਤੇ ਵੀਜ਼ਾ ਕੋਟੇ ਨੂੰ ਚਾਰ ਸ਼੍ਰੇਣੀਆਂ ਵਿਚ ਵੰਡਦੀ ਹੈ। ਉੱਪਰੋਂ ਦੇਖਿਆਂ ਇਹ ਪ੍ਰਣਾਲੀ ਵੱਡੀਆਂ ਤਕਨਾਲੋਜੀ ਕੰਪਨੀਆਂ ਨੂੰ ਲਾਭ ਪਹੁੰਚਾ ਸਕਦੀ ਹੈ, ਪਰ ਇਸ ਦਾ ਫ਼ਾਇਦਾ ਉਨ੍ਹਾਂ ਆਊਟਸੋਰਸਿੰਗ ਕੰਪਨੀਆਂ ਨੂੰ ਵੀ ਹੋ ਸਕਦਾ ਹੈ ਜੋ ਬਹੁਤ ਤਜਰਬੇਕਾਰ ਕਾਮਿਆਂ ਨੂੰ ਘੱਟ ਤਨਖ਼ਾਹਾਂ ਉੱਪਰ ਨੌਕਰੀ ਦਿੰਦੀਆਂ ਹਨ। ਤੀਜਾ ਮਾਡਲ ਅਸਲ ਤਨਖ਼ਾਹ ਨੂੰ ਤਰਜੀਹ ਦੇਣ ਵਾਲੀ ਲਾਟਰੀ ਦਾ ਹੈ, ਜਿਸ ਦੀ ਹਮਾਇਤ ਅਮਰੀਕਾ ਵਿਚ ਸਥਿਤ ਉਦਯੋਗ ਕਰਦੇ ਹਨ। ਇਹ ਪਹੁੰਚ ਆਊਟਸੋਰਸਿੰਗ ਕੰਪਨੀਆਂ ਨੂੰ ਮਿਲਦੇ ਫ਼ਾਇਦਿਆਂ ਨੂੰ ਘਟਾ ਸਕਦੀ ਹੈ, ਜਦਕਿ ਅਮਰੀਕੀ ਕਾਮਿਆਂ ਅਤੇ ਐੱਫ-1 ਵੀਜ਼ੇ ਵਾਲੇ ਵਿਦਿਆਰਥੀਆਂ ਦੀ ਭਰਤੀ ਨੂੰ ਲਾਭ ਪਹੁੰਚਾ ਸਕਦੀ ਹੈ।

ਮਸਨੂਈ ਬੁੱਧੀ (ਏ.ਆਈ.) ਅਤੇ ਵੱਡੀਆਂ ਤਕਨਾਲੋਜੀ ਕੰਪਨੀਆਂ ਦੇ ਕਾਰੋਬਾਰੀ ਭਾਈਚਾਰੇ ਲਈ ਇਹ ਸੁਧਾਰ ਦੋ ਤਰੀਕਿਆਂ ਨਾਲ ਲਾਹੇਵੰਦ ਹੋ ਸਕਦਾ ਹੈ। ਪਹਿਲਾ, ਅਮਰੀਕਾ ਵਿਚ ਏ.ਆਈ. ਦੇ ਗ੍ਰੈਜੂਏਟ ਪ੍ਰੋਗਰਾਮ ਅਤੇ ਉੱਚ ਪੱਧਰੀ ਖੋਜ ਵਾਲੇ ਕੰਮ ਕੌਮਾਂਤਰੀ ਪ੍ਰਤਿਭਾ ਉੱਪਰ ਬਹੁਤ ਨਿਰਭਰ ਹਨ ਅਤੇ ਏ.ਆਈ. ਦੇ ਹੁਨਰਾਂ ਦੀ ਮੰਗ ਮੁਲਕ ਦੇ ਅੰਦਰ ਤਿਆਰ ਹੋ ਰਹੇ ਗ੍ਰੈਜੂਏਟਾਂ ਦੀ ਉਪਲਬਧਤਾ ਨਾਲੋਂ ਵੱਧ ਤੇਜ਼ੀ ਨਾਲ ਵਧ ਰਹੀ ਹੈ। ਇਸ ਲਈ ਇਹ ਸੁਧਾਰ ਏ.ਆਈ. ਕੰਪਨੀਆਂ ਨੂੰ ਵੱਧ ਤਨਖ਼ਾਹਾਂ ਦੇ ਕੇ ਉੱਚ ਕੋਟੀ ਦੀ ਕੌਮਾਂਤਰੀ ਪ੍ਰਤਿਭਾ ਹਾਸਲ ਕਰਨ ਵਿਚ ਮਦਦ ਕਰ ਸਕਦਾ ਹੈ।

ਦੂਜਾ, ਏ.ਆਈ. ਖੇਤਰ ਬਾਜ਼ਾਰ ਦੇ ਉਨ੍ਹਾਂ ਹਿੱਸਿਆਂ ਵਿਚ ਫੈਲ ਰਿਹਾ ਹੈ ਜਿੱਥੇ ਰਵਾਇਤੀ ਤੌਰ 'ਤੇ ਸਟਾਰਟਅੱਪ ਅਤੇ ਆਊਟਸੋਰਸਿੰਗ ਕੰਪਨੀਆਂ ਕੰਮ ਕਰਦੀਆਂ ਰਹੀਆਂ ਹਨ। ਇਹ ਕੰਪਨੀਆਂ ਅਕਸਰ ਘੱਟ ਤਕਨੀਕੀ ਪੱਧਰ ਵਾਲੇ ਰੱਖ-ਰਖਾਅ ਅਤੇ ਸੰਚਾਰ ਦੇ ਕੰਮ ਕਰਦੀਆਂ ਹਨ। ਇਸ ਲਈ ਜੇ ਇਨ੍ਹਾਂ ਸਟਾਰਟਅੱਪ ਅਤੇ ਆਊਟਸੋਰਸਿੰਗ ਕੰਪਨੀਆਂ ਨੂੰ ਘੱਟ ਕਾਮੇ ਭਰਤੀ ਕਰਨ ਲਈ ਮਜਬੂਰ ਹੋਣਾ ਪਵੇ, ਤਾਂ ਏ.ਆਈ. ਖੇਤਰ ਨੂੰ ਫ਼ਾਇਦਾ ਹੋ ਸਕਦਾ ਹੈ। 2026 ਦੀਆਂ ਮੱਧਕਾਲੀ ਚੋਣਾਂ ਲਈ ਚੋਣ ਪ੍ਰਚਾਰ ਦੇ ਚੰਦੇ ਵਿਚ ਏ.ਆਈ. ਖੇਤਰ ਦੀ ਅਹਿਮ ਭੂਮਿਕਾ ਹੋਣ ਕਾਰਨ ਆਊਟਸੋਰਸਿੰਗ ਕੰਪਨੀਆਂ ਨੂੰ ਟੱਕਰ ਦੇਣ ਵਾਲੀਆਂ ਇਹ ਨੀਤੀਆਂ ਜਾਰੀ ਰਹਿਣ ਦੀ ਸੰਭਾਵਨਾ ਹੈ। ਭਾਰਤ ਦੀਆਂ ਸਾਫ਼ਟਵੇਅਰ ਸੇਵਾਵਾਂ ਦੀਆਂ ਬਰਾਮਦਾਂ ਦਾ 54 ਫ਼ੀਸਦੀ ਤੋਂ ਵੱਧ ਹਿੱਸਾ ਅਮਰੀਕਾ ਨੂੰ ਜਾਂਦਾ ਹੈ ਅਤੇ ਭਾਰਤੀ ਸੂਚਨਾ ਤਕਨਾਲੋਜੀ (ਆਈ.ਟੀ.) ਆਊਟਸੋਰਸਿੰਗ ਲਈ ਉਹ ਅਜੇ ਵੀ ਸਭ ਤੋਂ ਵੱਡਾ ਬਾਜ਼ਾਰ ਹੈ। ਇਸ ਲਈ ਇਹ ਭਾਰਤ ਲਈ ਇਕ ਵੱਡੀ ਚੁਣੌਤੀ ਹੈ। ਹਾਲਾਂਕਿ ਇਨ੍ਹਾਂ ਘਟਨਾਕ੍ਰਮਾਂ ਨੂੰ ਅਮਰੀਕੀ ਯੂਨੀਵਰਸਿਟੀਆਂ ਵਿਚ ਪੜ੍ਹ ਰਹੇ ਭਾਰਤੀ ਵਿਦਿਆਰਥੀਆਂ ਲਈ ਚੰਗੀ ਖ਼ਬਰ ਵਜੋਂ ਵੀ ਦੇਖਿਆ ਜਾ ਸਕਦਾ ਹੈ।

ਅੱਗੇ ਦਾ ਰਾਹ

ਅਮਰੀਕਾ ਦੇ ਕਿਰਤ ਵਿਭਾਗ ਵੱਲੋਂ ਅੱਠ ਕੰਪਨੀਆਂ ਨੂੰ ਗ੍ਰੀਨ ਕਾਰਡ ਲਈ ਸਪਾਂਸਰ ਕਰਨ ਤੋਂ ਮੁਅੱਤਲ ਕਰਨਾ ਇਸ ਰੁਝਾਨ ਨੂੰ ਹੋਰ ਪੱਕਾ ਕਰਦਾ ਹੈ। ਇਨ੍ਹਾਂ ਵਿਚ ਇਨਫੋਸਿਸ, ਟਾਟਾ ਕੰਸਲਟੈਂਸੀ ਸਰਵਿਸਿਜ਼ ਅਤੇ ਵਿਪਰੋ ਵਰਗੀਆਂ ਭਾਰਤੀ ਆਊਟਸੋਰਸਿੰਗ ਕੰਪਨੀਆਂ ਹੀ ਨਹੀਂ, ਸਗੋਂ ਮਾਈਕ੍ਰੋਸਾਫ਼ਟ ਅਤੇ ਅਡੋਬੀ ਵਰਗੀਆਂ ਵੱਡੀਆਂ ਤਕਨਾਲੋਜੀ ਕੰਪਨੀਆਂ ਵੀ ਸ਼ਾਮਲ ਹਨ। ਇਸ ਨਾਲ ਸਮੁੱਚੇ ਕਾਰੋਬਾਰੀ ਜਗਤ ਲਈ ਬਦੇਸ਼ੀ ਕਾਮਿਆਂ ਨੂੰ ਨੌਕਰੀ ਦੇਣ ਦੀ ਲਾਗਤ ਵਧਦੀ ਹੈ ਅਤੇ ਅਜਿਹਾ ਦਬਾਅ ਪੈਦਾ ਹੁੰਦਾ ਹੈ ਜੋ ਮੁੱਖ ਤੌਰ 'ਤੇ ਪਾਰਟੀਗਤ ਕੰਟਰੋਲ ਤੋਂ ਬਾਹਰ ਰਹਿੰਦਾ ਹੈ।

ਨਵੰਬਰ ਤੋਂ ਬਾਅਦ ਟਰੰਪ ਦੀ ਸਿਆਸੀ ਤਾਕਤ ਸੰਭਾਵੀ ਤੌਰ 'ਤੇ ਘਟਣ ਨਾਲ ਪਰਵਾਸ ਵਿਰੋਧੀ ਬਿਆਨਬਾਜ਼ੀ ਘਟ ਸਕਦੀ ਹੈ। ਪਰ ਦੋਵਾਂ ਪਾਰਟੀਆਂ ਦੇ ਪਰਵਾਸ ਸੁਧਾਰਾਂ ਲਈ ਵਚਨਬੱਧ ਹੋਣ ਕਾਰਨ ਭਾਰਤ ਨੂੰ ਅੱਗੇ ਵੀ ਪਰਵਾਸ ਦੇ ਮਾਮਲੇ ਵਿਚ ਅਣਸੁਖਾਵੇਂ ਅਤੇ ਅਣਕਿਆਸੇ ਹਾਲਾਤ ਦੀ ਉਮੀਦ ਰੱਖਣੀ ਚਾਹੀਦੀ ਹੈ।

ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਵਿੰਨੀਪੈਗ ਵਲੋਂ ਨਾਟਕ 'ਜੰਨਤ' ਦਾ ਸਫ਼ਲ ਮੰਚਨ

ਵਿੰਨੀਪੈਗ, (ਪਰਮਿੰਦਰ ਸਵੈਚ) : ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਵਿੰਨੀਪੈਗ ਵੱਲੋਂ 24 ਅਕਤੂਬਰ 2026 ਨੂੰ ਪਰਮਿੰਦਰ ਸਵੈਚ ਦਾ ਲਿਖਿਆ ਤੇ ਬਿਕਰਮਜੀਤ ਮੋਗਾ ਦੁਆਰਾ ਨਿਰਦੇਸ਼ਤ ਕੀਤਾ ਨਾਟਕ "ਜੰਨਤ" ਦਾ ਸਫ਼ਲ ਮੰਚਨ (591 ਯੂਕਰੇਨੀਅਨ ਲੇਬਰ ਟੈਂਪਲ) ਪਰਿਚਰਡ ਐਵੇਨਿਊ ਅਤੇ ਮੈਕਗਰੇਗਰ ਸਟਰੀਟ ਵਿੱਚ ਕਰਵਾਇਆ ਗਿਆ।

ਇਹ ਬਹੁ-ਪਾਤਰੀ ਨਾਟਕ ਭਾਰਤ ਤੋਂ ਚੰਗੇ ਭਵਿੱਖ ਲਈ ਕੈਨੇਡਾ ਆਏ ਵਿਦਿਆਰਥੀਆਂ ਦੀਆਂ ਤਲਖ ਹਕੀਕਤ ਨੂੰ ਪੇਸ਼ ਕਰਦਾ ਹੈ। ਜਿੱਥੇ ਕੈਨੇਡੀਅਨ ਲੋਕਾਂ ਵੱਲੋਂ ਕੀਤੇ ਜਾਂਦੇ ਨਸਲਵਾਦ ਨਾਲ ਵਿਦਿਆਰਥੀਆਂ ਨੂੰ ਦੋ ਚਾਰ ਹੋਣਾ ਪੈਂਦਾ ਹੈ ਉਥੇ ਆਪਣੇ ਹੀ ਭਾਈਚਾਰੇ ਵੱਲੋਂ ਕੀਤੇ ਜਾ ਰਹੇ ਵਿਤਕਰੇ ਦਾ ਵੀ ਸ਼ਿਕਾਰ ਹੋਣਾ ਪੈਂਦਾ ਹੈ। ਦੂਜੇ ਪਾਸੇ ਰਿਸ਼ਤਿਆਂ ਵਿੱਚ ਆ ਰਹੀਆਂ ਤਰੇੜਾਂ ਆ ਰਹੀਆਂ ਹਨ। ਗਲਤ ਫਹਿਮੀਆਂ ਦਾ ਸ਼ਿਕਾਰ ਹੋ ਕੇ ਪ੍ਰੀਵਾਰ ਟੁੱਟ ਰਹੇ ਹਨ। ਵਿਦਿਆਰਥੀਆਂ ਦੇ ਸਖ਼ਤ ਮਿਹਨਤ ਕਰਨ ਦੇ ਬਾਵਜੂਦ ਜੰਨਤ ਕਿਤੇ ਨਸੀਬ ਨਹੀਂ ਹੁੰਦੀ। ਉੱਪਰੋਂ ਕੈਨੇਡਾ ਸਰਕਾਰ ਦੇ ਵਿਦਿਆਰਥੀ ਵਿਰੋਧੀ ਫ਼ੈਸਲਿਆਂ ਨਾਲ ਵਿਦਿਆਰਥੀਆਂ ਦੇ ਭਵਿੱਖ ਤੇ ਪ੍ਰਸ਼ਨਚਿੰਨ ਲੱਗ ਗਿਆ ਹੈ। ਸਾਰੇ ਕਲਾਕਾਰਾਂ ਨੇ ਆਪਣੇ ਆਪਣੇ ਕਿਰਦਾਰ ਨਾਲ ਪੂਰਾ ਇਨਸਾਫ ਕੀਤਾ। ਕੁੱਝ ਤਕਨੀਕੀ ਖਰਾਬੀਆਂ ਤੇ ਮਾਇਕਾਂ ਦੇ ਸਹਿਯੋਗ ਨਾ ਦੇਣ ਕਾਰਣ ਨਾਟਕ ਦੀ ਸਫਲਤਾ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਾਇਆ ਜਾ ਸਕਦਾ ਹੈ ਕਿ ਡੇਢ ਘੰਟਾ ਦੇ ਸਮੇਂ ਵਿੱਚ ਖਚਾਖੱਚ ਭਰੇ ਹਾਲ ਵਿੱਚ ਸਾਰੇ ਸਰੋਤੇ ਸਾਹ ਰੋਕ ਕੇ ਇੱਕ ਇੱਕ ਡਾਇਲਾਗ ਨੂੰ ਸੁਣ ਰਹੇ ਸਨ। ਸਰੋਤਿਆਂ ਤੋਂ ਮਿਲੇ ਸਹਿਯੋਗ ਨੇ ਪ੍ਰਬੰਧਕਾਂ ਦੇ ਹੌਸਲਿਆਂ ਨੂੰ ਦੂਣ ਸਵਾਏ ਕਰ ਦਿੱਤਾ ਸੀ।

ਸਟੇਜ ਦੀ ਸ਼ੁਰੂਆਤ ਸਟੇਜ ਤੋਂ ਸਾਰੇ ਹਾਜ਼ਰੀਨ ਨੂੰ ਜੀ ਆਇਆਂ ਕਿਹਾ ਗਿਆ ਤੇ ਵਿਸ਼ੇਸ਼ ਤੌਰ ਸਰੀ ਤੋਂ ਵਿੰਨੀਪੈਗ ਪਹੁੰਚੀ ਨਾਟਕ ਦੀ ਲੇਖਕਾ ਪਰਮਿੰਦਰ ਸਵੈਚ ਨੂੰ ਵਿਸ਼ੇਸ਼ ਤੌਰ ਤੇ ਜੀ ਆਇਆਂ ਕਿਹਾ ਗਿਆ। ਫਿਰ ਦਰਸ਼ਨ ਸਿੰਘ ਵਾਂਦਰ ਨੇ ਗੀਤ "ਕੁੱਝ ਤਾਂ ਕਹਿਣਾ ਪਵੇਗਾ" ਨਿੱਕੇ ਬੱਚੇ ਤਾਜਵੀਰ ਨੇ "ਖੂਨੀ ਬਿੱਲੀ" ਨਾਂ ਦੀ ਕਵਿਤਾ, ਸੋਫੀਆ ਕੁੱਸਾ ਨੇ ਸੁਰਜੀਤ ਪਾਤਰ ਦੀ ਕਵਿਤਾ ਬਹੁਤ ਹੀ ਸੋਹਣੇ ਅੰਦਾਜ਼ ਵਿੱਚ ਪੜ੍ਹੀ ਅਤੇ ਰਣਜੀਤ ਸਿੰਘ ਬਰਾੜ ਨੇ "ਕਾਲੀ ਦਿਵਾਲੀ" ਦੇ ਨਾਂ ਗੀਤ ਪੇਸ਼ ਕੀਤਾ।

ਅੰਤ ਵਿੱਚ ਬਿਕਰਮਜੀਤ ਵੱਲੋਂ ਕਲਾਕਾਰਾਂ ਦੀ ਜਾਣ-ਪਛਾਣ ਕਰਵਾਈ ਗਈ। ਸਟੇਜ ਸਕੱਤਰ ਮੰਗਤ ਵੱਲੋਂ ਡਾਕਟਰ ਜਸਵਿੰਦਰ ਕੰਵਲ ਅਤੇ ਆਏ ਹੋਏ ਸਾਰੇ ਸਰੋਤਿਆਂ ਤੋਂ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ ਅਤੇ ਅੱਗੇ ਤੋਂ ਸਹਿਯੋਗ ਦੀ ਆਸ ਨਾਲ ਪ੍ਰੋਗਰਾਮ ਸਮਾਪਤ ਹੋਇਆ।

ਤਿੰਨ ਨਾਟਕਾਂ 'ਲੱਛੂ ਕਬਾੜੀਆ', 'ਕੋਈ ਮੋੜ ਲਿਆਵੋ ਨੀ' ਅਤੇ 'ਅਸੀਂ ਫੁੱਲਾਂ ਜੇਹੇ' ਅਧਾਰਿਤ ਨਾਟਕ ਮੇਲਾ ਯਾਦਗਾਰੀ ਅਤੇ ਇਤਿਹਾਸਕ ਹੋ ਨਿਬੜਿਆ!

ਨਾਟਕ ਮੇਲੇ ਦੀ ਸ਼ੁਰੂਆਤ ਸਦੀਵੀ ਵਿਛੋੜਾ ਦੇ ਗਏ ਬਾਨੀ ਸੰਪਾਦਕ ਹਰਬੰਸ ਸਿੰਘ ਨੂੰ ਇਕ ਮਿੰਟ ਦੀ ਸ਼ਰਧਾਜਲੀ ਦੇਣ ਨਾਲ਼ ਹੋਈ



ਹਰਚਰਨ ਸਿੰਘ ਪ੍ਰਹਾਰ

ਸਾਡੇ ਸਮਾਜ ਵਿੱਚ ਜਾਤੀ-ਭੇਦਭਾਵ, ਜਾਤੀ ਹੰਕਾਰ, ਗਰੀਬੀ ਅਤੇ ਮਨੁੱਖ ਦੇ ਮਾਣ-ਸਨਮਾਨ ਦੀ ਬੜੇ ਕਲਾਤਮਿਕ ਢੰਗ ਨਾਲ਼ ਪੇਸ਼ਕਾਰੀ ਕਰਦਾ ਨਾਟਕ 'ਲੱਛੂ ਕਬਾੜੀਆ' ਨਾ ਸਿਰਫ ਦਰਸ਼ਕਾਂ ਲਈ ਅੰਤਰਝਾਤ ਪਾਉਣ ਲਈ ਅਨੇਕਾਂ ਸਵਾਲ ਛੱਡ ਗਿਆ। ਸਗੋਂ ਦਰਸ਼ਕਾਂ ਲਈ ਨਾਟਕਕਾਰ, ਨਿਰਦੇਸ਼ਕ, ਲੇਖਕ ਅਤੇ ਅਦਾਕਰ ਡਾ. ਸਾਹਿਬ ਸਿੰਘ ਨੇ ਆਪਣੀ ਕਲਾ ਦਾ ਬੇਹੱਦ ਪ੍ਰਭਾਵਸ਼ਾਲੀ ਨਮੂਨਾ ਪੇਸ਼ ਕੀਤਾ, ਜਿਸਨੂੰ ਦੇਖ ਕੇ ਦਰਸ਼ਕ ਅਸ਼-ਅਸ਼ ਕਰ ਉਠੇ। ਦਰਸ਼ਕਾਂ ਨਾਲ਼ ਖਚਾ-ਖਚ ਭਰਿਆ ਕੈਲਗਰੀ ਦੇ ਨੇੜਲੇ ਸ਼ਹਿਰ ਏਅਰਡਰੀ ਦਾ 'ਬਰਟ ਚਰਚ ਥੀਏਟਰ' ਵਾਰ-ਵਾਰ ਤਾੜੀਆਂ ਨਾਲ਼ ਗੂੰਜਦਾ ਰਿਹਾ। ਡਾ. ਸਾਹਿਬ ਸਿੰਘ ਦਾ ਲਿਖਿਆ ਅਤੇ ਆਪ ਹੀ ਖੇਡਿਆ ਸੋਲੋ ਨਾਟਕ 'ਲੱਛੂ ਕਬਾੜੀਆ' ਜਿੱਥੇ ਉਚ ਜਾਤ ਦੇ ਹੰਕਾਰ ਦੀ ਤਸਵੀਰ ਪੇਸ਼ ਕਰਦਾ ਹੈ, ਉਥੇ ਗਰੀਬ, ਨਿਮਾਣੇ, ਨਿਤਾਣੇ ਅਤੇ ਲਿਤਾੜੇ ਨੀਵੀਂ ਜਾਤ ਦੇ ਵਿਅਕਤੀ ਦੀ ਮਾਨਸਿਕ ਵੇਦਨਾ ਅਤੇ ਜੀਵਨ ਸੰਘਰਸ਼ ਦੀ ਗਾਥਾ ਦਾ ਬ੍ਰਿਤਾਂਤ ਪੇਸ਼ ਕਰਦਾ ਹੈ, ਸਾਡੇ ਸਮਾਜ ਲਈ ਸੋਚਣ ਵਾਸਤੇ ਅਨੇਕਾਂ ਸਵਾਲ ਛੱਡ ਜਾਂਦਾ ਹੈ। ਇਹ ਨਾਟਕ ਸਿਰਫ ਸਮਾਜਿਕ ਵਿਤਕਰੇ ਦੀ ਹੀ ਬਾਤ ਨਹੀਂ ਪਾਉਂਦਾ, ਸਗੋਂ ਧਰਮ ਵਿੱਚ ਫੈਲੇ ਜਾਤ ਅਧਾਰਿਤ ਵਿਤਕਰੇ 'ਤੇ ਵੀ ਕਰਾਰੀ ਚੋਟ ਕਰਦਾ ਹੈ। ਡਾ. ਸਾਹਿਬ ਸਿੰਘ ਆਪਣੀ ਇਸ ਇਤਿਹਸਾਕ ਪੇਸ਼ਕਾਰੀ ਲਈ ਵਧਾਈ ਦੇ ਪਾਤਰ ਹਨ।

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਵਲੋਂ ਬੇਸ਼ੱਕ ਪਿਛਲੇ 17 ਸਾਲ ਤੋਂ ਲਾਗਾਤਾਰ ਹਰ ਸਾਲ ਨਾਟਕ ਮੇਲੇ ਕਰਾਏ ਜਾਂਦੇ ਰਹੇ ਹਨ। ਜਿਨ੍ਹਾਂ ਨੂੰ ਦਰਸ਼ਕ ਹਮੇਸ਼ਾਂ ਭਰਵਾਂ ਸਹਿਯੋਗ ਦਿੰਦੇ ਹਨ। ਪਰ ਇਸ ਵਾਰ ਦੇ 3 ਨਾਟਕ ਦਰਸ਼ਕਾਂ 'ਤੇ ਆਪਣੀ ਅਮਿੱਟ ਛਾਪ ਛੱਡਣ ਵਿੱਚ ਬਾਖ਼ੂਬੀ ਕਾਮਯਾਬ ਰਹੇ। ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੀ ਟੀਮ ਨਾ ਸਿਰਫ ਕੈਲਗਰੀ, ਸਗੋਂ ਪੰਜਾਬ ਤੋਂ ਬਾਹਰ ਜਿੱਥੇ ਵੀ ਪੰਜਾਬੀ ਵੱਸਦੇ ਹਨ, ਉਨ੍ਹਾਂ ਵਿੱਚੋਂ ਸਭ ਤੋਂ ਵਿਲੱਖਣ ਅਤੇ ਮੰਝੇ ਹੋਏ ਕਲਾਕਾਰਾਂ ਦੀ ਟੀਮ ਸਾਬਿਤ ਹੋਈ ਹੈ। ਜੋ ਪਿਛਲੇ ਦੋ ਦਹਾਕਿਆਂ ਤੋਂ ਲਗਾਤਾਰ ਬਿਨਾਂ ਨਾਗ੍ਹਾ ਆਪਣੀਆਂ ਲੋਕ-ਪੱਖੀ ਅਤੇ ਸਮਾਜ ਨੂੰ ਸਮਰਪਿਤ ਭਾਵਨਾ ਵਾਲ਼ੀਆਂ ਪੇਸ਼ਕਾਰੀਆਂ ਕਰ ਰਹੀ ਹੈ।

ਪਿਛਲੇ ਕੁਝ ਸਾਲਾਂ ਤੋਂ ਸਾਡਾ ਕਨੇਡੀਅਨ ਪੰਜਾਬੀ ਭਾਈਚਾਰਾ ਅਨੇਕਾਂ ਸਮੱਸਿਆਵਾਂ ਨਾਲ਼ ਜੂਝ ਰਿਹਾ ਹੈ। ਜਿਨ੍ਹਾਂ ਵਿੱਚੋਂ ਗੈਂਗਵਾਰ, ਗੈਰ-ਕਨੂੰਨੀ ਨਸ਼ਿਆਂ ਦੀ ਸਮਗਲਿੰਗ, ਨੌਜਵਾਨਾਂ ਵਿੱਚ ਨਸ਼ਿਆਂ ਦੀ ਵੱਧਦੀ ਆਦਤ ਅਤੇ ਬਿਜਨੈਸਮੈਨਾਂ ਤੋਂ ਫਿਰੌਤੀਆਂ ਮੰਗਣ ਆਦਿ ਪ੍ਰਮੁੱਖ ਹਨ। ਅਜਿਹੀਆਂ ਹੀ ਸਮੱਸਿਆਵਾਂ ਨਾਲ਼ ਜੂਝ ਰਹੇ ਨੌਜਵਾਨਾਂ ਅਧਾਰਿਤ ਨਾਟਕ 'ਕੋਈ ਮੋੜ ਲਿਆਵੋ ਨੀ' ਦੀ ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੇ 16 ਕਲਾਕਾਰਾਂ ਵਲੋਂ ਡਾ. ਸਾਹਿਬ ਸਿੰਘ ਦੀ ਨਿਰਦੇਸ਼ਨਾ ਹੇਠ ਬੇਹੱਦ ਖ਼ੂਬਸੂਰਤ, ਪ੍ਰਭਾਵਸ਼ਾਲੀ ਅਤੇ ਸੰਵੇਦਨਸ਼ੀਲ ਪੇਸ਼ਕਾਰੀ ਕੀਤੀ। ਇਸ ਨਾਟਕ ਦਾ ਬੇਹੱਦ ਸਰਾਹਨਾਯੋਗ ਪਹਿਲੂ ਇਹ ਵੀ ਸੀ ਕਿ ਇਸ ਵਿੱਚ ਡਾ. ਸਾਹਿਬ ਸਿੰਘ ਨੇ ਲਾਈਟ ਅਤੇ ਸਾਊਂਡ ਦੇ ਨਾਲ਼-ਨਾਲ਼ ਪੰਜਾਬੀ ਦੀ ਲੋਕ-ਧਾਰਾ ਦੇ ਗੀਤ-ਸੰਗੀਤ ਨੂੰ ਕਮਾਲ ਦੇ ਸੂਖਮ ਢੰਗ ਨਾਲ਼ ਪੇਸ਼ ਕੀਤਾ।

ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੇ 22 ਛੋਟੇ-ਛੋਟੇ ਬੱਚਿਆਂ ਤੋਂ ਲੈ ਕੇ ਟੀਨ ਏਜ਼ ਨੌਜਵਾਨਾਂ ਅਧਾਰਿਤ ਖ਼ੂਬਸੂਰਤ ਪੇਸ਼ਕਾਰੀ 'ਅਸੀਂ ਫੁੱਲਾਂ ਜੇਹੇ' ਸੀ। ਜਿਸ ਵਿੱਚ ਬੱਚਿਆਂ ਨੇ ਪੰਜਾਬ ਤੋਂ ਆਏ ਮਾਪਿਆਂ ਅਤੇ ਕਨੇਡੀਅਨ ਜੰਮਪਲ ਬੱਚਿਆਂ ਦੇ ਮਸਲਿਆਂ, ਜਨਰੇਸ਼ਨ ਗੈਪ ਅਤੇ ਸੋਚ ਦੇ ਫਰਕ ਨੂੰ ਬਹੁਤ ਸੂਖਸ਼ਮ ਢੰਗ ਨਾਲ਼ ਪੇਸ਼ ਕੀਤਾ। ਇਹ ਪ੍ਰੋਗਰੈਸਿਵ ਕਲਾ ਮੰਚ ਅਤੇ ਡਾ ਸਾਹਿਬ ਦਾ ਨਿਵੇਕਲਾ ਯਤਨ ਸੀ। ਜਿਸ ਰਾਹੀਂ ਬੱਚਿਆਂ ਨੇ ਛੋਟੇ-ਛੋਟੇ ਡਾਇਲਾਗਾਂ ਰਾਹੀਂ ਅਨੇਕਾਂ ਸੁਨੇਹੇ ਦਰਸ਼ਕਾਂ ਦੇ ਸੋਚਣ ਲਈ ਛੱਡੇ। ਨਾਟਕ ਮੇਲੇ ਤੋਂ ਬਾਅਦ ਸਾਰੇ ਕਲਾਕਾਰਾਂ, ਪ੍ਰਬੰਧਕਾਂ ਅਤੇ ਵਲੰਟਰੀਅਜ਼ ਦੀ ਇੱਕ ਸੰਖੇਪ ਰਿਵੀਊ ਮਿਲਣੀ ਵਿੱਚ ਜਦੋਂ ਨਾਟਕਾਂ ਬਾਰੇ ਪੁੱਛਿਆ ਗਿਆ ਕਿ ਤੁਹਾਨੂੰ ਸਭ ਤੋਂ ਵਧੀਆ ਨਾਟਕ ਕਿਹੜਾ ਲੱਗਾ ਤਾਂ ਬਹੁ-ਗਿਣਤੀ ਨੇ ਬੱਚਿਆਂ ਦੇ ਨਾਟਕ ਦੇ ਹੱਕ ਵਿੱਚ ਵਿਚਾਰ ਦਿੱਤੇ। ਇਹ ਕਲਾ ਮੰਚ ਲਈ ਬੜੇ ਮਾਣ ਦੀ ਗੱਲ ਹੈ ਕਿ ਉਹ ਨਵੀਂ ਪਨੀਰੀ ਨੂੰ ਪੰਜਾਬੀ ਨਾਟਕ ਕਲਾ ਨਾਲ਼ ਜੋੜਨ ਵਿੱਚ ਸਫਲ ਰਹੇ।

ਤਿੰਨੋਂ ਨਾਟਕ ਆਪਣੇ ਆਪ ਵਿੱਚ ਵਿਲੱਖਣ ਅਤੇ ਵੱਖ-ਵੱਖ ਵਿਸ਼ਿਆਂ ਨਾਲ਼ ਸਬੰਧਤ ਸਨ। ਪਰ ਕੁਝ ਗੱਲਾਂ ਸਭ ਵਿੱਚ ਸਾਂਝੀਆਂ ਸਨ ਕਿ ਸਾਰੇ ਨਾਟਕ ਲੋਕ-ਪੱਖੀ ਸੁਨੇਹਾ ਦੇਣ, ਛੋਟੇ-ਛੋਟੇ ਡਾਇਲਾਗਾਂ ਰਾਹੀਂ ਦਰਸ਼ਕਾਂ ਲਈ ਸੋਚਣ ਵਾਸਤੇ ਸਵਾਲ ਛੱਡਣ ਅਤੇ ਕਲਾਕਾਰ ਆਪਣੀ ਨਾਟਕ ਕਲਾ ਦਾ ਪ੍ਰਭਾਵ ਛੱਡਣ ਵਿੱਚ ਕਾਮਯਾਬ ਰਹੇ।

ਨਾਟਕ ਮੇਲੇ ਦੀ ਸ਼ੁਰੂਆਤ ਬਰੈਂਪਟਨ ਤੋਂ ਛਪਦੇ ਮਾਸਿਕ ਨਿਊਜ਼ ਮੈਗਜੀਨ 'ਸਰੋਕਾਰਾਂ ਦੀ ਆਵਾਜ਼' ਦੇ ਮੁੱਖ ਸੰਪਾਦਕ ਹਰਬੰਸ ਸਿੰਘ ਦੇ ਪਿਛਲੇ ਦਿਨੀਂ ਅਚਾਨਕ ਸਦੀਵੀ ਵਿਛੋੜਾ ਦੇਣ 'ਤੇ ਉਨ੍ਹਾਂ ਨੂੰ ਇੱਕ ਮਿੰਟ ਦੀ ਸ਼ਰਧਾਜਲੀ ਦੇਣ ਨਾਲ਼ ਹੋਈ। ਮਾਸਟਰ ਭਜਨ ਸਿੰਘ ਵਲੋਂ ਨਾਟਕ ਮੇਲੇ ਦਾ ਸਟੇਜ ਸੰਚਾਲਨ ਕਰਦੇ ਹੋਏ, ਹਰਬੰਸ ਸਿੰਘ ਦੀਆਂ ਸਮਾਜ ਪ੍ਰਤੀ ਲੋਕਪੱਖੀ ਸੇਵਾਵਾਂ ਦੀ ਸ਼ਲਾਘਾ ਕੀਤੀ। ਇਸੇ ਤਰ੍ਹਾਂ ਨਾਟਕ ਮੇਲੇ ਦੌਰਾਨ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਲੰਬਾ ਸਮਾਂ ਪ੍ਰਧਾਨ ਰਹੇ ਕਾਮਰੇਡ ਜੀਤ ਇੰਦਰ ਪਾਲ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ, ਜੋ ਕਿ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦੇ ਜੀਵਨ ਅਧਾਰਿਤ ਸਰਗਰਮੀਆਂ ਦਾ ਸਲਾਈਡ ਸ਼ੋਅ ਦਰਸ਼ਕਾਂ ਨਾਲ਼ ਸਾਂਝਾ ਕੀਤਾ ਗਿਆ ਅਤੇ ਕਮਲਪ੍ਰੀਤ ਪੰਧੇਰ ਨੇ ਉਨ੍ਹਾਂ ਦੇ ਜੀਵਨ ਦੀਆਂ ਕੁਝ ਯਾਦਾਂ ਦਰਸ਼ਕਾਂ ਨਾਲ਼ ਸਾਂਝੀਆਂ ਕੀਤੀਆਂ।

ਇਸ ਮੌਕੇ 'ਤੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਵਲੋਂ ਡਾ. ਸਾਹਿਬ ਸਿੰਘ, ਕਲਾਕਾਰ ਬਲਜਿੰਦਰ (ਬੌਬੀ) ਢਿੱਲੋਂ ਤੇ ਉਨ੍ਹਾਂ ਦੀ ਪਤਨੀ ਅਤੇ ਕਲਾਕਾਰ ਹਰਪ੍ਰੀਤ ਕੌਰ ਤੇ ਉਨ੍ਹਾਂ ਦੇ ਪਤੀ ਦਾ ਸਮਾਜ ਅਤੇ ਨਾਟਕ ਕਲਾ ਪ੍ਰਤੀ ਸਮਰਪਨ ਭਾਵਨਾ ਲਈ ਵਿਸ਼ੇਸ਼ ਸਨਮਾਨ ਕੀਤਾ ਗਿਆ। ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਵਲੋਂ ਆਪਣੀਆਂ ਪਿਛਲੇ ਕਈ ਦਹਾਕਿਆਂ ਦੀਆਂ ਸਰਗਰਮੀਆਂ ਅਤੇ ਡਾ. ਸਾਹਿਬ ਵਲੋਂ ਪਿਛਲੇ ਸਾਲਾਂ ਵਿੱਚ ਖੇਡੇ ਗਏ 3 ਨਾਟਕਾਂ ਅਧਾਰਿਤ ਪੁਸਤਕ 'ਬੇਸਮੈਂਟ 'ਚ ਤਰੇੜ ਹੈ' ਰਿਲੀਜ਼ ਕੀਤੀ ਗਈ।

ਪ੍ਰਬੰਧਕਾਂ ਵਲੋਂ ਆਏ ਹੋਏ ਦਰਸ਼ਕਾਂ, ਸਪੌਂਸਰਾਂ, ਮੀਡੀਆ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ ਜੋ ਹਮੇਸ਼ਾਂ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀਆਂ ਹਰ ਤਰ੍ਹਾਂ ਦੀਆਂ ਸਰਗਰਮੀਆਂ ਵਿੱਚ ਸਹਿਯੋਗ ਕਰਦੇ ਹਨ। ਇਸ ਮੌਕੇ 'ਤੇ ਹਾਜ਼ਰ ਦਰਸ਼ਕਾਂ ਵਲੋਂ ਪ੍ਰਬੰਧਕਾਂ ਨਾਲ਼ ਮਾਇਕ ਸਹਿਯੋਗ ਕਰਨ ਲਈ ਟਿਕਟਾਂ ਖਰੀਦਣ ਤੋਂ ਇਲਾਵਾ ਦਿਲ ਖੋਲ੍ਹ ਕਿ ਮਾਇਕ ਸਹਾਇਤ ਕੀਤੀ ਗਈ। ਜਿਸ ਲਈ ਪ੍ਰਬੰਧਕਾਂ ਵਲੋਂ ਸਭ ਸਹਿਯੋਗੀਆਂ ਦਾ ਦਿਲੋਂ ਧੰਨਵਾਦ ਕੀਤਾ ਗਿਆ।

ਬੇਸ਼ੁਮਾਰ ਬਗ਼ਾਵਤਾਂ ਅਤੇ ਬੁਨਿਆਦੀ ਸਵਾਲ

ਸਤੇਂਦਰ ਰੰਜਨ, ਸੀਨੀਅਰ ਪੱਤਰਕਾਰ
ਅਨੁ.: ਬੂਟਾ ਸਿੰਘ ਮਹਿਮੂਦਪੁਰ

ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਹਾਲ ਹੀ ਵਿੱਚ ਆਪਣੀ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਲਿਖਿਆ—"ਜੂਨ ਵਿੱਚ ਹੋਏ ਸੀ.ਜੇ.ਪੀ. ਮੁਜ਼ਾਹਰਿਆਂ ਨੇ ਮੁਲਕ ਵਿੱਚ ਬੇਸ਼ੁਮਾਰ ਛੋਟੀਆਂ-ਵੱਡੀਆਂ ਬਗ਼ਾਵਤਾਂ ਨੂੰ ਜਨਮ ਦਿੱਤਾ ਹੈ। (ਮੁੱਖ ਚੋਣ ਕਮਿਸ਼ਨਰ) ਗਿਆਨੇਸ਼ ਕੁਮਾਰ ਵੱਲੋਂ ਕੀਤੀ ਗਈ 'ਵੋਟ ਚੋਰੀ' ਹੁਣ ਆਜ਼ਾਦੀ ਤੋਂ ਬਾਅਦ ਭਾਰਤ ਦਾ ਸਭ ਤੋਂ ਵੱਡਾ ਮੁੱਦਾ ਬਣ ਗਈ ਹੈ। ਇਹ ਸਾਡੇ ਲੋਕਤੰਤਰ ਦੀ ਜੜ੍ਹ ਉੱਤੇ ਸੱਟ ਮਾਰਦੀ ਹੈ। ਆਪਣੇ 'ਤੋਤੇ' ਗਿਆਨੇਸ਼ ਨੂੰ ਬਚਾਉਣ ਲਈ ਮੁਜ਼ਾਹਰਿਆਂ ਨੂੰ ਦਬਾਉਣ ਦੀਆਂ ਸਰਕਾਰ ਦੀਆਂ ਕੋਸ਼ਿਸ਼ਾਂ ਪੁੱਠੀਆਂ ਪੈ ਰਹੀਆਂ ਹਨ। ਇਸ ਨਾਲ ਲੋਕਾਂ ਦਾ ਗੁੱਸਾ ਹੋਰ ਵਧ ਰਿਹਾ ਹੈ, ਜੋ ਹੁਣ ਉਬਾਲੇ ਮਾਰ ਰਿਹਾ ਹੈ।

ਦਰਅਸਲ, ਭੂਸ਼ਣ ਨੇ ਅੰਗਰੇਜ਼ੀ ਵਿੱਚ ਲਿਖੀ ਇਸ ਪੋਸਟ ਵਿੱਚ 'million mutinies in the country' ਲਿਖਿਆ ਸੀ, ਜਿਸ ਦਾ ਅਨੁਵਾਦ ਅਸੀਂ 'ਬੇਸ਼ੁਮਾਰ ਛੋਟੀਆਂ-ਵੱਡੀਆਂ ਬਗ਼ਾਵਤਾਂ' ਵਜੋਂ ਕੀਤਾ ਹੈ। ਸੰਭਵ ਹੈ ਕਿ ਉਨ੍ਹਾਂ ਨੇ ਇਹ ਉਪਮਾ ਮਸ਼ਹੂਰ ਲੇਖਕ ਵੀ. ਐੱਸ. ਨਾਇਪਾਲ ਦੀ ਕਿਤਾਬ 1 Million Mutinies Now ਤੋਂ ਲਈ ਹੋਵੇ। ਇਹ ਕਿਤਾਬ ਨਾਇਪਾਲ ਦੀ ਭਾਰਤ ਬਾਰੇ ਤਿੰਨ ਕਿਤਾਬਾਂ ਦੀ ਲੜੀ ਦੀ ਆਖ਼ਰੀ ਰਚਨਾ ਹੈ, ਜੋ 1990 ਵਿੱਚ ਪ੍ਰਕਾਸ਼ਿਤ ਹੋਈ ਸੀ।

ਨਾਇਪਾਲ ਦੀ A Million Mutinies Now ਦਾ ਸਾਰ ਇਹ ਹੈ ਕਿ ਭਾਰਤ ਦੀ ਸਤਹ ਉੱਤੇ ਦਿਖਾਈ ਦਿੰਦੀ ਹਲਚਲ ਅਤੇ ਉਥਲ-ਪੁਥਲ ਕਿਸੇ ਆਉਣ ਵਾਲੀ ਤਬਾਹੀ ਦਾ ਸੰਕੇਤ ਨਹੀਂ, ਸਗੋਂ ਇੱਕ "ਬੌਧਿਕ ਅਤੇ ਸਮਾਜਿਕ ਜਾਗ੍ਰਿਤੀ" ਦਾ ਨਤੀਜਾ ਹੈ। ਇਹ ਛੋਟੀਆਂ-ਛੋਟੀਆਂ ਬਗ਼ਾਵਤਾਂ ਦਾ ਅਜਿਹਾ ਮਹਾਂਸਾਗਰ ਹੈ, ਜੋ ਆਖ਼ਿਰਕਾਰ ਭਾਰਤ ਨੂੰ ਆਪਣੀ ਅਸਲ ਪਛਾਣ ਅਤੇ ਆਜ਼ਾਦੀ ਵੱਲ ਲੈ ਕੇ ਜਾ ਰਿਹਾ ਹੈ।

ਨਾਇਪਾਲ ਨੇ ਇਹ ਕਿਤਾਬ 1980ਵਿਆਂ ਵਿੱਚ ਭਾਰਤ ਦੀ ਯਾਤਰਾ ਕਰਨ ਤੋਂ ਬਾਅਦ ਲਿਖੀ ਸੀ। ਇੱਥੇ ਘੁੰਮਦਿਆਂ ਉਸ ਨੂੰ ਅਹਿਸਾਸ ਹੋਇਆ ਕਿ ਆਜ਼ਾਦੀ ਤੋਂ ਬਾਅਦ ਦਾ ਭਾਰਤ ਹੁਣ ਅਜਿਹੇ ਦੌਰ ਵਿੱਚ ਪਹੁੰਚ ਗਿਆ ਹੈ, ਜਿੱਥੇ ਸਮਾਜ ਦੇ ਹਰ ਹਿੱਸੇ ਵਿੱਚ ਛੋਟੀਆਂ-ਛੋਟੀਆਂ ਬਗ਼ਾਵਤਾਂ ਅਤੇ ਅਸੰਤੋਖ ਦਿਖਾਈ ਦਿੰਦੇ ਹਨ। ਪਰ ਇਹ ਬਗ਼ਾਵਤਾਂ ਕਿਸੇ ਵੱਡੀ ਇਨਕਲਾਬੀ ਲਹਿਰ ਵਰਗੀਆਂ ਨਹੀਂ ਹਨ, ਸਗੋਂ ਜਾਤ, ਧਰਮ, ਭਾਸ਼ਾ, ਖੇਤਰ, ਸਿਆਸਤ ਅਤੇ ਨਿੱਜੀ ਤਾਂਘਾਂ ਨਾਲ ਜੁੜੇ ਸੰਘਰਸ਼ ਹਨ। ਨਾਇਪਾਲ ਨੇ ਇਸ ਨੂੰ ਭਾਰਤ ਦੇ ਬਦਲ ਰਹੇ ਸਮਾਜ ਦਾ ਪ੍ਰਤੀਕ ਮੰਨਿਆ—ਜਿੱਥੇ ਲੋਕ ਹੁਣ ਚੁੱਪ ਨਹੀਂ ਰਹਿੰਦੇ, ਸਗੋਂ ਆਪਣੀ ਪਛਾਣ ਅਤੇ ਹੱਕਾਂ ਲਈ ਆਵਾਜ਼ ਉਠਾਉਂਦੇ ਹਨ।

ਪ੍ਰਸੰਗ ਨੂੰ ਸਮਝਣ ਲਈ ਇਹ ਜ਼ਿਕਰ ਕਰਨਾ ਢੁੱਕਵਾਂ ਹੋਵੇਗਾ ਕਿ ਨਾਇਪਾਲ ਦਰਅਸਲ ਫ਼ਿਰਕੇ, ਜਾਤ, ਖੇਤਰ ਅਤੇ ਭਾਸ਼ਾ ਦੀ ਪਛਾਣ ਉਭਾਰ ਰਹੀਆਂ ਸਰਗਰਮੀਆਂ ਤੋਂ ਪ੍ਰਭਾਵਿਤ ਸਨ, ਜਿਨ੍ਹਾਂ ਨੂੰ ਭਾਰਤੀ ਨਵਜਾਗਰਣ ਦੇ ਦੌਰ ਵਿੱਚ ਸੌੜੀਆਂ ਅਤੇ ਭਾਰਤ ਦੀ ਕੌਮੀ ਏਕਤਾ ਲਈ ਚੁਣੌਤੀ ਸਮਝਿਆ ਜਾਂਦਾ ਸੀ। ਉਹ ਨਹਿਰੂਵਾਦੀ ਨੀਤੀਆਂ ਅਤੇ ਭਾਰਤੀ ਧਰਮ-ਨਿਰਪੱਖਤਾ ਦੇ ਸਖ਼ਤ ਆਲੋਚਕ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਭਾਰਤ ਵਿੱਚ ਧਰਮ-ਨਿਰਪੱਖਤਾ ਨੂੰ ਅਕਸਰ ਇਤਿਹਾਸਕ ਸੱਚਾਈਆਂ ਅਤੇ ਮੱਧਕਾਲੀ (ਯਾਨੀ ਮੁਸਲਿਮ) ਹਮਲਿਆਂ ਦੇ ਜ਼ਖ਼ਮਾਂ ਨੂੰ ਲੁਕਾਉਣ ਦੇ ਸਿਆਸੀ ਹੱਥਕੰਡੇ ਵਜੋਂ ਵਰਤਿਆ ਗਿਆ। ਆਪਣੀ ਇਸੇ ਸੋਚ ਦੇ ਆਧਾਰ ਉੱਤੇ ਨਾਇਪਾਲ ਨੇ ਬਾਬਰੀ ਮਸਜਿਦ ਨੂੰ ਢਾਹੁਣ ਲਈ ਚੱਲੇ ਰਾਮ ਜਨਮਭੂਮੀ ਅੰਦੋਲਨ ਨੂੰ ਭਾਰਤ ਵਿੱਚ ਇੱਕ ਇਤਿਹਾਸਕ ਸੱਭਿਆਚਾਰਕ ਜਾਗ੍ਰਿਤੀ ਵਜੋਂ ਦੇਖਿਆ।

ਇਸ ਨਜ਼ਰੀਏ ਤੋਂ ਸਮਝਿਆ ਜਾਵੇ ਤਾਂ ਨਰਿੰਦਰ ਮੋਦੀ ਦਾ ਰਾਜ ਉਸ ਕਥਿਤ "ਇਤਿਹਾਸਕ ਸੱਭਿਆਚਾਰਕ ਜਾਗ੍ਰਿਤੀ" ਦਾ ਠੋਸ ਨਤੀਜਾ ਹੈ। ਯਾਨੀ ਅੱਜ ਮੁਲਕ ਜਿੱਥੇ ਖੜ੍ਹਾ ਹੈ, ਉਹ 1980-90ਵਿਆਂ ਦੀਆਂ 'ਬੇਸ਼ੁਮਾਰ ਬਗ਼ਾਵਤਾਂ' ਦਾ ਨਤੀਜਾ ਹੈ। ਪਰ ਹੁਣ ਜਿਨ੍ਹਾਂ 'ਬੇਸ਼ੁਮਾਰ ਬਗ਼ਾਵਤਾਂ' ਦੀ ਗੱਲ ਹੋ ਰਹੀ ਹੈ, ਉਹ ਦਰਅਸਲ ਉਨ੍ਹਾਂ ਨਤੀਜਿਆਂ ਨਾਲ ਬਣੀ ਜਕੜ ਵਿੱਚੋਂ ਨਿਕਲਣ ਦੀ ਜੱਦੋਜਹਿਦ ਦੀਆਂ ਮਿਸਾਲਾਂ ਹਨ।

ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਹਾਲ ਹੀ ਵਿੱਚ ਇਨ੍ਹਾਂ 'ਛੋਟੀਆਂ-ਮੋਟੀਆਂ ਬਗ਼ਾਵਤਾਂ' ਨੂੰ ਸਾਂਝਾ ਮੰਚ ਮੁਹੱਈਆ ਕਰਨ ਦੀ ਇੱਕ ਸ਼ਲਾਘਾਯੋਗ ਪਹਿਲ ਕੀਤੀ। ਸਤਿਆਗ੍ਰਹਿ ਵੈੱਬਸਾਈਟ ਦੀ ਸ਼ੁਰੂਆਤ ਕਰਦਿਆਂ ਉਨ੍ਹਾਂ ਨੇ ਲਿਖਿਆ: "ਮੁਲਕ ਭਰ ਵਿੱਚ ਲੋਕ ਆਪਣੇ ਹੱਕਾਂ ਲਈ ਲੜ ਰਹੇ ਹਨ—ਅਤੇ ਅਕਸਰ ਇਕੱਲੇ ਲੜ ਰਹੇ ਹਨ। ਜੈਨ ਜ਼ੈੱਡ, ਵਿਦਿਆਰਥੀ, ਕਿਸਾਨ, ਆਦਿਵਾਸੀ, ਦਲਿਤ, ਔਰਤਾਂ—ਹਰ ਸੰਘਰਸ਼ ਦੀ ਆਪਣੀ ਕਹਾਣੀ ਹੈ। ਪਰ ਜਿਹੜੀ ਆਵਾਜ਼ ਇਕੱਲੀ ਉੱਠਦੀ ਹੈ, ਉਹ ਅਕਸਰ ਦੱਬ ਜਾਂਦੀ ਹੈ। 'ਸਤਿਆਗ੍ਰਹਿ' ਇਨ੍ਹਾਂ ਆਵਾਜ਼ਾਂ ਨੂੰ ਇੱਕ ਨਕਸ਼ੇ ਉੱਤੇ ਇਕੱਠੀਆਂ ਕਰਨ ਦੀ ਪਹਿਲ ਹੈ। ਬਾਪੂ ਨੇ ਇਹੀ ਸਿਖਾਇਆ ਸੀ—ਸੱਚ ਸਭ ਤੋਂ ਵੱਡਾ ਹਥਿਆਰ ਹੈ। ਪਰ ਉਸ ਤੋਂ ਵੀ ਵੱਡਾ ਹਥਿਆਰ ਹੈ, ਇਕਜੁੱਟ ਹੋ ਕੇ ਸੱਚ ਦੇ ਨਾਲ ਖੜ੍ਹਨਾ। ਜੇ ਤੁਸੀਂ ਵੀ ਕਿਸੇ ਬੇਇਨਸਾਫ਼ੀ ਵਿਰੁੱਧ ਲੜ ਰਹੇ ਹੋ—ਆਪਣੀ ਕਹਾਣੀ ਭੇਜੋ। ਦੋ ਮਿੰਟ ਲੱਗਣਗੇ। ਤੁਹਾਡੀ ਕਹਾਣੀ ਨਕਸ਼ੇ ਉੱਤੇ ਆਵੇਗੀ। ਤੁਸੀਂ ਦੇਖੋਗੇ ਕਿ ਤੁਹਾਡੇ ਵਾਂਗ ਹੋਰ ਕੌਣ-ਕੌਣ ਲੜ ਰਿਹਾ ਹੈ। ਅਤੇ ਮੈਂ ਜੋ ਕਰ ਸਕਦਾ ਹਾਂ, ਕਰਾਂਗਾ—ਸੰਸਦ ਵਿੱਚ, ਸੜਕ ਉੱਤੇ, ਚਿੱਠੀ ਲਿਖ ਕੇ, ਜਿੱਥੇ ਵੀ ਮੇਰੀ ਲੋੜ ਹੋਵੇ, ਉੱਥੇ ਤੁਹਾਡੇ ਨਾਲ ਖੜ੍ਹ ਕੇ—ਵਿਰੋਧੀ ਧਿਰ ਦੇ ਆਗੂ ਵਜੋਂ ਇਹ ਮੇਰੀ ਜ਼ਿੰਮੇਵਾਰੀ ਹੈ। ਆਪਣੇ ਸਤਿਆਗ੍ਰਹਿ ਦੀ ਕਹਾਣੀ ਮੈਨੂੰ ਇੱਥੇ ਦੱਸੋ।

ਇਸ ਪਹਿਲ ਦੀ ਸ਼ੁਰੂਆਤ ਤੋਂ ਤਿੰਨ (ਮੂਲ ਪਾਠ ਵਿੱਚ ਸਮੇਂ ਦੀ ਇਕਾਈ ਨਹੀਂ ਦਿੱਤੀ ਗਈ) ਦੇ ਅੰਦਰ 'ਸਤਿਆਗ੍ਰਹਿ' ਵੈੱਬਸਾਈਟ ਉੱਤੇ ਸੰਘਰਸ਼ਾਂ (ਜਾਂ ਸਮੱਸਿਆਵਾਂ) ਦੀਆਂ 30 ਹਜ਼ਾਰ ਤੋਂ ਵੱਧ ਕਹਾਣੀਆਂ ਦਰਜ ਕਰਵਾਈਆਂ ਗਈਆਂ। ਉਨ੍ਹਾਂ ਵਿੱਚ ਸਭ ਤੋਂ ਵੱਧ ਗਿਣਤੀ ਸਿੱਖਿਆ, ਭ੍ਰਿਸ਼ਟਾਚਾਰ, ਜਾਤੀ ਵਿਤਕਰੇ, ਸਿਹਤ ਸੇਵਾਵਾਂ, ਕਿਰਤ ਹੱਕਾਂ ਅਤੇ ਕਿਸਾਨਾਂ ਨਾਲ ਜੁੜੇ ਮੁੱਦਿਆਂ ਦੀ ਸੀ। ਇਨ੍ਹਾਂ ਨਾਲ ਸਬੰਧਤ ਹਜ਼ਾਰਾਂ ਇੰਦਰਾਜ ਆਏ। ਜਦਕਿ "ਵੋਟ ਚੋਰੀ" ਨਾਲ ਜੁੜੇ ਜਿਸ ਸੰਘਰਸ਼ ਨੂੰ ਪ੍ਰਸ਼ਾਂਤ ਭੂਸ਼ਣ ਨੇ "ਆਜ਼ਾਦੀ ਤੋਂ ਬਾਅਦ ਭਾਰਤ ਦਾ ਸਭ ਤੋਂ ਵੱਡਾ ਮੁੱਦਾ" ਦੱਸਿਆ ਹੈ, ਉਸ ਨਾਲ ਸਬੰਧਤ ਸਿਰਫ਼ 559 ਸ਼ਿਕਾਇਤਾਂ (ਸੱਤ ਅਕਤੂਬਰ ਨੂੰ ਦੁਪਹਿਰ ਇੱਕ ਵਜੇ ਤੱਕ) ਦਰਜ ਹੋਈਆਂ।

ਫਿਰ ਵੀ ਇਹ ਨਿਰਵਿਵਾਦ ਹੈ ਕਿ ਵੋਟ ਚੋਰੀ ਇੱਕ ਵੱਡਾ ਮੁੱਦਾ ਹੈ, ਜਿਸ ਨੇ ਭਾਰਤ ਦੇ ਸਿਆਸੀ ਤੌਰ ਉੱਤੇ ਜਾਗਰੂਕ ਤਬਕਿਆਂ ਨੂੰ ਝੰਜੋੜਿਆ ਹੈ। ਕਾਕਰੋਚ ਜਨਤਾ ਪਾਰਟੀ ਦੇ ਇਸ ਅੰਦੋਲਨ ਵਿੱਚ ਉਤਰਨ ਅਤੇ ਉਸ ਨੂੰ ਮਿਲੀ ਭਾਰੀ ਹਮਾਇਤ ਤੋਂ ਜ਼ਾਹਿਰ ਹੈ ਕਿ ਕੁਲੀਨ ਵਰਗ ਦੇ ਇੱਕ ਵੱਡੇ ਹਿੱਸੇ ਨੇ ਵੀ "ਚੋਣਾਂ ਨੂੰ ਕਾਬੂ ਹੇਠ ਕਰ ਲਏ ਜਾਣ" ਦੇ ਦੋਸ਼ ਨੂੰ ਗੰਭੀਰਤਾ ਨਾਲ ਲਿਆ ਹੈ। ਇਸੇ ਕਾਰਨ ਮੀਡੀਆ, ਸੋਸ਼ਲ ਮੀਡੀਆ ਅਤੇ ਆਮ ਚਰਚਾਵਾਂ ਵਿੱਚ ਇਹ ਸਵਾਲ ਸਭ ਤੋਂ ਅੱਗੇ ਬਣਿਆ ਹੋਇਆ ਹੈ।

ਇਨ੍ਹਾਂ ਦੇ ਨਾਲ ਜ਼ਮੀਨੀ ਸੰਘਰਸ਼ਾਂ ਨੂੰ ਵੀ ਜੋੜ ਕੇ ਦੇਖੀਏ, ਜਿਨ੍ਹਾਂ ਵਿੱਚੋਂ ਕਈਆਂ ਨੇ ਰਾਹੁਲ ਗਾਂਧੀ ਦੀ ਵੈੱਬਸਾਈਟ ਉੱਤੇ ਆਪਣੀ ਹਾਜ਼ਰੀ ਦਰਜ ਕਰਵਾਈ ਹੈ, ਤਾਂ ਬੇਸ਼ੱਕ ਇਸ ਸਮੇਂ ਮੁਲਕ ਵਿੱਚ ਮੌਜੂਦ ਬੇਚੈਨੀ ਦਾ ਅੰਦਾਜ਼ਾ ਲੱਗਦਾ ਹੈ। ਇਨ੍ਹਾਂ ਦੇ ਸਿੱਟੇ ਵਜੋਂ ਕਈ ਖੇਤਰਾਂ ਵਿੱਚ ਸਮਾਜਿਕ ਅਸਥਿਰਤਾ ਦੀ ਹਾਲਤ ਹੈ। ਆਰਥਿਕ ਦਬਾਅ ਅਤੇ ਉਸ ਕਾਰਨ ਪੈਦਾ ਹੋਏ ਸੰਘਰਸ਼ਾਂ ਦੀ ਕਹਾਣੀ ਤਾਂ ਲਗਭਗ ਪੂਰੇ ਮੁਲਕ ਵਿੱਚ ਸਾਕਾਰ ਹੁੰਦੀ ਦਿਖਾਈ ਦਿੰਦੀ ਹੈ। ਪਰ ਇਨ੍ਹਾਂ ਦਾ ਕੋਈ ਸਮੁੱਚਾ ਅਤੇ ਮੁਲਕ-ਵਿਆਪੀ ਪ੍ਰਭਾਵ ਅਜੇ ਤੱਕ ਉੱਭਰਦਾ ਨਜ਼ਰ ਨਹੀਂ ਆਇਆ।

ਇਸ ਸਬੰਧ ਵਿੱਚ ਵਲਾਦੀਮੀਰ ਇਲੀਚ ਲੈਨਿਨ ਦਾ ਉਹ ਕਥਨ ਅਕਸਰ ਯਾਦ ਆਉਂਦਾ ਹੈ, ਜਿਸ ਵਿੱਚ ਉਨ੍ਹਾਂ ਨੇ ਕਿਹਾ ਸੀ—"ਲੋਕ ਤਾਂ ਨਹੀਂ ਹਨ—ਪਰ ਲੋਕਾਂ ਦੀ ਵੱਡੀ ਭੀੜ ਹੈ" (There are no people– yet there is a mass of people)। ਇਸ ਪੂਰੇ ਕਥਨ ਦਾ ਸਾਰ ਸੀ—"ਜਨਤਾ ਬਹੁਤ ਹੈ, ਅਸੰਤੋਖ ਵੀ ਬਹੁਤ ਹੈ, ਪਰ ਅਗਵਾਈ ਨਹੀਂ ਹੈ। ਮਜ਼ਦੂਰ ਜਮਾਤ ਅਤੇ ਸਮਾਜ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਹਰ ਸਾਲ ਅਸੰਤੁਸ਼ਟ ਲੋਕ ਸਾਹਮਣੇ ਆਉਂਦੇ ਹਨ, ਜੋ ਵਿਰੋਧ ਕਰਨਾ ਚਾਹੁੰਦੇ ਹਨ ਅਤੇ ਨਿਰੰਕੁਸ਼ ਹਕੂਮਤ ਵਿਰੁੱਧ ਸੰਘਰਸ਼ ਵਿੱਚ ਮਦਦ ਦੇਣ ਲਈ ਤਿਆਰ ਹਨ। ਪਰ ਸਮੱਸਿਆ ਇਹ ਹੈ ਕਿ ਉਨ੍ਹਾਂ ਨੂੰ ਦਿਸ਼ਾ ਦੇਣ ਵਾਲੇ ਆਗੂ ਅਤੇ ਜਥੇਬੰਦਕਾਰ ਨਹੀਂ ਹਨ, ਜੋ ਸਾਰਿਆਂ ਦੀ ਤਾਕਤ ਨੂੰ ਇਕੱਠਾ ਕਰਕੇ ਇੱਕ ਜਥੇਬੰਦ ਅਤੇ ਤਾਲਮੇਲ ਵਾਲੀ ਲਹਿਰ ਬਣਾ ਸਕਣ।" (ਜਥੇਬੰਦੀ ਬਾਰੇ-On Organization)

ਇਸ ਕਥਨ ਦਾ ਭਾਵ ਇਹ ਵੀ ਸੀ ਕਿ ਜਥੇਬੰਦ ਕਰਨ ਦੇ ਸਮਰੱਥ ਅਗਵਾਈ ਅਤੇ ਯੁੱਧਨੀਤੀਕਾਰਾਂ ਦੀ ਘਾਟ ਕਾਰਨ ਇਨਕਲਾਬੀ ਲਹਿਰ ਦੀ ਊਰਜਾ ਖਿੰਡ ਜਾਂਦੀ ਹੈ ਅਤੇ ਉਸ ਦਾ ਪ੍ਰਭਾਵ ਸੀਮਤ ਰਹਿ ਜਾਂਦਾ ਹੈ। ਉਂਝ ਤਾਂ ਆਧੁਨਿਕ ਇਤਿਹਾਸ ਦੇ ਹਰ ਦੌਰ ਵਿੱਚ ਇਸ ਗੱਲ ਦੀ ਪੁਸ਼ਟੀ ਹੋਈ ਹੈ, ਪਰ ਖ਼ਾਸ ਕਰਕੇ 21ਵੀਂ ਸਦੀ ਵਿੱਚ ਇਸ ਦੀਆਂ ਮਿਸਾਲਾਂ ਭਰੀਆਂ ਪਈਆਂ ਹਨ। 2010ਵਿਆਂ ਦਾ ਦਹਾਕਾ ਦੁਨੀਆ ਭਰ ਵਿੱਚ ਵਿਸ਼ਾਲ ਲੋਕ ਲਹਿਰਾਂ ਦੇ ਉਭਾਰ ਦਾ ਦੌਰ ਰਿਹਾ। 2011 ਤਾਂ ਅਜਿਹਾ ਸਾਲ ਸੀ, ਜਦੋਂ ਅਮਰੀਕੀ ਰਸਾਲੇ ਟਾਈਮ ਨੇ ਆਪਣੀ ਸਾਲਾਨਾ ਰਵਾਇਤ ਅਨੁਸਾਰ "ਮੁਜ਼ਾਹਰਾਕਾਰੀ" ਨੂੰ "ਸਾਲ ਦੀ ਸ਼ਖ਼ਸੀਅਤ" ਐਲਾਨਿਆ। ਇਸ ਦਾ ਪ੍ਰਸੰਗ ਅਰਬ ਬਸੰਤ (ਟਿਊਨੀਸ਼ੀਆ, ਮਿਸਰ, ਲੀਬੀਆ, ਸੀਰੀਆ, ਬਹਿਰੀਨ ਆਦਿ ਵਿੱਚ ਲੋਕ ਬਗ਼ਾਵਤਾਂ), ਅਮਰੀਕਾ ਵਿੱਚ 'ਆਕਿਊਪਾਈ ਵਾਲ ਸਟ੍ਰੀਟ' ਅੰਦੋਲਨ, ਯੂਰਪ (ਖ਼ਾਸ ਕਰਕੇ ਯੂਨਾਨ ਅਤੇ ਸਪੇਨ) ਵਿੱਚ ਆਰਥਿਕ ਸੰਕਟ ਵਿਰੁੱਧ ਮੁਜ਼ਾਹਰਿਆਂ, ਭਾਰਤ ਵਿੱਚ ਅੰਨਾ ਅੰਦੋਲਨ ਅਤੇ ਮੈਕਸੀਕੋ ਤੇ ਕਈ ਹੋਰ ਮੁਲਕਾਂ ਵਿੱਚ ਵੱਖ-ਵੱਖ ਮੁੱਦਿਆਂ ਉੱਤੇ ਚੱਲੀਆਂ ਲੋਕ ਲਹਿਰਾਂ ਤੋਂ ਬਣਿਆ ਸੀ।

ਮਸ਼ਹੂਰ ਲੇਖਕ ਅਤੇ ਪੱਤਰਕਾਰ ਵਿਨਸੈਂਟ ਬੇਵਿਨਜ਼ ਨੇ ਉਨ੍ਹਾਂ ਲਹਿਰਾਂ ਦਾ ਲਗਭਗ ਇੱਕ ਦਹਾਕੇ ਤੱਕ ਅਧਿਐਨ ਕਰਨ ਤੋਂ ਬਾਅਦ If We Burn: The Mass Protest Decade and the Missing Revolution ਨਾਂ ਦੀ ਕਿਤਾਬ ਲਿਖੀ, ਜੋ 2023 ਵਿੱਚ ਪ੍ਰਕਾਸ਼ਿਤ ਹੋਈ। ਇਸ ਵਿੱਚ ਉਨ੍ਹਾਂ ਨੇ ਇਹੀ ਸਮਝਣ ਦੀ ਕੋਸ਼ਿਸ਼ ਕੀਤੀ ਹੈ ਕਿ 2010-20 ਦੀਆਂ ਆਲਮੀ ਲੋਕ ਲਹਿਰਾਂ ਢਾਂਚਾਗਤ ਤਬਦੀਲੀ ਵਿੱਚ ਕਿਉਂ ਨਹੀਂ ਬਦਲ ਸਕੀਆਂ? ਉਨ੍ਹਾਂ ਨੇ ਲਿਖਿਆ ਕਿ ਅਜਿਹੇ ਸੰਘਰਸ਼ਾਂ ਨਾਲ ਵੱਧ ਤੋਂ ਵੱਧ ਸਬੰਧਤ ਮੁਲਕ ਵਿੱਚ ਸਿਆਸੀ ਖ਼ਲਾਅ ਪੈਦਾ ਹੁੰਦਾ ਹੈ, ਪਰ ਇਹ ਥੋੜ੍ਹਚਿਰੀ ਜਾਂ ਅਸਥਾਈ ਘਟਨਾ ਬਣ ਕੇ ਰਹਿ ਜਾਂਦਾ ਹੈ। ਬੇਵਿਨਜ਼ ਨੇ ਲਿਖਿਆ ਹੈ:

"ਲੋਕ ਅੰਦੋਲਨਾਂ ਦੇ ਦਹਾਕੇ ਵਿੱਚ ਸੜਕਾਂ ਉੱਤੇ (ਲੋਕ ਰੋਹ ਦੇ) ਅਚਾਨਕ ਹੋਏ ਵਿਸਫੋਟਾਂ ਨੇ ਕਈ ਵਾਰ ਇਨਕਲਾਬੀ ਹਾਲਾਤ ਪੈਦਾ ਕੀਤੇ। ਪਰ ਸਾਧਾਰਨ ਰੋਸ ਮੁਜ਼ਾਹਰੇ ਅਜਿਹੇ ਹਾਲਾਤ ਦਾ ਲਾਹਾ ਲੈਣ ਲਈ ਬਹੁਤ ਕਮਜ਼ੋਰ ਸਾਬਤ ਹੁੰਦੇ ਹਨ ਅਤੇ ਇਸ ਤਰ੍ਹਾਂ ਦੇ ਰੋਸ ਮੁਜ਼ਾਹਰੇ ਇਸ ਮੋਰਚੇ ਉੱਤੇ ਨਾਕਾਮ ਰਹਿ ਜਾਂਦੇ ਹਨ। ਜੇ ਤੁਸੀਂ ਮੰਨਦੇ ਹੋ ਕਿ ਤੁਸੀਂ ਇੱਕ ਬਿਹਤਰ ਸਮਾਜ ਬਣਾ ਸਕਦੇ ਹੋ ਤਾਂ ਤੁਹਾਨੂੰ ਖ਼ੁਦ ਉਸ ਸਿਆਸੀ ਖ਼ਲਾਅ ਵਿੱਚ ਦਾਖ਼ਲ ਹੋਣਾ ਚਾਹੀਦਾ ਹੈ। ਪਰ ਵੱਖ-ਵੱਖ ਕਾਰਨਾਂ ਕਰਕੇ ਸੜਕਾਂ ਉੱਤੇ ਉਤਰੇ ਖਿੰਡੇ ਹੋਏ ਵਿਅਕਤੀਆਂ ਦੇ ਸਮੂਹ ਸਿੱਧੇ ਤੌਰ ਉੱਤੇ ਸੱਤਾ ਆਪਣੇ ਹੱਥਾਂ ਵਿੱਚ ਨਹੀਂ ਲੈ ਸਕਦੇ, ਘੱਟੋ-ਘੱਟ ਪੂਰੇ ਸਮੂਹ ਦੇ ਰੂਪ ਵਿੱਚ ਤਾਂ ਬਿਲਕੁਲ ਨਹੀਂ। ਜੇ ਕੋਈ ਵਿਅਕਤੀ-ਸਮੂਹ ਉਸ ਸਿਆਸੀ ਖ਼ਲਾਅ ਵਿੱਚ ਜਾ ਕੇ ਲੋਕਾਂ ਦੇ ਨਾਂ ਉੱਤੇ ਸੱਤਾ ਹਾਸਲ ਕਰਦਾ ਹੈ, ਤਾਂ ਉਹ ਇੱਕ ਕਿਸਮ ਦੇ ਮੋਹਰੀ ਦਸਤੇ ਦੀ ਭੂਮਿਕਾ ਨਿਭਾਉਂਦਾ ਹੈ, ਜੋ ਇੱਕ ਖ਼ਾਸ ਵਿਚਾਰਧਾਰਕ ਪ੍ਰਾਜੈਕਟ ਤੋਂ ਪ੍ਰੇਰਿਤ ਹੁੰਦਾ ਹੈ। ਕੁਝ ਆਦਰਸ਼ਵਾਦੀ, ਸੱਤਾ-ਵਿਰੋਧੀ ਵਿਚਾਰਧਾਰਾਵਾਂ ਵਿੱਚ ਇਹ ਮੰਨ ਲਿਆ ਗਿਆ ਕਿ ਉਥਲ-ਪੁਥਲ ਵਿੱਚੋਂ ਹੀ ਨਵਾਂ ਸਮਾਜ ਬਣ ਜਾਵੇਗਾ, ਪਰ ਹੁਣ ਤੱਕ ਅਜਿਹਾ ਨਹੀਂ ਹੋ ਸਕਿਆ।

ਭਾਵ ਇਹ ਹੈ ਕਿ ਸਿਰਫ਼ ਸੜਕ ਉੱਤੇ ਹੋਇਆ ਵਿਰੋਧ ਇਨਕਲਾਬ ਨੂੰ ਦਿਸ਼ਾ ਨਹੀਂ ਦੇ ਸਕਦਾ। ਸੱਤਾ ਆਪਣੇ ਹੱਥ ਵਿੱਚ ਲੈਣ ਲਈ ਜਥੇਬੰਦ ਅਗਵਾਈ ਅਤੇ ਵਿਚਾਰਧਾਰਕ ਪ੍ਰਾਜੈਕਟ ਦੀ ਲੋੜ ਹੁੰਦੀ ਹੈ। ਮਾਰਕਸਵਾਦੀ ਇਨਕਲਾਬ ਦੇ ਸਬੰਧ ਵਿੱਚ ਅਜਿਹੀ ਇੱਕ ਚਰਚਿਤ ਟਿੱਪਣੀ ਲੈਨਿਨ ਦੀ ਵੀ ਹੈ। ਉਨ੍ਹਾਂ ਨੇ ਕਿਹਾ ਸੀ—"ਅਕਸਰ ਕਿਹਾ ਜਾਂਦਾ ਹੈ ਕਿ ਮਜ਼ਦੂਰ ਜਮਾਤ ਸੁਭਾਵਿਕ ਤੌਰ ਉੱਤੇ ਸਮਾਜਵਾਦ ਵੱਲ ਖਿੱਚੀ ਜਾਂਦੀ ਹੈ। ਇਹ ਬਿਲਕੁਲ ਸਹੀ ਹੈ, ਕਿਉਂਕਿ ਸਮਾਜਵਾਦੀ ਸਿਧਾਂਤ ਮਜ਼ਦੂਰ ਜਮਾਤ ਦੀ ਦੁਰਦਸ਼ਾ ਦੇ ਕਾਰਨਾਂ ਨੂੰ ਕਿਸੇ ਵੀ ਹੋਰ ਸਿਧਾਂਤ ਨਾਲੋਂ ਵੱਧ ਡੂੰਘਾਈ ਨਾਲ ਅਤੇ ਸਹੀ ਢੰਗ ਨਾਲ ਉਜਾਗਰ ਕਰਦਾ ਹੈ। ਇਸੇ ਕਾਰਨ ਮਜ਼ਦੂਰ ਇਸ ਨੂੰ ਆਸਾਨੀ ਨਾਲ ਅਪਣਾ ਲੈਂਦੇ ਹਨ—ਬਸ਼ਰਤੇ ਕਿ ਇਹ ਸਿਧਾਂਤ ਖ਼ੁਦ 'ਆਪਮੁਹਾਰੇਪਣ' ਅੱਗੇ ਨਾ ਝੁਕ ਜਾਵੇ ਅਤੇ ਉਸ 'ਆਪਮੁਹਾਰੇ' ਬਣੀ ਹਾਲਤ ਨੂੰ ਆਪਣੇ ਅਧੀਨ ਕਰ ਲਵੇ। ਮਜ਼ਦੂਰ ਜਮਾਤ ਸੁਭਾਵਿਕ ਤੌਰ 'ਤੇ ਸਮਾਜਵਾਦ ਵੱਲ ਵਧਦੀ ਹੈ; ਫਿਰ ਵੀ, ਸਭ ਤੋਂ ਵੱਧ ਫੈਲੀ ਹੋਈ ਅਤੇ ਲਗਾਤਾਰ ਨਵੇਂ ਰੂਪਾਂ ਵਿੱਚ ਉੱਭਰਦੀ ਸਰਮਾਏਦਾਰਾ ਵਿਚਾਰਧਾਰਾ ਵੀ ਸੁਭਾਵਿਕ ਤੌਰ 'ਤੇ ਮਜ਼ਦੂਰ ਜਮਾਤ ਉੱਤੇ ਹਾਵੀ ਰਹਿੰਦੀ ਹੈ।

ਫ਼ਿਲਹਾਲ ਭਾਰਤ ਵਿੱਚ ਗੱਲ ਮਜ਼ਦੂਰ ਤਬਕਿਆਂ ਦੀ ਲੜਾਈ ਦੀ ਨਹੀਂ ਹੋ ਰਹੀ। ਇਸ ਵੇਲੇ ਪ੍ਰਸੰਗ ਸਰਮਾਏਦਾਰਾ ਢਾਂਚੇ ਤਹਿਤ ਮਿਲੀਆਂ ਸੀਮਤ ਆਜ਼ਾਦੀਆਂ ਅਤੇ ਹੱਕਾਂ ਦੀ ਰਾਖੀ ਦਾ ਹੈ। ਗ਼ੌਰ ਕਰਨ ਵਾਲੀ ਗੱਲ ਹੈ ਕਿ ਇਨ੍ਹਾਂ ਆਜ਼ਾਦੀਆਂ ਅਤੇ ਹੱਕਾਂ ਨੂੰ ਵਧੇਰੇ ਵੱਡੇ ਲੋਕ ਸਮੂਹਾਂ ਨਾਲ ਸਾਂਝਾ ਕਰਨ ਲਈ ਇੱਕ ਦੌਰ ਵਿੱਚ ਰਾਜ਼ੀ ਹੋਈਆਂ ਹਾਕਮ ਜਮਾਤਾਂ ਇਸ ਯੁੱਗ ਵਿੱਚ ਆ ਕੇ ਅਜਿਹੀ "ਰਿਆਇਤ" ਨੂੰ ਢੁੱਕਵੀਂ ਅਤੇ ਵਾਜਬ ਨਹੀਂ ਮੰਨ ਰਹੀਆਂ। ਇਹ ਇੱਕ ਆਲਮੀ ਵਰਤਾਰਾ ਹੈ। ਦੁਨੀਆ ਭਰ 'ਚ ਆਮ ਲੋਕਾਂ ਤੋਂ ਅਜਿਹੀਆਂ "ਰਿਆਇਤਾਂ" ਖੋਹ ਲੈਣ ਦਾ ਪ੍ਰਾਜੈਕਟ ਇਸ ਦੌਰ ਦੀ ਹਕੀਕਤ ਹੈ। ਇਸ ਲਈ ਲਗਭਗ ਹਰ ਥਾਂ (ਜਿੱਥੇ ਚੁਣਾਵੀ ਲੋਕਤੰਤਰ ਹੈ) ਹਾਕਮ ਸਮੂਹਾਂ ਨੇ ਕੱਟੜ ਸੱਜੇਪੱਖੀ ਤਾਕਤਾਂ ਨੂੰ ਆਪਣਾ ਸੰਦ ਬਣਾਇਆ ਹੈ, ਜਿਨ੍ਹਾਂ ਨੇ ਨਫ਼ਰਤ ਅਤੇ ਵੰਡ-ਵਿਤਕਰੇ ਦੀ ਰਣਨੀਤੀ ਰਾਹੀਂ ਆਮ ਲੋਕਾਂ ਨੂੰ ਭਟਕਾਉਣ ਦੀ ਆਪਣੀ ਸਮਰੱਥਾ ਸਾਬਤ ਕੀਤੀ ਹੈ।

ਸੁਭਾਵਿਕ ਹੈ ਕਿ ਅਜਿਹੀਆਂ ਕੋਸ਼ਿਸ਼ਾਂ ਵਿਰੁੱਧ ਪ੍ਰਭਾਵਿਤ ਲੋਕ ਸਮੂਹਾਂ ਨੇ ਟਾਕਰੇ ਦਾ ਰਾਹ ਅਪਣਾਇਆ ਹੈ। ਜਿਸ ਵੇਲੇ ਭਾਰਤ ਵਿੱਚ 'ਬੇਸ਼ੁਮਾਰ ਬਗ਼ਾਵਤਾਂ' ਦੀ ਗੱਲ ਹੋ ਰਹੀ ਹੈ, ਉਸੇ ਵੇਲੇ ਫਰਾਂਸ, ਸਪੇਨ, ਜਰਮਨੀ ਅਤੇ ਇੱਥੋਂ ਤੱਕ ਕਿ ਪਾਕਿਸਤਾਨ ਵਿੱਚ ਵੀ ਹੋ ਰਹੇ ਵੱਡੇ ਵੱਡੇ ਲੋਕ ਮੁਜ਼ਾਹਰਿਆਂ ਨੇ ਦੁਨੀਆ ਦਾ ਧਿਆਨ ਖਿੱਚਿਆ ਹੋਇਆ ਹੈ। ਕਿਹਾ ਜਾ ਸਕਦਾ ਹੈ ਕਿ ਇੱਕ ਵਾਰ ਫਿਰ "ਮੁਜ਼ਾਹਰਾਕਾਰੀ" ਮੋਹਰਲੀ ਕਤਾਰ ਵਿੱਚ ਆ ਖੜ੍ਹਾ ਹੋਇਆ ਹੈ। ਇਸ ਨਾਲ ਸੰਭਵ ਹੈ ਕਿ ਕੁਝ ਥਾਵਾਂ 'ਤੇ ਸਿਆਸੀ ਖ਼ਲਾਅ ਪੈਦਾ ਹੋਵੇ। ਪਰ ਇਸ ਨਾਲ ਉਹ ਪਿਛੋਕੜ ਕਿੰਨਾ ਕੁ ਬਦਲੇਗਾ, ਜਿਸ ਕਾਰਨ ਲੋਕਾਂ ਦੇ ਹਾਸਲ ਕੀਤੇ ਹੱਕਾਂ 'ਤੇ ਤਲਵਾਰਾਂ ਚੱਲੀਆਂ ਹਨ ਅਤੇ ਜਿਨ੍ਹਾਂ ਨਾਲ ਸੱਟ ਖਾ ਕੇ ਲੋਕ ਟਾਕਰਾ ਕਰਨ ਲਈ ਪ੍ਰੇਰਿਤ ਹੋਏ ਹਨ?

ਜਿਵੇਂ ਕਿ ਉੱਪਰ ਚਰਚਾ ਹੋਈ ਹੈ, ਭਾਰਤ ਵਿੱਚ 'ਵੋਟ ਚੋਰੀ' ਇੱਕ ਵੱਡਾ ਮਸਲਾ ਹੈ, ਪਰ ਮੁੱਦੇ ਹੋਰ ਵੀ ਹਨ, ਜਿਨ੍ਹਾਂ ਦੀ ਝਲਕ ਰਾਹੁਲ ਗਾਂਧੀ ਦੀ ਪਹਿਲ 'ਸਤਿਆਗ੍ਰਹਿ' ਉੱਤੇ ਦੇਖਣ ਨੂੰ ਮਿਲੀ ਹੈ। ਸਗੋਂ ਇੱਕ ਦਲੀਲ ਇਹ ਵੀ ਹੋ ਸਕਦੀ ਹੈ ਕਿ ਉਨ੍ਹਾਂ ਸਮੱਸਿਆਵਾਂ (ਸਿੱਖਿਆ, ਸਿਹਤ ਸੇਵਾਵਾਂ, ਰੁਜ਼ਗਾਰ ਅਤੇ ਰੋਜ਼ਮੱਰਾ ਦੀ ਜ਼ਿੰਦਗੀ ਨਾਲ ਜੁੜੇ ਹੋਰ ਮਸਲਿਆਂ) ਤੋਂ ਪ੍ਰੇਸ਼ਾਨ ਲੋਕ ਆਪਣੀ ਵੋਟ ਦੀ ਤਾਕਤ ਨਾਲ ਮੌਜੂਦਾ ਰਾਜ-ਪ੍ਰਬੰਧ ਵਿੱਚ ਕੋਈ ਅਸਥਿਰਤਾ ਪੈਦਾ ਨਾ ਕਰ ਦੇਣ, ਇਸ ਲਈ ਉਨ੍ਹਾਂ ਦੀ ਵੋਟ ਦੇ ਪ੍ਰਭਾਵ ਨੂੰ ਕਮਜ਼ੋਰ ਕਰਨਾ ਇਸ ਵੇਲੇ ਹਾਕਮ ਜਮਾਤਾਂ ਦੀ ਸਭ ਤੋਂ ਵੱਡੀ ਤਰਜੀਹ ਬਣ ਗਿਆ ਹੈ। ਇਸ ਲਈ—ਇੱਕ ਵਿਅਕਤੀ, ਇੱਕ ਵੋਟ, ਬਰਾਬਰ ਮੁੱਲ—ਦੇ ਸਿਧਾਂਤ ਨੂੰ ਅਮਲ ਵਿੱਚ ਬਚਾਉਣਾ ਭਾਵੇਂ ਇਸ ਸਮੇਂ ਦੀ ਸਭ ਤੋਂ ਵੱਡੀ ਲੋੜ ਹੋਵੇ, ਪਰ ਇਸ ਸਵਾਲ ਨੂੰ ਸਿਰਫ਼ ਇੱਥੋਂ ਤੱਕ ਹੀ ਸੀਮਤ ਨਹੀਂ ਰੱਖਿਆ ਜਾ ਸਕਦਾ। ਇਹ ਕਹਿਣਾ ਅਤੇ ਵਾਰ-ਵਾਰ ਦੁਹਰਾਉਣਾ ਜ਼ਰੂਰੀ ਹੈ ਕਿ ਵੋਟ ਦਾ ਹੱਕ ਆਪਣੇ-ਆਪ ਵਿੱਚ ਅੰਤਿਮ ਟੀਚਾ ਨਹੀਂ ਹੈ, ਸਗੋਂ ਇਹ ਆਮ ਜ਼ਿੰਦਗੀ ਨੂੰ ਬਿਹਤਰ ਬਣਾਉਣ ਦਾ ਇੱਕ ਸਾਧਨ ਹੈ ਅਤੇ ਇਸੇ ਲਈ ਮਹੱਤਵਪੂਰਨ ਹੈ।

ਇਸ ਪੱਖੋਂ ਵਧੇਰੇ ਦੂਰਗਾਮੀ ਮਹੱਤਵ ਵਾਲਾ ਸਵਾਲ ਇਹ ਹੈ ਕਿ ਦਹਾਕਿਆਂ ਤੱਕ ਵੋਟ ਦਾ ਹੱਕ ਮਿਲਿਆ ਰਹਿਣ ਦੇ ਬਾਵਜੂਦ ਬਹੁਗਿਣਤੀ ਲੋਕਾਂ ਦੀ ਜ਼ਿੰਦਗੀ ਵਿੱਚ ਇਸ ਦਾ ਅਸਰ ਸੀਮਤ ਕਿਉਂ ਬਣਿਆ ਰਿਹਾ ਅਤੇ ਕੀ ਗਾਰੰਟੀ ਹੈ ਕਿ ਅੱਗੇ ਅਜਿਹਾ ਨਹੀਂ ਹੋਵੇਗਾ? ਇਸ ਨਜ਼ਰੀਏ ਤੋਂ ਉਹ ਤਬਦੀਲੀ ਜ਼ਰੂਰੀ ਹੋ ਜਾਂਦੀ ਹੈ, ਜਿਸ ਦੇ 2010-20 ਦੇ ਦਹਾਕੇ ਵਿੱਚ ਨਾ ਹੋ ਸਕਣ ਦਾ ਜ਼ਿਕਰ ਅਤੇ ਉਸ ਦੇ ਕਾਰਨਾਂ ਦੀ ਪੜਤਾਲ ਵਿਨਸੈਂਟ ਬੇਵਿਨਜ਼ ਨੇ ਆਪਣੀ ਕਿਤਾਬ If We Burn ਵਿੱਚ ਕੀਤੀ ਹੈ। ਇਸ ਲਈ ਮੌਜੂਦਾ 'ਬੇਸ਼ੁਮਾਰ ਬਗ਼ਾਵਤਾਂ' ਨੂੰ 'ਲੋਕਾਂ ਦੀ ਵੱਡੀ ਭੀੜ' ਦੇ ਵਿਚਕਾਰ 'ਲੋਕ ਨਾ ਹੋਣ' ਦੀ ਹਕੀਕਤ ਤੋਂ ਵੱਖ ਕਰਕੇ ਨਹੀਂ ਦੇਖਿਆ ਜਾਣਾ ਚਾਹੀਦਾ। ਬੇਵਿਨਜ਼ ਨੇ ਇੱਕ ਦਹਾਕਾ ਪਹਿਲਾਂ ਦੀਆਂ ਲਹਿਰਾਂ ਤੋਂ ਟਿਕਾਊ ਤਬਦੀਲੀ ਨਾ ਆ ਸਕਣ ਲਈ ਜਿਸ ਮੋਹਰੀ ਦਸਤੇ ਦੀ ਘਾਟ ਨੂੰ ਜ਼ਿੰਮੇਵਾਰ ਮੰਨਿਆ, ਅੱਜ ਅਸਲ ਸਵਾਲ ਇਹੀ ਹੈ ਕਿ ਭਾਰਤ ਵਿੱਚ ਉਸ ਸ਼ਰਤ ਨੂੰ ਪੂਰਾ ਕਰਨ ਬਾਰੇ ਕੀ ਚਰਚਾ ਹੋ ਰਹੀ ਹੈ? ਇਸ ਦੀ ਲੋੜ ਉੱਤੇ ਕਿੰਨਾ ਜ਼ੋਰ ਦਿੱਤਾ ਜਾ ਰਿਹਾ ਹੈ ਅਤੇ ਇਸ ਬਦਲ ਦੀ ਤਿਆਰੀ ਲਈ ਕੀ ਯਤਨ ਹੋ ਰਹੇ ਹਨ?

'ਪੰਜਾਬ ਸਿਆਸਤ ਅਤੇ ਸਮਕਾਲ'-ਗੰਭੀਰ ਚਰਚਾ ਛੇੜਦੀ ਪੁਸਤਕ

ਗੁਰਮੀਤ ਕੜਿਆਲਵੀ

'ਪੰਜਾਬ ਸਿਆਸਤ ਅਤੇ ਸਮਕਾਲ' ਇਕ ਬੜੀ ਹੀ ਮਹੱਤਵਪੂਰਨ ਪੁਸਤਕ ਹੈ ਜੋ ਕਿ ਅਜੋਕੇ ਸਮਿਆਂ ਵਿੱਚ ਗੰਭੀਰ ਚਰਚਾ ਛੇੜਨ ਦੇ ਸਮਰੱਥ ਹੈ। ਕਹਾਣੀਆਂ ਨਾਵਲਾਂ ਅਤੇ ਕਵਿਤਾਵਾਂ ਦੇ ਦੌਰ ਵਿੱਚ ਅਜਿਹੀ ਚਿੰਤਨਸ਼ੀਲ ਪੁਸਤਕ ਦਾ ਆਉਣਾ ਛੱਪੜ ਦੇ ਖੜ੍ਹੇ ਪਾਣੀ ਵਿੱਚ ਕੰਕਰ ਚਲਾ ਕੇ ਮਾਰਨ ਜਿਹੀ ਗੱਲ ਹੈ। ਪੁਸਤਕ ਪੰਜਾਬ ਦੀਆਂ ਆਰਥਿਕ ਚੁਣੌਤੀਆਂ ਬਾਰੇ ਗੱਲ ਕਰਦੀ ਹੈ। ਦਿਨੋ ਦਿਨ ਸਿਆਸਤ ਦੇ ਡਿਗਦੇ ਜਾਂਦੇ ਮਿਆਰ 'ਤੇ ਚਰਚਾ ਛੇੜਦੀ ਹੈ। ਸਿਆਸਤ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਆਪਸੀ ਦਵੰਦਮਈ ਰਿਸ਼ਤੇ ਬਾਰੇ ਵੱਡੇ ਸਵਾਲ ਖੜ੍ਹੇ ਕਰਦੀ ਹੈ। ਸਿਆਸਤ ਨੇ ਸਮਾਜ 'ਤੇ ਕਿਹੋ ਜਿਹੇ ਪ੍ਰਭਾਵ ਪਾਏ ਹਨ, ਮੌਜੂਦਾ ਹਾਲਾਤ ਦੇ ਚੱਲਦਿਆਂ ਪੰਜਾਬੀ ਪ੍ਰਵਾਸ ਵੱਲ ਕਿਵੇਂ ਰੁਚਿਤ ਹੋਏ ਹਨ, ਸਿਵਲ ਸੋਸਾਇਟੀ ਵਿੱਚ ਬੁੱਧੀਜੀਵੀਆਂ ਦਾ ਕੀ ਰੋਲ ਹੈ, ਉਚੇਰੀ ਸਿੱਖਿਆ ਦਾ ਮਿਆਰ ਦਿਨੋ ਦਿਨ ਕਿਉਂ ਡਿੱਗਦਾ ਗਿਆ, ਖੇਤੀਬਾੜੀ ਵਾਲੀ ਜ਼ਮੀਨ ਕਿਵੇਂ ਦਿਨੋ ਦਿਨ ਘਟਦੀ ਗਈ ਹੈ। ਇਸ ਖੇਤੀਬਾੜੀ ਯੋਗ ਜ਼ਮੀਨ ਨੂੰ ਕਿਵੇਂ ਲੈਂਡ ਮਾਫੀਆ ਨੇ ਕਲੋਨੀਆਂ ਵਿੱਚ ਬਦਲ ਕੇ ਪੰਜਾਬ ਦੀ ਆਰਥਿਕਤਾ ਨੂੰ ਸੱਟ ਮਾਰਨ ਦੀ ਚਾਲ ਚੱਲੀ ਹੈ, ਪੁਸਤਕ ਅਜਿਹੀਆਂ ਬਹੁਤ ਸਾਰੀਆਂ ਸਮਸਿਆਵਾਂ ਬਾਰੇ ਚਰਚਾ ਛੇੜਦੀ ਹੈ।

'ਪੰਜਾਬ ਸਿਆਸਤ ਤੇ ਸਮਕਾਲ' ਸਾਡੇ ਗੰਭੀਰ ਚਿੰਤਕ ਅਤੇ ਸਾਬਕਾ ਆਈ ਪੀ ਐਸ ਅਧਿਕਾਰੀ ਗੁਰਪ੍ਰੀਤ ਸਿੰਘ ਤੂਰ, ਚਕਰ ਪਿੰਡੀਏ ਮਿਤਰ ਪ੍ਰਿੰਸੀਪਲ ਬਲਵੰਤ ਸਿੰਘ ਸੰਧੂ ਅਤੇ ਕੁਲਦੀਪ ਸਿੰਘ ਵੱਲੋਂ ਸੰਪਾਦਿਤ ਕੀਤੀ ਗਈ ਹੈ। ਪੁਸਤਕ ਨੂੰ ਛੇਆਂ ਭਾਗਾਂ ਵਿੱਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿੱਚ ਸੰਪਾਦਕਾਂ ਨੇ ਪ੍ਰਤਾਪ ਸਿੰਘ ਕੈਰੋ ਅਤੇ ਲਛਮਣ ਸਿੰਘ ਗਿੱਲ ਵਰਗੇ ਪੰਜਾਬ ਦੇ ਦੂਰ ਦ੍ਰਿਸ਼ਟੀਵਾਨ ਅਤੇ ਪੰਜਾਬ ਲਈ ਕੁਝ ਕਰ ਗੁਜ਼ਰਨ ਵਾਲੇ ਦਲੇਰ ਤੇ ਦ੍ਰਿੜ ਇਰਾਦੇ ਵਾਲੇ ਸਿਆਸਤਦਾਨਾਂ ਦੀ ਗੱਲ ਕੀਤੀ ਹੈ। ਇਸ ਲੇਖ ਤੋਂ ਪੰਜਾਬ ਦੇ ਸਿਆਸਤਦਾਨਾਂ ਨੂੰ ਬਹੁਤ ਕੁੱਝ ਖੁਸ਼ ਸਿੱਖਣਾ ਚਾਹੀਦਾ ਹੈ। ਕੈਰੋਂ ਤੇ ਗਿੱਲ ਜਿਹੇ ਰਾਜਨੀਤਕਾਂ ਲਈ ਪੰਜਾਬ ਪਹਿਲਾਂ ਸੀ, ਆਪਣੇ ਪਰਿਵਾਰ ਜਾਂ ਆਪਣੇ ਹਿੱਤ ਬਹੁਤ ਬਾਅਦ ਵਿਚ। 1947 ਦੀ ਵੰਡ ਤੋਂ ਬਾਅਦ ਉਜੜ ਕੇ ਆਏ ਲੱਖਾਂ ਲੋਕਾਂ ਨੂੰ ਮੁੜ ਵਸਾਉਣਾ ਤੇ ਨਵੇਂ ਸਿਰਿਓਂ ਸੰਗਠਿਤ ਕਰਕੇ ਸੂਬੇ ਨੂੰ ਮੁੜ ਆਰਥਿਕ ਤੇ ਖੁਸ਼ਹਾਲੀ ਦੀ ਪਟੜੀ ਉਪਰ ਤੋਰਨਾ ਵੱਡੀ ਚੁਣੌਤੀ ਸੀ, ਉਸ ਚੁਣੌਤੀ ਨੂੰ ਸਰ ਕਰ ਕੇ ਪੰਜਾਬ ਨੂੰ ਆਰਥਿਕ ਤੌਰ 'ਤੇ ਪੱਕੇ ਪੈਰੀਂ ਕਰਨ ਅਤੇ ਸਥਿਰ ਸਰਕਾਰ ਦੇਣ ਵਿੱਚ ਪ੍ਰਤਾਪ ਸਿੰਘ ਕੈਰੋਂ ਵਰਗੇ ਦੂਰ ਦ੍ਰਿਸ਼ਟੀ ਵਾਲੇ ਸਿਆਸਤ ਦੀ ਮਹੱਤਵਪੂਰਨ ਦੇਣ ਹੈ। ਉਸਦੇ ਕਾਰਜਕਾਲ ਸਮੇਂ ਵਿੱਚ ਹੀ ਕੁਰੂਕਸ਼ੇਤਰ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਖੇਤੀਬਾੜੀ ਯੂਨੀਵਰਸਿਟੀ, ਫਰੀਦਾਬਾਦ ਤੇ ਗੜ੍ਹਵਾਵਾਂ ਸ਼ਹਿਰਾਂ ਦਾ ਉਦਯੋਗੀਕਰਨ, ਸਪੋਰਟਸ ਸਕੂਲ, ਪਬਲਿਕ ਸਕੂਲ ਨਾਭਾ, ਕਪੂਰਥਲਾ, ਹਰ ਜ਼ਿਲ੍ਹੇ ਵਿੱਚ ਪੋਲੀਟਿਕਨਿਕ ਅਤੇ ਅਜਿਹੀਆਂ ਹੋਰ ਬਹੁਤ ਸਾਰੀਆਂ ਸੰਸਥਾਵਾਂ ਹੋਂਦ ਵਿੱਚ ਆਈਆਂ ਜਿਨ੍ਹਾਂ ਨੇ ਪੰਜਾਬ ਦੇ ਵਿਕਾਸ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਅਦਾ ਕੀਤੀ। ਇਸੇ ਤਰ੍ਹਾਂ ਲਛਮਣ ਸਿੰਘ ਗਿੱਲ ਵੱਲੋਂ ਪੰਜਾਬੀ ਨੂੰ ਰਾਜ ਭਾਸ਼ਾ ਦੇ ਕੇ ਦਿੱਤਾ ਗਿਆ ਮਾਣ ਇੱਕ ਮੀਲ ਪੱਥਰ ਹੈ। ਲੇਖਕ ਉਹਨਾਂ ਦੇ ਇਰਾਦੇ ਬਾਰੇ ਲਿਖਦਾ ਹੈ, ਉਸ ਨੇ ਚੁੱਪਚਾਪ ਕਾਣਨੀ ਕੋਲ ਡਾਂਗ ਰੱਖ ਦਿੱਤੀ'। ਗਿੱਲ ਨੇ ਆਪਣੇ ਹੱਡੀ ਹੰਡਾਏ ਤਜਰਬੇ ਨੂੰ ਵਰਤ ਕੇ ਪੰਜਾਬ ਦੇ ਵਿਕਾਸ ਵਿੱਚ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ। ਸੀਮਤ ਜਿਹੇ ਕਾਲ ਵਿੱਚ ਹੀ ਹਜ਼ਾਰ ਕਿਲੋਮੀਟਰ ਸੜਕਾਂ ਦਾ ਨਿਰਮਾਣ ਕਰਵਾਇਆ। ਲੇਖਕ ਅਨੁਸਾਰ ਇਹੀ ਉਹ ਸਮਾਂ ਸੀ ਜਦੋਂ ਸਰਕਾਰ ਦਾ ਇਕ ਰੁਪਿਆ ਸਵਾ ਤੋਂ ਡੇਢ ਰੁਪਏ ਵਿੱਚ ਚੱਲਿਆ। ਪਿੰਡਾਂ ਵਿੱਚ ਸੜਕਾਂ ਦਾ ਜਾਲ ਵਿਛਾਇਆ ਗਿਆ। ਸਕੂਲ ਖੋਲ੍ਹੇ ਗਏ। ਟਰੈਕਟਰ ਨੂੰ 'ਕਿਸਾਨ ਦਾ ਗੱਡਾ' ਕਹਿ ਕੇ ਟੈਕਸ ਤੋਂ ਮੁਕਤ ਕਰ ਦਿੱਤਾ ਗਿਆ।

ਦੂਸਰੇ ਭਾਗ ਵਿੱਚ ਸਿਆਸਤ ਤੇ ਡਿੱਗਦੇ ਮਿਆਰ ਬਾਰੇ ਜਗਰੂਪ ਸਿੰਘ ਸੇਖੋ ਨੇ ਦਲੀਲਾਂ ਸਹਿਤ ਸਪਸ਼ਟ ਕੀਤਾ ਹੈ ਕਿ ਕਿਵੇਂ 1971 ਤੋਂ ਬਾਅਦ ਰਾਜਨੀਤੀ ਦਾ ਮਿਆਰ ਕਿਉਂ ਡਿਗਿਆ। ਪਬਲਿਕ ਸਰਵਿਸ ਕਮਿਸ਼ਨ, ਯੂਨੀਵਰਸਿਟੀਆਂ, ਬਿਜਲੀ ਬੋਰਡ ਤੇ ਹੋਰ ਸੰਸਥਾਵਾਂ 'ਚ ਰਾਜਨੀਤਿਕ ਲਾਭ ਲੈਣ ਲਈ ਨਿਯੁਕਤੀਆਂ ਕੀਤੀਆਂ ਗਈਆਂ। ਧਰਮ ਨੂੰ ਸਿਆਸਤ ਲਈ ਵਰਤਣਾ ਸ਼ੁਰੂ ਕੀਤਾ ਗਿਆ ਜੋ ਪੰਜਾਬ ਦੇ ਕਾਲੇ ਦੌਰ ਵਾਲਾ ਧੱਕੇ ਜਾਣ ਦਾ ਇੱਕ ਦੀ ਸ਼ੁਰੂਆਤ ਸੀ। ਲੇਖ ਵਿੱਚ ਵਧ ਰਹੇ ਨਸ਼ੇ, ਰਿਸ਼ਵਤਖੋਰੀ, ਬਦਲਾਖੋਰੀ ਦੀ ਰਾਜਨੀਤੀ, ਰੇਤ ਬੱਜਰੀ, ਸ਼ਰਾਬ, ਟਰਾਂਸਪੋਰਟ, ਕੇਬਲ ਮਾਫੀਆ, ਗੁੰਡਾਗਰਦੀ, ਦਿਨ ਦਿਹਾੜੇ ਹੁੰਦੀ ਲੁੱਟਖੋਹੀ, ਵੱਧਦੇ ਗੈਂਗਸਟਰਵਾਦ ਨੂੰ ਲੈ ਕੇ ਚਿੰਤਾ ਜ਼ਾਹਿਰ ਕੀਤੀ ਹੈ। ਪ੍ਰੋਫੈਸਰ ਬਾਬਾ ਸਿੰਘ ਨੇ ਸਿਆਸਤ ਵਿੱਚ ਸਾਰਥਕ ਲੀਡਰਸ਼ਿਪ ਦੀ ਅਣਹੋਂਦ ਵੱਲ ਧਿਆਨ ਦਵਾਇਆ ਹੈ। ਉਹ ਪਲੇਟੋ ਦੇ ਕਥਨ 'ਤੁਹਾਡੇ ਉੱਤੇ ਅਗਿਆਨਤਾ ਹਕੂਮਤ ਕਰਦੀ ਹੈ ਤਾਂ ਸਮਾਜ ਦੇ ਸਮਝਦਾਰ ਲੋਕਾਂ ਨੂੰ ਪਾਗਲ ਕਹਿ ਗਏ ਛੁਟਿਆ ਦਿੱਤਾ ਜਾਂਦਾ ਹੈ' ਦਾ ਹਵਾਲਾ ਦਿੰਦਾ ਹੈ ਅਤੇ ਯੂਨਾਨੀ ਦਰਸ਼ਕ ਡਾਇਓਜੀਨਜ਼ ਸਬੰਧੀ ਸਾਖੀ ਸਾਂਝੀ ਕਰਦਾ ਕਿ ਉਹ ਅਕਸਰ ਦਿਨ ਵੇਲੇ ਜਗਦੀ ਮਸ਼ਾਲ ਲੈ ਕੇ ਬਾਜ਼ਾਰ ਵਿੱਚ ਘੁੰਮਦਾ ਰਹਿੰਦਾ ਸੀ ਤੇ ਆਖਦਾ ਸੀ, 'ਮੈਂ ਇਸ ਦੀ ਰੌਸ਼ਨੀ ਨਾਲ ਸਮਾਜ ਦੇ ਹਨੇਰੇ ਵਿੱਚੋਂ ਇਮਾਨਦਾਰ, ਸਦਾਚਾਰੀ ਇਨਸਾਨਾਂ ਦੀ ਤਲਾਸ਼ ਕਰ ਰਿਹਾ ਹਾਂ। ਮੈਂ ਸਚਾਈ ਦੀ ਭਾਲ ਵਿਚ ਹਾਂ ਜੋ ਭ੍ਰਿਸ਼ਟ ਸਮਾਜ ਵਿੱਚੋਂ ਗਾਇਬ ਹੋ ਚੁੱਕੀ ਹੈ।÷ ਲੇਖਕ ਚਿੰਤਾ ਜ਼ਾਹਿਰ ਕਰਦਾ ਹੈ ਕਿ ਪੰਜਾਬ ਕੋਲ ਅੱਜ ਇੱਕ ਵੀ ਪ੍ਰਤਾਪ ਸਿੰਘ ਕੈਰੋਂ ਜਿਹਾ ਸਿਆਸਤਦਾਨ ਨਹੀਂ ਹੈ ਤੇ ਨਾ ਹੀ ਮਹਿੰਦਰ ਸਿੰਘ ਰੰਧਾਵਾ ਦੇ ਕੱਦ ਦਾ ਕੋਈ ਪ੍ਰਸ਼ਾਸਨਿਕ ਅਧਿਕਾਰੀ ਹੈ ਜੋ ਆਪਣੀ ਦੂਰਅੰਦੇਸ਼ੀ, ਯੋਜਨਾਬੰਦੀ ਤੇ ਬਹੁਤ ਗੰਭੀਰਤਾ ਨਾਲ ਪੰਜਾਬ ਦੀ ਡਿਕਡੋਲੇ ਖਾਂਦੀ ਕਿਸ਼ਤੀ ਨੂੰ ਕਿਸੇ ਕਿਨਾਰੇ ਲਾ ਸਕੇ। ਉਹ ਦਰਵੇਸ਼ ਸਿਆਸਤਦਾਨ ਕਾਮਰੇਡ ਤੇਜਾ ਸਿੰਘ ਸੁਤੰਤਰ ਨੂੰ ਵੀ ਯਾਦ ਕਰਦਾ ਹੈ। ਡਾਕਟਰ ਕੁਲਦੀਪ ਸਿੰਘ ਵੋਟਾਂ ਲੈਣ ਲਈ ਹੱਥੋ ਹੱਥ ਦਿੱਤੀਆਂ ਜਾਂਦੀਆਂ ਮੁਫ਼ਤ ਸਹੂਲਤਾਂ ਉੱਪਰ ਸੁਆਲ ਕਰਦਾ ਹੈ ਕਿ ਅਜਿਹੀਆਂ ਸਹੂਲਤਾਂ ਆਮ ਲੋਕਾਂ ਦੇ ਸਵੈਮਾਨ ਤੇ ਵੱਡੀ ਸੱਟ ਮਾਰਦੀਆਂ ਹਨ। ਇਸ ਨਾਲ ਪਬਲਿਕ ਸੈਕਟਰ ਕਵਾੜ ਬਣਦਾ ਜਾ ਰਿਹਾ।

ਪੁਸਤਕ ਦਾ ਤੀਜਾ ਭਾਗ ਸੂਬੇ ਦੀ ਆਰਥਿਕਤਾ ਬਾਰੇ ਹੈ। ਲੇਖਕ ਨੇ ਇਸ ਭਾਗ ਵਿੱਚ ਮੁਫਤ ਸਹੂਲਤਾਂ ਤੇ ਸਬਸਿਡੀਆਂ ਬਾਰੇ ਗੰਭੀਰ ਤੇ ਛੇੜੀ ਹੈ। ਉਹਨਾਂ ਲਿਖਿਆ ਹੈ ਕਿ ਸਹੂਲਤਾਂ ਤੇ ਸਬਸਿਡੀਆਂ ਨੂੰ ਤਰਕ ਸੰਗਤ ਬਣਾਉਣਾ ਪਵੇਗਾ। ਆਉਣ ਵਾਲੀਆਂ ਸਰਕਾਰਾਂ ਨੂੰ ਇਹ ਨਿਸ਼ਚਿਤ ਕਰਨਾ ਹੋਵੇਗਾ ਕਿ ਉਹ ਲੋਕਾਂ ਨੂੰ ਸਵੈਮਾਣ ਵਾਲੀ ਜ਼ਿੰਦਗੀ ਦੇਣਾ ਚਾਹੁੰਦੇ ਹਨ ਜਾਂ ਕੇ ਉਹਨਾਂ ਨੂੰ ਨਿਕੰਮੇ, ਅਯੋਗ ਤੇ ਨਕਾਰਾ ਬਣਾਉਣਾ ਚਾਹੁੰਦੇ ਹਨ। ਡਾਕਟਰ ਰਣਜੀਤ ਸਿੰਘ ਘੁੰਮਣ ਲਿਖਦਾ ਹੈ ਕਿ ਪੰਜਾਬ 'ਚ ਖੇਤੀ ਹੇਠਲਾ ਰਕਬਾ ਦਿਨੋ ਦਿਨ ਘੱਟ ਰਿਹਾ। ਪੰਜਾਬ ਦੇ ਕਿਸਾਨ ਆਪਣੇ ਬੱਚਿਆਂ ਨੂੰ ਖੇਤੀ ਵਿੱਚ ਨਹੀਂ ਰੱਖਣਾ ਚਾਹੁੰਦੇ ਪਰ ਦੂਜੇ ਪਾਸੇ ਪੰਜਾਬ ਦਾ ਉਦਯੋਗਿਕ ਖ਼ੇਤਰ ਪੰਜਾਬ ਦੇ ਲੋਕਾਂ ਨੂੰ ਰੁਜ਼ਗਾਰ ਪੱਖੋਂ ਆਪਣੇ ਵੱਲ ਖਿੱਚ ਨਹੀਂ ਰਿਹਾ। ਪੰਜਾਬ ਦੀ ਵਿੱਤੀ ਹਾਲਤ ਠੀਕ ਕਰਨ ਲਈ ਨੀਤੀਆਂ ਵਿੱਚ ਵੱਡੀਆਂ ਤਬਦੀਲੀਆਂ ਕਰਨੀਆਂ ਹੋਣਗੀਆਂ। ਦੀਪ ਰਤਨ ਸਿੰਘ ਖਾਹਰਾ ਨੇ ਰੀਅਲ ਅਸਟੇਟ ਦੇ ਖ਼ੇਤਰ ਵਿੱਚ ਹੋ ਰਹੀ ਵੱਡੀ ਲੁੱਟ ਦਾ ਪਰਦਾਫਾਸ਼ ਕੀਤਾ ਹੈ। ਜ਼ਮੀਨ ਦੀ ਕੁਲੈਕਟਰ ਕੀਮਤ ਅਤੇ ਮਾਰਕੀਟ ਕੀਮਤ ਵਿੱਚ ਵੱਡਾ ਪਾੜਾ ਹੋਣ ਕਾਰਨ ਕਾਲੇ ਧਨ ਦੀ ਢਾਂਚਾਗਤ ਨੀਂਹ ਰੱਖੀ ਗਈ ਹੈ। ਇਹ ਕਾਲਾ ਧਨ ਅੱਗੇ ਜਾ ਕੇ ਪੰਜਾਬ ਵਿੱਚ ਨਸ਼ਾਖੋਰੀ ਅਤੇ ਮਾਫੀਆ ਦਾ ਰੂਪ ਧਾਰਨ ਕਰਦਾ ਹੈ। ਪੰਜਾਬ ਵਿੱਚ ਹੋ ਰਹੀ ਆਬਕਾਰੀ ਚੋਰੀ ਅਤੇ ਹੋਰ ਟੈਕਸਾਂ ਵਿੱਚ ਚੋਰੀ ਨਾਲ ਪੰਜਾਬ ਦੇ ਖਜ਼ਾਨੇ ਨੂੰ ਲਗਾਤਾਰ ਖੋਰਾ ਲਾਇਆ ਗਿਆ ਜਿਸ ਨੂੰ ਕਾਬੂ ਕਰਨ ਲਈ ਕੋਈ ਸਪਸ਼ਟ ਨੀਤੀ ਦੀ ਅਣਹੋਂਦ ਹੈ। ਡਾਕਟਰ ਰੁਪਿੰਦਰ ਸਾਹਨੀ ਵੱਲੋਂ ਕੇਂਦਰ ਰਾਜ ਸੰਬੰਧਾਂ ਬਾਰੇ ਭਖਵੀਂ ਚਰਚਾ ਛੇੜੀ ਗਈ ਹੈ। ਉਹ ਕੇਂਦਰ ਵੱਲੋਂ ਵਿਰੋਧੀ ਸਰਕਾਰਾਂ ਵਾਲੇ ਰਾਜਾਂ ਨੂੰ ਕੇਂਦਰ ਵੱਲੋਂ ਲੋੜੀਦੇ ਫੰਡ ਨਹੀਂ ਦਿੱਤੇ ਜਾਂਦੇ। ਆਰ ਡੀ ਐਫ ਅਤੇ ਜੀ ਐਸ ਟੀ ਸਮੇਤ ਹੋਰ ਫੰਡ ਸਮੇ ਸਿਰ ਨਹੀਂ ਵੰਡੇ ਜਾਂਦੇ ਜਿਸ ਨਾਲ ਰਾਜਾਂ ਦੇ ਵਿਕਾਸ ਕੰਮ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੇ ਹਨ। ਸਾਹਨੀ ਨੇ ਕੇਂਦਰ ਅਤੇ ਰਾਜ ਵਿੱਚ ਆਮਦਨ ਦੇ ਸਰੋਤਾਂ ਦੀ ਤਰਕਸੰਗਤ ਵੰਡ ਦੀ ਵਕਾਲਤ ਕੀਤੀ ਹੈ।

ਪੰਜਾਬ ਦੀ ਫ਼ਿਕਰਮੰਦੀ ਕਰਨ ਵਾਲੇ ਵਾਰਤਕਕਾਰ ਤੇ ਚਿੰਤਕ ਗੁਰਪ੍ਰੀਤ ਸਿੰਘ ਤੂਰ ਨੇ ਸਿਆਸਤਦਾਨਾਂ ਵੱਲੋਂ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਆਪਣੇ ਢੰਗ ਨਾਲ ਚਲਾਏ ਜਾਣ ਵਾਲੀਆਂ ਨੀਤੀਆਂ ਨੂੰ ਨਕਾਰਦਿਆਂ ਦਲੀਲ ਦਿੱਤੀ ਹੈ ਕਿ ਜਿੰਨਾ ਚਿਰ ਤੱਕ ਪ੍ਰਸ਼ਾਸਨਿਕ ਅਧਿਕਾਰੀ ਆਪਣੀ ਮਰਜ਼ੀ ਨਾਲ ਕੰਮ ਨਹੀਂ ਕਰ ਸਕਣਗੇ ਉਨਾਂ ਚਿਰ ਤੱਕ ਆਮ ਲੋਕਾਂ ਨੂੰ ਇਨਸਾਫ ਮਿਲਣ ਦੀ ਤਵੱਕੋਂ ਕਰਨਾ ਤੂੜੀ ਚੋਂ ਸੋਨਾ ਭਾਲਣ ਵਾਲੀ ਗੱਲ ਹੈ। ਗੁਰਪ੍ਰੀਤ ਸਿੰਘ ਤੂਰ ਪੰਜਾਬ ਵਿੱਚ ਆਏ ਹੋਏ ਕਾਲੇ ਧਨ ਦੀ ਵਰਤੋਂ ਨਾਲ ਖੇਤੀ ਆਧਾਰਿਤ ਉਪਜਾਊ ਜ਼ਮੀਨ ਦੇ ਅਣਅਧਿਕਾਰਤ ਕਲੋਨੀਆਂ ਵਿੱਚ ਬਦਲ ਦੇਣ, ਸੱਤਾਧਾਰੀ ਪਾਰਟੀ ਵੱਲੋਂ ਸਥਾਨਕ ਚੋਣਾਂ ਵਿੱਚ ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਦੇ ਕਾਗਜ਼ ਰੱਦ ਕਰਨ, ਕਾਗਜ਼ ਪਾੜ ਦੇਣ ਜਾਂ ਜਬਰਦਸਤੀ ਹਰਾ ਦੇਣ ਦੇ ਢੰਗ ਤਰੀਕਿਆਂ ਦੀ ਆਲੋਚਨਾ ਕਰਦਾ ਹੋਇਆ ਇਸ ਅਵਸਥਾ ਨੂੰ ਰੱਦ ਕਰਨ ਦੀ ਗੱਲ ਕਰਦਾ ਹੈ। ਪ੍ਰੋਫੈਸਰ ਨਵਰੀਤ ਕੌਰ ਅਜੋਕੀ ਸਿੱਖਿਆ ਪ੍ਰਣਾਲੀ ਨੂੰ ਵੀ ਪ੍ਰਵਾਸ ਦਾ ਇੱਕ ਵੱਡਾ ਕਾਰਨ ਦੱਸਦੀ ਕਿ ਜਦੋਂ ਸਿੱਖਿਆ ਰੋਜ਼ਗਾਰ ਦਾ ਸਾਧਨ ਨਹੀਂ ਬਣਦੀ ਤਾਂ ਪ੍ਰਵਾਸ ਇੱਕ ਮਜ਼ਬੂਰੀ ਬਣ ਜਾਂਦਾ ਹੈ। ਪ੍ਰੋਫੈਸਰ ਨਵਰੀਤ ਰਾਜ ਵਿੱਚ ਆਬਾਦੀ ਦੇ ਅਸੰਤੁਲਨ ਉਪਰ ਚਿੰਤਾ ਜ਼ਾਹਿਰ ਕਰਦੀ ਹੈ ਕਿ ਇਸ ਨਾਲ ਪੰਜਾਬ ਦੀ ਡੈਮੋਗ੍ਰਾਫੀ ਵਿੱਚ ਵੱਡੀ ਤਬਦੀਲੀ ਆਵੇਗੀ ਜਿਸ ਸਦਕਾ ਆਉਣ ਵਾਲੇ ਸਮੇਂ ਵਿੱਚ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅਰਥਸ਼ਾਸਤਰੀ ਡਾਕਟਰ ਸੁੱਚਾ ਸਿੰਘ ਗਿੱਲ ਰੂਸੋ, ਹਾਬਸ ਤੇ ਜੋਹਨ ਲਾਕ ਦੇ ਸਮਾਜਿਕ ਸਮਝੌਤੇ ਦੇ ਸਿਧਾਂਤਾਂ ਦੀ ਵਿਆਖਿਆ ਕਰਦਾ ਹੋਇਆ ਸਿਆਸਤ ਦੀ ਲੋਕਾਂ ਪ੍ਰਤੀ ਜਵਾਬਦੇਹੀ ਦੇ ਮਸਲੇ ਨੂੰ ਉਭਾਰਦਾ ਹੈ। ਲੇਖਕ ਅਨੁਸਾਰ ਜਮਹੂਰੀਅਤ ਵਿੱਚ ਰਿਆਸਤ ਦੀ ਲੋਕਾਂ ਪ੍ਰਤੀ ਜਵਾਬਦੇਹੀ ਸਮਾਜਿਕ ਸਮਝੌਤੇ ਦੇ ਬੁਨਿਆਦੀ ਸਿਧਾਂਤ ਦੇ ਉੱਪਰ ਅਧਾਰਿਤ ਹੈ। ਲੇਖਕ ਵੱਡੀ ਗਿਣਤੀ ਵਿੱਚ ਬੁੱਧੀਮਾਨ ਵਿਅਕਤੀਆਂ ਵੱਲੋਂ ਰਾਜ ਸੱਤਾ ਤੋਂ ਅਲਹਿਦਗੀ ਧਾਰਨ ਬਾਰੇ ਵੀ ਚਿੰਤਤ ਹੈ। ਉਹ ਚੇਤਨ ਬੁੱਧੀਮਾਨ ਵਿਅਕਤੀਆਂ ਵੱਲੋਂ ਪੰਜਾਬ ਦੇ ਵਿੱਚ ਵੱਡੀ ਲਹਿਰ ਖੜ੍ਹੀ ਕਰਨ ਦੇ ਪੱਖ ਵਿੱਚ ਹੈ।



ਪੁਸਤਕ ਦਾ ਪੰਜਵਾਂ ਭਾਗ ਵੱਖ ਵੱਖ ਤਰ੍ਹਾਂ ਦੀਆਂ ਸੰਸਥਾਵਾਂ ਦੇ ਡਿਗ ਰਹੇ ਮਿਆਰ ਉੱਪਰ ਅਧਾਰਿਤ ਹੈ। ਪ੍ਰੋਫੈਸਰ ਜਗਵੰਤ ਸਿੰਘ ਸਾਬਕਾ ਸੈਨੇਟ ਮੈਂਬਰ ਨੇ ਪੰਜਾਬ ਦੀ ਉਚੇਰੀ ਸਿੱਖਿਆ ਦੇ ਇਤਿਹਾਸ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ ਹੈ। ਪੰਜਾਬ ਯੂਨੀਵਰਸਿਟੀ ਲਾਹੌਰ ਤੇ ਫਿਰ ਚੰਡੀਗੜ੍ਹ, ਮਹਿੰਦਰਾ ਕਾਲਜ ਪਟਿਆਲਾ, ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ, ਖਾਲਸਾ ਕਾਲਜ ਅੰਮ੍ਰਿਤਸਰ, ਹਿੰਦੂ ਕਾਲਜ ਅੰਮ੍ਰਿਤਸਰ, ਕੰਨਿਆ ਮਹਾਂ ਵਿਦਿਆਲਾ, ਡੀ ਏ ਵੀ ਕਾਲਜ, ਆਰੀਆ ਕਾਲਜ, ਆਰ ਐੱਸ ਡੀ ਕਾਲਜ ਫ਼ਿਰੋਜ਼ਪੁਰ ਤੇ ਪੰਜਾਬ ਦੀਆਂ ਹੋਰ ਹੋਰ ਵੱਡੀਆਂ ਵਿਦਿਅਕ ਸੰਸਥਾਵਾਂ ਦੇ ਹੋਂਦ ਵਿੱਚ ਆਉਣ ਤੇ ਉਚੇਰੀ ਸਿੱਖਿਆ ਦੇ ਚੜ੍ਹਦੀ ਕਲਾ ਵਾਲੇ ਦੌਰ ਦੀਆਂ ਉਦਾਹਰਨਾਂ ਦਿੰਦਾ ਹੈ। ਪ੍ਰੋਫੈਸਰ ਜਗਵੰਤ ਸਿੰਘ 1991 ਦੀਆਂ ਉਦਾਰੀਕਰਨ ਤੇ ਨਿੱਜੀਕਰਨ ਦੀਆਂ ਨੀਤੀਆਂ ਤੋਂ ਬਾਅਦ ਉਹ ਉਚੇਰੀ ਸਿੱਖਿਆ ਦੇ ਹੋਏ ਨਿੱਜੀਕਰਨ ਅਤੇ ਖੁੰਭਾਂ ਵਾਂਗ ਪੈਦਾ ਹੋਈਆਂ ਨਿੱਜੀ ਯੂਨੀਵਰਸਿਟੀਆਂ, ਡੀਮਡ ਯੂਨੀਵਰਸਿਟੀਆਂ ਅਤੇ ਸੈਲਫ ਫਾਇਨਾਂਸ ਤਕਨੀਕੀ, ਮੈਡੀਕਲ, ਨਰਸਿੰਗ ਸੰਸਥਾਵਾਂ ਦੇ ਵਿਸਥਾਰ ਨੂੰ ਅਜੋਕੇ ਨਿਘਾਰ ਲਈ ਜ਼ਿੰਮੇਵਾਰ ਸਮਝਦਾ ਹੈ। ਉਹ ਇਸ ਲਈ ਸਰਕਾਰਾਂ ਵੱਲੋਂ ਆਪਣੀਆਂ ਬਣਦੀਆਂ ਜ਼ਿੰਮੇਵਾਰੀਆਂ ਤੋਂ ਹੱਥ ਪਿੱਛੇ ਖਿੱਚ ਲੈਣ ਨੂੰ ਵੀ ਇਸਦਾ ਵੱਡਾ ਕਾਰਨ ਮੰਨਦਾ ਹੈ। ਵਿਦਿਆਰਥੀਆਂ ਅਤੇ ਟੀਚਿੰਗ ਸਟਾਫ ਦੀ ਨੌਨ ਅਟੈਂਡਿੰਗ ਪ੍ਰਥਾ ਉੱਪਰ ਵੀ ਉਹਨਾਂ ਨੇ ਸਵਾਲ ਉਠਾਏ ਹਨ। ਇੰਜੀਨੀਅਰ ਦਰਸ਼ਨ ਸਿੰਘ ਨੇ ਬਿਜਲੀ ਬੋਰਡ ਵਰਗੀ ਮਹੱਤਵਪੂਰਨ ਸੰਸਥਾ ਦੇ ਤਬਾਹ ਹੋਣ ਵੱਲ ਉਂਗਲ ਕੀਤੀ ਹੈ। ਲੇਖਕ ਅਨੁਸਾਰ ਬਿਜਲੀ ਬੋਰਡ 1975-76 ਤੋਂ 1994 ਤੱਕ ਇਸ ਦੀ ਕਮਾਂਡ ਇੰਜੀਨੀਅਰਾਂ ਦੇ ਹੱਥ ਵੱਸ ਸੀ। 1994 ਤੋਂ ਬਾਅਦ ਜਦੋਂ ਸਿਵਲ ਪ੍ਰਸ਼ਾਸਨਿਕ ਅਧਿਕਾਰੀ ਇਸ ਦਾ ਵਿਭਾਗੀ ਮੁਖੀ ਲਾਇਆ ਜਾਣ ਲੱਗਾ ਤਾਂ ਇਸ ਵਿੱਚ ਰਾਜਨੀਤਿਕ ਦਖਲਅੰਦਾਜ਼ੀ ਵੱਧ ਗਈ ਜਿਸ ਨਾਲ ਬੋਰਡ ਦੀ ਕਾਰਜਕਾਰੀ ਦਾ ਨਿਘਾਰ ਸ਼ੁਰੂ ਹੋ ਗਿਆ। ਸਾਬਕਾ ਡਾਇਰੈਕਟਰ ਟਾਊਨ ਪਲੈਨਿੰਗ ਤੇ ਸਥਾਨਕ ਸਰਕਾਰਾਂ ਵਿਭਾਗ ਐਮ ਐਸ ਔਜਲਾ ਨੇ ਪੰਜਾਬ ਦੀ ਉਪਜਾਊ ਖੇਤੀਬਾੜੀ ਜ਼ਮੀਨ ਦੇ ਕਲੋਨੀਆਂ ਵਿੱਚ ਬਦਲਣ ਦੀ ਗ਼ੈਰ ਕੁਦਰਤੀ ਵੰਡ ਵਾਲਾ ਇਸ਼ਾਰਾ ਕੀਤਾ ਹੈ। ਲੇਖਕ ਅਨੁਸਾਰ ਸ਼ਹਿਰਾਂ ਦੇ ਵਿਕਾਸ ਲਈ ਤਿਆਰ ਕੀਤੇ ਜਾਂਦੇ ਮਾਸਟਰ ਪਲਾਨ ਹੁਣ ਕੇਵਲ ਲੋਕ ਭਲਾਈ ਯੋਜਨਾਵਾਂ ਤਹਿਤ ਜ਼ਮੀਨ ਹਥਿਆਉਣ ਤੱਕ ਸੀਮਤ ਰਹਿ ਗਏ ਹਨ। ਕਲੋਨੀਆਂ ਕੱਟਣ ਦੇ ਨਿਯਮਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ। ਕਲੋਨੀ ਕੱਟਣ ਦਾ ਘੱਟੋ ਘੱਟ ਆਕਾਰ 100 ਏਕੜ ਤੋਂ ਘਟਦਾ ਘਟਦਾ 8 ਏਕੜ ਰਹਿ ਗਿਆ ਹੈ। ਪੰਜਾਬ ਵਿੱਚ 2000 ਤੋਂ ਵੱਧ ਅਣਅਧਿਕਾਰਤ ਕਲੋਨੀਆਂ ਨੂੰ ਰੈਗੂਲਰ ਕਰ ਦਿੱਤਾ ਗਿਆ। ਲੇਖਕ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਮਿਸਾਲ ਦਿੰਦਾ ਹੈ ਜਿੱਥੇ 'ਖੇਤੀਬਾੜੀ ਜ਼ਮੀਨ ਰਿਜ਼ਰਵ ਵਰਤੋਂ ਕਾਨੂੰਨ ਲਾਗੂ ਹੈ ਜਿਸ ਨਾਲ ਖੇਤੀਬਾੜੀ ਦੇ ਅਧੀਨ ਜ਼ਮੀਨ ਨੂੰ ਹੋਰ ਮਤਲਬ ਵਿੱਚ ਵਰਤ ਲੈਣ ਲਈ ਬੜੀ ਔਖੀ ਪ੍ਰਕਿਰਿਆ ਹੈ। ਗੁਰਪ੍ਰੀਤ ਸਿੰਘ ਤੂਰ ਮੁਤਾਬਿਕ ਪੰਜਾਬ ਦੇ ਵਿਕਾਸ ਪੱਖੋਂ ਪਿਛੜੇਵੇਂ ਦਾ ਵੱਡਾ ਕਾਰਨ ਆਈ ਟੀ ਸੈਕਟਰ ਦਾ ਵਿਕਸਿਤ ਨਾ ਹੋਣਾ ਹੈ। ਤੂਰ ਅਨੁਸਾਰ ਜਿੱਥੇ 1985-86 ਵਿੱਚ ਦੱਖਣੀ ਰਾਜਾਂ ਵਿੱਚ ਕੰਪਿਊਟਰ ਪੜ੍ਹਾਈ ਸ਼ੁਰੂ ਹੋ ਗਈ ਸੀ ਉੱਥੇ ਪੰਜਾਬ ਵਿੱਚ ਕੰਪਿਊਟਰ 1991-92 ਵਿੱਚ ਹੀ ਆਇਆ ਜਿਸ ਨਾਲ ਪੰਜਾਬ ਇਸ ਖੇਤਰ ਵਿੱਚ ਪਛੜ ਗਿਆ। ਢੁਕਵਾਂ ਮਾਹੌਲ, ਕਾਨੂੰਨੀ ਅਵਸਥਾ ਠੀਕ ਨਾ ਹੋਣ, ਸੰਭਾਲਣਯੋਗ ਟਰੈਫਿਕ ਨਾ ਹੋਣ ਕਾਰਨ, ਔਰਤਾਂ ਦੀ ਉਚਿਤ ਸੁਰੱਖਿਆ ਅਤੇ ਮਾਣ ਨਾ ਹੋਣ ਕਾਰਨ ਅਤੇ ਮੋਹਾਲੀ ਨੂੰ ਆਈ ਟੀ ਸਿਟੀ ਹੈਦਰਾਬਾਦ ਵਰਗੀ ਦਿੱਖ ਨਾ ਦਿੱਤੇ ਜਾਣ ਕਾਰਨ ਪੰਜਾਬ ਆਈ ਟੀ ਸੈਕਟਰ ਵਿਚ ਬਹੁਤ ਜਿਆਦਾ ਪਛੜ ਗਿਆ। ਤੂਰ ਸਾਹਿਬ ਆਈ ਟੀ ਸੈਕਟਰ ਦੀ ਮਹੱਤਤਾ ਵੱਲ ਸੇਧਤ ਹੁੰਦੇ ਹਨ ਕਿ ਜਿੱਥੇ ਉਦਯੋਗਿਕ ਖ਼ੇਤਰ ਵਿੱਚ ਵੱਡੀ ਪੱਧਰ 'ਤੇ ਟੈਕਸ ਚੋਰੀ ਹੁੰਦੀ ਹੈ ਉੱਥੇ ਆਈ ਟੀ ਸੈਕਟਰ ਦੀਆਂ ਨਾਮੀ ਕੰਪਨੀਆਂ ਬਣਦਾ ਟੈਕਸ ਖੁਸ਼ੀ ਨਾਲ ਤਾਰ ਕੇ ਰਾਜ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ।

ਪੁਸਤਕ ਦਾ ਅੰਤਲਾ ਭਾਗ ਪੰਜਾਬ ਦੇ ਸੰਕਟ ਨੂੰ ਹੱਲ ਵੱਲ ਕੁਝ ਢੁੱਕਵੇ ਇਸ਼ਾਰੇ ਕਰਦਾ ਹੈ। ਲੇਖਕਾਂ ਅਨੁਸਾਰ ਪੰਜਾਬ ਨੂੰ ਬਹੁਤ ਵੱਡੀ ਦੀ ਤਬਦੀਲੀ ਦੀ ਲੋੜ ਹੈ ਜਿਹੜੀ ਇਨਕਲਾਬੀ ਹੋਣੀ ਚਾਹੀਦੀ ਹੈ ਅਤੇ ਜੋ ਬਿਨਾਂ ਝਿਜਕੇ ਐਲਾਨ ਕਰੇ ਕਿ ਹੁਣ ਦੇ ਮੌਜੂਦਾ ਪ੍ਰਬੰਧ ਦਾ ਸਭ ਕੁਝ ਹੀ ਨਾ ਮਨਜ਼ੂਰ ਹੈ। ਇਸ ਨੂੰ ਮੁੱਢੋਂ ਸੁੱਢੋਂ ਬਦਲਣ ਦੀ ਲੋੜ ਹੈ। ਉਦਯੋਗੀਕਰਨ ਤੇ ਸ਼ਹਿਰੀਕਰਨ ਪੰਜਾਬ ਦਾ ਆਰਥਿਕ ਤੇ ਕੁਦਰਤੀ ਸਮਾਜਿਕ ਉਜਾੜਾ ਕਰ ਰਿਹਾ ਹੈ। ਪੰਜਾਬ ਦੀਆਂ ਰਾਜਨੀਤਿਕ ਪਾਰਟੀਆਂ ਨੈਤਿਕ ਤੌਰ 'ਤੇ ਆਪਣੀ ਜ਼ਿੰਮੇਵਾਰੀ ਨਹੀਂ ਸਮਝ ਰਹੀਆਂ। ਵਿੱਦਿਆ ਦੇ ਪਸਾਰ ਨਾਲ ਹੀ ਸਮਾਜਿਕ ਪਿਛੜੇਵੇਂ ਮੈਨੂੰ ਦੂਰ ਕੀਤਾ ਜਾ ਸਕਦਾ। ਵਿਦਿਆ ਦੇ ਪ੍ਰਸਾਰ ਨਾਲ ਹੀ ਦੱਬੀਆਂ ਕੁਚਲੀਆਂ ਜਾਤਾਂ ਤੇ ਔਰਤਾਂ ਵਿੱਚ ਆਪਣੇ ਹੱਕਾਂ ਪ੍ਰਤੀ ਚੇਤਨਤਾ ਵਧੀ ਹੈ। ਇਹ ਪੁਸਤਕ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਜੋ ਅਜੋਕੇ ਦੌਰ ਵਿੱਚ ਇੱਕ ਵੱਡਾ ਖਿਲਾਅ ਦੇਖਣ ਨੂੰ ਮਿਲ ਰਿਹਾ ਜਿਸ ਵਿੱਚ ਸਪਸ਼ਟ ਦਿਸ਼ਾ ਦੀ ਅਣਹੋਂਦ ਜਾਪਦੀ ਹੈ। ਇਹ ਪੁਸਤਕ ਲੇਖਕਾਂ, ਬੁੱਧੀਜੀਵੀਆਂ, ਚਿੰਤਕਾਂ, ਸਿਆਸਤਦਾਨਾਂ, ਮੁਲਾਜ਼ਮਾਂ, ਵਿਦਿਆਰਥੀਆਂ ਅਤੇ ਵੱਖ-ਵੱਖ ਸੰਸਥਾਵਾਂ ਵਿੱਚ ਜ਼ਿੰਮੇਵਾਰ ਅਹੁਦਿਆਂ ਉਪਰ ਬੈਠੇ ਲੋਕਾਂ ਵਿੱਚ ਗੰਭੀਰ ਚਰਚਾ ਛੇੜਨ ਦੀ ਸਮਰੱਥਾ ਰੱਖਦੀ ਹੈ। ਇਸ ਪੁਸਤਕ ਦਾ ਪੜ੍ਹੇ ਜਾਣਾ ਵੀ ਜ਼ਰੂਰੀ ਹੈ ਤੇ ਇਸ ਉਪਰ ਵਿਚਾਰ ਚਰਚਾ ਕਰਕੇ ਗੱਲ ਅੱਗੇ ਤੋਰਨ ਦੀ ਵੀ ਅਤਿਅੰਤ ਜ਼ਰੂਰਤ ਹੈ।

ਇਲਹਾਨ ਉਮਰ ਵਿਰੁੱਧ ਟਰੰਪ ਦਾ ਖ਼ਤਰਨਾਕ ਜਾਬਰ ਹਮਲਾ

ਜੌਨ ਕਲਾਰਕ
ਪੇਸ਼.: ਬੂਟਾ ਸਿੰਘ ਮਹਿਮੂਦਪੁਰ

ਖੱਬੇਪੱਖੀ ਕਾਂਗਰਸ ਮੈਂਬਰ ਦੇ ਘਰ ਛਾਪਾ ਟਰੰਪ ਦੇ ਤਾਨਾਸ਼ਾਹੀ ਵੱਲ ਵਧਦੇ ਕਦਮਾਂ ਦਾ ਚਿੰਤਾਜਨਕ ਸੰਕੇਤ ਹੈ। ਜੌਨ ਕਲਾਰਕ ਕਹਿੰਦੇ ਹਨ ਕਿ ਡੈਮੋਕ੍ਰੈਟਾਂ ਵੱਲੋਂ ਇਸ ਦਾ ਟਾਕਰਾ ਨਾ ਕੀਤੇ ਜਾਣ ਕਾਰਨ ਇਸ ਵਰਤਾਰੇ ਵਿਰੁੱਧ ਵਿਆਪਕ ਜਨਤਕ ਸੰਘਰਸ਼ ਦੀ ਲੋੜ ਹੈ।

ਇਸ ਮਹੀਨੇ ਦੇ ਸ਼ੁਰੂ ’ਚ ਅਮਰੀਕੀ ਫੈਡਰਲ ਏਜੰਟਾਂ ਨੇ ਮਿਨੇਸੋਟਾ ਤੋਂ ਡੈਮੋਕ੍ਰੈਟਿਕ ਪਾਰਟੀ ਦੀ ਕਾਂਗਰਸ ਮੈਂਬਰ ਇਲਹਾਨ ਉਮਰ ਦੇ ਘਰ ਛਾਪਾ ਮਾਰਿਆ ਅਤੇ ਤਲਾਸ਼ੀ ਲਈ। ਉਹ ਲੰਮੇ ਸਮੇਂ ਤੋਂ ਡੌਨਾਲਡ ਟਰੰਪ ਦੇ ਸਭ ਤੋਂ ਬੇਬਾਕ ਆਲੋਚਕਾਂ ਵਿੱਚੋਂ ਇਕ ਰਹੀ ਹੈ ਅਤੇ ਇਸੇ ਕਾਰਨ ਉਹ ਟਰੰਪ ਦੀ ਨਫ਼ਰਤ ਦਾ ਨਿਸ਼ਾਨਾ ਬਣੀ ਹੋਈ ਹੈ। ਇਸ ਤੋਂ ਇਲਾਵਾ, ਇਹ ਛਾਪਾ ਸਪਸ਼ਟ ਤੌਰ ’ਤੇ ਨਵੰਬਰ ਦੇ ਸ਼ੁਰੂ ਵਿੱਚ ਹੋਣ ਵਾਲੀਆਂ ਮੱਧਕਾਲੀ ਚੋਣਾਂ ਤੋਂ ਪਹਿਲਾਂ ਸਿਆਸੀ ਤੌਰ ’ਤੇ ਡਰਾਉਣ-ਧਮਕਾਉਣ ਦੇ ਇਰਾਦੇ ਨਾਲ ਮਾਰਿਆ ਗਿਆ।

ਉਮਰ ਦੀ ਨਾਗਰਿਕਤਾ ਦੀ ਕਾਨੂੰਨੀ ਵਾਜਬੀਅਤ ਨੂੰ ਚੁਣੌਤੀ ਦੇਣ ਉੱਪਰ ਜਿਸ ਘਿਨਾਉਣੇ ਢੰਗ ਨਾਲ ਜ਼ੋਰ ਦਿੱਤਾ ਜਾ ਰਿਹਾ ਹੈ, ਉਸ ਤੋਂ ਪੂਰੀ ਤਰ੍ਹਾਂ ਸਪਸ਼ਟ ਹੈ ਕਿ ਉਸ ਉੱਪਰ ਇਹ ਹਮਲਾ ਟਰੰਪ ਪ੍ਰਸ਼ਾਸਨ ਦੀਆਂ ਪਰਵਾਸੀ ਵਿਰੋਧੀ ਤਰਜੀਹਾਂ ਅਤੇ ਖ਼ਾਸ ਕਰਕੇ ਸੋਮਾਲੀ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਨਾਲ ਸਿੱਧੇ ਤੌਰ ’ਤੇ ਜੁੜਿਆ ਹੋਇਆ ਹੈ। ਉਮਰ ਵੀ ਇਸੇ ਭਾਈਚਾਰੇ ਨਾਲ ਸੰਬੰਧ ਰੱਖਦੀ ਹੈ।

ਇਸ ਹਮਲੇ ਨਾਲ ਜੁੜੇ ਬੁਨਿਆਦੀ ਤੱਥ ਇਨ੍ਹਾਂ ਦੋਹਾਂ ਮਨੋਰਥਾਂ ਦੀ ਸਪਸ਼ਟ ਪੁਸ਼ਟੀ ਕਰਦੇ ਹਨ। ‘ਦ ਗਾਰਡੀਅਨ’ ਦੀ ਰਿਪੋਰਟ ਅਨੁਸਾਰ, ਉਮਰ ਦੇ ਕਾਨੂੰਨੀ ਨੁਮਾਇੰਦਿਆਂ ਨੇ ਇਸ ਛਾਪੇ ਨੂੰ ‘ਨਾ ਜਾਇਜ਼ ਅਤੇ ਨਾ ਹੀ ਕਾਨੂੰਨੀ’ ਕਰਾਰ ਦਿੱਤਾ ਹੈ ਅਤੇ ਏਜੰਟਾਂ ਵੱਲੋਂ ਉਸ ਦੇ ਘਰੋਂ ਜ਼ਬਤ ਕੀਤਾ ਸਾਮਾਨ ਵਾਪਸ ਕਰਨ ਦੀ ਮੰਗ ਕੀਤੀ ਹੈ।

ਉਹ ਅੱਗੇ ਕਹਿੰਦੇ ਹਨ ਕਿ ‘ਰਾਸ਼ਟਰਪਤੀ ਦੇ ਪ੍ਰਮੁੱਖ ਕਾਂਗਰਸੀ ਆਲੋਚਕਾਂ ਵਿੱਚੋਂ ਇਕ ਵਿਰੁੱਧ ਇਹ ਬਦਲਾਖ਼ੋਰ, ਬਦਲਾ ਲੈਣ ਦੀ ਭਾਵਨਾ ਤੋਂ ਪ੍ਰੇਰਿਤ ਅਤੇ ਸਿਆਸੀ ਮਨੋਰਥਾਂ ਵਾਲੀ ਅਪਰਾਧਿਕ ਜਾਂਚ ਕਾਂਗਰਸ ਮੈਂਬਰ ਉਮਰ ਦੇ ਸੰਵਿਧਾਨਕ ਹੱਕਾਂ ਦੀ ਉਲੰਘਣਾ ਹੈ ਅਤੇ ਰਾਜ ਦੀਆਂ ਸ਼ਕਤੀਆਂ ਦੀ ਵੰਡ ਨੂੰ ਖ਼ਤਰੇ ਵਿੱਚ ਪਾਉਂਦੀ ਹੈ।’ ਉਹ ‘ਨਿਆਂ ਵਿਭਾਗ ਉੱਪਰ ਆਪਣੀ ਉਸ ਚਿਰੋਕਣੀ ਨੀਤੀ ਦੀ ਉਲੰਘਣਾ ਕਰਨ ਦਾ ਦੋਸ਼ ਵੀ ਲਾਉਂਦੇ ਹਨ, ਜਿਸ ਦਾ ਮਕਸਦ ਚੋਣਾਂ ਨੂੰ ਸੰਭਾਵੀ ਤੌਰ ’ਤੇ ਪ੍ਰਭਾਵਿਤ ਕਰਨ ਤੋਂ ਬਚਣਾ ਹੈ।’

ਪ੍ਰਸ਼ਾਸਨ ਉਨ੍ਹਾਂ ਪਰਵਾਸੀ ਕਾਗ਼ਜ਼ਾਤ ਵਿੱਚ ਬੇਨਿਯਮੀਆਂ ਸਾਬਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਜੋ ਉਮਰ ਦੇ ਪਿਤਾ ਨੇ ਉਸ ਦੇ ਬਚਪਨ ਦੌਰਾਨ ਜਮ ?ਹਾਂ ਕਰਵਾਏ ਸਨ। ਅਜਿਹਾ ਕਰਦਿਆਂ ਉਹ ‘ਉਨ੍ਹਾਂ ਬੇਬੁਨਿਆਦ ਅਫ਼ਵਾਹਾਂ (ਜਿਨ੍ਹਾਂ ਨੂੰ ਟਰੰਪ ਨੇ ਦੁਹਰਾਇਆ ਹੈ) ਨੂੰ ਆਧਾਰ ਬਣਾ ਰਿਹਾ ਹੈ ਕਿ ਉਮਰ ਦਾ ਸਾਬਕਾ ਪਤੀ ਦਰ ਅਸਲ ਉਸ ਦਾ ਭਰਾ ਹੈ—ਅਤੇ ਉਸ ਨੇ ਉਸ ਨਾਲ ਇਸ ਲਈ ਵਿਆਹ ਕਰਵਾਇਆ ਸੀ ਤਾਂ ਜੋ ਉਸ ਨੂੰ ਪਰਵਾਸੀ ਵਜੋਂ ਕਾਨੂੰਨੀ ਦਰਜਾ ਮਿਲ ਸਕੇ।’ ਇਸੇ ਤਹਿਤ ਇਕ ਦਰਜਨ ਤੋਂ ਵੱਧ ਸੰਮਨ ਜਾਰੀ ਕੀਤੇ ਗਏ ਹਨ, ਜਿਨ੍ਹਾਂ ਵਿੱਚ ਉਮਰ ਦੇ ਪਰਿਵਾਰਕ ਮੈਂਬਰਾਂ ਨੂੰ ਜਾਰੀ ਕੀਤੇ ਸੰਮਨ ਵੀ ਸ਼ਾਮਲ ਹਨ, ਅਤੇ ਉਸ ਦਾ ਫ਼ੋਨ ਜ਼ਬਤ ਕਰ ਲਿਆ ਗਿਆ ਹੈ।

ਸੋਮਾਲੀ ਲੋਕ ਟਰੰਪ ਦੇ ਬਦਨਾਮ ਨਸਲਵਾਦ ਦਾ ਖ਼ਾਸ ਨਿਸ਼ਾਨਾ ਹਨ, ਹਾਲਾਂਕਿ ਉਹ ਇਕੱਲੇ ਨਿਸ਼ਾਨਾ ਨਹੀਂ ਹਨ। ਉਸ ਦੇ ਜਨਤਕ ਬਿਆਨ ਇਸ ਦੀ ਭਰਪੂਰ ਪੁਸ਼ਟੀ ਕਰਦੇ ਹਨ। ਉਹ ਪਹਿਲਾਂ ਉਨ੍ਹਾਂ ਨੂੰ ‘ਕੂੜਾ-ਕਰਕਟ’ ਕਹਿ ਚੁੱਕਾ ਹੈ, ਜੋ ‘ਨਰਕ ਤੋਂ ਆਉਂਦੇ ਹਨ ਅਤੇ ਸ਼ਿਕਾਇਤਾਂ ਕਰਦੇ ਹਨ; ਬਕਬਕ ਕਰਨ ਤੋਂ ਸਿਵਾ ਹੋਰ ਕੁਝ ਨਹੀਂ ਕਰਦੇ।’ ਉਸ ਨੇ ਖ਼ਾਸ ਤੌਰ ’ਤੇ ਕਿਹਾ ਹੈ ਕਿ ਉਮਰ ਨੂੰ ‘ਸਾਡੇ ਮੁਲਕ ਵਿੱਚੋਂ ਚੁੱਕ ਕੇ ਬਾਹਰ ਸੁੱਟ ਦੇਣਾ ਚਾਹੀਦਾ ਹੈ।’ ਇਸ ਤੋਂ ਪਹਿਲਾਂ ਉਹ ਇਹ ਨਸਲਵਾਦੀ ਦਾਅਵੇ ਵੀ ਦੁਹਰਾ ਚੁੱਕਾ ਹੈ ਕਿ ਓਹਾਇਓ ਵਿੱਚ ਹੈਤੀ ਦੇ ਪਰਵਾਸੀ ਕੁੱਤੇ ਅਤੇ ਬਿੱਲੀਆਂ ਚੋਰੀ ਕਰਕੇ ਖਾ ਰਹੇ ਹਨ।

ਨਫ਼ਰਤ ਦੀ ਸਿਆਸਤ : ਚੋਣ ਪ੍ਰਕਿਰਿਆ ਵਿੱਚ ਦਖ਼ਲਅੰਦਾਜ਼ੀ ਦੇ ਰੂਪ ’ਚ ਉਮਰ ਦੇ ਘਰ ਜੋ ਛਾਪਾ ਮਾਰਿਆ ਗਿਆ ਉਹ ਟਰੰਪ ਵੱਲੋਂ ਨਫ਼ਰਤ ਦੀ ਉਸੇ ਸਿਆਸਤ ਨੂੰ ਹਵਾ ਦੇਣ ਦੀ ਸ਼ਰੇਆਮ ਕੋਸ਼ਿਸ਼ ਹੈ, ਜੋ ਉਸ ਦੇ ਹਮਾਇਤੀ ਆਧਾਰ ਨੂੰ ਪ੍ਰੇਰਦੀ ਹੈ ਅਤੇ ਜਿਸ ਨੂੰ ਉਹ ਖ਼ੁਦ ਵੀ ਪੂਰੀ ਤਰ੍ਹਾਂ ਅਪਨਾਉਂਦਾ ਹੈ। ਉਮਰ ਡੈਮੋਕ੍ਰੈਟਿਕ ਪਾਰਟੀ ਦੇ ਖੱਬੇ ਧੜੇ ਨਾਲ ਸੰਬੰਧ ਰੱਖਦੀ ਹੈ, ਇਜ਼ਰਾਈਲ ਦੀ ਤਿੱਖੀ ਆਲੋਚਕ ਰਹੀ ਹੈ ਅਤੇ ਆਮ ਤੌਰ ’ਤੇ ਟਰੰਪ ਪ੍ਰਸ਼ਾਸਨ ਦੀ ਬੇਬਾਕ ਵਿਰੋਧੀ ਰਹੀ ਹੈ। ਪਰ ਉਹ ਆਪਣੇ ਧਰਮ ਦੀ ਪਾਲਣਾ ਕਰਨ ਵਾਲੀ ਮੁਸਲਮਾਨ ਵੀ ਹੈ ਅਤੇ ਇਸੇ ਕਾਰਨ ਉਸ ਸਮੇਂ ਖ਼ਾਸ ਨਿਸ਼ਾਨਾ ਬਣੀ ਹੋਈ ਹੈ, ਜਦੋਂ ਟਰੰਪ ਚੋਣਾਂ ਵਿੱਚ ਰਿਪਬਲਿਕਨ ਪਾਰਟੀ ਦੀ ਡਾਵਾਂਡੋਲ ਹੋ ਰਹੀ ਸਥਿਤੀ ਨੂੰ ਠੁੰਮਣਾ ਦੇਣ ਦੀ ਕੋਸ਼ਿਸ਼ ਕਰ ਰਿਹਾ ਹੈ।

ਉਮਰ ਦੇ ਘਰ ਫੈਡਰਲ ਏਜੰਟ ਚਾੜ੍ਹਨ ਤੋਂ ਇਲਾਵਾ ਟਰੰਪ ਨੇ ਮਿਸ਼ੀਗਨ ਦੀ ਸੈਨੇਟ ਚੋਣ ਵਿੱਚ ਡੈਮੋਕ੍ਰੈਟਿਕ ਉਮੀਦਵਾਰ ਅਬਦੁਲ ਅਲ-ਸਈਦ ਉੱਪਰ ਹਮਲੇ ਕਰਨ ਨੂੰ ਵੀ ਖ਼ਾਸ ਅਹਿਮੀਅਤ ਦਿੱਤੀ ਹੈ। ‘ਡੀਡਬਲਿਊ ਇਨ ਫੋਕਸ’ ਅਨੁਸਾਰ, ਟਰੰਪ ਨੇ ਹਾਲ ਹੀ ਵਿੱਚ ਟੈਨੇਸੀ ਵਿੱਚ ਆਪਣੇ ਹਮਾਇਤੀਆਂ ਦੀ ਇਕ ਰੈਲੀ ਨੂੰ ਕਿਹਾ: ‘ਮੈਂ ਉਸ ਨੂੰ ਮੁਹੰਮਦ ਕਹਿੰਦਾ ਹਾਂ। ਕਿਸੇ ਨੇ ਕਿਹਾ, “ਉਸ ਦਾ ਨਾਂ ਮੁਹੰਮਦ ਨਹੀਂ, ਅਬਦੁਲ ਹੈ।” ਮੈਂ ਕਿਹਾ, “ਮੇਰੇ ਲਈ ਉਹ ਮੁਹੰਮਦ ਹੈ।” ਮੈਂ ਰਾਸ਼ਟਰਪਤੀ ਹਾਂ। ਮੈਂ ਉਸ ਨੂੰ ਜੋ ਮਰਜ਼ੀ ਕਹਿ ਸਕਦਾ ਹਾਂ। ਮੇਰੇ ਲਈ ਉਹ ਮੁਹੰਮਦ ਹੈ ਅਤੇ ਉਹ ਕੱਟੜ ਜਿਹਾਦੀ ਹੈ।’ ਉਸ ਨੇ ਇਸ ਦਾਅਵੇ ਦੇ ਹੱਕ ਵਿੱਚ ਕੋਈ ਸਬੂਤ ਨਹੀਂ ਦਿੱਤਾ।

ਜਿਉਂ-ਜਿਉਂ 3 ਨਵੰਬਰ ਦੀਆਂ ਮੱਧਕਾਲੀ ਚੋਣਾਂ ਨੇੜੇ ਆ ਰਹੀਆਂ ਹਨ ਅਤੇ ਰਿਪਬਲਿਕਨਾਂ ਵੱਲੋਂ ਪ੍ਰਤੀਨਿਧੀ ਸਭਾ ਤੇ ਸੈਨੇਟ ਦੋਹਾਂ ਉੱਪਰ ਆਪਣਾ ਕੰਟਰੋਲ ਗੁਆ ਲੈਣ ਦੀ ਸੰਭਾਵਨਾ ਬਣ ਰਹੀ ਹੈ, ਟਰੰਪ ਪ੍ਰਸ਼ਾਸਨ ਦੀਆਂ ਤਾਨਾਸ਼ਾਹੀ ਰੁਚੀਆਂ ਹੋਰ ਉੱਘੜ ਕੇ ਸਾਹਮਣੇ ਆ ਰਹੀਆਂ ਹਨ। ਉਮਰ ਉੱਪਰ ਹਮਲਾ ਇਸ ਦਾ ਇਕ ਅਹਿਮ ਹਿੱਸਾ ਹੈ।

‘ਡੈਮੋਕ੍ਰੇਸੀ ਡਾਕੇਟ’ ਅਨੁਸਾਰ, ‘ਮਾਗਾ ਖੇਮੇ ਵਿੱਚ ਇਹ ਮੰਗ ਕਰਨ ਵਾਲੀਆਂ ਆਵਾਜ਼ਾਂ ਵਧ ਰਹੀਆਂ ਹਨ ਕਿ ਟਰੰਪ ਕੌਮੀ ਐਮਰਜੈਂਸੀ ਦਾ ਐਲਾਨ ਕਰੇ ਅਤੇ ਚੋਣਾਂ ਆਪਣੇ ਕੰਟਰੋਲ ਹੇਠ ਲੈ ਲਵੇ। ਟਰੰਪ ਪਹਿਲਾਂ ਵੀ ਅਜਿਹਾ ਕਰਨ ਦੀ ਕੋਸ਼ਿਸ਼ ਦੇ ਸੰਕੇਤ ਦੇ ਚੁੱਕਾ ਹੈ—ਅਤੇ ਜਿਉਂ-ਜਿਉਂ ਮੱਧਕਾਲੀ ਚੋਣਾਂ ਦੇ ਅਨੁਮਾਨ ਰਿਪਬਲਿਕਨਾਂ ਲਈ ਮਾੜੇ ਹੁੰਦੇ ਜਾ ਰਹੇ ਹਨ, ਇਹ ਖ਼ਤਰਾ ਵਧਦਾ ਜਾ ਰਿਹਾ ਹੈ।’ ਟਰੰਪ ਨੇ ਖ਼ੁਦ ਵੀ ਇਸ ਸੰਭਾਵਨਾ ਨੂੰ ਰੱਦ ਕਰਨ ਤੋਂ ਇਨਕਾਰ ਕੀਤਾ ਹੈ।

ਭਾਵੇਂ ਟਰੰਪ ਦਾ ਅਜਿਹਾ ਸ਼ਰੇਆਮ ਕਦਮ ਚੋਣਾਂ ਦੀ ਨਿਗਰਾਨੀ ਦੀਆਂ ਸ਼ਕਤੀਆਂ ਵੱਖ-ਵੱਖ ਸੂਬਿਆਂ ਤੋਂ ਫੈਡਰਲ ਪੱਧਰ ਉੱਪਰ ਤਬਦੀਲ ਕਰਨ ਵਿੱਚ ਨਾਕਾਮ ਵੀ ਰਹਿ ਸਕਦਾ ਹੈ, ਪਰ ਚਿੰਤਾ ਇਹ ਹੈ ਕਿ ਉਹ ਚੋਣ ਪ੍ਰਕਿਰਿਆ ਵਿੱਚ ਕਿਸ ਹੱਦ ਤੱਕ ਵਿਘਨ ਪਾ ਸਕਦਾ ਹੈ। ਖ਼ਤਰਾ ‘ਉਸ ਅਫ਼ਰਾ-ਤਫ਼ਰੀ ਦਾ ਹੈ ਜੋ ਇਸ ਨਾਲ ਪੈਦਾ ਹੋ ਸਕਦੀ ਹੈ—ਵੋਟਰਾਂ ਨੂੰ ਉਲਝਣ ਵਿੱਚ ਪਾਉਣਾ, ਲੋਕਾਂ ਨੂੰ ਵੋਟ ਪਾਉਣ ਜਾਣ ਤੋਂ ਰੋਕਣਾ ਅਤੇ ਨਤੀਜਿਆਂ ਨੂੰ ਵਿਵਾਦਗ੍ਰਸਤ ਬਣਾਉਣ ਲਈ ਜ਼ਮੀਨ ਤਿਆਰ ਕਰਨਾ।’ ਇਸ ਤੋਂ ਪਹਿਲਾਂ ਪੋਲਿੰਗ ਕੇਂਦਰਾਂ ਉੱਪਰ ਆਈ.ਸੀ.ਈ. ਦੇ ਏਜੰਟ ਤਾਇਨਾਤ ਕਰਨ ਦਾ ਵਿਚਾਰ ਵੀ ਪੇਸ਼ ਕੀਤਾ ਜਾ ਚੁੱਕਾ ਹੈ। ਇਹ ਵੋਟਰਾਂ ਨੂੰ ਡਰਾਉਣ-ਧਮਕਾਉਣ ਅਤੇ ਵੋਟ ਪਾਉਣ ਤੋਂ ਰੋਕਣ ਦਾ ਇਕ ਵੱਡਾ ਉਪਰਾਲਾ ਹੋਵੇਗਾ।

ਇਸੇ ਸਿਲਸਿਲੇ ਵਿੱਚ ‘ਦੀ ਲਾਸ ਐਂਜਲਸ ਟਾਈਮਜ਼’ ਨੇ ਉਸ ਸ਼ਹਿਰ ਵਿੱਚ ‘ਫੈਡਰਲ ਪਰਵਾਸੀ ਛਾਪਿਆਂ ਵਿੱਚ ਆਏ ਉਛਾਲ’ ਦੀ ਰਿਪੋਰਟ ਦਿੱਤੀ ਹੈ, ਜੋ ‘ਮੱਧਕਾਲੀ ਚੋਣਾਂ ਵਿੱਚ ਵੋਟਰਾਂ ਦੀ ਸ਼ਮੂਲੀਅਤ ਘਟਾਉਣ ਦੇ ਮਕਸਦ ਨਾਲ ਮਾਰੇ ਜਾ ਰਹੇ ਜਾਪਦੇ ਹਨ

(ਅਤੇ ਜਿਨ੍ਹਾਂ ਦਾ) ਮਕਸਦ ਪਰਵਾਸੀ ਭਾਈਚਾਰਿਆਂ ਦੀ ਆਵਾਜ਼ ਦਬਾਉਣਾ, ਨਾਗਰਿਕ ਭਾਗੀਦਾਰੀ ਨੂੰ ਕੁਚਲਣਾ ਅਤੇ ਸਾਡੀਆਂ ਬਸਤੀਆਂ ਵਿੱਚ ਵੰਡੀਆਂ ਪਾਉਣਾ ਹੈ।’

ਮਾਨੋ ਇਸ ਨਜ਼ਰੀਏ ਦੀ ਪੁਸ਼ਟੀ ਕਰਦਿਆਂ ਹੀ ਗ੍ਰਹਿ ਸੁਰੱਖਿਆ ਵਿਭਾਗ ਨੇ ਹਾਲ ਹੀ ਵਿੱਚ ਇਕ ਬਿਆਨ ਜਾਰੀ ਕਰਕੇ ਐਲਾਨ ਕੀਤਾ ਕਿ ‘ਅਮਰੀਕੀ ਚੋਣਾਂ ਵਿੱਚ ਵੋਟ ਪਾਉਣ ਵਾਲੇ ਵਿਦੇਸ਼ੀ ਨਾਗਰਿਕਾਂ ਲਈ ਸਾਡਾ ਸੁਨੇਹਾ ਸਪਸ਼ਟ ਹੈ: ਅਸੀਂ ਤੁਹਾਨੂੰ ਲੱਭ ਲਵਾਂਗੇ, ਗ੍ਰਿਫ਼ਤਾਰ ਕਰਾਂਗੇ ਅਤੇ ਤੁਹਾਨੂੰ ਨਤੀਜੇ ਭੁਗਤਣੇ ਪੈਣਗੇ—ਜਿਨ੍ਹਾਂ ਵਿੱਚ ਅਪਰਾਧਿਕ ਦੋਸ਼ਾਂ ਤਹਿਤ ਕਾਰਵਾਈ ਅਤੇ ਦੇਸ਼-ਨਿਕਾਲਾ ਵੀ ਸ਼ਾਮਲ ਹਨ।’

ਸਥਾਪਤ ਹਾਕਮ ਧਿਰਾਂ ਦੀ ਮਿਲੀਭੁਗਤ : ਜਿਸ ਖ਼ਤਰਨਾਕ ਪ੍ਰਸੰਗ ਵਿੱਚ ਇਲਹਾਨ ਉਮਰ ਉੱਪਰ ਇਹ ਹਮਲਾ ਹੋਇਆ ਹੈ, ਉਸ ਨੂੰ ਦੇਖਦਿਆਂ ਇਹ ਗੱਲ ਧਿਆਨ ਖਿੱਚਦੀ ਹੈ ਕਿ ਉੱਚ ਪੱਧਰੇ ਹਲਕਿਆਂ ਵਿੱਚ ਉਸ ਨੂੰ ਮਿਲੀ ਹਮਾਇਤ ਕਿੰਨੀ ਠੰਢੀ ਰਹੀ ਹੈ। ‘ਦੀ ਨੇਸ਼ਨ’ ਲਿਖਦਾ ਹੈ ਕਿ ‘ਟਰੰਪ ਵੱਲੋਂ ਨਿਆਂ ਪ੍ਰਣਾਲੀ ਦੀ ਕਾਨੂੰਨ-ਵਿਰੁੱਧ ਦੁਰਵਰਤੋਂ ਦੇ ਪਹਿਲੇ ਪੀੜਤਾਂ ਦੇ ਉਲਟ, ਉਮਰ ਦੇ ਬਚਾਅ ਵਿੱਚ ਸਿਆਸੀ ਅਤੇ ਮੀਡੀਆ ਕੁਲੀਨ ਵਰਗ ਖੁੱਲ੍ਹ ਕੇ ਆਵਾਜ਼ ਨਹੀਂ ਉਠਾ ਰਹੇ।’ ਉਹ ਤਿੱਖੇ ਸ਼ਬਦਾਂ ਵਿੱਚ ਅੱਗੇ ਕਹਿੰਦਾ ਹੈ ਕਿ ‘ਉਦਾਰਵਾਦੀ ਜਮਹੂਰੀਅਤ ਨੂੰ ਢਾਹ ਲਾਉਣ ਦੇ ਟਰੰਪ ਦੇ ਯਤਨਾਂ ਵਿੱਚ ਇਕ ਅਜਿਹਾ ਸਥਾਪਤ ਤੰਤਰ ਉਸ ਦੀ ਮਦਦ ਕਰ ਰਿਹਾ ਹੈ ਅਤੇ ਉਸ ਨੂੰ ਹੱਲਾਸ਼ੇਰੀ ਦੇ ਰਿਹਾ ਹੈ, ਜੋ ਆਪਣੇ ਘੇਰੇ ਤੋਂ ਬਾਹਰਲੇ ਲੋਕਾਂ ਨੂੰ ਦੂਰ ਰੱਖਣ ਲਈ ਇੰਨਾ ਵਚਨਬੱਧ ਹੈ ਕਿ ਇਸ ਨਾਜ਼ੁਕ ਸਮੇਂ ਇਲਹਾਨ ਉਮਰ ਦਾ ਬਚਾਅ ਕਰਨ ਦੀ ਖੇਚਲ ਵੀ ਨਹੀਂ ਕਰਦਾ।’

ਇਸ ਮਾਮਲੇ ਵਿੱਚ ਡੈਮੋਕ੍ਰੈਟਿਕ ਪਾਰਟੀ ਦੀ ਸਥਾਪਤ ਲੀਡਰਸ਼ਿਪ ਅਤੇ ਉਸ ਦੇ ਕਈ ਪ੍ਰਮੁੱਖ ਆਗੂ ਪੂਰੀ ਤਰ੍ਹਾਂ ਭਾਗੀਦਾਰ ਹਨ। ਇਹ ਸੱਚ ਹੈ ਕਿ ਬਰਾਕ ਓਬਾਮਾ ਨੇ ਉਮਰ ਦੇ ਬਚਾਅ ਵਿੱਚ ਇਕ ਬਿਆਨ ਜਾਰੀ ਕੀਤਾ ਹੈ, ਜਿਸ ਵਿੱਚ ਉਸ ਨੇ ਸਹੀ ਤੌਰ ’ਤੇ ਕਿਹਾ ਹੈ ਕਿ ‘ਫੈਡਰਲ ਸਰਕਾਰ ਦੀ ਪੂਰੀ ਤਾਕਤ ਇਕ ਕਾਨੂੰਨ ਦੀ ਪਾਲਣਾ ਕਰਨ ਵਾਲੀ ਚੁਣੀ ਹੋਈ ਨੁਮਾਇੰਦਾ ਉੱਪਰ ਇਸ ਲਈ ਝੋਕੀ ਜਾ ਰਹੀ ਹੈ ਕਿਉਂਕਿ ਉਸ ਨੇ ਰਾਸ਼ਟਰਪਤੀ ਦੀ ਆਲੋਚਨਾ ਕਰਨ ਦੀ ਜੁਰਅਤ ਕੀਤੀ ਹੈ ਜੇ ਇਹ ਆਮ ਵਰਤਾਰਾ ਬਣ ਗਿਆ, ਤਾਂ ਇਹ ਮੰਨਣ ਦਾ ਕੋਈ ਕਾਰਨ ਨਹੀਂ ਕਿ ਇਹ (ਉਮਰ) ਤੱਕ ਹੀ ਰੁਕ ਜਾਵੇਗਾ।’ ਪਰ ਉਸ ਦੇ ਬਚਾਅ ਲਈ ਅੱਗੇ ਆਉਣ ਵਾਲਿਆਂ ਵਿੱਚ ਓਬਾਮਾ ਇਕ ਅਪਵਾਦ ਹੀ ਰਿਹਾ ਹੈ।

ਸਭ ਤੋਂ ਅਹਿਮ ਗੱਲ ਇਹ ਹੈ ਕਿ ‘ਟਰੁੱਥਆਊਟ’ ਨੇ 16 ਅਕਤੂਬਰ ਨੂੰ ਲਿਖਿਆ ਕਿ ‘ਮੱਧਕਾਲੀ ਚੋਣਾਂ ਤੋਂ ਮਹਿਜ਼ ਕੁਝ ਹਫ਼ਤੇ ਪਹਿਲਾਂ ਟਰੰਪ ਪ੍ਰਸ਼ਾਸਨ ਵੱਲੋਂ ਕਾਂਗਰਸ ਮੈਂਬਰ ਇਲਹਾਨ ਉਮਰ (ਡੈਮੋਕ੍ਰੈਟ—ਮਿਨੇਸੋਟਾ) ਦੇ ਘਰ ਮਾਰੇ ਗਏ ਬੇਮਿਸਾਲ ਛਾਪੇ ਦੇ ਕਈ ਦਿਨ ਬਾਅਦ ਵੀ ਸੈਨੇਟ ਵਿੱਚ ਘੱਟਗਿਣਤੀ ਧਿਰ ਦੇ ਆਗੂ ਚੱਕ ਸ਼ੂਮਰ (ਡੈਮੋਕ੍ਰੈਟ—ਨਿਊਯਾਰਕ) ਨੇ ਇਸ ਸ਼ਰੇਆਮ ਸਿਆਸੀ ਮੁਕੱਦਮੇਬਾਜ਼ੀ ਵਿਰੁੱਧ ਅਗਾਂਹਵਧੂ ਡੈਮੋਕ੍ਰੈਟਿਕ ਨੁਮਾਇੰਦਾ ਦਾ ਇਕ ਵਾਰ ਵੀ ਜਨਤਕ ਤੌਰ ’ਤੇ ਬਚਾਅ ਨਹੀਂ ਕੀਤਾ।’

ਜਿੱਥੇ ਹੋਰ ਪ੍ਰਮੁੱਖ ਡੈਮੋਕ੍ਰੈਟਾਂ ਨੇ ਆਪਣੀ ਪਾਰਟੀ ਦੀ ਇਕ ਚੁਣੀ ਹੋਈ ਨੁਮਾਇੰਦਾ ਉੱਪਰ ਇਸ ਹਮਲੇ ਵਿਰੁੱਧ ਕੁਝ ਹੱਦ ਤੱਕ ਇਤਰਾਜ਼ ਦਰਜ ਵੀ ਕਰਵਾਇਆ ਹੈ, ਉੱਥੇ ਵੀ ‘ਹਮਲਿਆਂ ਦੀ ਗੰਭੀਰਤਾ ਦੇ ਮੁਕਾਬਲੇ ਉਹ ਬਿਆਨ ਬਹੁਤ ਦੱਬਵੇਂ ਰਹੇ ਹਨ।’

ਉਮਰ ਦੇ ਘਰ ਮਾਰੇ ਗਏ ਸਰਾਸਰ ਨਸਲਵਾਦੀ ਅਤੇ ਬੇਹੱਦ ਖ਼ਤਰਨਾਕ ਛਾਪੇ ਦਾ ਪ੍ਰਭਾਵਸ਼ਾਲੀ ਵਿਰੋਧ ਕਰਨ ਵਿੱਚ ਡੈਮੋਕ੍ਰੈਟਿਕ ਆਗੂਆਂ ਦੀ ਇਹ ਨਾਕਾਮੀ ਬਹੁਤ ਕੁਝ ਉਜਾਗਰ ਕਰਦੀ ਹੈ। ਟਰੰਪ ਦੇ ਤਾਨਾਸ਼ਾਹੀ ਰਾਹ ਤੋਂ ਪੈਦਾ ਹੋਏ ਵਿਸ਼ਾਲ ਖ਼ਤਰੇ ਦਾ ਮੁਲਾਂਕਣ ਕਰਦਿਆਂ ਇਹ ਸਮਝਣਾ ਵੀ ਜ਼ਰੂਰੀ ਹੈ ਕਿ ਇਸ ਮਾਮਲੇ ਵਿੱਚ ਡੈਮੋਕ੍ਰੈਟਿਕ ਪਾਰਟੀ ਦੀ ਸਥਾਪਤ ਲੀਡਰਸ਼ਿਪ ਦੀ ਨਾਕਾਮੀ ਇਕ ਵਿਆਪਕ ਰੋਗ ਦਾ ਲੱਛਣ ਹੈ।

ਭਾਵੇਂ ਚੋਟੀ ਦੇ ਡੈਮੋਕ੍ਰੈਟ ਟਰੰਪ ਦੇ ਮੌਜੂਦਾ ਰਾਹ ਦੇ ਵਿਰੋਧੀ ਹਨ, ਪਰ ਅਮਰੀਕੀ ਸਰਮਾਏਦਾਰੀ ਦੇ ਜ਼ਿੰਮੇਵਾਰ ਅਤੇ ਵਫ਼ਾਦਾਰ ਸਿਆਸੀ ਪ੍ਰਬੰਧਕ ਬਣੇ ਰਹਿਣ ਦੀ ਇੱਛਾ ਉਨ੍ਹਾਂ ਲਈ ਕਿਤੇ ਵਧੇਰੇ ਅਹਿਮ ਚਿੰਤਾ ਹੈ। ਉਮਰ ਅਤੇ ਅਹੁਦਿਆਂ ਉੱਪਰ ਬੈਠੇ ਹੋਰ ਖੱਬੇਪੱਖੀ ਡੈਮੋਕ੍ਰੈਟਾਂ ਦੀਆਂ ਵੱਡੀਆਂ ਸਿਆਸੀ ਕਮਜ਼ੋਰੀਆਂ ਨੂੰ ਨਜ਼ਰਅੰਦਾਜ਼ ਕੀਤੇ ਬਿਨਾਂ ਵੀ ਇਹ ਸਪਸ਼ਟ ਹੈ ਕਿ ਪਾਰਟੀ ਦੀ ਸਥਾਪਤ ਲੀਡਰਸ਼ਿਪ ਉਸ ਨੂੰ ਹੋਰ ਰੈਡੀਕਲ ਦਿਸ਼ਾਵਾਂ ਵੱਲ ਲਿਜਾਣ ਦੀ ਹਰ ਕੋਸ਼ਿਸ਼ ਨੂੰ ਨੱਥ ਪਾਉਣ ਲਈ ਹਮੇਸ਼ਾ ਤਤਪਰ ਰਹਿੰਦੀ ਹੈ।

ਜਿਵੇਂ ਡੈਮੋਕ੍ਰੈਟਿਕ ਪਾਰਟੀ ਦੀ ਸਥਾਪਤ ਲੀਡਰਸ਼ਿਪ ਉਮਰ ਨੂੰ ਬੇਸਹਾਰਾ ਛੱਡਣ ਲਈ ਤਿਆਰ ਹੈ, ਉਸੇ ਤਰ੍ਹਾਂ ਉਹ ਟਰੰਪ ਨੂੰ ਕੋਈ ਗੰਭੀਰ ਚੁਣੌਤੀ ਦੇਣ ਨਾਲੋਂ ਆਪਣੀ ਸ਼ਰਾਫ਼ਤ ਵਾਲੀ ਦਿੱਖ ਨੂੰ ਪਹਿਲ ਦੇਣ ਅਤੇ ਉਸ ਵਿਰੁੱਧ ਗੰਭੀਰ ਟਾਕਰਾ ਖੜ੍ਹਾ ਕਰਨ ਦੇ ਯਤਨਾਂ ਨੂੰ ਕਮਜ਼ੋਰ ਕਰਨ ਲਈ ਵੀ ਪੂਰੀ ਤਰ੍ਹਾਂ ਤਿਆਰ ਹੋਵੇਗੀ। ਭਾਵੇਂ ਮੱਧਕਾਲੀ ਚੋਣਾਂ ਫੈਡਰਲ ਵਿਧਾਨਕ ਸਦਨਾਂ ਨੂੰ ਡੈਮੋਕ੍ਰੈਟਾਂ ਦੇ ਹੱਥਾਂ ਵਿੱਚ ਦੇ ਦੇਣ, ਫਿਰ ਵੀ ਇਹ ਮੰਨਣਾ ਗ਼ਲਤੀ ਹੋਵੇਗੀ ਕਿ ਇਸ ਨਾਲ ਟਰੰਪ ਦੇ ਤਾਨਾਸ਼ਾਹੀ ਰਾਹ ਨੂੰ ਕੋਈ ਪ੍ਰਭਾਵਸ਼ਾਲੀ ਚੁਣੌਤੀ ਮਿਲੇਗੀ।

ਇਸ ਸਾਲ ਆਈ.ਸੀ.ਈ. ਦੇ ਛਾਪਿਆਂ ਵਿਰੁੱਧ ਸੜਕਾਂ ਉੱਪਰ ਉੱਭਰੇ ਟਾਕਰੇ ’ਚ ਟਰੰਪ ਵਿਰੋਧੀ ਸੰਘਰਸ਼ ਦਾ ਜੋ ਰੂਪ ਸਾਹਮਣੇ ਆਇਆ ਹੈ, ਉਹ ਉਸ ਦੇ ਪ੍ਰਸ਼ਾਸਨ ਵਿਰੁੱਧ ਲੜਾਈ ਵਿੱਚ ਅੱਗੇ ਦਾ ਰਾਹ ਦਿਖਾਉਂਦਾ ਹੈ। ਇਹ ਲਹਿਰ ਜਿਸ ਹੱਦ ਤੱਕ ਡੈਮੋਕ੍ਰੈਟਿਕ ਆਗੂਆਂ ਦੇ ਕੰਟਰੋਲ ਹੇਠ ਰਹੇਗੀ, ਉਸ ਹੱਦ ਤੱਕ ਇਹ ਕਮਜ਼ੋਰ ਅਤੇ ਬੇਅਸਰ ਹੀ ਬਣੇਗੀ।

ਜੇ ਟਰੰਪ ਸਿਆਸੀ ਵਿਰੋਧੀਆਂ ਦੇ ਘਰਾਂ ਉੱਪਰ ਛਾਪੇ ਮਾਰਨ ਅਤੇ ਬੇਲਗਾਮ ਨਸਲਵਾਦੀ ਨਫ਼ਰਤ ਭੜਕਾਉਣ ਲਈ ਤਿਆਰ ਹੈ, ਤਾਂ ਉਸ ਤੋਂ ਪੈਦਾ ਹੋਣ ਵਾਲਾ ਖ਼ਤਰਾ ਇਸ ਤੋਂ ਵਧੇਰੇ ਸਪਸ਼ਟ ਅਤੇ ਭਿਆਨਕ ਨਹੀਂ ਹੋ ਸਕਦਾ। ਉਸ ਦੇ ਪਿਛਾਖੜੀ ਪ੍ਰਸ਼ਾਸਨ ਨੂੰ ਹਰਾਉਣ ਲਈ ਵਿਆਪਕ ਜਨਤਕ ਸੰਘਰਸ਼ ਅੱਜ ਵੀ ਸਭ ਤੋਂ ਜ਼ਰੂਰੀ ਕਾਰਜ ਹੈ।




www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com

ਰਜਿਸਟਡ ਡਿਸਏਬਿਲਟੀ ਸੇਵਿੰਗ ਪਲਾਨ (RDSP)

ਲਗਦਾ ਹੈ ਕਿ ਇਹ ਕੋਈ ਨਵਾਂ ਪਲਾਨ ਹੈ। ਪਰ ਨਹੀਂ ਇਸ ਬਾਰੇ ਸਭ ਤੋਂ ਪਹਿਲਾਂ 2008 ਦੇ ਵਿਚ ਗੌਰਮਿੰਟ ਆਫ਼ ਕੈਨੇਡਾ ਨੇ ਕਾਨੂੰਨ ਬਣਾਇਆ ਸੀ ਜਿਸ ਦਾ ਮਕਸਦ ਸੀ ਕਿ ਉਹ ਕੈਨੇਡੀਅਨ ਜਿਹੜੇ ਜਾਂ ਤਾਂ ਜਮਾਂਦਰੂ ਹੀ ਡਿਸਏਬਲ ਹੁੰਦੇ ਹਨ ਜਾਂ ਫਿਰ ਬਾਅਦ ਵਿਚ ਜ਼ਿੰਦਗੀ ’ਚ, ਪਰਮਾਨੈਂਟਲੀ ਡਿਸਏਬਲ ਹੋ ਜਾਂਦੇ ਹਨ। ਉਨ੍ਹਾਂ ਦਾ ਹੱਕ ਹੈ ਕਿ ਉਹ ਰੋਟੀ, ਕੱਪੜਾ ਤੇ ਮਕਾਨ ਲਈ ਯਾਨੀ ਰਹਿਣ ਸਹਿਣ ਜਾਂ ਖਾਣ ਪੀਣ ਤੇ ਤਨ ’ਤੇ ਕੱਪੜੇ ਲਈ ਸਰਕਾਰੀ ਸਹਾਇਤਾ ਪਾ ਸਕਣ।

ਇਹ ਹੈ ਕੀ?

ਇਹ ਇਕ ਉਹ ਸੇਵਿੰਗ ਅਕਾਊਂਟ ਹੁੰਦਾ ਹੈ ਜਿਸ ਵਿਚ ਕੈਨੇਡੀਅਨ ਜੋ ਕਿ ਜਾਂ ਪੀ ਆਰ (PR) ਹਨ ਜਾਂ ਫਿਰ ਪੱਕੀ ਸ਼ਹਿਰੀ ਹਨ, ਆਪਣਾ ਆਰਡੀਐਸਪੀ ਅਕਾਊਂਟ ਖੋਲ੍ਹ ਸਕਦੇ ਹਨ। ਅਜੇ ਤੱਕ ਸਿਰਫ਼ ਇਕ ਹੀ ਇੰਸ਼ੋਰੈਂਸ ਕੰਪਨੀ ਹੈ ਜਿਸ ਵਿਚ ਉਹ ਆਪਣਾ ਸੇਵਿੰਗਜ਼ ਅਕਾਊਂਟ ਖੋਲ੍ਹ ਸਕਦੇ ਹਨ ਅਤੇ ਇਸ ਤੋਂ ਇਲਾਵਾ ਕਈ ਵਿੱਤੀ ਸੰਸਥਾਵਾਂ ਵੀ ਹਨ। ਸਰਕਾਰ ਆਪਣੇ ਵਲੋਂ ਉਸ ਦੀ ਬਣਦੀ ਗਰਾਂਟ ਵੀ ਪਾ ਦਿੰਦੀ ਹੈ। ਕਿੰਨਾ ਅਕਾਊਂਟ ਖੋਲ੍ਹਣਾ ਹੈ ਤੇ ਕਿੰਨੀ ਗਰਾਂਟ ਮਿਲ ਸਕਦੀ ਹੈ ਇਸ ਲਈ ਉਨ੍ਹਾਂ ਨੂੰ ਹੇਠਾਂ ਦਿੱਤੇ ਨੰਬਰਾਂ ’ਤੇ ਸੰਪਕਰ ਕੀਤਾ ਜਾ ਸਕਦਾ ਹੈ।

ਸ਼ੇਰ ਜੰਗ ਰਾਣਾ
416-910-9000

ਬਚਿੱਤਰ ਸਿੰਘ
416-527-3737

ਇਸ ਅਕਾਊਂਟ ਨੂੰ ਖੋਲ੍ਹਣ ਦੀ ਉਮਰ 0 ਸਾਲ ਤੋਂ 49 ਸਾਲ ਤੱਕ ਦੀ ਹੈ। ਜੇ ਗਰਾਂਟ ਲੈਣੀ ਹੋਵੇ।

ਇਹ ਗਰਾਂਟ 0 ਤੋਂ 49 ਸਾਲ ਦੀ ਉਮਰ ਤੱਕ $90,000 ਤੱਕ ਦੀ ਹੋ ਸਕਦੀ ਹੈ। ਸੇਵਿੰਗ ਕਰਨ ਲਈ ਵੀ ਬਹੁਤਾ ਵੱਡਾ ਅਮਾਊਂਟ ਨਹੀਂ ਹੈ। ਅਸੀਂ ਮਹੀਨੇ ਦੇ ਮਹੀਨੇ $125 ਤੱਕ ਦੀ ਵੀ ਸੇਵਿੰਗ ਕਰ ਸਕਦੇ ਹਾਂ।

ਇਸ ਤਰ੍ਹਾਂ ਇਸ ਪਲਾਨ ਵਿਚ ਆਪਣਾ ਮੂਲ ਪੈਸਾ ਪਲੱਸ ਗਰਾਂਟ ਤੇ ਪਲੱਸ ਦੋਹਾਂ ਉਤੇ ਵਿਆਜ ਵੀ ਲੈ ਸਕਦੇ ਹਾਂ। ਵੱਧ ਤੋਂ ਵੱਧ ਇਸ ਪਲਾਨ ਵਿਚ ਅਸੀਂ $200,000 ਡਾਲਟ ਤੱਕ ਸੇਵ ਕਰ ਸਕਦੇ ਹਾਂ। $500 ਜੋੜਨ ਨਾਲ $1500 ਦੀ ਗਰਾਂਟ ਤੇ ਹੋਰ $1000 ਜੋੜਨ ਨਾਲ $2000 ਦੀ ਗਰਾਂਟ। ਗਰਾਂਟ ਇਸ ਤੋਂ ਵੱਧ ਵੀ ਉਪਲਬਧ ਹੈ।

ਇਹ ਪਲੈਨ ਕਦੋਂ ਮਿਚਿਓਰ (Mature) ਹੁੰਦੀ ਹੈ?

ਵੈਸੇ ਪੈਸੇ ਜੋੜਨ ਵਾਲੇ ਆਪਣਾ ਪੈਸਾ ਵਿਆਜ ਸਮੇਤ ਜਦ ਮਰਜ਼ੀ ਲੈ ਸਕਦੇ ਹਨ ਪਰ ਜੇ ਅਸੀਂ ਆਪਣਾ ਪੈਸਾ ਪੂਰਾ ਤੇ ਗਰਾਂਟ ਤੇ ਉਪਰ ਦਾ ਵਿਆਜ ਥੋੜ੍ਹਾ-ਥੋੜ੍ਹਾ ਕਰਕੇ ਲੈਣਾ ਚਾਹੁੰਦੇ ਹਾਂ ਤਾਂ ਇਹ ਪਲੈਨ 60

ਸਾਲ ਦੀ ਉਮਰ ਤੇ ਮਿਚਿਓਰ ਹੋ ਜਾਂਦੀ ਹੈ।

ਫਿਰ ਆਪਣਾ ਜੋ ਹੈਂਡੀਕੈਪ ਹੁੰਦਾ ਹੈ ਉਹ ਆਪਣੇ 60 ਸਾਲ ਤੋਂ ਵੱਧ ਦੇ ਸਮੇਂ ਲਈ ਮਹੀਨੇ ਦੇ ਮਹੀਨੇ ਪੈਸੇ ਲੈਣਾ ਸ਼ੁਰੂ ਕਰ ਸਕਦਾ ਹੈ। ਕਿੰਨਾ ਪੈਸਾ ਮਹੀਨੇ ਦਾ ਜਾਂ ਸਾਲ ਦਾ ਲਿਆ ਜਾ ਸਕਦਾ ਹੈ? ਇਹ ਨਿਰਭਰ ਕਰਦਾ ਹੈ ਕਿ ਉਸ ਨੇ ਕਿੰਨਾ ਪੈਸਾ ਸੇਵ ਕੀਤਾ ਹੈ ਤੇ ਕਿੰਨੀ ਗਰਾਂਟ ਲਈ ਹੈ।

ਤੇ ਉਸ ਨੂੰ ਕਿੰਨਾ ਵਿਆਜ ਮਿਲਿਆ ਹੈ।

ਕਿੰਨਾ ਲੋਕਾਂ ਲਈ ਇਹ ਪਲੈਨ ਲਾਹੇਵੰਦ ਹੈ?

- ਜਿਨ੍ਹਾਂ ਕੋਲ CRA ਕੋਲੋਂ DTC Certificate ਹੈ।
- ਜਿਨ੍ਹਾਂ ਦੀ ਉਮਰ 59 ਸਾਲ ਤੋਂ ਘੱਟ ਹੈ ਜਾਂ ਗਰਾਂਟ ਹਾਸਲ ਕਰਨ ਲਈ 49 ਸਾਲ ਤੋਂ ਘੱਟ ਹੈ।
- ਜੋ ਜਨਮ ਤੋਂ ਹੀ Autism, Bipolar Disorder, Cerebral palsy, COPD, permanent depression Down syndrome , Hearing Loss, blindness, multiple sclerosis, paralysis, Parkinson disease, Dementia, crohn’s disease, cystic, Fibrosis or amputation.
- ਇਸ ਤੋਂ ਇਲਾਵਾ ਕੋਈ ਵੀ ਜੋ ਪੂਰੀ ਤਰ੍ਹਾਂ ਕਿਸੇ ਵੀ ਕਾਰਨ ਕਰਕੇ ਡਿਸਏਬਲ ਹੈ ਉਹਦਾ ਡਾਕਟਰ ਉਹ ਨੂੰ CRA ਦਾ T 2201 ਫਾਰਮ ਭਰ ਕੇ ਦੇ ਸਕਦਾ ਹੈ।
- ਬਾਕੀ ਤੁਸੀਂ ਵੱਧ ਜਾਣਕਾਰੀ ਲਈ ਹੇਠਾਂ ਦਿੱਤੇ ਨੰਬਰਾਂ ’ਤੇ ਫੋਨ ਕਰਕੇ ਜਾਣਕਾਰੀ ਹਾਸਲ ਕਰ ਸਕਦੇ ਹੋ। ਕਿਉਂਕਿ ਇਥੇ ਸਾਰਾ ਕੁਝ ਨਹੀਂ ਲਿਖਿਆ ਜਾ ਸਕਦਾ। ਜਿਵੇਂ ਕਿ ਹਰ ਕੋਈ ਵੱਖਰੇ ਢੰਗ ਨਾਲ ਵੀ ਡਿਸਟੇਬਲ ਹੋ ਸਕਦਾ ਹੈ।

Buy or Sell Any Residential or Commercial Real Estate with Insta Realty Team.

www.instarlt.com

403-613-5868

Email: info@instarlt.com

#3256, 4310-104 Ave NE Calgary AB T3N 1W3

ਨਾਟਕ ਮੇਲੇ ਦੀ ਸਫਲਤਾ 'ਤੇ ਖ਼ੁਸ਼ੀ ਦਾ ਪ੍ਰਗਟਾਵਾ !

ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਪ੍ਰੌਗਰੈਸਿਵ ਕਲਾ ਮੰਚ ਕੈਲਗਰੀ ਦੇ ਪ੍ਰਬੰਧਕਾਂ ਦੀ ਇੱਕ ਵਿਸ਼ੇਸ਼ ਮੀਟਿੰਗ ਐਤਵਾਰ ਅਕਤੂਬਰ 25 ਨੂੰ ਮਾਸਟਰ ਭਜਨ ਸਿੰਘ ਦੇ ਘਰ ਹੋਈ। ਜਿਸ ਵਿੱਚ 4 ਅਕਤੂਬਰ ਨੂੰ ਹੋਏ ਨਾਟਕ ਮੇਲੇ ਦਾ ਹਰ ਪੱਖ ਤੋਂ ਰਿਵੀਊ ਕੀਤਾ ਗਿਆ। ਮੀਟਿੰਗ ਵਿੱਚ ਹਾਜ਼ਿਰ ਸਾਰੇ ਟੀਮ ਮੈਂਬਰਾਂ ਨੇ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ। ਇਸ ਪੱਖੋਂ ਸਭ ਨੇ ਤਸੱਲੀ ਦਾ ਪ੍ਰਗਟਾਵਾ ਕੀਤਾ ਕਿ ਦਰਸ਼ਕਾਂ, ਸਪੌਂਸਰਾਂ, ਕਲਾਕਾਰਾਂ, ਵਲੰਟੀਅਜ਼, ਥੀਏਟਰ ਦੀ ਮੈਨੇਜਮੈਂਟ ਨੇ ਹਰ ਪੱਖ ਤੋਂ ਸਹਿਯੋਗ ਕੀਤਾ। ਜਿਸ ਨਾਲ਼ ਇਹ ਨਾਟਕ ਸਮਾਗਮ ਸਫਲਤਾਪੂਰਨ ਨੇਪਰੇ ਚੜ੍ਹਿਆ।

ਇਸ ਨਾਟਕ ਵਿੱਚ ਸ਼ਾਮਿਲ ਹੋਣ ਅਤੇ ਨਾਟਕਾਂ ਦੀ ਤਿਆਰੀ ਲਈ ਪੰਜਾਬ ਤੋਂ ਆਏ ਹੋਏ, ਡਾ. ਸਾਹਿਬ ਸਿੰਘ ਦੀਆਂ ਸੇਵਾਵਾਂ ਦੀ ਵਿਸ਼ੇਸ਼ ਤੌਰ 'ਤੇ ਸ਼ਲਾਘਾ ਕੀਤੀ ਗਈ। ਜਿਨ੍ਹਾਂ ਨੇ ਸਿਰਫ ਆਪਣਾ ਬਹੁ-ਚਰਚਿਤ ਸੋਲੋ ਨਾਟਕ 'ਲੱਛੂ ਕਬਾੜੀਆ' ਹੀ ਨਹੀਂ ਪੇਸ਼ ਕੀਤਾ। ਸਗੋਂ ਇੱਕ ਮਹੀਨਾ ਲੋਕਲ ਕਲਾਕਰਾਂ ਨੂੰ ਵਰਕਸ਼ਾਪ ਲਗਾ ਕੇ ਦੋ ਨਾਟਕ 'ਕੋਈ ਮੋੜ ਲਿਆਵੋ ਨੀ' ਅਤੇ 'ਬੱਚਿਆ ਦਾ ਨਾਟਕ 'ਅਸੀਂ ਫੁੱਲਾਂ ਜੇਹੇ' ਤਿਆਰ ਕਰਾਏ। ਜਿਨ੍ਹਾਂ ਦਾ ਸਾਰਿਆਂ ਦਰਸ਼ਕਾਂ ਖੂਬ ਅਨੰਦ ਮਾਣਿਆ।

ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਪ੍ਰਬੰਧਕੀ ਟੀਮ ਦੇ ਮੈਂਬਰਾਂ ਨੇ ਅਗਲੇ ਸਾਲ ਦੇ ਨਾਟਕ ਸਮਾਗਮਾਂ ਨੂੰ ਬਿਹਤਰ ਬਣਾਉਣ ਲਈ ਆਪਣੇ-ਆਪਣੇ ਸੁਝਾਅ ਪੇਸ਼ ਕੀਤੇ। ਜੋ ਕਮੀਆਂ ਰਹਿ ਗਈਆਂ ਸਨ, ਉਨ੍ਹਾਂ ਨੂੰ ਸੁਧਾਰਨ ਲਈ ਯਤਨ ਕਰਨ ਦਾ ਪ੍ਰਣ ਕੀਤਾ ਗਿਆ। ਅਗਲੇ ਸਾਲ ਦਾ ਪਹਿਲਾ ਨਾਟਕ ਸਮਾਗਮ ਇਸ ਸਾਲ ਵਾਂਗ ਜੂਨ, 2027 ਵਿੱਚ ਅਤੇ ਦੂਜਾ ਨਾਟਕ ਸਮਾਗਮ ਸਤੰਬਰ, 2027 ਵਿੱਚ ਕਰਾਉਣ ਦਾ ਫੈਸਲਾ ਕੀਤਾ ਗਿਆ। ਕਮਲਪ੍ਰੀਤ ਪੰਧੇਰ ਨੇ ਨਾਟਕ ਸਮਾਗਮ ਲਈ ਇਕੱਠੇ ਹੋਏ ਫੰਡਜ਼ ਅਤੇ ਖਰਚਿਆਂ ਦਾ ਵੇਰਵਾ ਸਾਂਝਾ ਕੀਤਾ। ਇਸ ਮੀਟਿੰਗ ਵਿੱਚ ਐਸੋਸੀਏਸ਼ਨ ਦੀ ਪ੍ਰਬੰਧਕੀ ਟੀਮ ਵਲੋਂ ਮਾਸਟਰ ਭਜਨ ਸਿੰਘ, ਕਮਲਪ੍ਰੀਤ ਪੰਧੇਰ, ਜਸਵਿੰਦਰ ਮਾਨ, ਪ੍ਰੋ. ਗੋਪਾਲ ਜੱਸਲ, ਨਵਕਿਰਨ ਢੁੱਡੀਕੇ, ਸੰਦੀਪ ਗਿੱਲ, ਬੰਦੀਪ ਗਿੱਲ, ਗੁਰਸ਼ਰਨ ਸੰਧੂ, ਸੁਰਿੰਦਰ ਗਿੱਲ, ਕਮਲ ਗਰੇਵਾਲ਼, ਕਮਲ ਸਿੱਧੂ ਨੇ ਭਾਗ ਲਿਆ। ਸੁੱਖਵੀਰ ਗਰੇਵਾਲ਼ ਅਤੇ ਹਰਚਰਨ ਪ੍ਰਹਾਰ ਵਿਸ਼ੇਸ਼ ਸਹਿਯੋਗੀ ਦੇ ਤੌਰ 'ਤੇ ਇਸ ਮੀਟਿੰਗ ਵਿੱਚ ਸ਼ਾਮਿਲ ਹੋਏ।

BRING YOUR PARENTS & GRAND PARENTS FOR A
FREE HEARING TEST

1410-6004 Country Hills Blvd NE
Building 1401 Calgary, AB T3N 1T8
APEX SKY MEDICAL CENTRE

ਅਲਬਰਟਾ ਦੀ ਪਹਿਲੀ ਪੰਜਾਬੀ ਬੋਲਣ ਵਾਲੀ
Hearing Instrument ਸਪੈਸ਼ਲਿਸਟ

*Conditions Apply

403 723 3141
www.primehearing.clinic
info@primehearing.clinic

PRIME HEARING CLINIC

Ramandeep (Reet) Kaur
Registered Hearing Aid Prcatitioner(RHAP)
Board Certified Hearing Instrument Specialist(BC-HIS)
Book Your Free Hearing Test

18 ਸਾਲ ਤੋਂ ਵੱਧ ਉਮਰ ਵਾਲਿਆਂ ਲਈ
ਮੁਫ਼ਤ ਕੰਨਾਂ ਦਾ ਟੈਸਟ ਅਤੇ ਮੁਫ਼ਤ ਕੰਨਾਂ ਦੀਆਂ ਮਸ਼ੀਨਾਂ

WE SPEAK YOUR LANGUAGE
ਪੰਜਾਬੀ | हिंदी
URDU | ENGLISH

YYC Home Care Services
Serving All Across Alberta

ਬਜ਼ੁਰਗਾਂ ਦੀ ਦੇਖਭਾਲ ਬਿਨਾਂ ਕਿਸੇ ਖਰਚੇ ਦੇ ਤੋਂ!
ਪੈਰਾਮੈਡਿਕ ਦੁਆਰਾ ਚਲਾਈ ਜਾ ਰਹੀ ਕੰਪਨੀ

825-760-0983

DIRECT BILLING AVAILABLE FOR HOME CARE

ਆਪਣੇ ਘਰ ਵਿੱਚ ਮੁਫ਼ਤ ਸਲਾਹ-ਮਸ਼ਵਰੇ ਲਈ ਅੱਜ ਹੀ ਬੁੱਕਿੰਗ ਕਰੋ



Taralake Dental

Taralake Dental offers Full Range of General and Cosmetic Dental Services

TARALAKE DENTAL

We Offer
Oral Exams and Checkups | Dental Cleanings | Children's Dentistry
Cosmetic Procedures : Crowns, Bridges | Teeth Whitening | Tooth Coloured Fillings
Same Day Emergencies | Root Canals | Wisdom Tooth Extraction

Ph. : 403-455-1600 | Fax : 403-764-9788
contact@taralakedental.com | www.taralakedental.com
Unit 321 (2nd Floor) 7171 80th Ave NE Calgary, AB T3J 0P6

RDSP UP TO $90,000 GOVERNMENT GRANT + BOND.
SUPER VISA INSURANCE

MDRT
The Premier Association of Financial Professionals

Punjab Insurance Inc

LIFE INSURANCE | CRITICAL ILLNESS INSURANCE
DISABILITY INSURANCE | TRAVEL INSURANCE
VISITOR INSURANCE | RESP, RRSP, TFSA & FHSA

HARPREET RANA 416-871-3571
NIAMAT RANA 416-206-1616

WWW.PUNJABINSURANCE.CA